








Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼


Punjab Times, Vol 12, Issue 28, July 9, 2011 20451 N Plum Grove Rd. Palatine, IL 60074 Ph:847-359-0746, Fax:847-705-9388


## ਅਕਾਲੀ-ਭਾਜਪਾ ਸਰਕਾਰ ਦੇ ਕੇਂਦਰ ਵਿਰੁਧ ਬੰਦ ਨੂੰ ਮੱਠਾ ਹੁੰਗਾਰਾ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ 'ਤੇ ਕਈ ਤਰੀਕਿਆਂ ਨਾਲ ਵਿੱਤੀ ਬੋਝ ਪਾਉਣ ਵਾਲੀ ਅਕਾਲੀ-ਭਾਜਪਾ ਸਰਕਾਰ ਨੂੰ ਉਸ ਵੇਲੇ ਮੂੰਹ ਦੀ ਖਾਣੀ ਪਈ ਜਦੋਂ ਲੋਕਾਂ ਨੇ ਉਸ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਕੋਈ ਹੁੰਗਾਰਾ ਨਾ ਦਿੱਤਾ। ਮਹਿੰਗਾਈ ਦਾ ਦੋਸ਼ ਕੇਂਦਰ ਸਰਕਾਰ ਖ਼ਿਲਾਫ਼ ਮੜ੍ਹਦੇ ਹੋਏ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੇ 4 ਜੁਲਾਈ ਨੂੰ ਪੰਜਾਬ ਵਿਚ ਅੱਧੇ ਦਿਨ ਲਈ ਵਪਾਰਕ ਅਦਾਰੇ ਬੰਦ ਰੱਖਣ ਦਾ ਸੱਦਾ ਦਿੱਤਾ ਸੀ ਪਰ ਦੁਕਾਨਦਾਰਾਂ ਨੇ ਇਸ ਵੱਲ ਬਾਹਲਾ ਧਿਆਨ ਨਹੀਂ ਦਿੱਤਾ।

ਵੱਡੀ ਗੱਲ ਇਹ ਰਹੀ ਕਿ ਸ਼ਹਿਰਾਂ ਨਾਲੋਂ ਪਿੰਡਾਂ ਵਿਚ ਬੰਦ ਨੂੰ ਘੱਟ ਹੁੰਗਾਰਾ ਮਿਲਿਆ ਜਿੱਥੇ ਅਕਾਲੀਆਂ ਦਾ ਬੋਲਬਾਲਾ ਹੈ। ਪੰਜਾਬ ਦੇ ਤਿੰਨ

*(ਬਾਕੀ ਸਫਾ 6 'ਤੇ)*




## ਸੁਪਰੀਮ ਕੋਰਟ ਦੀ ਟੀਮ ਕਰੇਗੀ ਕਾਲੇ ਧਨ ਦੀ ਜਾਂਚ

### ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਵਿਦੇਸ਼ੀ ਬੈਂਕਾਂ 'ਚ ਪਿਆ ਕਾਲਾ ਧਨ ਵਾਪਸ ਲਿਆਉਣ ਸਬੰਧੀ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਤੋਂ ਖਫਾ ਸੁਪਰੀਮ ਕੋਰਟ ਨੇ ਇਹ ਜ਼ਿੰਮਾ ਆਪਣੇ ਸਿਰ ਲੈ ਲਿਆ ਹੈ। ਕਾਲੇ ਧਨ ਬਾਰੇ ਜਾਂਚ ਕਰਨ ਅਤੇ ਇਸ ਨੂੰ ਵਾਪਸ ਲਿਆਉਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਨਿਗਰਾਨੀ ਵਾਸਤੇ ਸੁਪਰੀਮ ਕੋਰਟ ਨੇ ਉਚ ਪੱਧਰੀ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਬੀ.ਪੀ. ਜੀਵਨ ਰੈਡੀ ਇਸ ਟੀਮ ਦੇ ਮੁਖੀ ਹੋਣਗੇ। ਸੁਪਰੀਮ ਕੋਰਟ ਦੇ ਹੀ ਸਾਬਕਾ ਜੱਜ ਜਸਟਿਸ ਐਮ.ਬੀ. ਸ਼ਾਹ ਨੂੰ ਟੀਮ ਇਸ ਦਾ ਉਪ-ਚੇਅਰਮੈਨ ਬਣਾਇਆ ਗਿਆ ਹੈ। ਸੁਪਰੀਮ ਕੋਰਟ ਦੇ ਇਸ ਹੁਕਮ ਨਾਲ ਸਰਕਾਰ ਦੀ ਨਾ-ਅਹਿਲੀਅਤ ਜੱਗ-ਜ਼ਾਹਿਰ ਹੋ ਗਈ ਹੈ ਅਤੇ ਇਸ ਨੂੰ ਹੁਣ ਡਾਢੀ ਨਾਮੋਸ਼ੀ ਝਾਗਣੀ ਪੈ ਰਹੀ ਹੈ।

ਜਸਟਿਸ ਬੀ. ਸੁਦਰਸ਼ਨ ਰੈਡੀ ਅਤੇ ਜਸਟਿਸ ਐਸ.ਐਸ. ਨਿੱਜਰ ਦੀ ਅਗਵਾਈ ਵਾਲੇ ਬੈਂਚ ਨੇ ਹੁਕਮ ਦਿੱਤਾ ਹੈ ਕਿ ਸਰਕਾਰ ਵਲੋਂ ਕਾਲੇ ਧਨ ਦੀ ਜਾਂਚ ਵਾਸਤੇ ਬਣਾਈ ਗਈ ਉਚ ਪੱਧਰੀ ਕਮੇਟੀ ਵੀ ਵਿਸ਼ੇਸ਼ ਜਾਂਚ ਟੀਮ ਦੇ ਹਿੱਸੇ ਵਜੋਂ ਹੀ ਕੰਮ ਕਰੇਗੀ। ਬੈਂਚ ਨੇ ਸਰਕਾਰ ਨੂੰ ਇਹ ਹੁਕਮ ਵੀ ਸੁਣਾਇਆ ਹੈ ਕਿ ਉਨ੍ਹਾਂ ਸਾਰੇ ਬੰਦਿਆਂ ਦੇ ਨਾਂਵਾਂ ਦਾ ਖੁਲਾਸਾ ਕੀਤਾ ਜਾਵੇ ਜਿਨ੍ਹਾਂ ਖ਼ਿਲਾਫ਼ ਕਾਲੇ ਧਨ ਦੀ ਜਾਂਚ ਬਾਰੇ 'ਕਾਰਨ ਦੱਸੋ ਨੋਟਿਸ' ਜਾਰੀ ਕੀਤੇ ਗਏ ਹਨ। ਸੁਪਰੀਮ ਕੋਰਟ ਵਲੋਂ ਇਹ ਹੁਕਮ ਉਘੇ ਵਕੀਲ ਰਾਮ ਜੇਠਮਲਾਨੀ ਅਤੇ ਹੋਰਾਂ ਵਲੋਂ ਦਾਇਰ ਪਟੀਸ਼ਨ 'ਤੇ ਦਿੱਤੇ ਗਏ। ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਦੀ ਵਾਪਸੀ ਲਈ ਸਰਕਾਰ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ।

ਸੁਪਰੀਮ ਕੋਰਟ ਨੇ ਹਦਾਇਤ ਕੀਤੀ ਹੈ ਕਿ ਸਰਕਾਰ ਹੁਣ ਵਿਸ਼ੇਸ਼ ਜਾਂਚ ਟੀਮ ਦੀ ਨਿਯੁਕਤੀ ਬਾਰੇ ਨੋਟੀਫਿਕੇਸ਼ਨ ਜਾਰੀ ਕਰੇ ਅਤੇ ਪੂਰੀ ਸਰਕਾਰੀ ਮਸ਼ੀਨਰੀ ਇਸ ਵਿਸ਼ੇਸ਼ ਜਾਂਚ ਟੀਮ ਨੂੰ ਸਹਿਯੋਗ ਦੇਵੇ। ਬੈਂਚ ਨੇ ਇਹ ਹੁਕਮ ਦਿੰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਕੁਝ ਸਖਤ ਟਿੱਪਣੀਆਂ ਵੀ ਕੀਤੀਆਂ। ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਬੰਦਿਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ

*(ਬਾਕੀ ਸਫਾ 6 'ਤੇ)*

## ਹਾਂਸੀ-ਬੁਟਾਣਾ ਨਹਿਰ:ਪੰਜਾਬ ਤੇ ਹਰਿਆਣਾ ਆਹਮੋ-ਸਾਹਮਣੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਤਲੁਜ-ਜਮਨਾ ਲਿੰਕ ਨਹਿਰ ਤੋਂ ਬਾਅਦ ਹੁਣ ਹਾਂਸੀ-ਬੁਟਾਣਾ ਨਹਿਰ ਨੂੰ ਲੈ ਕੇ ਕੇ ਪੰਜਾਬ ਤੇ ਹਰਿਆਣਾ ਆਹਮੋ-ਸਾਹਮਣੇ ਹੋ ਗਏ ਹਨ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲੋਂ ਆਪਣੇ ਹਲਕੇ ਦੇ ਲੋਕਾਂ ਨੂੰ ਪਾਣੀ ਦੇਣ ਲਈ ਬਣਵਾਈ ਗਈ ਇਸ ਨਹਿਰ ਬਾਰੇ ਮੁਕੱਦਮਾ ਸੁਪਰੀਮ ਕੋਰਟ 'ਚ ਸੁਣਵਾਈ ਅਧੀਨ ਹੈ ਪਰ ਹਰਿਆਣਾ ਸਰਕਾਰ ਵਲੋਂ ਇਸ ਨਹਿਰ ਦੇ ਨਾਲ ਪੰਜਾਬ ਵਾਲੇ ਪਾਸੇ ਕੰਕਰੀਟ ਦੀ ਕੰਧ ਦੀ ਉਸਾਰੀ ਕਰਨ ਕਰਕੇ ਇਹ ਮਾਮਲਾ ਇਕ ਵਾਰ ਫਿਰ ਭਖ ਗਿਆ ਹੈ।

ਯਾਦ ਰਹੇ ਕਿ ਪਿਛਲੇ ਸਾਲ ਇਸ ਨਹਿਰ ਕਾਰਨ ਘੱਗਰ ਅਤੇ ਹੋਰ ਨਦੀਆਂ ਦੇ ਪਾਣੀ ਦਾ ਵਹਾਅ ਰੁਕ ਗਿਆ ਸੀ, ਸਿੱਟੇ ਵਜੋਂ ਪੰਜਾਬ ਦੇ ਸੈਂਕੜੇ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਗਏ ਸਨ। ਬਾਅਦ 'ਚ ਨਹਿਰ ਟੁੱਟਣ ਤੋਂ ਬਾਅਦ ਹੀ ਪੰਜਾਬ ਦੇ ਪਿੰਡਾਂ ਨੂੰ ਰਾਹਤ ਮਿਲੀ ਸੀ। ਉਸ ਵੇਲੇ ਹਰਿਆਣਾ ਨੇ ਦੋਸ਼ ਲਾਇਆ ਸੀ ਕਿ ਨਹਿਰ ਨੂੰ ਜਾਣ-ਬੁੱਝ ਕੇ ਤੋੜਿਆ ਗਿਆ ਸੀ ਜਿਸ ਨਾਲ ਹਰਿਆਣਾ ਦੇ ਕਈ ਪਿੰਡਾਂ ਦਾ ਨੁਕਸਾਨ ਹੋਇਆ। ਇਸ ਜ਼ਿਦ 'ਚ ਹਰਿਆਣਾ ਸਰਕਾਰ ਨੇ ਇਸ ਵਾਰ ਨਹਿਰ ਦੇ ਨਾਲ ਕੰਕਰੀਟ ਦੀ ਪੱਕੀ ਦੀਵਾਰ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਨਹਿਰ ਟੁੱਟ ਨਾ ਸਕੇ। ਇਸ 'ਤੇ ਪੰਜਾਬ ਨੇ ਇਤਰਾਜ਼ ਪ੍ਰਗਟਾਇਆ ਹੈ ਕਿ ਇਸ ਤਰ੍ਹਾਂ ਕਰਨ ਨਾਲ 16 ਫੁੱਟ ਉਚੀ ਨਹਿਰ ਦੇ ਨਾਲ-ਨਾਲ ਪੰਜਾਬ ਦੇ ਪਿੰਡ ਡੁੱਬ ਜਾਣਗੇ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਹੁੱਡਾ ਨੂੰ ਕਿਹਾ ਹੈ ਕਿ ਹਾਂਸੀ-ਬੁਟਾਣਾ ਨਹਿਰ ਦੇ ਖੱਬੇ ਪਾਸੇ ਉਸਾਰੀ ਜਾ ਰਹੀ ਕੰਕਰੀਟ ਦੀ ਪੱਕੀ ਦੀਵਾਰ ਦਾ ਕੰਮ ਤੁਰਤ ਬੰਦ ਕਰਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ। ਸ. ਬਾਦਲ ਨੇ ਇਸ ਨਹਿਰ ਨੂੰ ਜਿਥੇ ਕਾਂਗਰਸ ਦੀ ਮਿਲੀਭੁਗਤ ਦਾ ਨਤੀਜਾ ਦੱਸਦਿਆਂ ਕੇਂਦਰ ਨੂੰ ਵੀ ਦੋਸ਼ੀ ਠਹਿਰਾਇਆ ਹੈ, ਉਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਅਕਾਲੀ-ਭਾਜਪਾ ਦੀ ਨਾਕਾਮੀ ਕਰਾਰ ਦਿੱਤਾ ਹੈ। ਕੈਪਟਨ ਨੇ ਕਿਹਾ ਹੈ ਕਿ ਕਿਹਾ ਕਿ ਹਾਂਸੀ-ਬੁਟਾਣਾ ਨਹਿਰ ਦਾ ਮਾਮਲਾ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ ਅਤੇ ਇਸ ਸੂਰਤ ਵਿਚ ਘੱਗਰ ਦਰਿਆ ਦੇ ਹਰਿਆਣਾ ਵਾਲੇ ਪਾਸੇ ਪੱਕੀ ਕੰਧ ਬਣਾਉਣ ਦੇ ਨਾਜ਼ੁਕ ਮਾਮਲੇ ਨੂੰ ਹੱਲ ਨਾ ਕਰ ਸਕਣਾ ਪੰਜਾਬ ਸਰਕਾਰ ਦੀ ਵਡੀ ਕਮਜ਼ੋਰੀ ਹੈ ਕਿਉਂਕਿ ਅਦਾਲਤ ਨੇ ਪਹਿਲਾਂ ਹੀ ਇਸ ਕੇਸ ਵਿਚ 'ਸਥਿਤੀ ਜਿਵੇਂ ਹੈ, ਤਿਵੇਂ ਰੱਖਣ' (ਸਟੇਟਸ ਕੋ) ਦੇ ਹੁਕਮ ਦਿੱਤੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਸੁਪਰੀਮ

*(ਬਾਕੀ ਸਫਾ 5 'ਤੇ)*








# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

New Location in Sacramento

Free Consultation

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



Kirandeep K Sihota Esq. and Lance V Friel, Esq.


## Pacific Coast Law Firm P.C.

(916)443-1190
9245 Laguna Springs Dr., Ste. 200,
Elk Grove, CA 95758

Now Serving Two Locations
www.pacificcoastlawfirm.com

(209) 475-6001
2351 W. March Lane Suite A,
Stockton, CA 95207






# ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ

**ਸਟਾਕਟਨ, ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਦੌੜਦਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸਭ ਕੁਝ ਅਜ਼ਮਾ ਚੁਕੇ ਹੋ ਤੇ ਕਾਸੇ ਨਾਲ ਵੀ ਫਰਕ ਨਹੀਂ ਪਿਆ!



ਮੈਨੂੰ ਪਿਛਲੇ ਤਿੰਨ ਸਾਲ ਤੋਂ ਸਖਤ ਕਮਰ ਦਰਦ ਸੀ। ਮੈਂ ਹਰ ਹੀਲਾ-ਵਸੀਲਾ ਕਰ ਵੇਖਿਆ, ਕੋਈ ਦਵਾਈ ਨਹੀਂ ਛੱਡੀ, ਕੀ ਕਾਇਰੋਪਰੈਕਟਰ ਅਤੇ ਕੀ ਫਿਜ਼ੀਓਥੈਰਪੀ, ਬਰਫ ਦੀਆਂ ਪੱਟੀਆਂ ਕਰ ਵੇਖੀਆਂ। ਟੀ ਵੀ 'ਤੇ ਆਉਂਦੇ ਇਸ਼ਹਿਤਾਰਾਂ ਵਿਚ ਦੱਸੇ ਰਾਹ ਅਜ਼ਮਾ ਵੇਖੇ, ਕੋਈ ਫਰਕ ਨਾ ਪਿਆ। ਮੈਂ ਤੇ ਅਖੀਰ ਢੇਰੀ ਹੀ ਢਾਹ ਲਈ ਸੀ ਕਿ ਹੁਣ ਇਸ ਦਰਦ ਨਾਲ ਹੀ ਜਿਊਣਾ ਪਵੇਗਾ। ਮੇਰੀ ਦਰਦ ਇੰਨੀ ਜ਼ਿਆਦਾ ਸੀ ਕਿ ਨਾ ਬਹੁਤੀ ਦੇਰ ਬਹਿ ਸਕਦੀ ਸਾਂ ਅਤੇ ਨਾ ਖੜ੍ਹੀ ਹੋ ਸਕਦੀ ਸਾਂ। ਫਿਰ ਮੈਂ ਅਖਬਾਰ ਵਿਚ ਡਾ. ਜਗ ਸਿਹੋਤਾ ਦੇ ਸਖਤ ਕਮਰ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚੱਲ ਇਹ ਵੀ ਅਜ਼ਮਾ ਵੇਖਾਂ। ਮੈਂ ਅੱਜ ਬੇਹਦ ਖੁਸ਼ ਹਾਂ। ਮੈਨੂੰ ਕੋਈ ਦਰਦ ਨਹੀਂ ਅਤੇ ਮੇਰੀ ਸਰੀਰਕ ਹਿਲਜੁਲ ਸੌ ਫੀਸਦ ਬਹਾਲ ਹੋ ਗਈ ਹੈ। ਡਾ. ਸਿਹੋਤਾ ਤੁਹਾਡਾ ਲੱਖ ਲੱਖ ਸ਼ੁਕਰਾਨਾ। ਤੁਸਾਂ ਦਰਦ ਤੋਂ ਮੇਰਾ ਖਹਿੜਾ ਛੁਡਾਇਆ। ਮੇਰੀ ਹਰ ਉਸ ਸ਼ਖਸ ਨੂੰ ਸਲਾਹ ਹੈ ਜਿਸ ਦੀ ਜਾਨ ਕਮਰ ਦਰਦ ਨੇ ਔਖੀ ਕੀਤੀ ਪਈ ਹੈ ਕਿ ਇਹ ਪ੍ਰੋਗਰਾਮ ਜ਼ਰੂਰ ਅਜ਼ਮਾਵੇ। ***-ਬਲਵੰਤ ਕੌਰ, ਘਰੇਲੂ ਸੁਆਣੀ***

ਮੈਂ ਆਪਣੀ ਕਮਰ ਦਰਦ ਕਰਕੇ ਡਾ. ਸਿਹੋਤਾ ਨੂੰ ਮਿਲਣ ਆਇਆ। ਇਸ ਦਰਦ ਨੇ ਸਾਲ ਭਰ ਤੋਂ ਮੈਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ। ਡਾ. ਸਿਹੋਤਾ ਨੇ ਮੈਨੂੰ ਦੱਸਿਆ ਕਿ ਮੇਰੀ ਦਰਦ ਦੀ ਅਸਲ ਵਜ੍ਹਾ ਡਿਸਕ (ਚੂਲ੍ਹਾ) ਦਾ ਹਿੱਲਣਾ ਹੈ ਅਤੇ ਮੈਨੂੰ ਦਵਾਈਆਂ ਖਾਣ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਸਰਜ਼ਰੀ ਤੋਂ ਪਹਿਲਾਂ ਮੈਂ ਹੋਰ ਢੰਗ ਤਰੀਕੇ ਵਰਤ ਵੇਖਾਂ। ਮੈਂ ਡਾ. ਸਿਹੋਤਾ ਦਾ ਪ੍ਰੋਗਰਾਮ ਅਜ਼ਮਾਇਆ ਅਤੇ ਹੁਣ ਮੈਂ ਨੱਬੇ ਫੀਸਦੀ ਬਿਹਤਰ ਹਾਂ। ਮੇਰੇ ਸਰੀਰ ਦੀ ਹਿੱਲਜੁਲ 80% ਬਹਾਲ ਹੋ ਗਈ ਹੈ। ਮੈਨੂੰ ਇਸ ਕਲੀਨਿਕ ਦੀ ਪੇਸ਼ੇਵਾਰਾਨਾ ਪਹੁੰਚ ਅਤੇ ਸਟਾਫ ਦੇ ਹਮਦਰਦ ਵਤੀਰੇ ਪ੍ਰਤੀ ਪੂਰੀ ਤਸੱਲੀ ਹੈ। ਹੇਠਲੀ ਕਮਰ ਦਰਦ ਅਤੇ ਗਰਦਨ ਦੀ ਦਰਦ ਤੋਂ ਪ੍ਰੇਸ਼ਾਨ ਕਿਸੇ ਵੀ ਵਿਅਕਤੀ ਨੂੰ ਮੈਂ ਇਸ ਪ੍ਰੋਗਰਾਮ ਦੀ ਸਿਫਾਰਿਸ਼ ਕਰਨ ਤੋਂ ਝਿਜਕਾਂਗਾ ਨਹੀਂ। ਮੇਰੀ ਸਲਾਹ ਹੈ ਕਿ ਇਹ ਦਵਾਈਆਂ, ਟੀਕਿਆਂ ਅਤੇ ਸਰਜ਼ਰੀ ਦੇ ਰਾਹ ਪੈਣ ਤੋਂ ਪਹਿਲਾਂ ਡਾ. ਸਿਹੋਤਾ ਦਾ ਪ੍ਰੋਗਰਾਮ ਜ਼ਰੂਰ ਅਜ਼ਮਾ ਕੇ ਵੇਖ ਲਵੋ।

***-ਹਾਰਡੈਕ ਏ. (ਟਰੱਕ ਡਿਸਪੈਚਰ, ਉਮਰ 45 ਸਾਲ)***

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਲਕ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਕਿਤਾਬਾਂ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਆਪਣਾ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਵਲੋਂ ਕਮਰ, ਡਿਸਕ ਅਤੇ ਗਰਦਨ ਦੇ ਦਰਦ ਦੇ ਕੀਤੇ ਜਾਂਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ।

ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਦਿੱਤੇ ਜਾਣ ਵਾਲੇ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। **ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ** ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209 464 7738**

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 15 ਜੁਲਾਈ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

# ਸੈਨ ਹੋਜ਼ੇ ਗੁਰਦੁਆਰਾ ਚੋਣਾਂ ਵਿਚ ਕਾਬਜ਼ ਧੜੇ ਦੀ ਭਾਰੀ ਜਿੱਤ

**ਸੈਨ ਹੋਜ਼ੇ (ਵਿਸ਼ੇਸ਼ ਪ੍ਰਤੀਨਿਧ):** ਗੁਰਦੁਆਰਾ ਫਰੀਮਾਂਟ ਤੋਂ ਬਾਅਦ ਅਮਰੀਕੀ ਸਿੱਖ ਸਿਆਸਤ ਵਿਚ ਨਿਵੇਕਲੀ ਥਾਂ ਰੱਖਣ ਵਾਲੇ ਅਮਰੀਕਾ ਦੇ ਸਭ ਤੋਂ ਵੱਡੇ ਗੁਰਦੁਆਰਾ ਸੈਨ ਹੋਜ਼ੇ ਦੀਆਂ ਲੰਘੇ ਐਤਵਾਰ 3 ਜੁਲਾਈ ਨੂੰ ਹੋਈਆਂ ਚੋਣਾਂ ਵਿਚ ਕਾਬਜ਼ ਪ੍ਰਬੰਧਕ ਧੜੇ ਵਲੋਂ ਖੜ੍ਹੇ ਕੀਤੇ ਗਏ ਚਾਰਾਂ ਹੀ ਉਮੀਦਵਾਰਾਂ ਨੂੰ ਵੱਡੀ ਜਿੱਤ ਹਾਸਲ ਹੋਈ। ਇਨ੍ਹਾਂ ਚੋਣ ਨਤੀਜਿਆਂ ਨੂੰ ਪ੍ਰਬੰਧਕਾਂ ਨੇ ਗੁਰੂ ਘਰ ਦੀ ਤਰੱਕੀ ਲਈ ਕੀਤੇ ਆਪਣੇ ਕੰਮਾਂ ਉਤੇ ਸੰਗਤ ਦੀ ਮੋਹਰ ਦੱਸਿਆ ਹੈ। ਕਾਬਜ਼ ਧੜੇ ਨੇ ਇਹ ਚੋਣ ਆਪਣੇ ਕੀਤੇ ਕੰਮਾਂ ਦੇ ਬਲਬੂਤੇ 'ਤੇ ਲੜੀ ਜਦੋਂਕਿ ਵਿਰੋਧੀ ਧਿਰ ਨੇ ਮਰਿਆਦਾ ਅਤੇ ਗੁਰੂ ਘਰ ਦੇ ਵਿਧਾਨ ਵਿਚ ਤਬਦੀਲੀਆਂ ਦੇ ਮੁੱਦੇ ਉਤੇ।

ਕਾਬਜ਼ ਬਾਬ ਢਿੱਲੋਂ ਧੜੇ ਵਲੋਂ ਖੜ੍ਹੇ ਕੀਤੇ ਗਏ ਉਮੀਦਵਾਰ ਕੰਵਲਜੀਤ ਕੌਰ 948, ਕੁਲਦੀਪ ਕੌਰ ਪਾਹਵਾ 943, ਹਰਪ੍ਰਿੰਦਰ ਸਿੰਘ 932 ਅਤੇ ਗੁਰਬਖਸ਼ ਸਿੰਘ 943 ਵੋਟਾਂ ਲੈ ਕੇ ਜੇਤੂ ਰਹੇ ਜਦੋਂਕਿ ਵਿਰੋਧੀ ਧੜੇ ਦੇ ਉਮੀਦਵਾਰਾਂ ਸੁਰਿੰਦਰਜੀਤ ਕੌਰ ਨੂੰ 624, ਹੈਰਤ ਸਿੰਘ ਬੈਂਸ ਨੂੰ 617, ਬਵਲੀਨ ਕੌਰ ਨੂੰ 601 ਅਤੇ ਗੁਰਜਿੰਦਰ ਸਿੰਘ ਬਾਜਵਾ ਨੂੰ 603 ਵੋਟਾਂ ਪਈਆਂ। ਇਥੇ ਜ਼ਿਕਰਯੋਗ ਹੈ ਕਿ ਵਿਰੋਧੀ ਗੁਰਦੁਆਰਾ ਸੁਧਾਰ ਕਮੇਟੀ ਵਲੋਂ ਇਹ ਚੋਣਾਂ ਰੁਕਵਾਉਣ ਲਈ ਅਦਾਲਤ ਤੋਂ ਸਟੇਅ ਲੈਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ ਪ੍ਰੰਤੂ ਕਾਮਯਾਬੀ ਨਾ ਮਿਲੀ।

ਇਨ੍ਹਾਂ ਚੋਣਾਂ ਤੋਂ ਪਹਿਲਾਂ ਗੁਰਦੁਆਰਾ ਸੈਨ ਹੋਜ਼ੇ ਦੇ ਸੰਵਿਧਾਨ ਅਨੁਸਾਰ ਜਨਰਲ ਬਾਡੀ ਦੀ ਮੀਟਿੰਗ ਹੋਈ। ਇਸ ਮੀਟਿੰਗ ਦੀ ਕਾਰਵਾਈ ਦਾ ਸੰਚਾਲਨ ਗੁਰੂਘਰ ਦੇ ਜਰਨਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਕੀਤਾ। ਹਾਲ ਹੀ ਵਿਚ ਸੰਵਿਧਾਨ ਵਿਚ ਕੀਤੀ ਗਈ ਸੋਧ ਅਨੁਸਾਰ ਸਿਲੈਕਸ਼ਨ/ਤਲਾਸ਼ ਕਮੇਟੀ ਵਲੋਂ 4 ਉਮੀਦਵਾਰ ਨਾਮਜ਼ਦ ਕੀਤੇ ਗਏ। ਵਿਰੋਧੀ ਗੁਰਦੁਆਰਾ ਸੁਧਾਰ ਕਮੇਟੀ/ਨਾਹਲ ਧੜੇ ਵਲੋਂ 4 ਹੋਰ ਉਮੀਦਵਾਰ ਨਾਮਜ਼ਦ ਕੀਤੇ ਗਏ। ਇਸ ਤੋਂ ਬਾਅਦ ਜਨਰਲ ਸਕੱਤਰ ਭਾਈ ਢਿੱਲੋਂ ਵਲੋਂ ਸ. ਜਸਵੰਤ ਸਿੰਘ ਹੋਠੀ ਅਤੇ ਡਾ. ਤਰਲੋਚਨ ਸਿੰਘ ਨਾਹਲ ਨੂੰ ਸਟੇਜ ਤੋਂ ਬੋਲਣ ਦਾ ਸਮਾਂ ਦਿੱਤਾ ਗਿਆ।

**26 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਚੋਣ:** ਜ਼ਿਕਰਯੋਗ ਹੈ ਕਿ 1984 ਤੋਂ ਲੈ ਕੇ ਜੁਲਾਈ 2011 ਤੱਕ ਗੁਰਦੁਆਰਾ ਸੈਨ ਹੋਜ਼ੇ ਵਿਚ ਕਦੇ ਚੋਣ ਨਹੀਂ ਹੋਈ। ਗੁਰਦੁਆਰਾ ਸੈਨ ਹੋਜ਼ੇ ਨੂੰ ਬਣਾਉਣ ਵਿਚ ਮੋਹਰੀਆਂ ਦਾ ਰੋਲ ਨਿਭਾਉਣ ਵਾਲੇ ਸ. ਜੀਤ ਸਿੰਘ ਬੈਨੀਵਾਲ ਹਨ। ਉਨ੍ਹਾਂ ਦੇ ਇਰਦ-ਗਿਰਦ ਬੈਨੀਵਾਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰ ਇਸ ਗੁਰੂ ਘਰ ਨੂੰ ਬਣਾਉਣ ਵਿਚ ਮੁੱਖ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਪ੍ਰਬੰਧਕ ਕਮੇਟੀ ਵਿਚੋਂ ਸੇਵਾਮੁਕਤ ਕੀਤੇ ਗਏ ਸ. ਜਸਵੰਤ ਸਿੰਘ ਹੋਠੀ ਸੰਨ 2005 ਦੇ ਸ਼ੁਰੂ ਤੱਕ ਗੁਰਦੁਆਰਾ ਫਰੀਮਾਂਟ ਦੇ ਚੱਲੇ ਪ੍ਰਬੰਧਕੀ ਝਗੜੇ ਵਿਚ ਸ਼ਾਮਲ ਦੋਹਾਂ ਧਿਰਾਂ ਨੂੰ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੇ ਇਤਫਾਕ ਅਤੇ ਏਕਤਾ ਦਾ ਹਵਾਲਾ ਦੇ ਦੇ ਕੇ ਚੋਣਾਂ ਦਾ ਡਟ ਕੇ ਵਿਰੋਧ ਕਰਦੇ ਰਹੇ ਹਨ ਅਤੇ ਉਸ ਵਕਤ ਜੰਡੀ-ਚੇਲਾ ਧੜੇ ਦੇ ਗੁਰਦੁਆਰਾ ਫਰੀਮਾਂਟ ਉਪਰ ਉਮਰ ਭਰ ਦੇ ਕਬਜ਼ੇ ਵਾਲੇ ਪੈਂਤੜੇ ਦੀ ਇਕ ਤਰ੍ਹਾਂ ਟੇਢੇ ਢੰਗ ਨਾਲ ਪ੍ਰੋੜਤਾ ਕਰਦੇ ਰਹਿੰਦੇ ਸਨ। ਦਿਲਚਸਪ ਗੱਲ ਇਹ ਹੈ ਕਿ ਉਹੀ ਸ. ਹੋਠੀ ਅੱਜ ਚੋਣਾਂ ਦੀ ਬਹੁਤ ਉਚੀ ਸੁਰ ਨਾਲ ਵਕਾਲਤ ਕਰ ਰਹੇ ਹਨ।

ਗੁਰਦੁਆਰਾ ਸੈਨ ਹੋਜ਼ੇ ਦਾ ਇਕ ਹੋਰ ਰੋਚਿਕ ਤੱਥ ਇਹ ਵੀ ਹੈ ਕਿ 26 ਸਾਲ ਦੇ ਇਤਿਹਾਸ ਵਿਚ ਰਹਿਤ ਮਰਿਆਦਾ ਦੇ ਪ੍ਰਸੰਗ ਵਿਚ ਕਦੀ ਵੀ ਇੰਨਾ ਵੱਡਾ ਆਪਸੀ ਵਿਰੋਧ ਨਹੀਂ ਉਭਰਿਆ ਜਿੰਨਾ ਕਿ ਗੁਰੂ ਘਰ ਦੀ ਨਵੀਂ ਇਮਾਰਤ ਦੇ ਲੰਘੀ 10 ਅਪਰੈਲ ਨੂੰ ਹੋਏ ਉਦਘਾਟਨੀ ਸਮਾਗਮ ਤੋਂ ਬਾਅਦ ਉਭਰਿਆ ਹੈ। ਵਰਣਨਯੋਗ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਬਣਾਉਣ ਲਈ ਵੱਡੀ ਰਕਮ ਸੈਨ ਹੋਜ਼ੇ ਅਤੇ ਇਸ ਦੇ ਆਸ ਪਾਸ ਦੇ ਸ਼ਹਿਰਾਂ ਵਿਚ ਵਸਦੇ ਅਮੀਰ ਪਰਿਵਾਰਾਂ ਵਲੋਂ ਦਿੱਤੀ ਜਾਂਦੀ ਰਹੀ ਹੈ। ਉਨ੍ਹਾਂ ਵਿਚੋਂ ਬਹੁਤੇ ਮੌਜੂਦਾ ਪ੍ਰਬੰਧਕੀ ਕਮੇਟੀ ਵਿਚ ਸ਼ਰੀਕ ਹਨ। ਇਹ ਵੀ ਸੈਨ ਹੋਜ਼ੇ ਦਾ ਇਤਿਹਾਸ ਰਿਹਾ ਹੈ ਕਿ ਪ੍ਰਬੰਧਕ ਕਮੇਟੀ ਵਿਚ ਕਦੇ ਵੀ ਅੰਮ੍ਰਿਤਧਾਰੀਆਂ ਦਾ ਬੋਲਬਾਲਾ ਨਹੀਂ ਰਿਹਾ। ਆਰਥਕ ਪੱਖੋਂ ਵੱਧ ਸੇਵਾ ਪਾਉਣ ਵਾਲੇ ਨਰਮ ਖਿਆਲੀ ਲੋਕ ਹੀ ਅਕਸਰ ਪ੍ਰਬੰਧਕ ਕਮੇਟੀ ਦਾ ਹਿੱਸਾ ਹੋ ਕੇ ਨਿਬੜਦੇ ਰਹੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮੌਜੂਦਾ ਗੁਰਦੁਆਰਾ ਸੁਧਾਰ ਕਮੇਟੀ ਦੇ ਮੋਢੀ ਸ. ਗੁਰਮੇਲ ਸਿੰਘ ਬਾਠ ਅਤੇ ਸ. ਤਰਲੋਚਨ ਸਿੰਘ ਨਾਹਲ ਪਿਛਲੇ 26 ਸਾਲਾਂ ਵਿਚ ਅਨੇਕਾਂ ਵਾਰ ਨਾ ਸਿਰਫ ਪ੍ਰਬੰਧਕ ਕਮੇਟੀ ਵਿਚ ਹੀ ਰਹੇ ਹਨ ਸਗੋਂ ਅਹੁਦਿਆਂ ਦਾ ਨਿੱਘ ਵੀ ਮਾਣਦੇ ਰਹੇ। ਇਥੇ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਕੀ ਮੌਜੂਦਾ ਪ੍ਰਬੰਧਕਾਂ ਨਾਲ ਰਹਿਤ ਮਰਿਆਦਾ ਦੇ ਸਬੰਧ ਵਿਚ ਆਇਆ ਵਿਚਾਰਧਾਰਕ ਵਿਰੋਧ ਸੱਚ ਮੁੱਚ ਦਾ ਹੈ ਜਾਂ ਫਿਰ ਰਵਾਇਤੀ ਅਕਾਲੀ ਸਿਆਸਤ ਵਾਂਗ "ਕੁਰਸੀ ਨੂੰ ਖਤਰਾ, ਸਮਝੋ ਪੰਥ ਨੂੰ ਖਤਰਾ ਹੈ" ਵਾਲੀ ਗੱਲ ਹੈ। ਇਹ ਗੱਲ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੈ ਕਿ ਦਹਾਕਿਆਂ ਤੱਕ ਗੁਰੂ ਘਰ ਵਿਚ ਚਲਦੀ ਮਰਿਆਦਾ ਬਾਰੇ ਮੌਜੂਦਾ ਸੁਧਾਰ ਕਮੇਟੀ ਵਾਲੇ ਸ. ਬਾਠ ਅਤੇ ਸ. ਨਾਹਲ ਘੇਸਲ ਮਾਰ ਕੇ ਕਿਵੇਂ ਸਹਿਣ ਕਰਦੇ ਰਹੇ? ਜਾਂ ਫਿਰ ਮਰਿਆਦਾ ਬਾਰੇ ਇਨ੍ਹਾਂ ਸੁਧਾਰਕਾਂ ਨੂੰ ਗਿਆਨ ਹੀ ਸੱਜਰਾ ਹੋਇਆ ਹੈ? ਸਿੱਖਾਂ ਦੀ ਇਹ ਤ੍ਰਾਸਦੀ ਰਹੀ ਹੈ ਕਿ ਸਿੱਖ ਲੀਡਰਸ਼ਿਪ ਧਾਰਮਕ ਜਜ਼ਬਾਤ ਦਾ ਰੱਜ ਕੇ ਸਿਆਸੀਕਰਨ ਅਕਸਰ ਵੋਟਾਂ ਲਈ ਹੀ ਕਰਦੀ ਹੈ।



ਗੁਰਬਖਸ਼ ਸਿੰਘ

**ਭਖਦੇ ਮੁੱਦੇ:** ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿਸ ਤਰ੍ਹਾਂ ਗੁਰੂ ਘਰ ਦੀ ਸੁੰਦਰ ਇਮਾਰਤ ਦਾ ਨਿਰਮਾਣ ਬਹੁਤ ਹੀ ਸਮਾਂਬੱਧ ਤਰੀਕੇ ਨਾਲ ਅਤੇ ਘੱਟ ਤੋਂ ਘੱਟ ਲਾਗਤ ਵਿਚ ਕੀਤਾ ਹੈ, ਉਸ ਤੋਂ ਆਮ ਸਿੱਖ ਸੰਗਤ ਵਿਚ ਪ੍ਰਬੰਧਕਾਂ ਪ੍ਰਤੀ ਪ੍ਰਸ਼ੰਸਾ ਦਾ ਮਾਹੌਲ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਦਾ ਧਾਰਮਕ ਅਵੇਸਲਾਪਨ ਉਨ੍ਹਾਂ ਦੀ ਸਾਖ ਨੂੰ ਵੀ ਧੱਕਾ ਲਾ ਰਿਹਾ ਹੈ। ਜ਼ਿਕਰਯੋਗ ਹੈ ਕਿ ਗੁਰੂ ਦਰਬਾਰ ਅਤੇ ਲੰਗਰ ਹਾਲ ਵਿਚ ਲੋੜਵੰਦਾਂ ਲਈ ਕੁਰਸੀਆਂ ਲਾਏ ਜਾਣ 'ਤੇ ਭਾਰੀ ਇਤਰਾਜ਼ ਉਠੇ ਹਨ ਪਰ ਜੇ ਪ੍ਰਬੰਧਕਾਂ ਵਲੋਂ ਸਿਰਫ ਬੈਠਣ ਤੋਂ ਅਸਮਰਥ ਅਤੇ ਸਹੀ ਲੋੜਵੰਦਾਂ ਵਲੋਂ ਇਨ੍ਹਾਂ ਦੀ ਵਰਤੋਂ ਪ੍ਰਤੀ ਕੋਈ ਠੋਸ ਵਿਧੀ ਅਪਨਾਈ ਜਾਵੇ ਤਾਂ ਮੌਜੂਦਾ ਪ੍ਰਬੰਧਕ ਕਮੇਟੀ ਇਸ ਮਸਲੇ ਵਿਚ ਆਲੋਚਨਾ ਤੋਂ ਬਚ ਸਕਦੀ ਹੈ।



ਕੰਵਲਜੀਤ ਕੌਰ

ਵਿਰੋਧੀ ਧਿਰ ਵਲੋਂ ਇਕ ਹੋਰ ਮੁੱਦਾ ਅਕਸਰ ਉਠਾਇਆ ਜਾ ਰਿਹਾ ਹੈ ਅਤੇ ਉਹ ਹੈ ਕਿ ਹਾਲ ਹੀ ਵਿਚ ਗੁਰੂ ਘਰ ਦੇ ਵਿਧਾਨ ਵਿਚ ਕੀਤੀ ਗਈ ਸੋਧ ਸੰਗਤ ਦੇ ਹੱਕਾਂ ਉਤੇ ਡਾਕਾ ਹੈ। ਇਥੇ ਦੱਸਣਾ ਬਣਦਾ ਹੈ ਕਿ ਪ੍ਰਬੰਧਕਾਂ ਨੇ ਲੰਘੀ 17 ਅਪਰੈਲ ਨੂੰ ਜਨਰਲ ਇਜਲਾਸ ਬੁਲਾ ਕੇ ਸੰਵਿਧਾਨ ਵਿਚ ਸੋਧ ਕੀਤੀ ਸੀ ਜਿਸ ਅਨੁਸਾਰ ਕਮੇਟੀ ਦੇ 21 ਮੈਂਬਰਾਂ ਵਿਚੋਂ ਚਾਰ ਮੈਂਬਰ ਹਰ ਸਾਲ ਸੇਵਾਮੁਕਤ ਹੋਣਗੇ ਅਤੇ ਉਨ੍ਹਾਂ ਦੀ ਥਾਂ ਨਵੇਂ ਮੈਂਬਰ ਇਲੈਕਸ਼ਨ/ਸਿਲੈਕਸ਼ਨ ਵਿਧੀ ਰਾਹੀਂ ਤਲਾਸ਼ ਕਮੇਟੀ ਵਲੋਂ ਨਾਮਜ਼ਦ ਕੀਤੇ ਜਾਇਆ ਕਰਨਗੇ। ਸਹਿਮਤੀ ਨਾ ਹੋਣ 'ਤੇ ਚੋਣ ਹੋਵੇਗੀ। ਮੌਜੂਦਾ ਪ੍ਰਬੰਧਕ ਇਨ੍ਹਾਂ ਸੋਧਾਂ ਨੂੰ ਵਿਧਾਨ ਅਨੁਸਾਰ ਜਾਇਜ਼ ਦੱਸਦੇ ਹਨ ਜਦੋਂਕਿ ਵਿਰੋਧੀ ਸੁਧਾਰ ਕਮੇਟੀ ਇਨ੍ਹਾਂ ਸੋਧਾਂ ਨੂੰ ਗੈਰ ਵਿਧਾਨਕ ਦੱਸਦੀ ਆਈ ਹੈ ਅਤੇ ਇਸੇ ਬਿਨਾ 'ਤੇ ਅਦਾਲਤ ਵਿਚ ਇਸ ਵਲੋਂ ਕੇਸ ਵੀ ਦਾਇਰ ਕੀਤਾ ਗਿਆ ਹੈ। ਵਿਰੋਧੀਆਂ ਦਾ ਦਾਅਵਾ ਹੈ ਕਿ 17 ਅਪਰੈਲ ਨੂੰ ਬੁਲਾਇਆ ਗਿਆ ਜਨਰਲ ਇਜਲਾਸ ਵਿਧਾਨ ਅਨੁਸਾਰ ਨਹੀਂ ਸੀ ਬੁਲਾਇਆ ਗਿਆ ਅਤੇ ਇਸ ਸਬੰਧੀ ਲੋੜੀਂਦਾ ਨੋਟਿਸ ਵੀ ਨਹੀਂ ਸੀ ਦਿੱਤਾ ਗਿਆ। ਵਿਰੋਧੀ ਧਿਰ ਇਸ ਵਰਤਾਰੇ ਨੂੰ ਸੰਗਤ ਦੇ ਹੱਕਾਂ ਉਤੇ ਡਾਕਾ ਦੱਸਦੀ ਆਈ ਹੈ।



ਹਰਪ੍ਰਿੰਦਰ ਸਿੰਘ

ਇਨ੍ਹਾਂ ਇਲਜ਼ਾਮਾਂ ਅਤੇ ਉਨ੍ਹਾਂ ਦੇ ਦਾਅਵੇ ਨੂੰ ਉਸ ਵਕਤ ਬਹੁਤ ਭਾਰੀ ਝਟਕਾ ਲੱਗਾ ਜਦੋਂ ਪ੍ਰਬੰਧਕਾਂ ਨੇ 3 ਜੁਲਾਈ ਨੂੰ ਜਨਰਲ ਇਜਲਾਸ ਬੁਲਾ ਕੇ ਬੜੇ ਹੀ ਵਾਜਬ ਤਰੀਕੇ ਨਾਲ ਚੋਣ ਕਰਵਾ ਕੇ "ਸੁਧਾਰਕਾਂ" ਦੇ ਗਲ ਨਮੋਸ਼ੀ ਭਰੀ ਹਾਰ ਪਾ ਦਿੱਤੀ।

**ਸੰਗਤ ਦੇ ਹੱਕਾਂ 'ਤੇ ਡਾਕਾ?:** ਗੁਰਦੁਆਰਾ ਸੁਧਾਰ ਕਮੇਟੀ ਦੇ ਮੋਹਰੀਆਂ ਵਿਚੋਂ ਇਕ ਡਾ. ਤਰਲੋਚਨ ਸਿੰਘ ਨਾਹਲ ਅਤੇ ਉਨ੍ਹਾਂ ਦੇ ਸੱਜਰੇ ਬਣੇ ਮਿੱਤਰ ਸ. ਜਸਵੰਤ ਸਿੰਘ ਹੋਠੀ ਵਲੋਂ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਕ ਅਖਬਾਰ ਵਿਸ਼ੇਸ਼ ਵਿਚ ਇਸ ਮੁੱਦੇ ਨੂੰ ਵੱਡੀ ਤੂਲ ਦਿੱਤੀ ਗਈ ਕਿ ਹਰ ਸਾਲ ਚਾਰ ਮੈਂਬਰਾਂ ਦੀ ਚੋਣ ਸੰਗਤ ਤੋਂ ਆਪਣੇ ਨੁਮਾਇੰਦੇ ਚੁਣਨ ਦਾ ਹੱਕ ਖੋਹਣ ਦੇ ਬਰਾਬਰ ਹੈ।

ਸੈਨ ਹੋਜ਼ੇ ਦੀ ਸਿੱਖ ਸਿਆਸਤ ਵਿਚ ਇਹ ਵੀ ਇਕ ਬਹੁਤ ਹਾਸੋਹੀਣਾ ਤੱਥ ਹੈ ਕਿ ਜੋ ਲੋਕ 26 ਸਾਲ ਆਪਣੀ ਰਜ਼ਾਮੰਦੀ ਅਤੇ ਸਰਬਸੰਮਤੀ ਰਾਹੀਂ ਪ੍ਰਬੰਧਕ ਕਮੇਟੀ ਚੁਣਦੇ ਰਹੇ, ਕਦੇ ਪ੍ਰਧਾਨ ਅਤੇ ਕਦੇ ਸੈਕਟਰੀ ਬਣਦੇ ਰਹੇ, ਉਹੀ ਲੋਕ ਅੱਜ ਫੁੱਟ ਪੈਣ 'ਤੇ ਅਹੁਦੇ ਖੁਸਣ ਪਿਛੋਂ ਸੰਗਤ ਦੇ ਹੱਕਾਂ ਦੀਆਂ ਟਾਹਰਾਂ ਮਾਰਨ ਲੱਗੇ ਹਨ। ਇਥੇ ਇਹ ਦੱਸਣਾ ਬੇਹਦ ਮੁਨਾਸਿਬ ਹੋਵੇਗਾ ਕਿ ਜਦੋਂ ਗੁਰਦੁਆਰਾ ਫਰੀਮਾਂਟ ਵਿਚ ਜੰਡੀ-ਚੇਲਾ ਗਰੁਪ ਵਲੋਂ ਚੋਣਾਂ ਕਰਵਾਉਣ ਤੋਂ ਇਨਕਾਰ ਕੀਤਾ ਗਿਆ ਸੀ ਅਤੇ ਆਪਣੇ ਉਮਰ ਭਰ ਲਈ ਚੁਣੇ ਹੋਣ ਦਾ ਦਾਅਵਾ ਕੀਤਾ ਗਿਆ ਸੀ ਤਾਂ ਇਹੋ ਸ. ਜਸਵੰਤ ਸਿੰਘ ਹੋਠੀ ਚੋਣਾਂ ਰੁਕਵਾਉਣ ਲਈ ਅਦਾਲਤ ਵਲੋਂ ਮਿਥੇ ਗਏ 9 ਲੱਖ ਡਾਲਰ ਦਾ ਬਾਂਡ ਭਰਨ ਵਿਚ ਵਧ ਚੜ੍ਹ ਕੇ ਹਿੱਸੇਦਾਰ ਬਣੇ ਸਨ ਅਤੇ ਇੰਜ ਉਨ੍ਹਾਂ ਸੰਗਤ ਦੇ ਹੱਕਾਂ ਦੇ ਕਾਤਲਾਂ ਦਾ ਸ਼ਰ੍ਹੇਆਮ ਸਮਰਥਨ ਕੀਤਾ ਸੀ। ਸੰਗਤ ਵਿਚ ਚਰਚਾ ਹੈ ਕਿ ਸੰਗਤ ਦੇ ਹੱਕਾਂ ਉਤੇ ਡਾਕਾ ਮਾਰਨ ਵਾਲੇ ਲੋਕਾਂ ਦੇ ਹਮਦਰਦ ਅੱਜ ਸੰਗਤ ਦੇ ਹੱਕਾਂ ਦੇ ਖੈਰ ਖੁਆਹ ਕਿਵੇਂ ਬਣ ਗਏ?

**3 ਜੁਲਾਈ ਦਾ ਜਨਰਲ ਇਜਲਾਸ:** ਪ੍ਰਾਪਤ ਵੇਰਵੇ ਅਨੁਸਾਰ ਇਜਲਾਸ ਢਾਈ ਵਜੇ ਸ਼ੁਰੂ ਹੋਣਾ ਸੀ। ਹਾਲ ਵਿਚ ਕਰੀਬ 400 ਮੈਂਬਰ ਪਹੁੰਚ ਗਏ ਸਨ ਅਤੇ ਇੰਨੇ ਕੁ ਹੀ ਅੰਦਰ ਆਉਣ ਲਈ ਰਜਿਸਟਰੇਸ਼ਨ ਵਾਲੀ ਲਾਈਨ ਵਿਚ ਲੱਗੇ ਹੋਏ ਸਨ। ਜਦੋਂ ਹੀ ਜਨਰਲ ਇਜਲਾਸ ਦੀ ਕਾਰਵਾਈ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸ਼ੁਰੂ ਕੀਤੀ, ਇਕ ਬੀਬੀ ਨੇ ਚਾਰ ਮੈਂਬਰਾਂ ਦੀ ਬਜਾਏ 21 ਮੈਂਬਰਾਂ ਦੀ ਚੋਣ ਦੀ ਵਕਾਲਤ ਕੀਤੀ। ਇਸ ਦੇ ਜਵਾਬ ਵਿਚ ਸਕੱਤਰ ਨੇ ਸਿਰਫ ਇੰਨਾ ਹੀ ਕਿਹਾ ਕਿ ਕਮੇਟੀ ਇਸ 'ਤੇ ਵਿਚਾਰ ਕਰੇਗੀ। ਜਦੋਂ ਸੁਧਾਰ ਕਮੇਟੀ ਦੇ ਕਰਤਾ ਧਰਤਾ ਸ. ਨਾਹਲ ਬੋਲਣ ਲੱਗੇ ਤਾਂ ਉਨ੍ਹਾਂ ਇਕ ਦਮ ਐਲਾਨ ਕਰ ਦਿਤਾ ਕਿ ਮੌਜੂਦਾ ਪ੍ਰਬੰਧਕ ਕਮੇਟੀ ਭੰਗ ਕੀਤੀ ਜਾਂਦੀ ਹੈ।



ਕੁਲਦੀਪ ਕੌਰ ਪਾਹਵਾ

ਸਕੱਤਰ ਸ. ਢਿੱਲੋਂ ਨੇ ਉਨ੍ਹਾਂ ਨੂੰ ਟੋਕਿਆ ਕਿ ਕਮੇਟੀਆਂ ਇਸ ਤਰ੍ਹਾਂ ਕਿਸੇ ਇਕ ਮੈਂਬਰ ਦੇ ਕਹਿਣ ਨਾਲ ਭੰਗ ਨਹੀਂ ਹੋ ਜਾਂਦੀਆਂ। ਇਸ ਦੇ ਨਾਲ ਹੀ ਉਨ੍ਹਾਂ ਚਾਰ ਮੈਂਬਰਾਂ ਦੀ ਚੋਣ ਲਈ ਵੋਟਾਂ ਪਾਏ ਜਾਣ ਦਾ ਐਲਾਨ ਕਰ ਦਿਤਾ ਅਤੇ 8 ਖੜੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਪੁਰਾਣੇ ਲੰਗਰ (ਪੋਲਿੰਗ ਬੂਥ) ਹਾਲ 'ਚ ਜਾਣ ਲਈ ਆਖਿਆ। ਇੰਜ ਇਜਲਾਸ ਅੱਧੇ ਘੰਟੇ ਦੇ ਅੰਦਰ ਹੀ ਖਤਮ ਹੋ ਗਿਆ।

ਇਜਲਾਸ ਵਾਲੇ ਹਾਲ ਤੋਂ ਬਾਹਰ ਆ ਕੇ ਸ. ਨਾਹਲ ਆਪਣੇ ਸਮਰਥਕਾਂ ਨੂੰ ਕਹਿੰਦੇ ਸੁਣੇ ਗਏ, ਤੁਸੀਂ ਘਰਾਂ ਨੂੰ ਜਾਓ ਆਪਾਂ ਕਮੇਟੀ ਭੰਗ ਕਰ ਦਿੱਤੀ ਹੈ। ਪਰ ਥੋੜ੍ਹੀ ਦੇਰ ਬਾਅਦ ਵਿਚ ਹੀ ਉਨ੍ਹਾਂ ਚੋਣਾਂ ਵਿਚ ਹਿੱਸਾ ਲੈਣਾ ਵੀ ਸ਼ੁਰੂ ਕਰ ਦਿੱਤਾ।

**ਕੀ ਬੋਲਦੇ ਰਹੇ ਮਾਟੋ ਤੇ ਬੈਨਰ:** ਗੁਰਦੁਆਰਾ ਸੁਧਾਰ ਕਮੇਟੀ ਦੇ ਕਾਰਕੁਨਾਂ ਦੇ ਹੱਥਾਂ ਵਿਚ ਫੜ੍ਹੇ ਬੈਨਰ ਅਤੇ ਮਾਟੋ ਉਨ੍ਹਾਂ ਦੇ ਦਿਲ ਦੀ ਗੱਲ ਕਹਿ ਰਹੇ ਸਨ। ਇਕ ਮਾਟੋ 'ਤੇ ਲਿਖਿਆ ਸੀ, "ਚੇਂਜ ਦਾ ਐਂਟਾਇਰ ਕਮੇਟੀ" (ਸਾਰੀ ਕਮੇਟੀ ਬਦਲੋ)। ਦੂਜੇ ਉਤੇ ਲਿਖਿਆ ਸੀ, "ਐਂਡ ਦਾ ਫੈਮਿਲੀ ਮਨੌਪਲੀ" (ਪਰਿਵਾਰਕ ਜਕੜ ਖਤਮ ਕਰੋ)। ਚੋਣ ਨਤੀਜਿਆਂ ਨੇ ਇਹ ਗੱਲ ਸਾਬਤ ਕਰ ਦਿੱਤੀ ਕਿ ਸੰਗਤ ਨੂੰ ਅਜਿਹੇ ਨਾਅਰਿਆਂ ਨਾਲ ਗੁੰਮਰਾਹ ਨਹੀਂ ਕੀਤਾ ਜਾ ਸਕਦਾ। ਗੁਰਦੁਆਰਾ ਸੁਧਾਰ ਕਮੇਟੀ ਦੇ ਕਾਰਕੁਨਾਂ ਨੂੰ ਇਸ ਗੱਲੋਂ ਦਾਦ ਦੇਣੀ ਬਣਦੀ ਹੈ ਕਿ ਪ੍ਰਚਾਰ ਦੀ ਉਨ੍ਹਾਂ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਦੇ ਮੁਕਾਬਲੇ ਪ੍ਰਬੰਧਕਾਂ ਦਾ ਕੰਮ ਖਿਲਰਿਆ ਪੁਲਰਿਆ ਸੀ ਅਤੇ ਉਹ ਬਹੁਤੇ ਆਰਗੇਨਾਈਜ਼ਡ ਨਹੀਂ ਸਨ ਜਾਪਦੇ। ਉਨ੍ਹਾਂ ਦਾ ਤਾਂ ਜਿਵੇਂ ਅਕਾਲ ਪੁਰਖ ਹੀ ਰਾਖਾ ਸੀ।

**ਵੋਟਰਾਂ ਨੂੰ ਸਮਝਣਾ ਔਖਾ:** ਇਕ ਚਸ਼ਮਦੀਦ ਗਵਾਹ ਅਨੁਸਾਰ ਗੁਰਦੁਆਰਾ ਸੁਧਾਰ ਕਮੇਟੀ ਦਾ ਇਕ ਆਗੂ ਇਕ ਵਿਆਹੁਤਾ ਜੋੜੇ ਨੂੰ ਆਪਣਾ ਪੂਰਾ ਟਿੱਲ ਲਾ ਕੇ ਸੁਧਾਰ ਕਮੇਟੀ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਮਨਾ ਕੇ ਲਿਆਇਆ। ਅਜੇ ਉਹ ਪੰਜ ਕਦਮ ਵੀ ਨਹੀਂ ਗਿਆ ਹੋਣਾ ਕਿ ਪਤੀ ਆਪਣੀ ਪਤਨੀ ਨੂੰ ਕਹਿਣ ਲੱਗਾ, "ਤੇਰੇ ਕੋਲ ਦੂਜਿਆਂ ਦਾ ਪੇਪਰ ਹੋਣਾ! ਵੋਟ ਉਨ੍ਹਾਂ ਨੂੰ ਪਾਉਣੀ ਆ ਆਪਾਂ।" ਗੱਲ ਸਾਫ ਹੈ ਕਿ ਵੋਟਰਾਂ ਨੂੰ ਲਾਈਨ ਵਿਚ ਖੜ੍ਹਿਆਂ ਜਿੰਨਾ ਮਰਜੀ ਆਖ ਲਓ, ਠੱਪਾ ਉਨ੍ਹਾਂ ਆਪਣੀ ਮਰਜੀ ਨਾਲ ਹੀ ਲਾਉਣਾ ਹੁੰਦਾ ਹੈ।

**ਹਾਰਨ 'ਤੇ ਜੈਕਾਰੇ:** ਅਕਸਰ ਚੋਣ ਨਤੀਜਿਆਂ ਤੋਂ ਬਾਅਦ ਜੇਤੂ ਉਮੀਦਵਾਰਾਂ ਦੇ ਸਮਰਥਕ ਉਤੇਜਿਤ ਹੋਏ ਜੈਕਾਰੇ ਲਾਉਣੇ ਸ਼ੁਰੂ ਕਰ ਦਿੰਦੇ ਹਨ, ਇਹ ਸੁਭਾਵਿਕ ਵੀ ਹੈ। ਪਰ ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਦੇ ਮੈਂਬਰਾਂ ਨੇ ਚੋਣ ਨਤੀਜਿਆਂ ਵਿਚ ਹਾਰ ਹੋਣ ਉਪਰੰਤ ਜੈਕਾਰੇ ਮਾਰਨੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਆਪਣੀ ਇਸ ਜਿੱਤ ਤੋਂ ਪ੍ਰਬੰਧਕੀ ਕਾਬਜ਼ ਧੜੇ ਦੇ ਸਮਰਥਕ ਪੂਰੀ ਤਰ੍ਹਾਂ ਬਾਗੋ ਬਾਗ ਸਨ।


**ਕੌਣ ਕੌਣ ਪਹੁੰਚੇ:** ਸੈਨ ਫਰਾਂਸਿਸਕੋ ਬੇਏਰੀਏ ਦੇ ਗੁਰੂ ਘਰਾਂ ਵਿਚ ਸਿੱਖ ਸਿਆਸਤ ਪੱਖੋਂ ਫਰੀਮਾਂਟ ਤੋਂ ਬਾਅਦ ਸੈਨ ਹੋਜ਼ੇ ਦਾ ਨੰਬਰ ਆਉਂਦਾ ਹੈ। ਸੈਨ ਹੋਜ਼ੇ ਗੁਰੂ ਘਰ ਦੀਆਂ ਚੋਣਾਂ ਵਿਚ ਫਰੀਮਾਂਟ ਗੁਰੂ ਘਰ ਵਿਚ ਹਮੇਸ਼ਾ ਆਹਮੋ ਸਾਹਮਣੇ ਰਹਿੰਦੇ ਗਰੁਪ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਜਿਥੇ ਗੁਰਮੀਤ ਸਿੰਘ ਖਾਲਸਾ, ਐਸ ਪੀ ਸਿੰਘ, ਕੁਲਜੀਤ ਸਿੰਘ, ਹਰਮਿੰਦਰ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਅਵਤਾਰ ਸਿੰਘ, ਕੰਵਲਜੀਤ ਅਟਵਾਲ, ਸੈਨ ਹੋਜ਼ੇ ਗੁਰੂ ਘਰ ਦੇ ਮੌਜੂਦਾ ਪ੍ਰਬੰਧਕਾਂ ਦੀ ਪਿੱਠ 'ਤੇ ਖੜ੍ਹੇ ਸਨ, ਉਥੇ ਜਸਜੀਤ ਸਿੰਘ ਚੇਲਾ, ਜੈ ਸਿੰਘ, ਜਸਬੀਰ ਸਿੰਘ ਗੋਰਖਾ ਅਤੇ ਡਾ. ਪ੍ਰਿਤਪਾਲ ਸਿੰਘ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਸੁਧਾਰ ਕਮੇਟੀ ਦੇ ਸਮਰਥਨ ਵਿਚ ਡਟੇ ਹੋਏ ਸਨ।

## ਅੰਮ੍ਰਿਤਸਰ ਟਾਈਮਜ਼ ਵਿਰੁਧ ਗੁਰਦੁਆਰਾ ਸੈਨ ਹੋਜ਼ੇ ਦੀ ਮੋਸ਼ਨ ਪ੍ਰਵਾਨ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨੂੰ ਅਖਬਾਰ ਅੰਮ੍ਰਿਤਸਰ ਟਾਈਮਜ਼ ਦੇ ਪ੍ਰਕਾਸ਼ਕ ਅੰਮ੍ਰਿਤਸਰ ਪਬਲੀਕੇਸ਼ਨ ਐਂਡ ਮੀਡੀਆ ਗਰੁਪ, ਐਲ ਐਲ ਸੀ ਵਿਰੁਧ ਦਾਇਰ ਕੇਸ ਵਿਚ ਉਸ ਸਮੇਂ ਅੰਸ਼ਕ ਜਿੱਤ ਹਾਸਲ ਹੋਈ ਜਦੋਂ ਕੈਲੀਫੋਰਨੀਆ ਸੁਪੀਰੀਅਰ ਕੋਰਟ ਦੀ ਸੈਂਟਾ ਕਲਾਰਾ ਕਾਉਂਟੀ ਅਦਾਲਤ ਨੇ ਪ੍ਰਤੀਵਾਦੀਆਂ ਨੂੰ ਹੁਕਮ ਦਿੱਤਾ ਕਿ ਉਨ੍ਹਾਂ ਨੂੰ ਗੁਰਦੁਆਰਾ ਸੈਨ ਹੋਜ਼ੇ ਦੀਆਂ ਪ੍ਰਸ਼ਨੋਤਰੀਆਂ (ਇੰਟੈਰੋਗੇਟਰੀਆਂ) ਦੇ ਸੈੱਟ-1 (ਐਫ 1) ਦਾ ਜਵਾਬ ਦੇਣਾ ਪਵੇਗਾ। ਅਦਾਲਤ ਨੇ ਅੰਮ੍ਰਿਤਸਰ ਟਾਈਮਜ਼ ਨੂੰ ਜਵਾਬ ਦੇਣ ਲਈ 20 ਦਿਨ ਦਾ ਸਮਾਂ ਦਿਤਾ ਹੈ। ਅਦਾਲਤ ਨੇ ਮੁਦੱਈਆਂ ਦੀ ਪ੍ਰਸ਼ਨੋਤਰੀ ਐਫ ਨੰਬਰ 15.1 ਅਤੇ 12.3 ਦੇ ਜਵਾਬ ਲਈ ਮੋਸ਼ਨ ਅਪ੍ਰਵਾਨ ਕਰ ਦਿਤੀ।

ਮਾਣਯੋਗ ਜੱਜ ਵਿਲੀਅਮ ਜੇ ਮੋਨਾਹਨ ਨੇ ਪਹਿਲੀ ਜੁਲਾਈ 2011 ਨੂੰ ਸੁਣਾਏ ਆਪਣੇ ਹੁਕਮ ਵਿਚ ਕਿਹਾ ਹੈ ਕਿ ਮੁਦੱਈ ਦੀ ਪ੍ਰਸ਼ਨੋਤਰੀ ਐਫ ਨੰਬਰ 4.1, 4.2 ਅਤੇ 12.1 ਦੇ ਮਾਮਲੇ ਵਿਚ ਮੋਸ਼ਨ ਬਹਿਸ ਦੀ ਮੰਗ ਕਰਦੀ ਹੈ। ਕੁਝ ਹੋਰ ਮਾਮਲਿਆਂ ਵਿਚ ਵੀ ਮੁਦੱਈਆਂ ਦੀ ਮੋਸ਼ਨ ਅਦਾਲਤ ਨੇ ਪ੍ਰਵਾਨ ਕਰਨ ਤੋਂ ਨਾਂਹ ਕਰ ਦਿਤੀ। ਮਾਣਯੋਗ ਜੱਜ ਨੇ ਮੁਦੱਈ ਗੁਰਦੁਆਰਾ ਸੈਨ ਹੋਜ਼ੇ ਦੀ ਮਾਲੀ ਹਰਜਾਨੇ ਦੀ ਮੰਗ ਅੰਸ਼ਕ ਰੂਪ ਵਿਚ ਪ੍ਰਵਾਨ ਕਰਦਿਆਂ ਪ੍ਰਤੀਵਾਦੀ ਅਤੇ ਉਸ ਦੇ ਵਕੀਲ ਨੂੰ 20 ਦਿਨ ਦੇ ਅੰਦਰ ਅੰਦਰ 2665 ਡਾਲਰ ਹਰਜਾਨੇ ਵਜੋਂ ਮੁਦੱਈ ਨੂੰ ਦੇਣ ਦਾ ਹੁਕਮ ਵੀ ਕੀਤਾ ਪਰ ਪ੍ਰਤੀਵਾਦੀਆਂ ਦੀ ਇਸ ਸਬੰਧੀ ਮੰਗ ਰੱਦ ਕਰ ਦਿਤੀ।


ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਤੁਰਤ ਲੋੜ



ਪੱਕੇ ਲੋਡ - ਸਟਾਕਟਨ ਤੋਂ ਪੋਰਟਲੈਂਡ
ਸਟਾਕਟਨ ਤੋਂ ਸਿਆਟਲ ਅਤੇ ਵਾਪਸ ਸਟਾਕਟਨ
ਸਿਰਫ ਟਰੱਕ ਚਾਹੀਦੇ ਹਨ, ਟਰੇਲਰ ਨਹੀਂ
ਵਧੀਆ ਰੇਟ ਦਿੱਤੇ ਜਾਣਗੇ

ਫੌਰਨ ਫੋਨ ਕਰੋ: ਗੁਰਮੀਤ ਸਿੰਘ
ਫੋਨ: 209-234-1118

# ਪ੍ਰੋ. ਭੁੱਲਰ ਦੀ ਰਿਹਾਈ ਲਈ ਲਹੂ ਭਿੱਜਿਆ ਪੱਤਰ ਸੌਂਪਿਆ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਸੀ ਦੀ ਸਜ਼ਾ ਬਹਾਲ ਰੱਖੇ ਜਾਣ ਨਾਲ ਸਮੁੱਚੇ ਸੰਸਾਰ ਵਿਚ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਰਹਿਣ ਵਾਲੇ ਤਕਰੀਬਨ 40 ਹਾਜ਼ਰ ਸਿੱਖਾਂ ਨੇ ਦਸਤਖ਼ਤ ਕਰਕੇ ਪ੍ਰੋ. ਭੁੱਲਰ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ 'ਚ ਬਦਲਣ ਦੀ ਭਾਵਨਾਤਮਕ ਅਪੀਲ ਬਲਜਿੰਦਰ ਸਿੰਘ ਖਹਿਰਾ ਦੀ ਟੀਮ ਰਾਹੀਂ ਰਾਸ਼ਟਰਪਤੀ ਦੇ ਨਾਂ ਭੇਜੀ ਹੈ। ਇਸ ਤੋਂ ਇਲਾਵਾ ਸ. ਸਰਨਾ ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੀ ਪੰਜਾਬ ਦੀ ਯੁਵਾ ਇਕਾਈ ਦੇ 125 ਮੈਂਬਰਾਂ ਦੇ ਖ਼ੂਨ ਨਾਲ ਕੀਤੇ ਦਸਤਖ਼ਤਾਂ ਤੇ ਵੱਖ-ਵੱਖ ਗੁਰਦੁਆਰਿਆਂ ਵੱਲੋਂ ਭੇਜੇ ਗਏ 150 ਪੱਤਰਾਂ ਬਾਰੇ ਵੀ ਜਾਣਕਾਰੀ ਦਿੱਤੀ। ਪਾਰਟੀ ਦੀ ਦਿੱਲੀ ਇਕਾਈ ਦੇ ਕੁਝ ਆਗੂਆਂ ਨੇ ਵੀ ਪ੍ਰੈਸ ਕਾਨਫਰੰਸ ਦੌਰਾਨ ਮੰਗ-ਪੱਤਰ 'ਤੇ ਆਪੋ-ਆਪਣੇ ਖ਼ੂਨ ਨਾਲ ਦਸਤਖ਼ਤ ਕੀਤੇ।

ਸ. ਸਰਨਾ ਨੇ ਕਿਹਾ ਕਿ ਸਿੱਖਾਂ ਦੀਆਂ ਭਾਵਨਾਵਾਂ ਨਾਲ ਸਬੰਧਤ ਇਹ ਦੋਵੇਂ ਮੰਗ-ਪੱਤਰ ਪਹਿਲਾਂ ਰਾਸ਼ਟਰਪਤੀ ਨੂੰ ਤੇ ਉਸ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਨੂੰ ਸੌਂਪੇ ਜਾਣਗੇ। ਉਨ੍ਹਾਂ ਕਿਹਾ ਕਿ ਅਦਾਲਤੀ ਫ਼ੈਸਲਿਆਂ ਦੀਆਂ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਜਿਨ੍ਹਾਂ ਦੇ ਹਵਾਲੇ ਰਾਹੀਂ ਪ੍ਰੋ. ਭੁੱਲਰ ਦੀ ਫ਼ਾਂਸੀ ਦੀ ਸਜ਼ਾ ਨੂੰ ਰੱਦ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭੁੱਲਰ ਲੰਮੇ ਸਮੇਂ ਤੋਂ ਮਾਨਸਿਕ ਰੋਗੀਆਂ ਦੇ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਵਿਚਕਾਰ ਜੂਝ ਰਿਹਾ ਹੈ ਜੋ ਉਸ ਦੀ ਫ਼ਾਂਸੀ ਦੀ ਸਜ਼ਾ ਮੁਆਫ਼ ਕਰ ਦੇਣ ਦਾ ਇਕ ਹੋਰ ਕਾਰਨ ਬਣਦਾ ਹੈ।

ਉਨ੍ਹਾਂ ਜਰਮਨ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਲਿਖਿਆ ਗਿਆ ਪੱਤਰ ਦਿਖਾਉਂਦਿਆ ਕਿਹਾ ਕਿ ਭਾਰਤ ਸਰਕਾਰ ਨੇ ਜਰਮਨ ਸਰਕਾਰ ਨੂੰ ਵਾਅਦਾ ਕੀਤਾ ਸੀ ਕਿ ਜੇਕਰ ਉਥੋਂ ਦੀ ਸਰਕਾਰ ਪ੍ਰੋ. ਭੁੱਲਰ ਨੂੰ ਭਾਰਤ ਭੇਜ ਦੇਵੇਗੀ ਤਾਂ ਉਸ ਨੂੰ ਫ਼ਾਂਸੀ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ ਪਰ ਸਰਕਾਰ ਨੇ ਇਸ ਵਾਅਦੇ 'ਤੇ ਅਮਲ ਨਹੀਂ ਕੀਤਾ।

### ਬੀਰ ਦਵਿੰਦਰ ਵੀ ਪ੍ਰੋ. ਭੁੱਲਰ ਦੇ ਹੱਕ 'ਚ ਨਿੱਤਰਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਪਿਛਲੇ ਦਿਨੀ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨਾਲ ਕੀਤੀ ਮੀਟਿੰਗ ਦੌਰਾਨ ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਬਾਰੇ ਪੇਸ਼ ਕੀਤੇ ਕੇਸ ਨੂੰ ਜੱਗ-ਜ਼ਾਹਿਰ ਕੀਤਾ ਜਾਵੇ ਤਾਂ ਜੋ ਪੰਜਾਬੀਆਂ ਨੂੰ ਇਸ ਨਾਜ਼ੁਕ ਮਾਮਲੇ ਬਾਰੇ ਪੰਜਾਬ ਸਰਕਾਰ ਦੇ ਸਟੈਂਡ ਦਾ ਪਤਾ ਲੱਗ ਸਕੇ। ਉਨ੍ਹਾਂ ਕਿਹਾ ਕਿ ਸ. ਬਾਦਲ ਨੇ ਪ੍ਰਧਾਨ ਮੰਤਰੀ ਨਾਲ ਕੀਤੀ ਮੀਟਿੰਗ ਤੋਂ ਬਾਅਦ ਇਸ ਬਾਬਤ ਕੋਈ ਖੁਲਾਸਾ ਨਹੀਂ ਕੀਤਾ ਤੇ ਇਹ ਕਿ ਭੇਤ ਬਣਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਸ. ਬਾਦਲ ਨੂੰ ਇਸ ਮਾਮਲੇ ਬਾਬਤ ਪ੍ਰਧਾਨ ਮੰਤਰੀ ਨੂੰ ਦਿੱਤੇ ਮੈਮੋਰੰਡਮ ਨੂੰ ਵੀ ਜਨਤਕ ਕਰਨਾ ਚਾਹੀਦਾ ਹੈ ਜੇ ਇਸ ਮੀਟਿੰਗ ਦੌਰਾਨ ਸ. ਬਾਦਲ ਨੇ ਪ੍ਰੋ. ਭੁੱਲਰ ਦਾ ਮੁੱਦਾ ਨਹੀਂ ਉਠਾਇਆ ਤਾਂ ਵੀ ਸੱਚ ਲੋਕਾਂ ਅੱਗੇ ਰੱਖਿਆ ਜਾਵੇ। ਉਨ੍ਹਾਂ ਹੈਰਾਨੀ ਜ਼ਾਹਿਰ ਕੀਤੀ ਕਿ ਇਸ ਮੁੱਦੇ 'ਤੇ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਰਾਜ ਭਵਨ ਵੱਲ ਮਾਰਚ ਕਰਨ ਦੇ ਉਲੀਕੇ ਪ੍ਰੋਗਰਾਮ ਦੌਰਾਨ ਵੀ ਕੋਈ ਗੰਭੀਰਤਾ ਦੇਖਣ ਨੂੰ ਨਹੀਂ ਮਿਲੀ। ਇਸ ਦਿਨ ਮੁਹਾਲੀ ਵਿਖੇ ਵੱਡਾ ਇਕੱਠ ਕਰਨ ਤੋਂ ਬਾਅਦ ਵਫਦ ਹੀ ਚੰਡੀਗੜ੍ਹ ਵਿਖੇ ਪੰਜਾਬ ਰਾਜ ਭਵਨ ਵਿਖੇ ਮੰਗ ਪੱਤਰ ਦੇਣ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਅਗਵਾਈ ਵਿਚ ਗਿਆ ਉੱਚ ਪੱਧਰੀ ਵਫਦ ਮਹਿਜ਼ ਰਾਜ ਭਵਨ ਦੇ ਇਕ ਮੁਲਾਜ਼ਮ ਨੂੰ ਹੀ ਮੰਗ ਪੱਤਰ ਦੇ ਕੇ ਮੁੜ ਆਇਆ ਸੀ ਜਦਕਿ ਸ਼੍ਰੋਮਣੀ ਕਮੇਟੀ ਨੂੰ ਇਹ ਵੱਡਾ ਪ੍ਰੋਗਰਾਮ ਉਲੀਕਣ ਤੋਂ ਪਹਿਲਾਂ ਇਸ ਦਿਨ ਪੰਜਾਬ ਦੇ ਰਾਜਪਾਲ ਦੀ ਮੌਜੂਦਗੀ ਦੀ ਜਾਣਕਾਰੀ ਲੈ ਲੈਣੀ ਚਾਹੀਦੀ ਸੀ।

## ਗਲੋਬਲ ਪੰਜਾਬੀ ਮੀਡੀਆ ਯੂ.ਐਸ.ਏ. ਦੀ ਸਥਾਪਨਾ

**ਫਰਿਜ਼ਨੋ (ਬਿਊਰੋ):** ਮੁਕਾਬਲੇ ਦੇ ਅਜੋਕੇ ਦੌਰ ਵਿਚ ਪੰਜਾਬੀ ਮੀਡੀਏ ਨੂੰ ਮੰਡੀ ਦੀਆਂ ਲੋੜਾਂ ਦੀ ਮਾਰ ਤੋਂ ਬਚਾਉਣ ਦੇ ਮਨੋਰਥ ਨਾਲ ਵਿਗਿਆਨਕ ਤੇ ਨਰੋਈਆਂ ਕਦਰਾਂ ਕੀਮਤਾਂ ਨੂੰ ਬਲ ਦੇਣ ਵਾਲੇ ਪੰਜਾਬੀ ਪਰਚਿਆਂ ਅਤੇ ਟੀ. ਵੀ. ਚੈਨਲਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬੀ ਮੀਡੀਆ ਨਾਲ ਲੰਮੇ ਅਰਸੇ ਤੋਂ ਜੁੜੇ ਕੁਝ ਹਮਦਰਦ ਤੇ ਹਮਖਿਆਲ ਦੋਸਤਾਂ ਨੇ ਗਲੋਬਲ ਪੰਜਾਬੀ ਮੀਡੀਆ ਯੂ. ਐਸ. ਏ ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ ਹੈ।

ਇਸ ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਮੇਂ ਜਿੱਥੇ ਹਰ ਖੇਤਰ ਵਿਚ ਇੱਕ ਦੂਜੇ ਨੂੰ ਪਿਛਾੜਨ ਹਿੱਤ ਚੰਗੀਆਂ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਹੈ ਉਥੇ ਪ੍ਰਿੰਟ ਮੀਡੀਆ ਤੇ ਬਿਜਲਈ ਮੀਡੀਆ ਵਿਚ ਵੀ ਜਨ-ਹਿੱਤ ਨੂੰ ਤਿਆਗ ਕੇ ਅੰਧ ਵਿਸ਼ਵਾਸ ਫਲਾਉਣ ਅਤੇ ਲੋਕ ਭਾਵਨਾਵਾਂ ਨੂੰ ਭੜਕਾਉਣ ਵਾਲੀਆਂ ਖਬਰਾਂ, ਇਸ਼ਤਿਹਾਰ, ਸੀਰੀਅਲ ਤੇ ਹੋਰ ਪ੍ਰੋਗਰਾਮ ਨਸ਼ਰ ਕੀਤੇ ਜਾ ਰਹੇ ਹਨ। ਪੰਜਾਬੀ ਮੀਡੀਆ ਵੀ ਹੁਣ ਇਸ ਲਪੇਟ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਚੁਕਾ ਹੈ।

ਇਹ ਸੰਸਥਾ ਬਣਾਉਣ ਲਈ ਪਹਿਲੇ ਗੇੜ ਵਿਚ ਜਿਹੜੇ ਮੈਂਬਰ ਜੁੜ ਬੈਠੇ ਹਨ, ਉਨ੍ਹਾਂ ਵਿਚ ਸੀ.ਐਨ.ਈ.ਬੀ. ਹਿੰਦੀ ਨਿਊਜ਼ ਚੈਨਲ ਅਤੇ ਐਚ.ਬੀ.ਐਨ. ਗਰੁਪ ਦੇ ਸੀ.ਈ.ਓ. ਐਚ.ਐਸ. ਸਰਾਂ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਅਤੇ ਸਾਡਾ ਚੈਨਲ ਦੇ ਸੀ ਈ ਓ ਸਿੱਧੂ ਦਮਦਮੀ, ਹਿੰਦੁਸਤਾਨ ਟਾਈਮਜ਼ ਦੇ ਪੱਤਰਕਾਰ ਅਤੇ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਅਵਤਾਰ ਗੋਦਾਰਾ, ਅਜੀਤ ਜਲੰਧਰ ਤੇ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਜਸਵੰਤ ਜਸ, ਇੰਗਲੈਂਡ ਤੋਂ ਪੱਤਰਕਾਰ ਤੇ ਸ਼ਾਇਰ ਰਜਿੰਦਰਜੀਤ, ਨਿਊਜੀਲੈਂਡ ਤੋਂ ਪ੍ਰਿੰ. ਰੁਲੀਆ ਸਿੰਘ ਸਿੱਧੂ, ਆਸਟ੍ਰੇਲੀਆ ਤੋਂ ਪ੍ਰੋ. ਜਲੌਰ ਸਿੰਘ ਬਰਾੜ, ਕੈਨੇਡਾ ਤੋਂ ਜਗਤਾਰ ਭੱਟੀ ਅਤੇ ਉਘੇ ਰੇਡੀਓ ਸੰਚਾਲਕ ਤੇ ਹੋਸਟ ਬਲਜਿੰਦਰ ਸੇਖੋਂ, ਵਾਸ਼ਿੰਗਟਨ ਡੀ.ਸੀ. ਤੋਂ ਸ਼ਾਇਰ ਸਤਪਾਲ ਬਰਾੜ, ਫਰਿਜ਼ਨੋ (ਕੈਲੀਫੋਰਨੀਆ) ਤੋਂ ਜਫ਼ਰ ਮੈਗਜ਼ੀਨ ਦੇ ਸਾਬਕਾ ਸੰਪਾਦਕ ਅਤੇ ਪੰਜਾਬੀ ਦਰਪਨ ਪ੍ਰੋਗਰਾਮ ਦੇ ਰੇਡੀਉ ਹੋਸਟ ਸੰਤੋਖ ਮਿਨਹਾਸ, ਭੁਪਿੰਦਰ ਪੰਧੇਰ ਅਤੇ ਮਿਸਜ਼ ਸੁਰਿੰਦਰ ਸ਼ਰਮਾ, ਮਿਸ ਸ਼ੈਲੀ ਸਿੰਘ ਦੇ ਨਾਂ ਸ਼ਾਮਲ ਹਨ।

## ਬੱਚਿਆਂ 'ਤੇ ਪੁਲਿਸ ਤਸ਼ੱਦਦ ਬਾਰੇ ਗ੍ਰਹਿ ਮਹਿਕਮੇ ਤੋਂ ਰਿਪੋਰਟ ਤਲਬ

**ਚੰਡੀਗੜ੍ਹ:** ਸਮਾਜਿਕ ਸਰੁੱਖਿਆ ਭਲਾਈ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਬੱਚਿਆਂ ਨੂੰ ਪੁਲਿਸ ਦੇ ਤਸ਼ੱਦਦ ਤੋਂ ਬਚਾਉਣ ਲਈ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚ ਕੀਤੀ ਹੈ। ਕਮਿਸ਼ਨ ਨੇ ਇਸ ਬਾਰੇ ਤੁਰੰਤ ਕਾਰਵਾਈ ਕਰਦਿਆਂ ਗ੍ਰਹਿ ਵਿਭਾਗ ਤੋਂ ਰਿਪੋਰਟ ਮੰਗ ਲਈ ਹੈ।

ਬੀਬੀ ਚਾਵਲਾ ਨੇ ਕਮਿਸ਼ਨ ਨੂੰ ਭੇਜੀ ਸ਼ਿਕਾਇਤ ਵਿਚ ਕਿਹਾ ਹੈ ਕਿ ਪੰਜਾਬ ਪੁਲਿਸ ਵੱਲੋਂ ਜਦੋਂ ਛੋਟੇ-ਛੋਟੇ ਬੱਚੇ ਨਿੱਕੇ-ਮੋਟੇ ਅਪਰਾਧ ਵਿਚ ਫੜੇ ਜਾਂਦੇ ਹਨ ਤਾਂ ਪੁਲਿਸ ਬੱਚਿਆਂ ਨੂੰ ਫੜ ਕੇ ਬੁਰੀ ਤਰ੍ਹਾਂ ਕੁੱਟਦੀ ਹੈ। ਇਨ੍ਹਾਂ ਬੱਚਿਆਂ ਨੂੰ ਪੁੱਠਾ ਵੀ ਲਟਕਾਇਆ ਜਾਂਦਾ ਹੈ। ਇਨ੍ਹਾਂ ਦੀਆਂ ਲੱਤਾਂ 'ਤੇ ਖੜ੍ਹੇ ਹੋ ਕੇ ਕੁੱਟਿਆ ਜਾਂਦਾ ਹੈ। ਇਨ੍ਹਾਂ ਬੱਚਿਆਂ ਨੂੰ ਖਾਣਾ ਵੀ ਬਹੁਤ ਘੱਟ ਦਿੱਤਾ ਜਾਂਦਾ ਹੈ।

ਕਮਿਸ਼ਨ ਨੇ ਇਸ ਬਾਰੇ ਕਿਹਾ ਹੈ ਕਿ ਬੱਚਿਆਂ 'ਤੇ ਪੁਲਿਸ ਤਸ਼ੱਦਦ ਦਾ ਇਹ ਮਾਮਲਾ ਬੜਾ ਨਾਜ਼ੁਕ ਹੈ ਅਤੇ ਇਸ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਕਮਿਸ਼ਨ ਨੇ ਸੂਬੇ ਦੇ ਗ੍ਰਹਿ ਵਿਭਾਗ ਅਤੇ ਪੁਲਿਸ ਮੁਖੀ ਤੋਂ ਇਸ ਬਾਰੇ ਰਿਪੋਰਟ ਮੰਗ ਲਈ ਹੈ।

## ਚੌਟਾਲਾ ਭਰਾਵਾਂ ਵਿਰੁਧ ਭ੍ਰਿਸ਼ਟਾਚਾਰ ਦੇ ਮੁਕੱਦਮੇ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਆਗੂਆਂ ਅਜੈ ਚੌਟਾਲਾ ਤੇ ਅਭੈ ਚੌਟਾਲਾ ਖ਼ਿਲਾਫ਼ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਫ਼ੌਜਦਾਰੀ ਕੇਸ ਚਲਾਉਣ ਦੀ ਆਗਿਆ ਦੇ ਦਿੱਤੀ ਹੈ।

ਜਸਟਿਸ ਵੀ.ਐਸ. ਸਿਰਪੁਰਕਰ ਤੇ ਜਸਟਿਸ ਟੀ.ਐਸ. ਠਾਕੁਰ ਦੇ ਡਵੀਜ਼ਨ ਬੈਂਚ ਨੇ ਚੌਟਾਲਾ ਭਰਾਵਾਂ ਦੀ ਇਹ ਦਲੀਲ ਖ਼ਾਰਜ ਕਰ ਦਿੱਤੀ ਕਿ ਉਨ੍ਹਾਂ ਖ਼ਿਲਾਫ਼ ਫ਼ੌਜਦਾਰੀ ਕੇਸ ਚਲਾਉਣ ਤੋਂ ਪਹਿਲਾਂ ਲੋੜੀਂਦੀ ਆਗਿਆ ਨਹੀਂ ਲਈ ਗਈ। ਬੈਂਚ ਨੇ ਕਿਹਾ ਕਿ ਫ਼ੌਜਦਾਰੀ ਕੇਸ ਚਲਾਉਣ ਲਈ ਆਗਿਆ ਲਏ ਜਾਣ ਦੀ ਕੋਈ ਜ਼ਰੂਰਤ ਨਹੀਂ। ਚੌਟਾਲਾ ਭਰਾਵਾਂ ਨੂੰ ਬਿਨਾਂ ਕੋਈ ਰਾਹਤ ਦਿੰਦਿਆਂ ਬੈਂਚ ਨੇ ਦਿੱਲੀ ਹਾਈ ਕੋਰਟ ਦਾ ਉਹ ਫ਼ੈਸਲਾ ਬਰਕਰਾਰ ਰੱਖਿਆ ਜਿਸ ਵਿਚ ਕੇਸ ਚਲਾਉਣ ਦਾ ਹੁਕਮ ਦਿੱਤਾ ਗਿਆ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 22 ਅਕਤੂਬਰ ਨੂੰ ਇਨੈਲੋ ਆਗੂ ਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਪੁੱਤਰਾਂ ਅਜੇ ਤੇ ਅਭੈ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ 'ਤੇ ਰੋਕ ਲਾ ਦਿੱਤੀ ਸੀ।

ਸੁਪਰੀਮ ਕੋਰਟ ਨੇ 4 ਜੁਲਾਈ ਨੂੰ ਇਹ ਰੋਕ ਹਟਾ ਦਿੱਤੀ। ਚੌਟਾਲਾ ਭਰਾਵਾਂ ਖ਼ਿਲਾਫ਼ ਸੀ.ਬੀ. ਆਈ. ਨੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਕੇਸ ਦਾਇਰ ਕੀਤਾ ਸੀ ਜਿਸ 'ਤੇ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਸੰਮਨ ਭੇਜੇ ਸਨ। ਚੌਟਾਲਾ ਭਰਾਵਾਂ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਚੌਟਾਲਾ ਭਰਾਵਾਂ ਨੇ ਤਰਕ ਦਿੱਤਾ ਸੀ ਕਿ ਉਨ੍ਹਾਂ ਖ਼ਿਲਾਫ਼ ਇਹ ਕੇਸ ਸਿਆਸੀ ਹਿਤਾਂ ਤੋਂ ਪ੍ਰੇਰਿਤ ਹੈ ਤੇ ਇਸ ਮਾਮਲੇ ਵਿਚ ਚਾਰਜਸ਼ੀਟ ਦਾਇਰ ਕਰਨ ਵਾਲੀ ਸੀ.ਬੀ.ਆਈ. ਨੇ ਉਨ੍ਹਾਂ ਖ਼ਿਲਾਫ਼ ਕਾਰਵਾਈ ਤੋਂ ਪਹਿਲਾਂ ਸਰਕਾਰ ਤੋਂ ਆਗਿਆ ਨਹੀਂ ਲਈ। ਉਨ੍ਹਾਂ ਦਾਅਵਾ ਕੀਤਾ ਸੀ ਕਿ ਕਿਸੇ ਵੀ ਵਿਧਾਇਕ ਖ਼ਿਲਾਫ਼ ਕੇਸ ਚਲਾਉਣ ਤੋਂ ਪਹਿਲਾਂ ਧਾਰਾ 197 ਤਹਿਤ ਆਗਿਆ ਲਈ ਜਾਣੀ ਜ਼ਰੂਰੀ ਹੈ ਜਦਕਿ ਸੀ.ਬੀ.ਆਈ. ਨੇ ਅਜਿਹਾ ਨਹੀਂ ਕੀਤਾ। ਦੋਵੇਂ ਚੌਟਾਲਾ ਭਰਾ ਵਿਧਾਇਕ ਹਨ।

ਇਸ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਨੇ ਵੀ ਪਿਛਲੇ ਸਾਲ 8 ਜੁਲਾਈ ਨੂੰ ਚੌਟਾਲਾ ਭਰਾਵਾਂ ਦੀ ਇਹ ਪਟੀਸ਼ਨ ਖ਼ਾਰਜ ਕਰ ਦਿੱਤੀ ਸੀ। ਹਰਿਆਣਾ ਤੋਂ ਇਨੈਲੋ ਦੇ ਵਿਧਾਇਕ ਚੌਟਾਲਾ ਭਰਾਵਾਂ ਨੇ ਹੇਠਲੀ ਅਦਾਲਤ ਦੇ ਦੋ ਫਰਵਰੀ ਦੇ ਫ਼ੈਸਲੇ ਨੂੰ ਚੁਣੌਤੀ ਸੀ। ਸੀ.ਬੀ.ਆਈ. ਨੇ ਪਿਛਲੇ ਸਾਲ ਦਸੰਬਰ ਵਿਚ ਚੌਟਾਲਾ ਭਰਾਵਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਸਾਬਕਾ ਮੁੱਖ ਮੰਤਰੀ ਦੇ ਪੁੱਤਰਾਂ ਕੋਲ ਆਮਦਨ ਦੇ ਜ਼ਾਹਰਾ ਸਰੋਤਾਂ ਤੋਂ ਕਿਤੇ ਵੱਧ ਜਾਇਦਾਦ ਹੈ। ਸੀ.ਬੀ. ਆਈ. ਨੇ ਕਿਹਾ ਸੀ ਕਿ ਅਜੇ ਚੌਟਾਲਾ ਨੂੰ ਸਾਲ 1993 ਤੋਂ 2006 ਦੇ ਦਰਮਿਆਨ 8.17 ਕਰੋੜ ਰੁਪਏ ਦੀ ਆਮਦਨ ਹੋਈ ਜਦਕਿ ਉਸ ਕੋਲ 27.74 ਕਰੋੜ ਦੀ ਜਾਇਦਾਦ ਹੈ ਜੋ ਕਿ ਆਮਦਨ ਤੋਂ ਤਿੰਨ ਗੁਣਾ ਤੋਂ ਵੀ ਵੱਧ ਹੈ। ਅਭੈ ਚੌਟਾਲਾ ਖ਼ਿਲਾਫ਼ ਦਾਇਰ ਚਾਰਜਸ਼ੀਟ ਵਿਚ ਉਸ ਕੋਲ 119.69 ਕਰੋੜ ਦੀ ਜਾਇਦਾਦ ਹੋਣ ਦਾ ਦਾਅਵਾ ਕੀਤਾ ਗਿਆ ਸੀ ਜਦਕਿ ਆਮਦਨ ਕਰ ਦੇ ਰਿਕਾਰਡ ਮੁਤਾਬਕ ਉਸ ਦੀ ਆਮਦਨੀ 22.89 ਕਰੋੜ ਸੀ। ਜਾਂਚ ਏਜੰਸੀ ਨੇ ਚੌਟਾਲਾ ਪਰਿਵਾਰ ਦੇ ਮੈਂਬਰਾਂ ਦੀ ਚੱਲ ਤੇ ਅਚੱਲ ਉਸ ਜਾਇਦਾਦ ਦੀ ਸੂਚੀ ਵੀ ਤਿਆਰ ਕੀਤੀ ਜੋ ਉਦੋਂ ਸੱਤਾ ਵਿਚ ਹੁੰਦਿਆਂ ਹਾਸਲ ਕੀਤੀ।

## ਡੇਰਾ ਸਿਰਸਾ ਬਾਰੇ ਬਿਆਨ ਦਾਗ ਕੇ ਗੁਰਦਾਸ ਬਾਦਲ ਕਸੂਤੇ ਫਸੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ ਡੇਰਾ ਸਿਰਸਾ ਬਾਰੇ ਬਿਆਨ ਦਾਗ ਕੇ ਕਸੂਤੇ ਫਸ ਗਏ ਹਨ। ਉਨ੍ਹਾਂ ਆਨੰਦਪੁਰ ਸਾਹਿਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵੋਟਾਂ ਦੀ ਪ੍ਰਾਪਤੀ ਲਈ ਡੇਰਾ ਸਿਰਸਾ ਜਾਂ ਡੇਰਾ ਭਨਿਆਰਾ ਜਾਣ ਨੂੰ ਜਾਇਜ਼ ਕਰਾਰ ਦਿੱਤਾ ਸੀ ਜਦੋਂਕਿ ਡੇਰਾ ਸਿਰਸਾ ਦੇ ਮੁਖੀ ਵਿਰੁੱਧ ਸ੍ਰੀ ਅਕਾਲ ਤਖਤ ਵੱਲੋਂ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ। ਆਪਣੀ ਗਲਤੀ ਦਾ ਅਹਿਸਾਸ ਹੋਣ ਤੋਂ ਬਾਅਦ ਸ. ਬਾਦਲ ਆਪਣੇ ਬਿਆਨ ਤੋਂ ਮੁੱਕਰ ਗਏ। ਉਨ੍ਹਾਂ ਕਿਹਾ, "ਮੈਂ ਤਾਂ ਇਹ ਕਿਹਾ ਸੀ ਕਿ ਜੋ ਵੀ ਧਾਰਮਿਕ ਆਗੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਸਹਾਰਾ ਲੈ ਕੇ ਪ੍ਰਚਾਰ ਕਰਦਾ ਹੈ, ਉਸ ਦੇ ਡੇਰੇ ਵਿਚ ਜਾਣਾ ਕੋਈ ਗਲਤ ਨਹੀਂ।" ਉਨ੍ਹਾਂ ਕਿਹਾ ਕਿ ਜਿਨ੍ਹਾਂ ਧਾਰਮਿਕ ਆਗੂਆਂ ਬਾਰੇ ਸ੍ਰੀ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਹੋਇਆ ਹੈ, ਉਨ੍ਹਾਂ ਦੇ ਡੇਰਿਆਂ 'ਤੇ ਜਾਣਾ ਠੀਕ ਨਹੀਂ।

ਅਸਲ 'ਚ ਅਨੰਦਪੁਰ ਸਾਹਿਬ ਵਿਖੇ ਗੱਲਾਂ-ਗੱਲਾਂ 'ਚ ਹੀ ਸ. ਗੁਰਦੇਵ ਸਿੰਘ ਬਾਦਲ ਨੇ ਕਈ ਗੁੱਝੇ ਭੇਤ ਖੋਲ੍ਹ ਦਿੱਤੇ। ਉਨ੍ਹਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਸਿਆਸਤ ਵਿਚ ਵੋਟਾਂ ਮੰਗਣ ਲਈ ਕੋਈ ਵੀ ਵਿਅਕਤੀ ਕਿਸੇ ਵੀ ਬਾਬੇ ਕੋਲ ਜਾ ਸਕਦਾ ਹੈ, ਚਾਹੇ ਉਹ ਡੇਰਾ ਭਨਿਆਰਾ ਜਾਂ ਡੇਰਾ ਸਿਰਸਾ ਹੀ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਤਾਂ ਅਜਿਹੇ ਬਾਬਿਆਂ ਦਾ ਵਿਰੋਧ ਕਰਦੇ ਹਨ ਜੋ ਧਾਗੇ ਤਵੀਤ ਵੰਡਦੇ ਤੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਸ. ਬਾਦਲ ਵੱਲੋਂ ਪੱਤਰਕਾਰਾਂ ਨਾਲ ਕੀਤੀਆਂ ਜਾ ਰਹੀਆਂ ਅਜਿਹੀਆਂ ਗੱਲਾਂ 'ਤੇ ਅਕਾਲੀ ਦਲ ਦੀ ਇਸਤਰੀ ਆਗੂ ਤੇ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਹੈਰਾਨੀ ਵੀ ਪ੍ਰਗਟ ਕੀਤੀ। ਸ. ਰਣੀਕੇ ਨੇ ਤਾਂ ਦੱਬਵੀਂ ਸੁਰ ਵਿਚ ਪੱਤਰਕਾਰਾਂ ਨੂੰ ਇਹ ਵੀ ਕਿਹਾ ਕਿ ਗੁਰਦੇਵ ਬਾਦਲ ਦੀ ਕਹੀ ਗੱਲ ਨੂੰ ਕਿਤੇ ਸੁਰਖੀ ਬਣਾ ਕੇ ਨਾ ਛਾਪ ਦੇਣਾ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440


## ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ 10 ਜੁਲਾਈ ਨੂੰ

ਸਟਾਕਟਨ (ਬਿਊਰੋ): ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਇਥੇ ਆਉਂਦੀ 10 ਜੁਲਾਈ, ਐਤਵਾਰ ਨੂੰ ਕਰਵਾਈ ਜਾ ਰਹੀ ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਲਈ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਇਹ ਜਾਣਕਾਰੀ ਦਿੰਦਿਆਂ ਸਭਾ ਦੇ ਇਕ ਬੁਲਾਰੇ ਸ੍ਰੀ ਹਰਜਿੰਦਰ ਪੰਧੇਰ ਨੇ ਦੱਸਿਆ ਕਿ ਇਹ ਕਾਨਫਰੰਸ ਸਵਾਗਤ ਇੰਡੀਅਨ ਕੁਜ਼ੀਨ (2233 ਗਰੈਂਡ ਕਨਾਲ ਬੁਲੇਵਾਰਡ # 205, ਸਟਾਕਟਨ) ਵਿਖੇ ਹੋ ਰਹੀ ਹੈ। ਕਾਨਫਰੰਸ ਸਵੇਰੇ ਗਿਆਰਾਂ ਵਜੇ ਸ਼ੁਰੂ ਹੋ ਕੇ ਸ਼ਾਮ ਤੱਕ ਚੱਲੇਗੀ।

ਸ੍ਰੀ ਪੰਧੇਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਸੇ ਲੜੀ ਅਧੀਨ ਕਰਵਾਈਆਂ ਗਈਆਂ ਪਹਿਲੀਆਂ ਤਿੰਨ ਕਹਾਣੀ ਕਾਨਫਰੰਸਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਚ ਮੁੱਲਵਾਨ ਯੋਗਦਾਨ ਪਾਇਆ ਹੈ ਅਤੇ ਪਰਵਾਸੀ ਸਾਹਿਤ ਅਤੇ ਸਭਿਆਚਾਰ ਨੂੰ ਦਰਪੇਸ਼ ਚਣੌਤੀਆਂ ਅਤੇ ਨਵੀਆਂ ਪੇਸ਼ਕਦਮੀਆਂ ਬਾਰੇ ਨਵੀਂ ਚਰਚਾ ਛੇੜੀ ਹੈ। ਇਸ ਕਾਨਫਰੰਸ ਵਿਚ ਦੋ ਖੋਜ ਪੇਪਰ ਪੜ੍ਹੇ ਜਾਣਗੇ, ਕਹਾਣੀਆਂ ਪੜ੍ਹੀਆਂ ਜਾਣਗੀਆਂ ਅਤੇ ਕਵੀ ਦਰਬਾਰ ਵੀ ਹੋਵੇਗਾ।

ਇਸ ਕਾਨਫਰੰਸ ਵਿਚ ਡਾ. ਜਸਵਿੰਦਰ ਸਿੰਘ "ਸਮਕਾਲੀ ਅਮਰੀਕੀ ਪੰਜਾਬੀ ਕਹਾਣੀ:ਸਰੋਕਾਰ ਅਤੇ ਦ੍ਰਿਸ਼ਟੀਕੋਣ" ਸਿਰਲੇਖ ਅਧੀਨ ਪਰਚੇ ਵਿਚ ਪਿਛਲੇ ਇਕ ਦਹਾਕੇ ਦੌਰਾਨ ਅਮਰੀਕਾ ਵਿਚ ਲਿਖੀ ਗਈ ਪੰਜਾਬੀ ਕਹਾਣੀ ਬਾਰੇ ਚਰਚਾ ਕਰਨਗੇ। ਇਹ ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਇਸ ਵੇਲੇ 30 ਤੋਂ ਵੱਧ ਸਰਗਰਮ ਕਹਾਣੀਕਾਰ ਹਨ ਜਿਨ੍ਹਾਂ ਦੀਆਂ ਕਹਾਣੀਆਂ ਦੇ ਸੰਗ੍ਰਿਹ ਅਤੇ ਚਾਰ ਸੰਪਾਦਿਤ ਸੰਗ੍ਰਿਹ ਛਪ ਚੁੱਕੇ ਹਨ। ਦੂਜਾ ਪੇਪਰ ਡਾ. ਧਨਵੰਤ ਕੌਰ "ਅਮਰੀਕੀ ਪੰਜਾਬੀ ਕਹਾਣੀ:ਨਵੇਂ ਥੀਮਗਤ ਪਾਸਾਰ" ਪੜ੍ਹਨਗੇ।

ਇਸ ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਲੇਖਿਕਾ ਸੁਰਜੀਤ ਕਲਸੀ ਅਤੇ ਕਹਾਣੀਕਾਰ ਅਮਰਜੀਤ ਚਾਹਲ ਸ਼ਾਮਲ ਹੋਣਗੇ ਅਤੇ ਆਪਣੀਆਂ ਪ੍ਰਤੀਨਿਧ ਕਹਾਣੀਆਂ ਦਾ ਪਾਠ ਵੀ ਕਰਨਗੇ। ਪ੍ਰੋਗਰਾਮ ਦੀ ਸ਼ੁਰੂਆਤ ਕੂਲ ਪੰਜਾਬੀ ਵਿਰਸਾ ਸਟਾਕਟਨ ਦੀ ਪ੍ਰਸਿੱਧ ਸੰਗੀਤਕਾਰ-ਗਾਇਕ ਜੋੜੀ ਪਰਮਜੀਤ ਸਿੰਘ ਅਤੇ ਰੇਣੂ ਸਿੰਘ ਦੇ ਗਾਏ ਗੀਤਾਂ ਨਾਲ ਹੋਵੇਗੀ।

ਸਭਾ ਵਲੋਂ ਸਾਰੇ ਕਹਾਣੀਕਾਰਾਂ, ਸ਼ਾਇਰਾਂ, ਸੰਗੀਤਕਾਰਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਲਈ ਹਰਜਿੰਦਰ ਸਿੰਘ ਪੰਧੇਰ (ਫੋਨ: 209-610-5055) ਅਤੇ ਪ੍ਰੋ. ਹਰਭਜਨ ਸਿੰਘ (ਫੋਨ: 408-246-2976) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਇੱਥੇ ਪਹੁੰਚ ਚੁੱਕੇ ਹਨ ਅਤੇ ਉਨ੍ਹਾਂ ਨਾਲ ਸੰਪਰਕ ਫੋਨ: 408-246-2976 'ਤੇ ਕੀਤਾ ਜਾ ਸਕਦਾ ਹੈ।

# ਭਾਰਤ ਸਰਕਾਰ ਪਰਵਾਸੀ ਭਾਰਤੀਆਂ ਦੇ ਮਸਲੇ ਹੱਲ ਕਰਨ ਲਈ ਸਰਗਰਮ

**ਨਵੀਂ ਦਿੱਲੀ:** ਕੇਂਦਰੀ ਸਰਕਾਰ ਨੇ ਪੰਜਾਬ ਨੂੰ ਭਰੋਸਾ ਦਿਵਾਇਆ ਹੈ ਕਿ ਪਰਵਾਸੀ ਭਾਰਤੀਆਂ ਨਾਲ ਸਬੰਧਤ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਵਾਏ ਜਾਣਗੇ। ਕੇਂਦਰ ਸਰਕਾਰ ਨੇ ਅਮਰੀਕਾ ਨਾਲ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਕੈਲੇਫੋਰਨੀਆ ਵਿਚਲੇ ਪਰਵਾਸੀ ਪੰਜਾਬੀਆਂ ਦੀਆਂ ਵੀਜ਼ੇ ਨਾਲ ਸਬੰਧਤ ਸਮੱਸਿਆਵਾਂ ਫੌਰੀ ਹੱਲ ਕੀਤੀਆਂ ਜਾਣ। ਪੰਜਾਬ ਹਿਊਮਨ ਟਰੈਫਿਕਿੰਗ ਐਕਟ ਨੂੰ ਕੇਂਦਰ ਸਰਕਾਰ ਵੱਲੋਂ ਜਲਦੀ ਹੀ ਪ੍ਰਵਾਨਗੀ ਦਿੱਤੇ ਜਾਣ ਦੇ ਆਸਾਰ ਹਨ। ਇਸ ਐਕਟ ਨੂੰ ਪ੍ਰਵਾਨਗੀ ਮਿਲਣ ਨਾਲ ਮਨੁੱਖੀ ਸਮਗਲਿੰਗ ਰੋਕਣ ਵਿਚ ਮਦਦ ਮਿਲੇਗੀ।

ਪੰਜਾਬ ਦੇ ਪਰਵਾਸੀ ਭਾਰਤੀਆਂ ਮਾਮਲਿਆਂ ਬਾਰੇ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ 5 ਜੁਲਾਈ ਨਵੀਂ ਦਿੱਲੀ 'ਚ ਵਿਦੇਸ਼ੀ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਨੂੰ ਮਿਲੇ ਤੇ ਪਰਵਾਸੀਆਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਫੌਰੀ ਹੱਲ ਕਰਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਉਹ ਦੋ ਮਹੀਨੇ ਪਹਿਲਾਂ ਅਮਰੀਕਾ ਗਏ ਸਨ ਤੇ ਕੈਲੇਫੋਰਨੀਆ ਦੇ ਪਰਵਾਸੀਆਂ ਤੇ ਖਾਸ ਤੌਰ 'ਤੇ ਪੰਜਾਬੀਆਂ ਨੇ ਵੱਡੀ ਪੱਧਰ 'ਤੇ ਸ਼ਿਕਾਇਤਾਂ ਕੀਤੀਆਂ ਸਨ ਕਿ ਨੂੰ ਦੇਸ਼ ਪਰਤਣ ਲਈ ਵੀਜ਼ੇ ਲੈਣ ਸਮੇਂ ਬਹੁਤ ਜ਼ਿਆਦਾ ਦਿਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤੀ ਕੌਂਸਲੇਟ ਦਾ ਸਟਾਫ ਵੀਜ਼ੇ ਲੈਣ ਵਾਲਿਆਂ ਦੀ ਬੇਇੱਜ਼ਤੀ ਕਰਦਾ ਹੈ ਤੇ ਔਰਤਾਂ ਨੂੰ ਵੀ ਨਹੀਂ ਬਖਸ਼ਦਾ। ਚਰਚਾ ਹੈ ਕਿ ਉਥੇ ਵੀਜ਼ੇ ਦੇਣ ਲਈ ਕਥਿਤ ਤੌਰ 'ਤੇ ਪੈਸੇ ਦਾ ਲੈਣ-ਦੇਣ ਹੁੰਦਾ ਹੈ ਪਰ ਇਸ ਦਾ ਕੋਈ ਸਬੂਤ ਦੇਣ ਲਈ ਤਿਆਰ ਨਹੀਂ ਹੈ। ਕੈਪਟਨ ਬਾਠ ਨੇ ਕਿਹਾ ਕਿ ਕੇਂਦਰੀ ਵਿਦੇਸ਼ ਰਾਜ ਨੇ ਗੱਲਬਾਤ ਦੌਰਾਨ ਹੀ ਅਮਰੀਕਾ ਨਾਲ ਸਬੰਧਤ ਅਧਿਕਾਰੀ ਨੂੰ ਕਿਹਾ ਕਿ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ। ਇਹ ਮਾਮਲਾ ਪਹਿਲਾਂ ਤੋਂ ਉਨ੍ਹਾਂ ਦੇ ਧਿਆਨ 'ਚ ਸੀ ਕਿਉਂਕਿ ਉਨ੍ਹਾਂ ਨੇ ਜੂਨ ਮਹੀਨੇ 'ਚ ਇਸ ਬਾਰੇ ਪੱਤਰ ਲਿਖਿਆ ਸੀ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਨੇ ਪਰਵਾਸੀਆਂ ਨਾਲ ਸਬੰਧਤ ਕਈ ਹੋਰ ਮਸਲਿਆਂ ਦੇ ਹੱਲ ਲਈ ਕੇਂਦਰ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਕੁਝ ਅਹਿਮ ਕਦਮ ਚੁੱਕੇ ਹਨ। ਪਿਛਲੇ ਦਿਨੀਂ ਪਰਵਾਸੀ ਭਾਰਤੀ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ ਜਿਸ ਦੇ ਪੰਜ ਮੈਂਬਰ ਹੋਣਗੇ ਤੇ ਇਸ ਦਾ ਚੇਅਰਮੈਨ ਹਾਈਕੋਰਟ ਦਾ ਰਿਟਾਇਰਡ ਜੱਜ ਹੋਵੇਗਾ।

## ਗਦਾਫੀ ਗੱਦੀ ਛੱਡਣ ਨੂੰ ਤਿਆਰ!

**ਮਾਸਕੋ:** ਲਿਬੀਆ ਦੇ ਆਗੂ ਮੁਅੱਮਰ ਗੱਦਾਫੀ ਸੁਰੱਖਿਆ ਦੀ ਗਾਰੰਟੀ ਮਿਲਣ 'ਤੇ ਗੱਦੀ ਛੱਡਣ ਲਈ ਤਿਆਰ ਹਨ। ਇਹ ਜਾਣਕਾਰੀ ਨਾਮਾਲੂਮ ਸੀਨੀਅਰ ਰੂਸੀ ਅਧਿਕਾਰੀ ਨੇ ਰੋਜ਼ਾਨਾ ਕੋਮੇਰਸਾਂਤ ਬਿਜ਼ਨਸ ਨੂੰ ਦਿੱਤੀ।

ਮੀਡੀਆ 'ਚ ਇਹ ਰਿਪੋਰਟਾਂ ਨਾਟੋ ਦੇ ਮੁਖੀ ਐਂਡਰ ਫੋਗ ਰਸਮਸੇਨ ਦੀ ਰੂਸ ਦੇ ਰਾਸ਼ਟਰਪਤੀ ਦਮਿਤਰੀ ਮੇਦਵੇਦੇਵ ਨਾਲ ਲਿਬੀਆ ਬਾਰੇ ਕੀਤੀ ਗਈ ਚਰਚਾ ਤੋਂ ਬਾਅਦ ਸਾਹਮਣੇ ਆਈਆਂ ਹਨ। ਰੂਸੀ ਸੂਤਰਾਂ ਨੇ ਇਹ ਵੀ ਦੱਸਿਆ ਕਿ ਫਰਾਂਸ ਵੱਲੋਂ ਗੱਦਾਫੀ ਨੂੰ ਪੇਸ਼ਕਸ਼ ਕੀਤੀ ਗਈ ਹੈ ਕਿ ਉਸ ਦੇ ਪਰਿਵਾਰਕ ਮੈਂਬਰਾਂ ਦੇ ਖਾਤੇ ਬੰਦ ਨਹੀਂ ਕੀਤੇ ਜਾਣਗੇ ਤੇ ਨਾਲ ਹੀ ਉਹ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਹੇਗ ਦੀ ਕੌਮਾਂਤਰੀ ਫੌਜਦਾਰੀ ਅਦਾਲਤ 'ਚ ਮੁਕੱਦਮੇ ਤੋਂ ਬਚਾਉਣ ਲਈ ਵੀ ਮਦਦ ਕੀਤੀ ਜਾਵੇਗੀ।


# ਟਰੱਕ ਡਰਾਈਵਰਾਂ ਦੀ ਲੋੜ ਹੈ



Good Pay
Weekend
Home

ਸੰਪਰਕ ਕਰੋ ਫੋਨ 317-837-4279
317-408-3211



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:**wwwpunjabtimesusa.com***


## ਹਾਂਸੀ-ਬੁਟਾਣਾ ਨਹਿਰ

*(ਸਫਾ ਇਕ ਦੀ ਬਾਕੀ)*

ਕੋਰਟ ਤਕ ਵੀ ਪਹੁੰਚ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਸਧਾਰਨ ਮਾਮਲੇ ਨੂੰ ਖੁਦ ਪੰਜਾਬ ਸਰਕਾਰ ਹਾਂਸੀ-ਬੁਟਾਣਾ ਮਾਮਲੇ ਨਾਲ ਜੋੜ ਕੇ ਉਲਝਾ ਰਹੀ ਹੈ।

ਉਂਜ, ਪਾਣੀਆਂ ਬਾਰੇ ਮਾਹਿਰਾਂ ਦਾ ਵੀ ਮੰਨਣਾ ਹੈ ਕਿ 390 ਕਰੋੜ ਦੀ ਲਾਗਤ ਨਾਲ ਬਣਾਈ ਗਈ 110 ਕਿਲੋਮੀਟਰ ਨਹਿਰ ਕੁਦਰਤੀ ਨਿਯਮਾਂ ਦੇ ਉਲਟ ਹੈ। ਇਸ ਨਹਿਰ ਦੀ ਉਸਾਰੀ ਸ੍ਰੀ ਹੁੱਡਾ ਨੇ ਸਾਲ 2005 'ਚ ਸ਼ੁਰੂ ਕਰਵਾਈ ਸੀ ਅਤੇ ਇਹ ਸਾਲ 2008 ਵਿਚ ਮੁਕੰਮਲ ਹੋ ਗਈ ਸੀ। ਉਸ ਵੇਲੇ ਪੰਜਾਬ 'ਚ ਵੀ ਕਾਂਗਰਸ ਦੀ ਸਰਕਾਰ ਸੀ ਪਰ ਨਹਿਰ ਦੀ ਉਸਾਰੀ ਦਾ ਵਿਰੋਧ ਉਸ ਵੇਲੇ ਹੀ ਸ਼ੁਰੂ ਹੋ ਗਿਆ ਸੀ। ਨਹਿਰ ਦਾ 16 ਫੁੱਟਾ ਬੰਨ੍ਹ ਪਾਣੀ ਦੇ ਕੁਦਰਤੀ ਵਹਾਅ ਵਿਚ ਵਿਘਨ ਪਾਉਂਦਾ ਹੈ ਜਿਸ ਕਾਰਨ ਪੰਜਾਬ 'ਚ ਹੜ੍ਹ ਆ ਜਾਂਦੇ ਹਨ।

*(ਹੋਰ ਖਬਰਾਂ ਸਫਾ 12 'ਤੇ ਪੜ੍ਹੋ)*

## 15 ਸਾਲਾ ਲੜਕਾ ਲਾਪਤਾ

**ਲਾਸ ਏਂਜਲਸ (ਬਿਊਰੋ):** ਲਾਸ ਏਂਜਲਸ ਪੁਲਿਸ ਮਹਿਕਮੇ ਨੇ ਇੰਡੀਆ ਤੋਂ ਲਾਸ ਏਂਜਲਸ ਘੁੰਮਣ ਫਿਰਨ ਲਈ ਆਏ ਲਾਪਤਾ ਹੋਏ



ਇਕ 15 ਸਾਲਾ ਲੜਕੇ ਦੀ ਤਲਾਸ਼ ਲਈ ਜਨਤਾ ਦੀ ਮਦਦ ਮੰਗੀ ਹੈ। ਮਹਿਕਮੇ ਵਲੋਂ ਜਾਰੀ ਇਕ ਬਿਆਨ ਅਨੁਸਾਰ ਲਵਦੀਪ ਸਿੰਘ ਨਾਂ ਦਾ ਇਹ ਲੜਕਾ ਇਕ ਟੂਰ ਗਰੁਪ ਦੇ ਨਾਲ ਇਥੇ ਆਇਆ ਸੀ ਅਤੇ ਉਸ ਨੂੰ ਪਿਛਲੀ ਵਾਰ 23 ਜੂਨ ਨੂੰ ਸਵੇਰੇ 8:30 ਵਜੇ ਰੈਡੀਸਨ ਹੋਟਲ (3500 ਸਾਊਥ ਫਿਗੂਰੀਆ ਸਟਰੀਟ) ਨਜ਼ਦੀਕ ਵੇਖਿਆ ਗਿਆ ਸੀ। ਉਹ ਹਿੰਦੀ ਅਤੇ ਥੋੜ੍ਹੀ ਥੋੜ੍ਹੀ ਅੰਗਰੇਜ਼ੀ ਬੋਲਦਾ ਹੈ ਅਤੇ ਪਹਿਲੀ ਵਾਰ ਅਮਰੀਕਾ ਆਇਆ ਸੀ।

ਪੁਲਿਸ ਅਨੁਸਾਰ ਲਵਦੀਪ ਦਾ ਕੱਦ 5 ਫੁੱਟ 8 ਇੰਚ, ਭਾਰ ਕਰੀਬ 130 ਪੌਂਡ ਅਤੇ ਅੱਖਾਂ ਕਾਲੀਆਂ ਹਨ। ਉਸ ਨੇ ਗਰੇ ਰੰਗ ਦੀ ਕਮੀਜ ਪਹਿਨੀ ਹੋਈ ਸੀ। ਉਸ ਸਬੰਧੀ ਸੂਚਨਾ ਦੇਣ ਲਈ ਫੋਨ 213-485-2582 ਉਤੇ ਸੰਪਰਕ ਕੀਤਾ ਜਾ ਸਕਦਾ ਹੈ।




Amandeep Singh
**Ph:916-712-2735**
DRE#01357217

# Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 85 ਡਾਲਰ,
ਪੰਜ ਸਾਲ ਲਈ: 400 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਪਰੀਮ ਕੋਰਟ

*(ਸਫਾ ਇਕ ਦੀ ਬਾਕੀ)*

ਵਿਚ ਨਾਕਾਮ ਰਹੀ ਹੈ ਜਿਨ੍ਹਾਂ ਨੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ੀ ਬੈਂਕਾਂ ਵਿਚ ਧਨ ਜਮ੍ਹਾਂ ਕਰਵਾਇਆ ਹੈ। ਬੈਂਚ ਮੁਤਾਬਕ ਕਾਲੇ ਧਨ ਦਾ ਰੁਝਾਨ ਦੇਸ਼ ਵਾਸਤੇ ਬੇਹੱਦ ਖਤਰਨਾਕ ਹੈ, ਤੇ ਜਿਸ ਮਾਤਰਾ ਵਿਚ ਵਿਦੇਸ਼ੀ ਬੈਂਕਾਂ ਵਿਚ ਇਹ ਧਨ ਪਿਆ ਹੈ, ਉਸ ਤੋਂ ਦੇਸ਼ ਦੀ 'ਕਮਜ਼ੋਰੀ' ਅਤੇ 'ਨਰਮ ਰਵਈਏ' ਦਾ ਹੀ ਖੁਲਾਸਾ ਹੁੰਦਾ ਹੈ।

ਬੈਂਚ ਨੇ ਕਿਹਾ ਹੈ ਕਿ ਸਰਕਾਰ 'ਤੇ ਦੇਸ਼ ਦੀ ਅੰਦਰੂਨੀ ਅਤੇ ਬਹਿਰੂਨੀ ਸੁਰੱਖਿਆ ਦੀ ਜ਼ਿੰਮੇਵਾਰੀ ਹੁੰਦੀ ਹੈ ਪਰ ਇਸ ਮਾਮਲੇ ਵਿਚ ਸਰਕਾਰ ਨੇ ਗੰਭੀਰ ਕੁਤਾਹੀ ਕੀਤੀ ਹੈ। ਸਰਕਾਰ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਜਾਂਚ ਬਿਲਕੁਲ ਠੱਪ ਹੋ ਚੁੱਕੀ ਸੀ। ਬੈਂਚ ਨੇ ਆਦੇਸ਼ ਦਿੱਤਾ ਕਿ ਕਾਲੇ ਧਨ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਛਾਣਬੀਣ ਹੁਣ ਵਿਸ਼ੇਸ਼ ਜਾਂਚ ਟੀਮ ਕਰੇਗੀ ਤੇ ਇਸ ਬਾਰੇ ਆਪਣੀ ਰਿਪੋਰਟ ਇਸ ਸਿਖਰਲੀ ਅਦਾਲਤ ਵਿਚ ਪੇਸ਼ ਕਰੇਗੀ।

ਸੁਪਰੀਮ ਕੋਰਟ ਨੇ ਵਿਸ਼ੇਸ਼ ਜਾਂਚ ਟੀਮ ਨੂੰ ਵੀ ਇਹ ਹਦਾਇਤ ਕੀਤੀ ਕਿ ਉਹ ਕਾਲੇ ਧਨ ਨਾਲ ਸਬੰਧਤ ਮਾਮਲਿਆਂ ਵਿਚ ਜੋ ਕਾਰਵਾਈ ਕਰਨੀ ਚਾਹੁੰਦੀ ਹੈ, ਇਸ ਬਾਰੇ ਵੀ ਅਦਾਲਤ ਨੂੰ ਜਾਣੂ ਕਰਵਾਇਆ ਜਾਵੇ। ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਬਾਰੇ ਆਪਣੇ ਫੈਸਲੇ ਨੂੰ ਜਾਇਜ਼ ਠਹਿਰਾਉਂਦਿਆਂ ਬੈਂਚ ਨੇ ਕਿਹਾ ਹੈ ਕਿ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਂਦਿਆਂ ਅਦਾਲਤ ਵਲੋਂ ਅਜਿਹੇ ਕੇਸਾਂ ਵਿਚ ਪਹਿਲਾਂ ਵੀ ਅਜਿਹੇ ਹੁਕਮ ਦਿੱਤੇ ਜਾਂਦੇ ਰਹੇ ਹਨ।

ਉਧਰ ਭਾਰਤੀ ਜਨਤਾ ਪਾਰਟੀ ਨੇ ਸੁਪਰੀਮ ਕੋਰਟ ਵਲੋਂ ਵਿਦੇਸ਼ਾਂ ਵਿਚੋਂ ਕਾਲਾ ਧਨ ਦੇਸ਼ ਵਾਪਸ ਲਿਆਉਣ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੇ ਹੁਕਮ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਅਦਾਲਤ ਦਾ ਫੈਸਲਾ ਕੇਂਦਰ ਸਰਕਾਰ ਦੇ ਮੂੰਹ 'ਤੇ ਥੱਪੜ ਹੈ। ਭਾਜਪਾ ਦੇ ਬੁਲਾਰੇ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਪਹਿਲਾਂ ਤਾਂ ਦੇਸ਼ ਦੇ ਲੋਕਾਂ ਨੂੰ ਸਰਕਾਰ 'ਤੇ ਭਰੋਸਾ ਨਹੀਂ ਸੀ ਪਰ ਹੁਣ ਤਾਂ ਅਦਾਲਤ ਨੂੰ ਵੀ ਸਰਕਾਰ 'ਤੇ ਵਿਸ਼ਵਾਸ ਨਹੀਂ ਰਿਹਾ, ਇਸੇ ਕਰਕੇ ਅਦਾਲਤ ਨੂੰ ਖੁਦ ਵਿਸ਼ੇਸ਼ ਜਾਂਚ ਟੀਮ ਬਣਾਉਣੀ ਪੈ ਗਈ ਹੈ।

## ਅਕਾਲੀ-ਭਾਜਪਾ ਸਰਕਾਰ ਦੇ ਕੇਂਦਰ ਵਿਰੁਧ ਬੰਦ ਨੂੰ ਮੱਠਾ ਹੁੰਗਾਰਾ

*(ਸਫਾ ਇਕ ਦੀ ਬਾਕੀ)*

ਸ਼ਹਿਰਾਂ ਬਟਾਲਾ, ਮੋਗਾ ਤੇ ਮੁਕਤਸਰ ਵਿਚ ਤਾਂ ਵੱਡੀ ਗਿਣਤੀ ਲੋਕ ਬੰਦ ਤੋਂ ਦੂਰ ਰਹੇ। ਅਕਾਲੀ-ਭਾਜਪਾ ਗਠਜੋੜ ਵੱਲੋਂ ਮਹਿੰਗਾਈ ਖਿਲਾਫ ਦਿੱਤੇ ਗਏ ਬੰਦ ਦੇ ਸੱਦੇ ਦੌਰਾਨ ਪਟਿਆਲਾ 'ਚ ਅਕਾਲੀ ਦਲ ਸ਼ਹਿਰੀ ਦੇ ਦੋ ਧੜੇ ਇਕ ਟੀ.ਵੀ. ਚੈਨਲ 'ਤੇ ਲਾਈਵ ਬੋਲਣ ਨੂੰ ਲੈ ਕੇ ਆਪਸ ਵਿਚ ਖਹਿਬੜ ਪਏ ਤੇ ਮਾਮਲਾ ਖਿੱਚ-ਧੂਹ ਤੱਕ ਪਹੁੰਚ ਗਿਆ।

ਉਧਰ ਪੰਜਾਬ ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਅਕਾਲੀ ਦਲ-ਭਾਜਪਾ ਗਠਜੋੜ ਵੱਲੋਂ ਪੰਜਾਬ ਬੰਦ ਦੇ ਸੱਦੇ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਤੇ ਇਸ ਕਥਿਤ ਭ੍ਰਿਸ਼ਟ ਗੱਠਜੋੜ ਦਾ ਅੰਤ ਆ ਗਿਆ ਹੈ। ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਲਾਲ ਸਿੰਘ ਤੇ ਜਨਰਲ ਸਕੱਤਰ ਅਰਵਿੰਦ ਖੰਨਾ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਲੋਕ ਅਕਾਲੀ-ਭਾਜਪਾ ਸਰਕਾਰ ਦੀ ਨਾਟਕਬਾਜ਼ੀ ਨੂੰ ਚੰਗੀ ਤਰ੍ਹਾਂ ਨਾਲ ਸਮਝ ਗਏ ਹਨ ਜਿਸ ਕਾਰਨ ਲੋਕਾਂ ਨੇ ਬੰਦ ਨੂੰ ਕੋਈ ਹੁੰਗਾਰਾ ਨਹੀਂ ਦਿੱਤਾ ਤੇ ਬੰਦ ਦੇ ਸੱਦੇ ਦੀ ਪੂਰੀ ਤਰ੍ਹਾਂ ਨਾਲ ਹਵਾ ਨਿਕਲ ਗਈ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਸੱਤਾਧਾਰੀ ਗਠਜੋੜ ਅਸਲ 'ਚ ਪੰਜਾਬ ਦੇ ਲੋਕਾਂ ਪ੍ਰਤੀ ਇਮਾਨਦਾਰ ਹੈ ਤਾਂ ਉਹ ਅਜਿਹੇ ਨਾਟਕ ਛੱਡ ਕੇ ਆਪਣੇ ਥੋਪੇ ਗਏ ਵਾਧੂ ਟੈਕਸਾਂ ਨੂੰ ਵਾਪਸ ਲੈ ਕੇ ਲੋਕਾਂ ਨੂੰ ਰਾਹਤ ਦੇਵੇ।

# ਹੁਣ ਸੰਸਦ 'ਚ ਹੋਵੇਗਾ ਲੋਕਪਾਲ ਬਿੱਲ ਦਾ ਨਿਬੇੜਾ

**ਨਵੀਂ ਦਿੱਲੀ:** ਵਿਚਾਰ-ਚਰਚਾ ਦੇ ਲੰਮੇ ਅਤੇ ਤਣਾਅ ਵਾਲੇ ਦੌਰ ਤੋਂ ਬਾਅਦ ਵੀ ਕਾਂਗਰਸ ਤੇ ਸਿਵਲ ਸੁਸਾਇਟੀ ਦੇ ਆਗੂਆਂ ਵਿਚਾਲੇ ਲੋਕਪਾਲ ਬਿੱਲ ਦੇ ਵਿਵਾਦ ਵਾਲੇ ਮੁੱਦਿਆਂ 'ਤੇ ਸਹਿਮਤੀ ਨਹੀਂ ਹੋ ਸਕੀ। ਹੁਣ ਬਿਲ ਬਾਰੇ ਨਿਬੇੜਾ ਸੰਸਦ 'ਚ ਹੀ ਹੋਵੇਗਾ। ਉਂਜ, ਕੇਂਦਰ ਸਰਕਾਰ ਅਤੇ ਵਿਰੋਧੀ ਪਾਰਟੀਆਂ ਵਿਚਾਲੇ ਕੁਝ ਮੁੱਦਿਆਂ 'ਤੇ ਮਤਭੇਦ ਹੋਣ ਦੇ ਬਾਵਜੂਦ ਸਾਰੀਆਂ ਪਾਰਟੀਆਂ ਨੇ ਸ਼ਕਤੀਸ਼ਾਲੀ ਲੋਕਪਾਲ ਬਿਲ ਬਣਾਉਣ ਲਈ ਸਹਿਮਤੀ ਪ੍ਰਗਟਾਈ ਹੈ। ਸਰਬ ਪਾਰਟੀ ਮੀਟਿੰਗ ਵਿਚ ਇਸ ਬਾਰੇ ਮਤਾ ਵੀ ਪਾਸ ਕੀਤਾ ਗਿਆ ਹੈ। ਭਾਜਪਾ ਸਣੇ ਵਿਰੋਧੀ ਪਾਰਟੀਆਂ ਨੇ ਕਿਹਾ ਹੈ ਕਿ ਬਿੱਲ ਦਾ ਖਰੜਾ ਸੰਸਦ ਵਿਚ ਪੇਸ਼ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਸੰਸਦ ਦੀ ਸਥਾਈ ਕਮੇਟੀ ਦੇ ਹਵਾਲੇ ਕੀਤਾ ਜਾਵੇ। ਫਿਰ ਵਖ-ਵਖ ਧਿਰਾਂ ਸੰਸਦ ਤੇ ਸਥਾਈ ਕਮੇਟੀ ਵਿਚ ਆਪਣੇ ਸੁਝਾਅ ਪੇਸ਼ ਕਰਨ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਸੱਦੀ ਗਈ ਸਰਬ ਪਾਰਟੀ ਮੀਟਿੰਗ ਵਿਚ ਬਿੱਲ ਦੇ ਦੋ ਖਰੜੇ ਪੇਸ਼ ਕੀਤੇ ਗਏ ਪਰ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਕਿ ਸਰਕਾਰ ਬਿੱਲ ਦਾ ਇਕ ਖਰੜਾ ਹੀ ਤਿਆਰ ਕਰੇ ਤੇ ਉਸ ਤੋਂ ਬਾਅਦ ਸਰਬ ਪਾਰਟੀ ਮੀਟਿੰਗ ਸੱਦੇ। ਸਰਕਾਰ ਨੇ ਪੰਜ ਕੇਂਦਰੀ ਮੰਤਰੀਆਂ ਵਲੋਂ ਤਿਆਰ ਕੀਤਾ ਖਰੜਾ ਅਤੇ ਦੂਜਾ ਸਿਵਲ ਸੁਸਾਇਟੀ ਦੇ ਆਗੂ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਤਿਆਰ ਕੀਤਾ ਖਰੜਾ ਮੀਟਿੰਗ ਵਿਚ ਪੇਸ਼ ਕੀਤਾ। ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਵੀ ਲੋਕ ਪਾਲ ਦੇ ਘੇਰੇ ਵਿਚ ਲਿਆਂਦਾ ਜਾਵੇ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸਰਕਾਰ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਲੋਕਪਾਲ ਬਿਲ ਲਿਆਉਣ ਲਈ ਵਚਨਬੱਧ ਹੈ। ਭ੍ਰਿਸ਼ਟਾਚਾਰ ਨੂੰ ਉਨ੍ਹਾਂ ਦੇਸ਼ ਦੇ ਸਾਹਮਣੇ ਬਹੁਤ ਵਡਾ ਮੁੱਦਾ ਦੱਸਿਆ ਅਤੇ ਕਿਹਾ ਕਿ ਸਰਕਾਰ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਲਈ ਵਚਨਬੱਧ ਹੈ। ਉਂਜ ਤਾਂ ਭ੍ਰਿਸ਼ਟਾਚਾਰ ਰੋਕਣ ਲਈ ਦੇਸ਼ ਵਿਚ ਪਹਿਲਾਂ ਹੀ ਕਈ ਕਾਨੂੰਨ ਹਨ ਜਿਨ੍ਹਾਂ ਵਿਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ, ਕੇਂਦਰੀ ਵਿਜੀਲੈਂਸ ਕਮਿਸ਼ਨ, ਸੂਚਨਾ ਦਾ ਅਧਿਕਾਰ ਤੇ ਮਨੀ ਲੌਂਡਰਿੰਗ ਕਾਨੂੰਨ ਸ਼ਾਮਲ ਹਨ ਪਰ ਦੇਸ਼ ਦੇ ਲੋਕਾਂ ਵਿਚ ਇਸ ਤਰ੍ਹਾਂ ਦੀ ਭਾਵਨਾ ਹੈ ਕਿ ਇਹ ਕਾਨੂੰਨ ਉਚੀਆਂ ਥਾਵਾਂ 'ਤੇ ਬੈਠਿਆਂ ਨਾਲ ਨਜਿੱਠਣ ਲਈ ਕਾਫੀ ਨਹੀਂ ਹਨ। ਇਸ ਲਈ ਇਨ੍ਹਾਂ ਨੂੰ ਸਖਤ ਸਜ਼ਾਵਾਂ ਦੇਣ ਲਈ ਕਾਨੂੰਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਪਾਲ ਬਿੱਲ 'ਤੇ ਵਧ ਤੋਂ ਵਧ ਸਰਬ ਸੰਮਤੀ ਦੀ ਰਾਏ ਬਣਾਉਣਾ ਚਾਹੁੰਦੀ ਹੈ ਤੇ ਇਸ ਪ੍ਰਸੰਗ ਵਿਚ ਹੀ ਸਰਬ ਪਾਰਟੀ ਮੀਟਿੰਗ ਸੱਦੀ ਹੈ। ਉਨ੍ਹਾਂ ਦੱਸਿਆ ਕਿ ਮੰਤਰੀਆਂ ਅਤੇ ਸਿਵਲ ਸੁਸਾਇਟੀ ਦੇ ਆਗੂਆਂ ਵਿਚਾਲੇ ਨੌਂ ਮੀਟਿੰਗਾਂ ਹੋਈਆਂ ਸਨ ਪਰ ਸਹਿਮਤੀ ਨਹੀਂ ਬਣ ਸਕੀ। ਸਰਕਾਰ ਸ਼ਕਤੀਸ਼ਾਲੀ ਬਿੱਲ ਬਣਾਉਣ ਲਈ ਸਹਿਮਤੀ ਬਣਾ ਰਹੀ ਹੈ। ਇਹ ਗੱਲ ਬੜੀ ਸਪੱਸ਼ਟ ਹੈ ਕਿ ਲੋਕਪਾਲ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਹੀ ਕੰਮ ਕਰੇਗਾ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚਾਹੁੰਦੀ ਹੈ ਕਿ ਅਜਿਹਾ ਲੋਕਪਾਲ ਬਣਨਾ ਚਾਹੀਦਾ ਹੈ ਜਿਹੜਾ ਪਾਰਦਰਸ਼ੀ ਢੰਗ ਨਾਲ ਕੰਮ ਕਰੇ। ਸਰਕਾਰ ਬਿੱਲ ਦਾ ਖਰੜਾ ਤਿਆਰ ਕਰੇ ਅਤੇ ਇਸ ਨੂੰ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕੀਤਾ ਜਾਵੇ। ਸੰਸਦ ਵਿਚ ਬਹਿਸ ਤੋਂ ਬਾਅਦ ਇਸ ਨੂੰ ਸਥਾਈ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ।

## ਅੰਨਾ ਹਜ਼ਾਰੇ ਵਲੋਂ ਮੁੜ ਧਮਕੀ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਅਹਿਮ ਮੀਟਿੰਗ ਪਿੱਛੋਂ ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਨੇ ਕਿਹਾ ਹੈ ਕਿ ਜੇਕਰ ਲੋਕਪਾਲ ਬਿੱਲ ਦਾ ਸਹੀ ਖਰੜਾ ਸੰਸਦ ਵਿਚ ਨਾ ਪਹੁੰਚਿਆ ਤਾਂ ਉਹ 16 ਅਗਸਤ ਤੋਂ ਭੁੱਖ-ਹੜਤਾਲ ਸ਼ੁਰੂ ਕਰ ਦੇਣਗੇ। 10 ਜਨਪਥ 'ਤੇ 30 ਮਿੰਟ ਚੱਲੀ ਮੀਟਿੰਗ ਵਿਚ ਵਿਤ ਮੰਤਰੀ ਤੇ ਲੋਕਪਾਲ ਬਿੱਲ ਖਰੜਾ ਕਮੇਟੀ ਦੇ ਚੇਅਰਮੈਨ ਪ੍ਰਣਬ ਮੁਖਰਜੀ ਵੀ ਮੌਜੂਦ ਸਨ। ਮੀਟਿੰਗ ਪਿੱਛੋਂ ਅੰਨਾ ਹਜ਼ਾਰੇ ਨੇ ਕਿਹਾ ਕਿ ਉਨ੍ਹਾਂ ਨੇ ਸ੍ਰੀਮਤੀ ਗਾਂਧੀ ਨੂੰ ਕਿਹਾ ਕਿ ਵਿਚਾਰ-ਵਟਾਂਦਰੇ ਲਈ ਸੰਸਦ ਵਿਚ ਸਹੀ ਖਰੜਾ ਪਹੁੰਚਣਾ ਚਾਹੀਦਾ ਹੈ, ਨਹੀਂ ਤਾਂ ਉਹ 16 ਅਗਸਤ ਤੋਂ ਭੁੱਖ-ਹੜਤਾਲ ਸ਼ੁਰੂ ਕਰ ਦੇਣਗੇ। ਸੂਚਨਾ ਅਧਿਕਾਰ ਦੇ ਕਾਰਕੁਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 15 ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਹੋਇਆ ਹੈ ਤੇ ਸਿਵਲ ਸੁਸਾਇਟੀ ਨੇ ਸ੍ਰੀਮਤੀ ਗਾਂਧੀ ਸਾਹਮਣੇ ਦੋਵੇਂ ਸਰਕਾਰੀ ਤੇ ਆਪਣੇ ਖਰੜੇ ਪੇਸ਼ ਕੀਤੇ ਹਨ।

# ਵਿਕਾਸ ਦੇ ਦਾਅਵਿਆਂ ਤੋਂ ਕਾਂਗਰਸੀ ਤੇ ਅਕਾਲੀ ਭਿੜੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਕਾਸ ਦੇ ਦਾਅਵਿਆਂ ਨੂੰ ਲੈ ਕੇ ਕਾਂਗਰਸੀ ਤੇ ਅਕਾਲੀ ਆਹਮੋ-ਸਾਹਮਣੇ ਹੋ ਗਏ ਹਨ। ਪੰਜਾਬ ਵਿਚ ਵਿਕਾਸ ਕਾਰਜਾਂ ਦੇ ਮੁੱਦੇ 'ਤੇ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਸਿਆਸੀ ਲਾਹਾ ਲੈਣ ਲਈ ਸ਼ੁਰੂ ਕੀਤੀ ਪ੍ਰਚਾਰ ਮੁਹਿੰਮ ਦੌਰਾਨ ਇਕ-ਦੂਜੇ ਦੇ ਦਾਅਵਿਆਂ ਨੂੰ ਅਸਿੱਧੇ ਢੰਗ ਨਾਲ ਚੁਣੌਤੀ ਦਿੱਤੀ ਜਾ ਰਹੀ ਹੈ।

ਅਕਾਲੀ-ਭਾਜਪਾ ਸਰਕਾਰ ਵੱਲੋਂ ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਢੇ ਚਾਰ ਸਾਲਾਂ ਦੌਰਾਨ ਕੀਤੇ ਵਿਕਾਸ ਕੰਮਾਂ ਦੀਆਂ ਪ੍ਰਾਪਤੀਆਂ ਨੂੰ ਵੱਡੇ ਮੁੱਦੇ ਵਜੋਂ ਉਭਾਰਿਆ ਜਾ ਰਿਹਾ ਹੈ। ਉਧਰ ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ ਪੰਜਾਬ ਨੂੰ ਅਧਾਰ ਬਣਾ ਕੇ ਕਿਤਾਬਚੇ ਰਾਹੀਂ ਉਨ੍ਹਾਂ ਵਿਕਾਸ ਕਾਰਜਾਂ 'ਤੇ ਹੀ ਆਪਣੀ ਮੋਹਰ ਲਾਈ ਹੈ ਜਿਨ੍ਹਾਂ ਨੂੰ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਆਪਣੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਸ਼ਹਿਰੀ ਖੇਤਰ ਵਿਚ ਵਿਕਾਸ, ਨਰੇਗਾ, ਪ੍ਰਧਾਨ ਮੰਤਰੀ ਸੜਕ ਯੋਜਨਾ, ਸਿੱਖਿਆ, ਸਿਹਤ, ਦਿਹਾਤੀ ਵਿਕਾਸ, ਸਮਾਜਿਕ ਸੁਰੱਖਿਆ ਤੇ ਬੇਘਰਿਆਂ ਨੂੰ ਘਰ ਬਣਾ ਕੇ ਦੇਣ ਆਦਿ ਖੇਤਰਾਂ ਵਿਚ ਸਰਕਾਰ ਨੂੰ ਪਿਛਲੇ ਛੇ ਸਾਲਾਂ ਦੌਰਾਨ ਅਰਬਾਂ ਰੁਪਏ ਦੀ ਗਰਾਂਟ ਦੇਣ ਤੇ ਵੱਡੇ ਵਿਕਾਸ ਕਾਰਜ ਕਰਨ ਦੇ ਦਾਅਵੇ ਕੀਤੇ ਗਏ ਹਨ।

ਸਿੱਖਿਆ ਦੇ ਖੇਤਰ ਵਿਚ ਰਾਜ ਸਰਕਾਰ ਦੇ ਦਾਅਵਦਿਆਂ ਨੂੰ ਕੇਂਦਰ ਨੇ ਮਾਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਿਤਾਬਚੇ ਮੁਤਾਬਕ ਕੇਂਦਰ ਨੇ ਸੂਬੇ ਵਿਚ ਪ੍ਰਾਇਮਰੀ ਪੱਧਰ ਦੇ 67 ਸਕੂਲ, ਅੱਪਰ ਪ੍ਰਾਇਮਰੀ ਪੱਧਰ ਦੇ 737 ਸਕੂਲ ਖੋਲ੍ਹੇ, 494 ਪ੍ਰਾਇਮਰੀ ਤੇ 248 ਅੱਪਰ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਦਾ ਨਿਰਮਾਣ ਕੀਤਾ, ਸਕੂਲਾਂ ਵਿਚ 17568 ਕਲਾਸ ਰੂਮ ਬਣਾਏ, 18261 ਪਾਣੀ ਦੀਆਂ ਸਹੂਲਤਾਂ ਦਿੱਤੀਆਂ।

ਕੇਂਦਰ ਨੇ ਤਾਂ ਬਾਦਲ ਸਰਕਾਰ ਦੀ ਵੱਡੇ ਪੱਧਰ 'ਤੇ ਅਧਿਆਪਕ ਭਰਤੀ ਕਰਨ ਦੇ ਦਾਅਵੇ ਨੂੰ ਝੁਠਲਾਉਂਦਿਆਂ ਪੰਜਾਬ ਦੇ ਸਕੂਲਾਂ ਵਿਚ 4813 ਅਧਿਆਪਕ ਭਰਤੀ ਕਰਨ ਦਾ ਵੀ ਦਾਅਵਾ ਕੀਤਾ ਹੈ। ਦਿਹਾਤੀ ਬਿਜਲੀਕਰਨ ਦੇ ਖੇਤਰ ਵਿਚ 59 ਕਰੋੜ 90 ਲੱਖ, ਪੀਣ ਵਾਲੀ ਪਾਣੀ ਲਈ 8 ਅਰਬ ਰੁਪਏ, ਬੇਘਰੇ ਗਰੀਬਾਂ ਨੂੰ 72918 ਘਰ ਬਣਾ ਕੇ ਦੇਣ, ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ 3 ਹਜ਼ਾਰ 148 ਕਿਲੋਮੀਟਰ ਲੰਬੀਆਂ ਸੜਕਾਂ ਦਾ ਨਿਰਮਾਣ ਤੇ ਮੁਰੰਮਤ ਕਰਨ, ਪੰਜਾਬ ਵਿਚਲੀਆਂ ਸਿੰਜਾਈ ਯੋਜਨਾਵਾਂ ਲਈ ਵੀ ਕੇਂਦਰ ਨੇ 6 ਸਾਲਾਂ 'ਚ 200 ਕਰੋੜ ਰੁਪਏ ਤੋਂ ਵੱਧ ਦੇਣ ਦਾ ਦਾਅਵਾ ਕੀਤਾ ਗਿਆ ਹੈ।

ਕੇਂਦਰ ਦਾ ਦਾਅਵਾ ਹੈ ਕਿ ਪਿਛਲੇ ਸਾਲਾਂ ਦੌਰਾਨ ਨਰੇਗਾ ਅਧੀਨ ਪੰਜਾਬ ਨੂੰ 275.53 ਕਰੋੜ ਰੁਪਏ ਦਿੱਤੇ ਗਏ। ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਤਹਿਤ ਇਸ ਸੂਬੇ ਨੂੰ 171 ਕਰੋੜ 35 ਲੱਖ ਰੁਪਏ ਮੁਹੱਈਆ ਕਰਾਏ। ਸਿਹਤ ਦੇ ਖੇਤਰ ਵਿਚ ਵੀ ਵੱਡੀ ਪ੍ਰਾਪਤੀ ਗਿਣਦਿਆਂ ਕੇਂਦਰ ਦਾ ਦਾਅਵਾ ਹੈ ਕਿ 10 ਅਰਬ 42 ਕਰੋੜ 11 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ। ਕੇਂਦਰ ਨੇ ਸੂਚਨਾ ਅਧਿਕਾਰ ਕਾਨੂੰਨ ਨੂੰ ਮਜ਼ਬੂਤ ਕਰਨ ਲਈ ਵੀ ਮਾਲੀ ਮਦਦ ਦੇਣ ਦਾ ਦਾਅਵਾ ਕੀਤਾ ਹੈ। ਦਿਲਚਸਪ ਤੱਥ ਇਹ ਹੈ ਕਿ ਸਿੱਖਿਆ, ਸਿਹਤ ਦੇ ਖੇਤਰ ਵਿਚ ਸੁਧਾਰ ਲਿਆਉਣ ਤੇ ਵਿਕਾਸ ਦੇ ਜੋ ਦਾਅਵੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਹਨ, ਉਨ੍ਹਾਂ ਬਾਰੇ ਹੀ ਕੇਂਦਰ ਸਰਕਾਰ ਦੇ ਦਾਅਵੇ ਹਨ। ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਫਰਵਰੀ 2012 'ਚ ਹੋਣੀਆਂ ਹਨ। ਕੇਂਦਰ ਵੱਲੋਂ ਆਪਣੀਆਂ ਪ੍ਰਾਪਤੀਆਂ ਦਾ ਗੁਣਗਾਨ ਕਰਨਾ ਚੋਣਾਂ ਵਿਚ ਕਾਂਗਰਸ ਨੂੰ ਰਾਜਸੀ ਲਾਭ ਪਹੁੰਚਾਉਣ ਦੇ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ।

ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਪ੍ਰਕਾਸ਼ਤ ਕੀਤੇ ਇਸ ਕਿਤਾਬਚੇ ਨੂੰ ਇਨ੍ਹੀਂ ਦਿਨੀਂ ਪੂਰੇ ਪੰਜਾਬ ਵਿਚ ਵੰਡਿਆ ਜਾ ਰਿਹਾ ਹੈ।

# ਸੁਪਰੀਮ ਕੋਰਟ ਵੱਲੋਂ ਸਲਵਾ ਜੂਡਮ ਗੈਰ-ਸੰਵਿਧਾਨਕ ਕਰਾਰ

**ਨਵੀਂ ਦਿੱਲੀ:** ਮਾਓਵਾਦੀਆਂ ਨਾਲ ਲੜਨ ਲਈ ਪ੍ਰਾਈਵੇਟ ਫੋਰਸ 'ਸਲਵਾ ਜੂਡਮ' ਖੜ੍ਹੀ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਇਸ ਨੂੰ 'ਗੈਰ-ਸੰਵਿਧਾਨਕ' ਕਰਾਰ ਦਿੱਤਾ ਹੈ। ਨਾਲ ਹੀ ਛਤੀਸਗੜ੍ਹ ਅਤੇ ਕੇਂਦਰ ਸਰਕਾਰ ਨੂੰ ਵਿਸ਼ੇਸ਼ ਪੁਲੀਸ ਅਫਸਰਾਂ ਨੂੰ ਮਾਓਵਾਦੀਆਂ ਖਿਲਾਫ ਹਥਿਆਰਬੰਦ ਕੀਤੇ ਜਾਣ ਤੋਂ ਵਰਜਿਆ ਹੈ।

ਜਸਟਿਸ ਬੀ. ਸੁਦਰਸ਼ਨ ਰੈਡੀ ਅਤੇ ਐਸ.ਐਸ. ਨਿੱਜਰ 'ਤੇ ਆਧਾਰਤ ਬੈਂਚ ਨੇ ਸਮਾਜ ਵਿਗਿਆਨੀ ਨੰਦਿਨੀ ਸੁੰਦਰ, ਇਤਿਹਾਸਕਾਰ ਰਾਮਚੰਦਰ ਗੁਹਾ, ਸਾਬਕਾ ਨੌਕਰਸ਼ਾਹ ਈ.ਏ.ਐਸ. ਸ਼ਰਮਾ ਤੇ ਹੋਰਾਂ ਦੀ ਪਟੀਸ਼ਨ 'ਤੇ ਇਹ ਹੁਕਮ ਦਿੱਤਾ। ਪਟੀਸ਼ਨ ਵਿਚ ਅਦਾਲਤ ਅੱਗੇ ਰਾਜ ਸਰਕਾਰ ਨੂੰ ਇਹ ਨਿਰਦੇਸ਼ ਦਿੱਤੇ ਜਾਣ ਦੀ ਬੇਨਤੀ ਕੀਤੀ ਗਈ ਸੀ ਕਿ ਸਲਵਾ ਜੂਡਮ ਨੂੰ ਕਥਿਤ ਤੌਰ 'ਤੇ ਹਮਾਇਤ ਦੇਣੋਂ ਵਰਜਿਆ ਜਾਵੇ। ਚੇਤੇ ਰਹੇ ਕਿ 2000 ਦੇ ਕਰੀਬ ਕਬਾਇਲੀਆਂ ਦਾ ਇਹ ਸਮੂਹ ਪੂਰੇ ਬਸਤਰ ਖੇਤਰ, ਬੀਜਾਪੁਰ ਤੇ ਦਾਂਤੇਵਾੜਾ ਜ਼ਿਲ੍ਹਿਆਂ ਵਿਚ ਮਾਓਵਾਦੀਆਂ ਖਿਲਾਫ ਪੁਲੀਸ ਅਤੇ ਸੁਰੱਖਿਆ ਬਲਾਂ ਦੀ ਮੱਦਦ ਕਰਦਾ ਰਿਹਾ ਹੈ। ਅਦਾਲਤ ਨੇ ਸਮਾਜਕ ਕਾਰਕੁਨ ਸਵਾਮੀ ਅਗਨੀਵੇਸ਼ ਦੀ ਮਾਰਚ ਵਿਚ ਛਤੀਸਗੜ੍ਹ ਦੇ ਮਾਓਵਾਦੀ ਪ੍ਰਭਾਵਿਤ ਖੇਤਰ ਦੀ ਫੇਰੀ ਦੌਰਾਨ ਉਸ 'ਤੇ ਹਮਲੇ ਦੀ ਸੀ.ਬੀ.ਆਈ. ਜਾਂਚ ਦੇ ਵੀ ਨਿਰਦੇਸ਼ ਦਿੱਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਵੱਖਰੇ ਤਿਲੰਗਾਨਾ ਸੂਬੇ ਦੀ ਮੰਗ ਨੇ ਜ਼ੋਰ ਫੜਿਆ

**ਨਵੀਂ ਦਿੱਲੀ:** ਵੱਖਰੇ ਤਿਲੰਗਾਨਾ ਸੂਬੇ ਬਾਰੇ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਟਾਲ-ਮਟੋਲ ਤੋਂ ਉਸ ਦੇ ਆਪਣੇ ਹੀ ਵਿਧਾਇਕ ਬਾਗੀ ਹੋ ਗਏ ਹਨ। ਇਸ ਮਾਮਲੇ ਬਾਰੇ ਛੇਤੀ ਫੈਸਲਾ ਕਰਨ ਲਈ ਕੇਂਦਰ 'ਤੇ ਦਬਾਅ ਵਧਾਉਣ ਦੇ ਮਨਸ਼ੇ ਨਾਲ ਉਸ ਖਿੱਤੇ ਦੇ 10 ਕਾਂਗਰਸੀ ਸੰਸਦ ਮੈਂਬਰਾਂ ਤੇ 39 ਵਿਧਾਇਕਾਂ ਜਿਨ੍ਹਾਂ 'ਚ 11 ਮੰਤਰੀ ਵੀ ਸ਼ਾਮਲ ਸਨ ਤੇ ਟੀ.ਡੀ.ਪੀ. ਦੇ 34 ਵਿਧਾਇਕਾਂ ਨੇ ਸੰਸਦ ਤੇ ਆਂਧਰਾ ਪ੍ਰਦੇਸ਼ ਵਿਧਾਨ ਸਭਾ ਤੋਂ ਅਸਤੀਫੇ ਦੇ ਦਿੱਤੇ।

ਭਾਵੇਂ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਉਨ੍ਹਾਂ ਨੂੰ ਥੋੜ੍ਹਾ ਸਬਰ ਤੇ ਸੰਜਮ ਰੱਖਣ ਦੀ ਸਲਾਹ ਦਿੰਦਿਆਂ ਕਿਹਾ ਸੀ ਕਿ ਇਸ ਬਾਰੇ ਸੰਵਾਦ ਜਾਰੀ ਹੈ ਪਰ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਅਸਤੀਫੇ ਦੇ ਕੇ ਇਸ ਮੁਹਿੰਮ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਸੱਤ ਕਾਂਗਰਸੀ ਸੰਸਦ ਮੈਂਬਰ 4 ਜੁਲਾਈ ਨੂੰ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੂੰ ਨਵੀਂ ਦਿੱਲੀ 'ਚ ਮਿਲੇ ਤੇ ਉਨ੍ਹਾਂ ਨੂੰ ਆਪਣੇ ਅਸਤੀਫੇ ਸੌਂਪੇ। ਉਨ੍ਹਾਂ ਨੇ ਦੋ ਹੋਰ ਸੰਸਦ ਮੈਂਬਰਾਂ ਦੇ ਵੀ ਅਸਤੀਫੇ ਸਪੀਕਰ ਨੂੰ ਦਿੱਤੇ ਜੋ ਇਸ ਮੌਕੇ ਹਾਜ਼ਰ ਨਹੀਂ ਹੋ ਸਕੇ ਸਨ। ਰਾਜ ਸਭਾ ਮੈਂਬਰ ਕੇ. ਕੇਸ਼ਵ ਰਾਓ ਚੇਅਰਮੈਨ ਹਾਮਿਦ ਅੰਸਾਰੀ ਦੇ ਆਫੀਸਰ ਆਨ ਸਪੈਸ਼ਲ ਡਿਊਟੀ ਨੂੰ ਮਿਲੇ ਤੇ ਆਪਣਾ ਅਸਤੀਫਾ ਉਨ੍ਹਾਂ ਨੂੰ ਸੌਂਪਿਆ। ਹੈਦਰਾਬਾਦ 'ਚ 11 ਮੰਤਰੀਆਂ ਸਮੇਤ 39 ਕਾਂਗਰਸੀ ਵਿਧਾਇਕਾਂ ਤੇ ਟੀ.ਡੀ.ਪੀ. ਦੇ 34 ਵਿਧਾਇਕਾਂ ਨੇ ਵਿਧਾਨ ਸਭਾ ਤੋਂ ਅਸਤੀਫੇ ਦੇ ਦਿੱਤੇ।

ਸੰਸਦ ਮੈਂਬਰਾਂ, ਵਿਧਾਇਕਾਂ ਦੀ ਮੁਹਿੰਮ ਦੀ ਅਗਵਾਈ ਕਰ ਰਹੇ ਰਾਓ ਨੇ ਇਸ ਆਲੋਚਨਾ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਕਿ ਇਹ ਅਸਤੀਫੇ ਇਕ ਢਕਵੰਜ ਹਨ। ਉਨ੍ਹਾਂ ਕਿਹਾ ਕਿ ਕੇਂਦਰ ਨੇ 9 ਦਸੰਬਰ ਨੂੰ ਅਸਲੋਂ ਹੀ ਵੱਖਰੇ ਤਿਲੰਗਾਨਾ ਸੂਬੇ ਦਾ ਐਲਾਨ ਕਰ ਦਿੱਤਾ ਸੀ ਪਰ ਇਹ ਲਾਗੂ ਨਹੀਂ ਹੋ ਸਕਿਆ। ਉਹ ਉਦੋਂ ਤੋਂ ਇਸ ਕੰਮ ਲਈ ਤਾਣ ਲਾ ਰਹੇ ਹਨ ਤੇ ਹੁਣ ਉਹ ਤਿਲੰਗਾਨਾ ਦੇ ਲੋਕਾਂ ਅੱਗੇ ਮਜਬੂਰ ਸਨ। ਉਨ੍ਹਾਂ ਕਿਹਾ ਕਿ ਜੇ ਕਾਂਗਰਸ ਹਾਈ ਕਮਾਨ ਵੱਲੋਂ ਮਿਥੇ ਸਮੇਂ 'ਚ ਕੋਈ 'ਠੋਸ ਭਰੋਸਾ' ਦਿੱਤਾ ਜਾਂਦਾ ਹੈ ਤਾਂ ਅਸਤੀਫੇ ਵਾਪਸ ਲੈਣ 'ਤੇ ਵਿਚਾਰ ਕੀਤੀ ਜਾ ਸਕਦੀ ਹੈ। ਉਸ ਖਿੱਤੇ ਤੋਂ ਕਾਂਗਰਸ ਦੇ 50, ਟੀ.ਡੀ.ਪੀ. ਦੇ 36 ਤੇ ਟੀ.ਆਰ. ਐਸ. ਦੇ 11 ਵਿਧਾਇਕ ਹਨ। 294 ਮੈਂਬਰੀ ਵਿਧਾਨ ਸਭਾ 'ਚ ਕਾਂਗਰਸ ਕੋਲ 155 ਸੀਟਾਂ ਹਨ। ਸ੍ਰੀ ਚਿਦੰਬਰਮ ਨੇ ਕਿਹਾ ਕਿ ਕੇਂਦਰ ਨੇ ਤਿਲੰਗਾਨਾ ਮੁੱਦੇ 'ਤੇ ਕੋਈ ਅੰਤਿਮ ਫੈਸਲਾ ਨਹੀਂ ਲਿਆ ਕਿਉਂਕਿ ਇਸ 'ਤੇ ਸਲਾਹ-ਮਸ਼ਵਰਾ ਜਾਰੀ ਹੈ।

## ਸ਼ਿਵਰਾਜ ਪਾਟਿਲ ਵਿਰੁੱਧ ਪਟੀਸ਼ਨ ਦਾਇਰ

**ਚੰਡੀਗੜ੍ਹ:** ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਵਿਰੁੱਧ ਅਦਾਲਤ ਵਿਚ ਮਾਣਹਾਨੀ ਦਾ ਫੌਜਦਾਰੀ ਕੇਸ ਪਾਇਆ ਗਿਆ ਹੈ। ਯੂ.ਟੀ. ਦੇ ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ ਮਹੇਸ਼ ਗਰੋਵਰ ਨੇ ਕੇਸ ਦੀ ਸੁਣਵਾਈ 16 ਸਤੰਬਰ ਲਈ ਮੁਕਰਰ ਕਰ ਦਿੱਤੀ ਹੈ।

ਗਲੋਬਲ ਹਿਊਮਨ ਰਾਈਟਸ ਕੌਂਸਲ ਦੇ ਚੇਅਰਮੈਨ ਅਰਵਿੰਦ ਠਾਕਰ ਨੇ ਆਈ.ਪੀ.ਸੀ. ਦੀ ਧਾਰਾ 500 ਤਹਿਤ ਦਰਜ ਕੀਤੀ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਜਦੋਂ ਉਹ ਚਾਰ ਜੁਲਾਈ ਦੇ ਲੋਕ ਦਰਬਾਰ ਵਿਚ ਯੂਥ ਮਾਮਲੇ ਦੀ ਜਾਂਚ ਦਾ ਮੰਗ ਪੱਤਰ ਦੇਣ ਗਿਆ ਤਾਂ ਪ੍ਰਸ਼ਾਸਕ ਨੇ ਉਸ ਨਾਲ ਨਿਰਾਦਰ ਭਰੇ ਸ਼ਬਦ ਵਰਤੇ।ਕੌਂਸਲ ਵੱਲੋਂ ਪ੍ਰਸ਼ਾਸਕ ਨੂੰ ਦਿੱਤੇ ਜਾਣ ਵਾਲੇ ਮੰਗ ਪੱਤਰ ਵਿਚ ਯੂ.ਟੀ. ਵਿਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਦੀ ਮੰਗ ਵੀ ਕੀਤੀ ਗਈ ਸੀ।

ਉਸ ਨੇ ਕਿਹਾ ਹੈ ਕਿ ਜਦੋਂ ਲੋਕ ਦਰਬਾਰ ਯੂਥ ਮਾਮਲੇ ਦੀ ਜਾਂਚ ਦਾ ਮੰਗ ਪੱਤਰ ਦਿੱਤਾ ਤਾਂ ਪ੍ਰਸ਼ਾਸਕ ਨੇ ਕੌਂਸਲ ਦੀ ਪ੍ਰਮਾਣਿਕਤਾ ਬਾਰੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਪਟੀਸ਼ਨ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਪ੍ਰਸ਼ਾਸਨ ਦਾ ਲੋਕ ਦਰਬਾਰ ਨਾਂ ਦਾ ਹੀ ਦਰਬਾਰ ਬਣ ਕੇ ਰਹਿ ਗਿਆ ਹੈ ਕਿਉਂਕਿ ਇਸ ਦੌਰਾਨ ਆਮ ਜਨਤਾ ਦੀ ਦਿੱਕਤ ਸੁਣਨ ਲਈ ਸਕਿੰਟਾਂ ਮਿੰਟਾਂ ਤੋਂ ਵੱਧ ਸਮਾਂ ਨਹੀਂ ਦਿੱਤਾ ਜਾ ਰਿਹਾ।

www.punjabtimesusa.com





ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸਿੱਖ ਚੁਰਾਸੀ ਦਾ ਕਤਲੇਆਮ ਕਦੇ ਨਹੀਂ ਭੁਲਾ ਸਕਦੇ: ਕੈਪਟਨ ਅਮਰਿੰਦਰ

## ਗ੍ਰਹਿ ਮੰਤਰੀ ਚਿਦੰਬਰਮ ਦੀ ਸਲਾਹ ਠੁਕਰਾਈ



**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ 1984 ਦੇ ਕਤਲੇਆਮ ਨੂੰ ਭੁੱਲ ਜਾਣ ਬਾਰੇ ਦਿੱਤੀ ਸਲਾਹ ਨਾਲ ਕਦਾਚਿਤ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਸਿੱਖ ਅਜੇ 18ਵੀਂ ਸਦੀ ਦੇ ਘੱਲੂਘਾਰਿਆਂ ਨੂੰ ਨਹੀਂ ਭੁੱਲੇ ਜਿਸ ਵਿਚ ਮੁਗਲਾਂ ਨੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ। ਕੈਪਟਨ ਨੇ ਕਿਹਾ ਕਿ ਜੇਕਰ ਸਿੱਖ 300 ਸਾਲ ਪਹਿਲਾਂ ਵਾਪਰੇ ਘਲੂਘਾਰਿਆਂ ਨੂੰ ਨਹੀਂ ਭੁੱਲ ਸਕਦੇ ਤਾਂ ਫਿਰ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਕਿਵੇਂ ਭੁੱਲ ਸਕਦੇ ਹਨ।

ਜ਼ਿਕਰਯੋਗ ਹੈ ਕਿ ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਦਿੱਲੀ ਵਿਖੇ 142 ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਕੱਢੇ ਜਾਣ 'ਤੇ ਉਨ੍ਹਾਂ ਦੇ ਸਨਮਾਨ 'ਚ ਕਰਵਾਏ ਸਮਾਰੋਹ ਦੌਰਾਨ ਸਿੱਖਾਂ ਨੂੰ ਕਿਹਾ ਸੀ ਕਿ ਉਹ 1984 ਦੇ ਕਤਲੇਆਮ ਦੇ ਜ਼ਖ਼ਮਾਂ ਲਈ ਮੁਆਫ ਕਰ ਦੇਣ ਤੇ ਨਵਾਂ ਭਾਰਤ ਖੜ੍ਹਾ ਕਰਨ ਲਈ ਅੱਗੇ ਵਧਣ। ਜਲੰਧਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਨੇ ਕਿਹਾ, "ਮੈਂ ਗ੍ਰਹਿ ਮੰਤਰੀ ਦੇ ਇਸ ਬਿਆਨ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਾਂ, ਉਹ ਕਿਵੇਂ ਭੁੱਲ ਸਕਦੇ ਨੇ ਇਸ ਦਰਦ ਨੂੰ?" ਉਨ੍ਹਾਂ ਕਿਹਾ ਕਿ ਸਿੱਖ ਤਾਂ ਤਿੰਨ ਸਦੀਆਂ ਪਹਿਲਾਂ ਵਾਪਰੇ ਘਲੂਘਾਰਿਆਂ ਨੂੰ ਨਹੀਂ ਭੁੱਲੇ ਤਾਂ ਉਹ 27 ਸਾਲ ਪਹਿਲਾਂ ਵਾਪਰੇ ਕਤਲੇਆਮ ਨੂੰ ਕਿਵੇਂ ਭੁੱਲ ਜਾਣ? ਉਨ੍ਹਾਂ ਕਿਹਾ ਕਿ ਬੇਕਸੂਰ ਲੋਕਾਂ ਦਾ ਕਤਲ ਹੋਇਆ ਸੀ ਤੇ ਇਸ ਦੁਖਾਂਤ ਨਾਲ ਹਜ਼ਾਰਾਂ ਲੋਕ ਅਜੇ ਤੱਕ ਦੁੱਖ ਭੋਗ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਾਰੇ ਕੁਝ ਨੂੰ ਭੁਲਾਇਆ ਨਹੀਂ ਜਾ ਸਕਦਾ।

ਕੈਪਟਨ ਵੱਲੋਂ ਬੇਬਾਕੀ ਨਾਲ ਗ੍ਰਹਿ ਮੰਤਰੀ ਬਾਰੇ ਕੀਤੀਆਂ ਸਪੱਸ਼ਟ ਤੇ ਸਖਤ ਟਿੱਪਣੀਆਂ ਤੋਂ ਨਾਲ ਬੈਠੇ ਕਾਂਗਰਸੀ ਆਗੂ ਪ੍ਰੇਸ਼ਾਨ ਹੋ ਰਹੇ ਸਨ। ਉਨ੍ਹਾਂ ਦੇ ਨਾਲ ਬੈਠੇ ਸਾਬਕਾ ਮੰਤਰੀ ਚੌਧਰੀ ਸੰਤੋਖ ਸਿੰਘ ਨੇ ਜਦੋਂ ਕੈਪਟਨ ਨੂੰ ਜਾਣ ਲਈ ਕਿਹਾ ਤਾਂ ਉਨ੍ਹਾਂ ਨੇ ਕਿਹਾ, "ਮੈਂ ਕਿਤੇ ਜ਼ਿਆਦਾ ਤਾਂ ਨਹੀਂ ਬੋਲ ਗਿਆ, ਮੇਰੇ ਨਾਲ ਬੈਠੇ ਮੇਰੇ ਸਾਥੀ ਡਰੀ ਜਾਂਦੇ ਆ। ਹਾਂਸੀ-ਬੁਟਾਣਾ ਨਹਿਰ ਦੇ ਨਾਲ ਹਰਿਆਣਾ ਸਰਕਾਰ ਵੱਲੋਂ ਬਣਾਈ ਜਾ ਰਹੀ ਵਿਵਾਦਗ੍ਰਸਤ ਕੰਧ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਜਦੋਂ ਕੰਧ ਬਣਾ ਰਹੀ ਸੀ ਤਾਂ ਅਕਾਲੀ-ਭਾਜਪਾ ਸਰਕਾਰ ਸੁੱਤੀ ਪਈ ਸੀ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਸਰਕਾਰ ਦੀ ਨਲਾਇਕੀ ਸਾਬਤ ਹੋ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਮਾਮਲਾ ਹੁਣ ਅਦਾਲਤ 'ਚ ਹੈ ਤਾਂ ਹਰਿਆਣਾ ਸਰਕਾਰ ਨੂੰ ਵੀ ਕੰਧ ਬਣਾਉਣ ਤੋਂ ਪਹਿਲਾਂ ਅਦਾਲਤ ਦੇ ਫੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੰਧ ਬਣਾਏ ਜਾਣ ਨਾਲ ਪੰਜਾਬ ਦੇ ਬਹੁਤ ਸਾਰੇ ਪਿੰਡ ਹੜ੍ਹ ਦੀ ਮਾਰ ਹੇਠ ਆ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਨੂੰ ਕਾਨੂੰਨੀ ਤੌਰ 'ਤੇ ਉਠਾਉਣ 'ਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ।

## ਗਿਆਨੀ ਗੁਰਬਚਨ ਸਿੰਘ ਵੱਲੋਂ ਚਿਦੰਬਰਮ ਦਾ ਸੁਝਾਅ ਰੱਦ

**ਅੰਮ੍ਰਿਤਸਰ:** ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਸਿੱਖ ਭਾਈਚਾਰੇ ਨੂੰ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਭੁੱਲ ਜਾਣ ਤੇ ਮੁਆਫ ਕਰਨ ਦੇ ਦਿੱਤੇ ਗਏ ਸੁਝਾਅ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਰੱਦ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਪੀੜਤਾਂ ਨੂੰ ਹੁਣ ਤਕ ਨਿਆਂ ਨਹੀਂ ਮਿਲਿਆ ਤੇ ਨਾ ਹੀ ਮੁੜ ਵਸੇਬੇ ਦੇ ਯੋਗ ਪ੍ਰਬੰਧ ਹੋਏ ਹਨ ਤੇ ਅਜਿਹੀ ਹਾਲਤ ਵਿਚ ਆਪਣਾ ਸਭ ਕੁਝ ਗੁਆ ਚੁੱਕੇ ਲੋਕਾਂ ਨੂੰ ਹਾਦਸਾ ਵਿਸਾਰ ਦੇਣ ਲਈ ਕਹਿਣਾ ਉਚਿਤ ਨਹੀਂ।

ਗਿਆਨੀ ਗੁਰਬਚਨ ਸਿੰਘ ਨੇ ਗ੍ਰਹਿ ਮੰਤਰੀ ਨੂੰ ਸੁਝਾਅ ਦਿੱਤਾ ਕਿ ਇਹ ਕਹਿਣ ਤੋਂ ਪਹਿਲਾਂ ਕੇਂਦਰ ਸਰਕਾਰ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ, ਕਾਲੀ ਸੂਚੀ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਕੇ ਵਤਨ ਬੈਠੇ ਨੌਜਵਾਨਾਂ ਦੀ ਘਰ ਵਾਪਸੀ ਲਈ ਰਾਹ ਪੱਧਰ ਕਰਨ, ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਦੇਣ ਤੇ ਮੁੜ ਵਸੇਬੇ ਦੇ ਪ੍ਰਬੰਧ ਹੋਣ, ਦੋਸ਼ੀਆਂ ਨੂੰ ਸਜ਼ਾਵਾਂ ਦੇਣ ਤੇ ਇਸ ਮਾਮਲੇ ਵਿਚ ਸੰਸਦ ਵਿੱਚ ਮਤਾ ਪਾਸ ਕਰਕੇ ਸਮੁੱਚੀ ਸਿੱਖ ਕੌਮ ਕੋਲੋਂ ਮੁਆਫੀ ਮੰਗੇ। ਜੇਕਰ ਕੇਂਦਰ ਸਰਕਾਰ ਇਹ ਸਭ ਕੁਝ ਕਰਦੀ ਹੈ ਤਾਂ ਇਸ ਤੋਂ ਬਾਅਦ ਸਿੱਖ ਭਾਈਚਾਰਾ ਵੀ ਇਸ ਹਾਦਸੇ ਨੂੰ ਭੁੱਲ ਜਾਣ ਅਤੇ ਮੁਆਫ ਕਰਨ ਬਾਰੇ ਸੋਚ ਸਕਦਾ ਹੈ।

## ਸਿੱਖ ਹਿਰਦਿਆਂ ਨੂੰ ਠੇਸ ਪੁੱਜੀ: ਅਵਤਾਰ ਸਿੰਘ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਭਾਰਤ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਸਿੱਖਾਂ ਨੂੰ 1984 'ਚ ਹੋਈ ਸਿੱਖਾਂ ਦੀ ਨਸਲਕੁਸ਼ੀ ਨੂੰ ਭੁੱਲ ਜਾਣ ਤੇ ਦੋਸ਼ੀਆਂ ਨੂੰ ਮੁਆਫ ਕੀਤੇ ਜਾਣ ਦੇ ਬਿਆਨ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਬਿਆਨ ਸਿੱਖਾਂ ਦੇ 27 ਸਾਲਾਂ ਤੋਂ ਅੱਲੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ ਤੇ ਇਸ ਨਾਲ ਸਿੱਖ-ਭਾਈਚਾਰੇ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ ਜਿਸ ਲਈ ਗ੍ਰਹਿ ਮੰਤਰੀ ਨੂੰ ਖ਼ਿਮਾ-ਯਾਚਨਾ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਨੇ ਸਿੱਖਾਂ ਨੂੰ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਬਜਾਏ ਵੱਡੇ ਅਹੁਦਿਆਂ ਨਾਲ ਨਿਵਾਜਿਆ ਗਿਆ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਦੇ ਅਰਥਹੀਣ ਬਿਆਨਾਂ ਨਾਲ ਇਸ ਦਰਦ ਨੂੰ ਕਦੇਂ ਭੁਲਾਇਆ ਨਹੀਂ ਜਾ ਸਕਦਾ ਪਰ ਚੰਗਾ ਹੋਵੇ ਜੇ ਗ੍ਰਹਿ ਮੰਤਰੀ ਅਜਿਹੇ ਬਿਆਨਾਂ ਦੀ ਬਜਾਏ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਸੁਹਿਰਦਤਾ ਨਾਲ ਯਤਨਸ਼ੀਲ ਹੋਣ।

# ਆਸਟਰੇਲੀਆ ਦੇ ਕੁਈਨਜ਼ਲੈਂਡ ਸੂਬੇ ਵਿਚ ਪੰਜਾਬੀ ਨੂੰ ਮਾਨਤਾ

**ਮੈਲਬਰਨ:** ਆਸਟਰੇਲੀਆ ਦੇ ਉੱਤਰ ਪੂਰਬੀ ਸੂਬੇ ਕੁਈਨਜ਼ਲੈਂਡ ਦੀ ਸਰਕਾਰ ਨੇ ਅਹਿਮ ਫੈਸਲਾ ਕਰਦਿਆਂ ਪੰਜਾਬੀ ਭਾਸ਼ਾ ਨੂੰ ਸਕੂਲਾਂ 'ਚ ਪੜ੍ਹਾਉਣ ਲਈ ਮਾਨਤਾ ਦੇ ਦਿੱਤੀ ਹੈ। ਕੁਈਨਜ਼ਲੈਂਡ 'ਚ ਹੁਣ ਤਕ ਤਕਰੀਬਨ ਨੌਂ ਵਿਦੇਸ਼ੀ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ ਜਿਨ੍ਹਾਂ 'ਚ ਇਤਾਲਵੀ, ਫਰਾਂਸੀਸੀ ਤੇ ਜਰਮਨ ਸ਼ਾਮਲ ਹਨ ਪਰ ਹੁਣ ਪੰਜਾਬੀ ਨੂੰ ਵੀ ਸਰਕਾਰ ਵੱਲੋਂ ਇਸ 'ਚ ਸ਼ਾਮਲ ਕਰ ਦਿੱਤਾ ਗਿਆ ਹੈ। ਸੈਕੰਡਰੀ ਸਕੂਲਾਂ ਦੇ ਇਮਤਿਹਾਨਾਂ 'ਚ 2013 'ਚ ਪੰਜਾਬੀ ਦੀ ਪ੍ਰੀਖਿਆ ਲਈ ਜਾਵੇਗੀ।

ਦੱਖਣੀ-ਪੂਰਬੀ ਰਾਜ ਵਿਕਟੋਰੀਆਈ ਕਈ ਸਾਲ ਪਹਿਲਾਂ ਪੰਜਾਬੀ ਭਾਸ਼ਾ ਨੂੰ ਮਾਨਤਾ ਦੇ ਚੁੱਕਾ ਹੈ। ਕੁਈਨਜ਼ਲੈਂਡ ਦਾ ਸਿੱਖਿਆ ਵਿਭਾਗ ਵੀ ਵਿਕਟੋਰੀਆ ਦਾ ਸਿਲੇਬਸ ਹੀ ਲਾਗੂ ਕਰੇਗਾ। ਸਾਇੰਸ ਅਧਿਆਪਕਾ ਹਰਵਿੰਦਰ ਕੌਰ ਸਿੱਧੂ ਦੇ ਯਤਨਾਂ ਸਦਕਾ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠ ਕੇ ਪੰਜਾਬੀ ਹੁਣ ਮਾਂ-ਬੋਲੀ ਦੇ ਜ਼ਰੀਏ ਉੱਚੇ ਰੁਤਬਿਆਂ ਤਕ ਅਪੜਣ 'ਚ ਕਾਮਯਾਬ ਹੋਣਗੇ। ਮੁਲਕ ਦੇ ਗੁਰਦੁਆਰਿਆਂ 'ਚ ਪੰਜਾਬੀ ਦੀਆਂ ਹਫਤਾਵਾਰੀ ਕਲਾਸਾਂ ਤਾਂ ਲਾਈਆਂ ਹੀ ਜਾਂਦੀਆਂ ਹਨ ਪਰ ਹੁਣ ਸਰਕਾਰਾਂ ਵੱਲੋਂ ਵੀ ਪੰਜਾਬੀ ਨੂੰ ਵਿਸ਼ੇਸ਼ ਅਹਿਮੀਅਤ ਮਿਲਣ ਨਾਲ ਪੰਜਾਬੀ ਬਾਗੋਬਾਗ ਹਨ।

ਉਧਰ ਵਿਕਟੋਰੀਆ ਦੀ ਸੂਬਾਈ ਸਰਕਾਰ ਨੇ ਆਸਟਰੇਲਿਆਈ ਸਰਕਾਰ ਨੂੰ ਕੌਮੀ ਸਿੱਖਿਆ ਪਾਠਕ੍ਰਮ ਵਿਚ ਹਿੰਦੀ ਭਾਸ਼ਾ ਨੂੰ ਸ਼ਾਮਲ ਕਰਨ ਲਈ ਕਿਹਾ ਹੈ। ਸੂਬਾ ਸਰਕਾਰ ਨੇ ਕੌਮੀ ਪਾਠਕ੍ਰਮ ਅਧਿਕਾਰੀਆਂ ਕੋਲ ਦਰਜ ਕਰਵਾਈ ਰਿਪੋਰਟ ਰਾਹੀਂ ਪੁੱਛਿਆ ਹੈ ਕਿ ਹਿੰਦੀ ਨੂੰ ਪਾਠਕ੍ਰਮ ਵਿਚ ਸ਼ਾਮਲ ਕੀਤੀਆਂ ਵਿਦੇਸ਼ੀ ਭਾਸ਼ਾਵਾਂ ਵਿਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ।

ਰਿਪੋਰਟ ਵਿਚ ਕਿਹਾ ਗਿਆ ਕਿ ਉਥੇ ਸਭ ਤੋਂ ਬੋਲੀਆਂ ਜਾਣ ਵਾਲੀਆਂ 10 ਭਾਸ਼ਾਵਾਂ ਵਿਚ ਹਿੰਦੀ ਵੀ ਆਉਂਦੀ ਹੈ। ਭਾਰਤੀਆਂ ਦੇ ਵੱਡੀ ਗਿਣਤੀ ਵਿਚ ਪਹੁੰਚਣ ਦੇ ਮੱਦੇਨਜ਼ਰ ਹਿੰਦੀ ਦੀ ਸ਼ਮੂਲੀਅਤ ਬੇਹੱਦ ਜ਼ਰੂਰੀ ਹੈ। ਇਸ ਦੇ ਨਾਲ ਹੀ ਇਥੇ ਕੰਮ ਕਰਨ ਵਾਲੇ 19 ਫੀਸਦੀ ਆਸਟਰੇਲਿਆਈ ਨਾਗਰਿਕਾਂ ਦੇ ਮੁਕਾਬਲੇ ਆਵਾਸ ਕਰਕੇ ਆਏ ਭਾਰਤੀਆਂ ਦੀ ਗਿਣਤੀ 30 ਫੀਸਦੀ ਤੋਂ ਵੀ ਜ਼ਿਆਦਾ ਹੈ। ਵਿਕਟੋਰੀਆ ਸਰਕਾਰ ਨੇ ਕਿਹਾ ਕਿ ਵਪਾਰ ਦੇ ਪੱਖ ਤੋਂ ਵੀ ਹਿੰਦੀ ਸੰਚਾਰ ਦੇ ਮਾਧਿਅਮ ਵਜੋਂ ਅਹਿਮ ਰੋਲ ਅਦਾ ਕਰੇਗੀ।

# ਬਾਬਾ ਬਖ਼ਸ਼ੀਸ਼ ਸਿੰਘ ਵੱਲੋਂ ਜੇਲ੍ਹ 'ਚ ਜ਼ਹਿਰੀਲਾ ਖਾਣਾ ਦੇਣ ਦਾ ਦੋਸ਼

**ਪਟਿਆਲਾ:** ਨਾਭਾ ਦੇ ਗੈਸ ਪਲਾਂਟ ਨੇੜੇ ਧਮਾਕਾ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿਚ ਜੇਲ 'ਚ ਬੰਦ ਬਾਬਾ ਬਖ਼ਸ਼ੀਸ਼ ਸਿੰਘ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਸਥਾਨਕ ਸੈਸ਼ਨ ਜੱਜ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੇ ਮਾਮਲੇ ਦੀ ਅਗਲੀ ਸੁਣਵਾਈ 28 ਜੁਲਾਈ 'ਤੇ ਪੈ ਗਈ।

ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਬਖ਼ਸ਼ੀਸ਼ ਸਿੰਘ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਦੇ ਖਾਣੇ ਵਿਚ ਤੇ ਦਵਾਈਆਂ ਵਿਚ ਹਲਕਾ ਜ਼ਹਿਰ ਮਿਲਾਇਆ ਜਾ ਰਿਹਾ ਹੈ ਜਿਸ ਕਾਰਨ ਉਹ ਅਪੰਗ ਹੁੰਦਾ ਜਾ ਰਿਹਾ ਹੈ ਤੇ ਵਾਰ-ਵਾਰ ਕਹਿਣ ਦੇ ਬਾਵਜੂਦ ਡਾਕਟਰੀ ਮਦਦ ਨਹੀਂ ਦਿੱਤੀ ਜਾ ਰਹੀ। ਬਾਬਾ ਬਖ਼ਸ਼ੀਸ਼ ਸਿੰਘ ਨੇ ਚੇਤਾਵਨੀ ਦਿੱਤੀ ਕਿ ਜੇ ਜੇਲ੍ਹ ਵਿਚ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਕੇਂਦਰ ਤੇ ਪੰਜਾਬ ਸਰਕਾਰ ਦੀ ਹੋਵੇਗੀ ਤੇ ਸੂਬੇ ਵਿਚ ਮੁੜ ਖਾੜਕੂਵਾਦ ਉੱਠ ਖੜ੍ਹਾ ਹੋਵੇਗਾ।

ਬਖ਼ਸ਼ੀਸ਼ ਸਿੰਘ ਦੀ ਪਤਨੀ ਨੇ ਵੀ ਕਿਹਾ ਕਿ ਉਸ ਦੇ ਪਤੀ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਜਾ ਰਹੀ ਹੈ। ਇਸ ਲਈ ਉਨ੍ਹਾਂ ਨੂੰ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਜਾਵੇ। ਬਾਬਾ ਬਖ਼ਸ਼ੀਸ਼ ਸਿੰਘ ਦੀ ਪੇਸ਼ੀ ਮੌਕੇ ਪੰਜਾਬ ਦੇ ਖੁਫ਼ੀਆ ਅਧਿਕਾਰੀਆਂ ਤੋਂ ਇਲਾਵਾ ਕੇਂਦਰੀ ਏਜੰਸੀਆਂ ਦੇ ਅਧਿਕਾਰੀ ਵੀ ਤੈਨਾਤ ਸਨ।


# ਕਮਲ ਨਾਥ ਸਿੱਖ ਕਤਲੇਆਮ 'ਚ ਸ਼ਮੂਲੀਅਤ ਤੋਂ ਮੁੱਕਰਿਆ

## ਅਮਰੀਕੀ ਅਦਾਲਤ ਤੋਂ ਡਿਪਲੋਮੈਟਿਕ ਰੁਤਬੇ ਤਹਿਤ ਛੋਟ ਮੰਗੀ

**ਨਿਊਯਾਰਕ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੇ ਸ਼ਹਿਰੀ ਵਿਕਾਸ ਮੰਤਰੀ ਕਮਲ ਨਾਥ ਨੇ ਅਮਰੀਕੀ ਅਦਾਲਤ ਵਿਚ 1984 ਦੇ ਸਿੱਖ ਵਿਰੋਧੀ ਕਤਲੇਆਮ ਵਿਚ ਸ਼ਮੂਲੀਅਤ ਤੋਂ ਇਨਕਾਰ ਕਰ ਦਿੱਤਾ ਹੈ ਤੇ ਇਸ ਮਾਮਲੇ ਵਿਚ ਆਪਣੇ ਡਿਪਲੋਮੈਟਿਕ ਰੁਤਬੇ ਤਹਿਤ ਛੋਟ ਮੰਗੀ ਹੈ। ਇਸ ਹਫਤੇ ਨਿਊਯਾਰਕ ਦੀ ਇਕ ਅਦਾਲਤ ਵਿਚ ਹਲਫ਼ਨਾਮਾ ਦਾਇਰ ਕਰਕੇ ਉਨ੍ਹਾਂ ਨੇ ਸਿੱਖ ਕਤਲੇਆਮ ਵਿਚ ਸ਼ਮੂਲੀਅਤ ਤੋਂ ਪੂਰੀ ਤਰ੍ਹਾਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਉਸ ਖ਼ਿਲਾਫ ਸ਼ਿਕਾਇਤ ਦਾਇਰ ਹੋਣ ਬਾਰੇ ਉਨ੍ਹਾਂ ਨੂੰ ਕਦੇ ਵੀ ਸੰਮਨ ਨਹੀਂ ਮਿਲੇ। ਸ੍ਰੀ ਕਮਲ ਨਾਥ ਵਿਰੁੱਧ ਦਰਜ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਉਹ ਗੁਰਦੁਆਰਾ ਰਕਾਬਗੰਜ ਵਿਖੇ 400 ਦੇ ਕਰੀਬ ਦੰਗਾਕਾਰੀਆਂ ਦੀ ਅਗਵਾਈ ਕਰ ਰਿਹਾ ਸੀ ਤੇ ਦੰਗਾਕਾਰੀਆਂ ਨੂੰ ਭੜਕਾਅ ਰਿਹਾ ਸੀ।

ਨਿਊਯਾਰਕ ਦੀ ਸੰਘੀ ਜ਼ਿਲ੍ਹਾ ਅਦਾਲਤ ਦੀ ਜੱਜ ਰਾਬਰਟ ਡਬਲਿਊ ਸਵੀਟ ਵੱਲੋਂ ਜਾਰੀ ਸੰਮਨ ਦਾ ਜਵਾਬ ਕਮਲ ਨਾਥ ਨੇ ਆਪਣੇ ਅਟਾਰਨੀ ਜ਼ਰੀਏ ਦਾਇਰ ਕਰ ਦਿੱਤਾ ਹੈ। ਕਮਲ ਨਾਥ ਨੇ 24 ਜੂਨ ਨੂੰ ਆਪਣੇ ਬਚਾਅ ਲਈ ਛੋਟ ਦਾ ਹੱਕਦਾਰ, ਸੰਮਨ ਤੇ ਸ਼ਿਕਾਇਤ ਦਾ ਨਾ ਮਿਲਣਾ ਤੇ ਇਸਤਗਾਸਾ ਧਿਰ ਦੀ ਕਮਜ਼ੋਰੀ ਦੇ ਮੁੱਦੇ ਉਠਾਉਂਦੇ ਹੋਏ ਅਦਾਲਤ ਵਿਚ ਜਵਾਬ ਦਾਇਰ ਕੀਤਾ ਹੈ। ਅਮਰੀਕੀ ਅਦਾਲਤ ਵਿਚ ਦਾਇਰ ਆਪਣੇ ਜਵਾਬ ਵਿਚ ਕਮਲ ਨਾਥ ਨੇ ਕੂਟਨੀਤਿਕ ਛੋਟ, ਆਮ ਕਾਨੂੰਨ ਤਹਿਤ ਆਜ਼ਾਦ ਛੋਟ ਤੇ ਅਮਰੀਕਾ ਦੇ ਫਾਰੇਨ ਸੋਵਰਨ ਇਮਿਊਨਿਟੀ ਐਕਟ (ਐਫ.ਐਸ.ਆਈ.ਏ.) ਤਹਿਤ ਛੋਟ ਦਾ ਦਾਅਵਾ ਕੀਤਾ ਹੈ। ਕੇਸ ਖਾਰਜ ਕਰਨ ਦੀ ਅਦਾਲਤ ਨੂੰ ਬੇਨਤੀ ਕਰਦਿਆਂ ਕਮਲ ਨਾਥ ਨੇ ਹਲਫੀਆ ਬਿਆਨ ਵਿਚ ਕਿਹਾ ਹੈ ਕਿ ਉਸ ਦੀ ਅਪਰੈਲ 2010 ਦੀ ਨਿਊਯਾਰਕ ਫੇਰੀ ਦੌਰਾਨ ਕਿਸੇ ਨੇ ਉਨ੍ਹਾਂ ਨੂੰ ਸੰਮਨ ਤੇ ਸ਼ਿਕਾਇਤ ਨਹੀਂ ਦਿੱਤੀ। ਕਮਲ ਨਾਥ ਵੱਲੋਂ 24 ਜੂਨ ਨੂੰ ਅਦਾਲਤ ਵਿਚ ਦਾਇਰ ਕੀਤਾ ਗਿਆ ਹਲਫੀਆ ਬਿਆਨ ਉਸ ਦੇ ਪਹਿਲੇ ਬਿਆਨਾਂ ਤੋਂ ਬਿਲਕੁਲ ਉਲਟ ਹੈ। ਕਮਲ ਨਾਥ ਨੇ 6 ਅਪਰੈਲ 2010 ਨੂੰ ਸੰਮਨ ਹਾਸਲ ਹੋਣ ਦੀ ਜਨਤਕ ਤੌਰ 'ਤੇ ਪੁਸ਼ਟੀ ਕੀਤੀ ਸੀ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਕਮਲ ਨਾਥ ਵੱਲੋਂ 6 ਅਪਰੈਲ 2010 ਨੂੰ ਸੰਮਨ ਤੇ ਸ਼ਿਕਾਇਤ ਹਾਸਲ ਹੋਣ ਤੋਂ ਇਨਕਾਰ



ਕਰਨ ਬਾਰੇ ਬਿਆਨ ਉਸ ਦੀ ਝੂਠ ਬੋਲਣ ਤੇ ਅਦਾਲਤ ਨੂੰ ਗੁੰਮਰਾਹ ਕਰਨ ਦੀ ਆਦਤ ਨੂੰ ਜਗ ਜ਼ਾਹਿਰ ਕਰਦਾ ਹੈ। ਕਮਲ ਨਾਥ ਦੇ ਹਾਲੀਆ ਬਿਆਨ ਉਸ ਵੱਲੋਂ 6 ਅਪਰੈਲ 2010 ਨੂੰ ਦਿੱਤੇ ਗਏ ਬਿਆਨ ਦੇ ਬਿਲਕੁਲ ਉਲਟ ਹੈ ਜਿਸ ਵਿਚ ਉਸ ਨੇ ਸੰਮਨ ਤੇ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ ਸੀ। ਅਟਾਰਨੀ ਪੰਨੂ ਨੇ ਕਿਹਾ ਕਿ ਇਸਤਗਾਸਾ ਧਿਰ ਉਨ੍ਹਾਂ ਅਖ਼ਬਾਰਾਂ ਦੀਆਂ ਰਿਪੋਰਟਾਂ, ਵੀਡੀਓ ਫੁਟੇਜ ਤੇ ਗਵਾਹ ਅਦਾਲਤ ਵਿਚ ਪੇਸ਼ ਕਰੇਗੀ ਜਿਨ੍ਹਾਂ ਵਿਚ ਇਸ ਗੱਲ ਦੀ ਪੁਸ਼ਟੀ ਹੋਵੇਗੀ ਕਿ ਕਮਲ ਨਾਥ ਨੇ 6 ਅਪਰੈਲ ਨੂੰ ਸੰਮਨ ਹਾਸਲ ਹੋਣ ਦੀ ਗੱਲ ਖੁਦ ਮੰਨੀ ਸੀ।

ਪਹਿਲੀ ਨਵੰਬਰ, 1984 ਨੂੰ ਗੁਰਦੁਆਰਾ ਰਕਾਬ ਗੰਜ 'ਤੇ ਹਮਲਾ ਕਰਨ ਤੇ ਸਿੱਖਾਂ ਦੇ ਕਤਲੇਆਮ ਵਿਚ ਉਸ ਦੀ ਕੋਈ ਭੂਮਿਕਾ ਨਾ ਹੋਣ ਬਾਰੇ ਕਮਲ ਨਾਥ ਦਾ ਦਾਅਵਾ ਸੀਨੀਅਰ ਪੱਤਰਕਾਰ ਮੁਨੀਸ਼ ਸੰਜੇ ਸੂਰੀ ਤੇ ਮੁਖਤਿਆਰ ਸਿੰਘ ਵੱਲੋਂ ਦਿੱਤੀਆਂ ਗਵਾਹੀਆਂ ਦੇ ਸਰਾਸਰ ਉਲਟ ਹੈ। ਮੁਖਤਿਆਰ ਸਿੰਘ ਜਿਸ ਨੇ ਰਕਾਬ ਗੰਜ ਗੁਰਦੁਆਰਾ 'ਤੇ ਹਮਲੇ ਦੀ ਕਮਲ ਨਾਥ ਵੱਲੋਂ ਅਗਵਾਈ ਕਰਨ ਬਾਰੇ ਨਾਨਾਵਤੀ ਕਮਿਸ਼ਨ ਨੂੰ ਹਲਫੀਆ ਬਿਆਨ ਦਿੱਤਾ ਸੀ, ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੈ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਗੁਰਦੁਆਰਾ ਰਕਾਬ ਗੰਜ 'ਤੇ ਹਮਲਾ ਕਰਨ ਤੇ ਸਿੱਖਾਂ ਦਾ ਕਤਲ ਕਰਨ ਵਾਲੀ ਭੀੜ ਦੀ ਅਗਵਾਈ ਕਰਨ ਵਿਚ ਨਾਥ ਦੀ ਭੂਮਿਕਾ ਨੂੰ ਸਾਬਤ ਕਰਨ ਲਈ ਇਸਤਗਾਸਾ ਧਿਰ ਅਮਰੀਕੀ ਅਦਾਲਤ ਨੂੰ ਕਹੇਗੀ ਕਿ ਇਸ ਮਾਮਲੇ ਵਿਚ ਮੁਖਤਿਆਰ ਸਿੰਘ ਤੇ ਮੁਨੀਸ਼ ਸੰਜੇ ਸੂਰੀ ਨੂੰ ਗਵਾਹ ਵਜੋਂ ਸੱਦਿਆ ਜਾਵੇ।

ਅਮਰੀਕੀ ਅਦਾਲਤ ਵਿਚ ਨਾਥ ਵੱਲੋਂ ਹਾਲ ਵਿਚ ਦਾਇਰ ਕੀਤੇ ਗਏ ਜਵਾਬ ਦੇ ਨਾਲ ਖਾਲਿਦ-ਬਿਨ-ਜਮਾਲ ਜੋ ਕਿ ਭਾਰਤ ਸਰਕਾਰ ਦਾ ਓ.ਐਸ.ਡੀ. ਹੈ ਤੇ ਸੁਸ਼ੀਲ ਮਲਹੋਤਰਾ ਦੇ ਹਲਫੀਆ ਬਿਆਨ ਵੀ ਨੱਥੀ ਹਨ ਜੋ ਇਹ ਦਰਸਾਉਂਦੇ ਹਨ ਕਿ ਕਮਲ ਨਾਥ ਇਸ ਕੇਸ ਵਿਚ ਆਪਣੇ-ਆਪ ਦਾ ਬਚਾਅ ਕਰਨ ਲਈ ਭਾਰਤ ਸਰਕਾਰ ਦੇ ਅਧਿਕਾਰੀਆਂ ਦੇ ਮੰਤਰੀ ਵਜੋਂ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਰਿਹਾ ਹੈ। ਕਮਲ ਨਾਥ ਖ਼ਿਲਾਫ ਇਹ ਮੁਕੱਦਮਾ ਅਮਰੀਕੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵੱਲੋਂ ਨਵੰਬਰ 1984 ਵਿਚ ਹਮਲਿਆਂ ਦੇ ਸ਼ਿਕਾਰ ਹੋਏ ਪੀੜਤ ਸਿੱਖਾਂ ਦੇ ਨਾਲ ਮਿਲ ਕੇ ਦਾਇਰ ਕੀਤਾ ਹੈ। ਇਹ ਮੁਕੱਦਮਾ (ਐਸ.ਐਫ.ਜੇ. ਬਨਾਮ ਨਾਥ ਐਸ.ਡੀ.ਐਨ.ਵਾਈ. (10-ਸੀ ਵੀ 2940) 'ਏਲੀਅਨ ਟੋਰਟ ਕਲੇਮਜ਼ ਐਕਟ (ਏ.ਟੀ.ਸੀ.ਏ.) ਤੇ ਟਾਰਚਰ ਵਿਕਟਿਮ ਪ੍ਰੋਟੈਕਸ਼ਨ ਐਕਟ (ਟੀ.ਵੀ.ਪੀ.ਏ.) ਤਹਿਤ ਦਾਇਰ ਕੀਤਾ ਗਿਆ ਹੈ।

# ਹੁਣ ਸੰਸਦ 'ਚ ਹੋਵੇਗਾ ਲੋਕਪਾਲ ਬਿੱਲ ਦਾ ਨਿਬੇੜਾ

**ਨਵੀਂ ਦਿੱਲੀ:** ਵਿਚਾਰ-ਚਰਚਾ ਦੇ ਲੰਮੇ ਅਤੇ ਤਣਾਅ ਵਾਲੇ ਦੌਰ ਤੋਂ ਬਾਅਦ ਵੀ ਕਾਂਗਰਸ ਤੇ ਸਿਵਲ ਸੁਸਾਇਟੀ ਦੇ ਆਗੂਆਂ ਵਿਚਾਲੇ ਲੋਕਪਾਲ ਬਿੱਲ ਦੇ ਵਿਵਾਦ ਵਾਲੇ ਮੁੱਦਿਆਂ 'ਤੇ ਸਹਿਮਤੀ ਨਹੀਂ ਹੋ ਸਕੀ। ਹੁਣ ਬਿਲ ਬਾਰੇ ਨਿਬੇੜਾ ਸੰਸਦ 'ਚ ਹੀ ਹੋਵੇਗਾ। ਉਂਜ, ਕੇਂਦਰ ਸਰਕਾਰ ਅਤੇ ਵਿਰੋਧੀ ਪਾਰਟੀਆਂ ਵਿਚਾਲੇ ਕੁਝ ਮੁੱਦਿਆਂ 'ਤੇ ਮਤਭੇਦ ਹੋਣ ਦੇ ਬਾਵਜੂਦ ਸਾਰੀਆਂ ਪਾਰਟੀਆਂ ਨੇ ਸ਼ਕਤੀਸ਼ਾਲੀ ਲੋਕਪਾਲ ਬਿਲ ਬਣਾਉਣ ਲਈ ਸਹਿਮਤੀ ਪ੍ਰਗਟਾਈ ਹੈ। ਸਰਬ ਪਾਰਟੀ ਮੀਟਿੰਗ ਵਿਚ ਇਸ ਬਾਰੇ ਮਤਾ ਵੀ ਪਾਸ ਕੀਤਾ ਗਿਆ ਹੈ। ਭਾਜਪਾ ਸਣੇ ਵਿਰੋਧੀ ਪਾਰਟੀਆਂ ਨੇ ਕਿਹਾ ਹੈ ਕਿ ਬਿੱਲ ਦਾ ਖਰੜਾ ਸੰਸਦ ਵਿਚ ਪੇਸ਼ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਸੰਸਦ ਦੀ ਸਥਾਈ ਕਮੇਟੀ ਦੇ ਹਵਾਲੇ ਕੀਤਾ ਜਾਵੇ। ਫਿਰ ਵਖ-ਵਖ ਧਿਰਾਂ ਸੰਸਦ ਤੇ ਸਥਾਈ ਕਮੇਟੀ ਵਿਚ ਆਪਣੇ ਸੁਝਾਅ ਪੇਸ਼ ਕਰਨ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਸੱਦੀ ਗਈ ਸਰਬ ਪਾਰਟੀ ਮੀਟਿੰਗ ਵਿਚ ਬਿੱਲ ਦੇ ਦੋ ਖਰੜੇ ਪੇਸ਼ ਕੀਤੇ ਗਏ ਪਰ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਕਿ ਸਰਕਾਰ ਬਿੱਲ ਦਾ ਇਕ ਖਰੜਾ ਹੀ ਤਿਆਰ ਕਰੇ ਤੇ ਉਸ ਤੋਂ ਬਾਅਦ ਸਰਬ ਪਾਰਟੀ ਮੀਟਿੰਗ ਸੱਦੇ। ਸਰਕਾਰ ਨੇ ਪੰਜ ਕੇਂਦਰੀ ਮੰਤਰੀਆਂ ਵਲੋਂ ਤਿਆਰ ਕੀਤਾ ਖਰੜਾ ਅਤੇ ਦੂਜਾ ਸਿਵਲ ਸੁਸਾਇਟੀ ਦੇ ਆਗੂ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਤਿਆਰ ਕੀਤਾ ਖਰੜਾ ਮੀਟਿੰਗ ਵਿਚ ਪੇਸ਼ ਕੀਤਾ। ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਵੀ ਲੋਕ ਪਾਲ ਦੇ ਘੇਰੇ ਵਿਚ ਲਿਆਂਦਾ ਜਾਵੇ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸਰਕਾਰ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਲੋਕਪਾਲ ਬਿਲ ਲਿਆਉਣ ਲਈ ਵਚਨਬੱਧ ਹੈ। ਭ੍ਰਿਸ਼ਟਾਚਾਰ ਨੂੰ ਉਨ੍ਹਾਂ ਦੇਸ਼ ਦੇ ਸਾਹਮਣੇ ਬਹੁਤ ਵਡਾ ਮੁੱਦਾ ਦੱਸਿਆ ਅਤੇ ਕਿਹਾ ਕਿ ਸਰਕਾਰ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਲਈ ਵਚਨਬੱਧ ਹੈ। ਉਂਜ ਤਾਂ ਭ੍ਰਿਸ਼ਟਾਚਾਰ ਰੋਕਣ ਲਈ ਦੇਸ਼ ਵਿਚ ਪਹਿਲਾਂ ਹੀ ਕਈ ਕਾਨੂੰਨ ਹਨ ਜਿਨ੍ਹਾਂ ਵਿਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ, ਕੇਂਦਰੀ ਵਿਜੀਲੈਂਸ ਕਮਿਸ਼ਨ, ਸੂਚਨਾ ਦਾ ਅਧਿਕਾਰ ਤੇ ਮਨੀ ਲੌਂਡਰਿੰਗ ਕਾਨੂੰਨ ਸ਼ਾਮਲ ਹਨ ਪਰ ਦੇਸ਼ ਦੇ ਲੋਕਾਂ ਵਿਚ ਇਸ ਤਰ੍ਹਾਂ ਦੀ ਭਾਵਨਾ ਹੈ ਕਿ ਇਹ ਕਾਨੂੰਨ ਉਚੀਆਂ ਥਾਵਾਂ 'ਤੇ ਬੈਠਿਆਂ ਨਾਲ ਨਜਿੱਠਣ ਲਈ ਕਾਫੀ ਨਹੀਂ ਹਨ। ਇਸ ਲਈ ਇਨ੍ਹਾਂ ਨੂੰ ਸਖਤ ਸਜ਼ਾਵਾਂ ਦੇਣ ਲਈ ਕਾਨੂੰਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਪਾਲ ਬਿੱਲ 'ਤੇ ਵਧ ਤੋਂ ਵਧ ਸਰਬ ਸੰਮਤੀ ਦੀ ਰਾਏ ਬਣਾਉਣਾ ਚਾਹੁੰਦੀ ਹੈ ਤੇ ਇਸ ਪ੍ਰਸੰਗ ਵਿਚ ਹੀ ਸਰਬ ਪਾਰਟੀ ਮੀਟਿੰਗ ਸੱਦੀ ਹੈ। ਉਨ੍ਹਾਂ ਦੱਸਿਆ ਕਿ ਮੰਤਰੀਆਂ ਅਤੇ ਸਿਵਲ ਸੁਸਾਇਟੀ ਦੇ ਆਗੂਆਂ ਵਿਚਾਲੇ ਨੌਂ ਮੀਟਿੰਗਾਂ ਹੋਈਆਂ ਸਨ ਪਰ ਸਹਿਮਤੀ ਨਹੀਂ ਬਣ ਸਕੀ। ਸਰਕਾਰ ਸ਼ਕਤੀਸ਼ਾਲੀ ਬਿੱਲ ਬਣਾਉਣ ਲਈ ਸਹਿਮਤੀ ਬਣਾ ਰਹੀ ਹੈ। ਇਹ ਗੱਲ ਬੜੀ ਸਪੱਸ਼ਟ ਹੈ ਕਿ ਲੋਕਪਾਲ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਹੀ ਕੰਮ ਕਰੇਗਾ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚਾਹੁੰਦੀ ਹੈ ਕਿ ਅਜਿਹਾ ਲੋਕਪਾਲ ਬਣਨਾ ਚਾਹੀਦਾ ਹੈ ਜਿਹੜਾ ਪਾਰਦਰਸ਼ੀ ਢੰਗ ਨਾਲ ਕੰਮ ਕਰੇ। ਸਰਕਾਰ ਬਿੱਲ ਦਾ ਖਰੜਾ ਤਿਆਰ ਕਰੇ ਅਤੇ ਇਸ ਨੂੰ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕੀਤਾ ਜਾਵੇ। ਸੰਸਦ ਵਿਚ ਬਹਿਸ ਤੋਂ ਬਾਅਦ ਇਸ ਨੂੰ ਸਥਾਈ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ।

## ਅੰਨਾ ਹਜ਼ਾਰੇ ਵਲੋਂ ਮੁੜ ਧਮਕੀ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਅਹਿਮ ਮੀਟਿੰਗ ਪਿੱਛੋਂ ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਨੇ ਕਿਹਾ ਹੈ ਕਿ ਜੇਕਰ ਲੋਕਪਾਲ ਬਿੱਲ ਦਾ ਸਹੀ ਖਰੜਾ ਸੰਸਦ ਵਿਚ ਨਾ ਪਹੁੰਚਿਆ ਤਾਂ ਉਹ 16 ਅਗਸਤ ਤੋਂ ਭੁੱਖ-ਹੜਤਾਲ ਸ਼ੁਰੂ ਕਰ ਦੇਣਗੇ। 10 ਜਨਪਥ 'ਤੇ 30 ਮਿੰਟ ਚੱਲੀ ਮੀਟਿੰਗ ਵਿਚ ਵਿਤ ਮੰਤਰੀ ਤੇ ਲੋਕਪਾਲ ਬਿੱਲ ਖਰੜਾ ਕਮੇਟੀ ਦੇ ਚੇਅਰਮੈਨ ਪ੍ਰਣਬ ਮੁਖਰਜੀ ਵੀ ਮੌਜੂਦ ਸਨ। ਮੀਟਿੰਗ ਪਿੱਛੋਂ ਅੰਨਾ ਹਜ਼ਾਰੇ ਨੇ ਕਿਹਾ ਕਿ ਉਨ੍ਹਾਂ ਨੇ ਸ੍ਰੀਮਤੀ ਗਾਂਧੀ ਨੂੰ ਕਿਹਾ ਕਿ ਵਿਚਾਰ-ਵਟਾਂਦਰੇ ਲਈ ਸੰਸਦ ਵਿਚ ਸਹੀ ਖਰੜਾ ਪਹੁੰਚਣਾ ਚਾਹੀਦਾ ਹੈ, ਨਹੀਂ ਤਾਂ ਉਹ 16 ਅਗਸਤ ਤੋਂ ਭੁੱਖ-ਹੜਤਾਲ ਸ਼ੁਰੂ ਕਰ ਦੇਣਗੇ। ਸੂਚਨਾ ਅਧਿਕਾਰ ਦੇ ਕਾਰਕੁਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 15 ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਹੋਇਆ ਹੈ ਤੇ ਸਿਵਲ ਸੁਸਾਇਟੀ ਨੇ ਸ੍ਰੀਮਤੀ ਗਾਂਧੀ ਸਾਹਮਣੇ ਦੋਵੇਂ ਸਰਕਾਰੀ ਤੇ ਆਪਣੇ ਖਰੜੇ ਪੇਸ਼ ਕੀਤੇ ਹਨ।

# ਪੰਜਾਬ ਤੇ ਸਿੱਖਾਂ ਦੇ ਮਸਲੇ ਹੱਲ ਕਰਨ ਲਈ ਕਿਸੇ ਨੇ ਕੁਝ ਨਹੀਂ ਕੀਤਾ: ਮਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਸਿੱਖਾਂ ਤੇ ਪੰਜਾਬ ਦੇ ਮਸਲੇ ਹੱਲ ਕਰਨ ਲਈ ਪੰਜਾਬ ਦੀਆਂ ਸਾਰੀਆਂ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਦਲ, ਭਾਜਪਾ ਤੇ ਖੱਬੀਆਂ ਧਿਰਾਂ ਨੇ ਅੱਜ ਤੱਕ ਕੋਈ ਨਿੱਗਰ ਯਤਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਰਾਜ ਭਾਗ ਚਲਾ ਕੇ ਲੁੱਟ ਕੇ ਚਲੀਆਂ ਜਾਂਦੀਆਂ ਹਨ ਪਰ ਪੰਜਾਬ ਤੇ ਸਿੱਖਾਂ ਦੇ ਬੁਨਿਆਦੀ ਮਸਲੇ ਜਿਉਂ ਦੇ ਤਿਉਂ ਬਰਕਰਾਰ ਹਨ। ਉਨ੍ਹਾਂ ਕਿਹਾ ਕਿ ਰਾਜ ਕਰਨ ਵਾਲੀਆਂ ਪਾਰਟੀਆਂ ਲੋਕਾਂ ਦੇ ਜਜ਼ਬਾਤ ਨਾਲ ਖੇਡਣ ਤੋਂ ਬਿਨਾਂ ਕੁਝ ਵੀ ਨਹੀਂ ਕਰਦੀਆਂ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਭਾਜਪਾ ਤੇ ਕਮਿਊਨਿਸਟਾਂ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਿੱਸਾ ਲੈਣ ਦਾ ਬਿਗਲ ਵਜਾ ਦਿੱਤਾ ਗਿਆ ਹੈ ਪਰ ਪੰਜਾਬ ਅਤੇ ਸਿੱਖਾਂ ਦੇ ਮਸਲੇ ਹੱਲ ਕਰਨ ਲਈ ਇਨ੍ਹਾਂ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਸ. ਮਾਨ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦਾ ਰਿਪੇਰੀਅਨ ਕਾਨੂੰਨ ਦੀ ਧਾਰਾ 246 ਅਧੀਨ ਹੱਲ ਕਰਨ, ਪੰਜਾਬੀ ਬੋਲਦੇ ਇਲਾਕੇ ਸਮੇਤ ਚੰਡੀਗੜ੍ਹ ਤੇ ਜੋ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ 'ਚ ਹਨ, ਨੂੰ ਇੱਕ ਕਰਨ, ਅਪ੍ਰੇਸ਼ਨ ਬਲੂ ਸਟਾਰ ਦੌਰਾਨ ਸਿੱਖਾਂ ਦੀ ਨਸਲਕੁਸ਼ੀ ਬਾਰੇ ਕੀ ਪ੍ਰੋਗਰਾਮ ਤੇ ਨੀਤੀ ਹੈ, ਇਸ ਬਾਰੇ ਕੀ ਉਕਤ ਆਗੂ ਕਦੇ ਸਥਿਤੀ ਸਪੱਸ਼ਟ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਵਰਗੇ ਪੁਲੀਸ ਅਫਸਰ ਖਾਸ ਬੰਦਿਆਂ ਵਾਂਗ ਰੱਖੇ ਹੋਏ ਹਨ। ਇਨ੍ਹਾਂ ਅਫਸਰਾਂ 'ਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਨ ਦੇ ਦੋਸ਼ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਜਿੰਦਰ ਕੌਰ ਭੱਠਲ ਤੋਂ ਪੰਜਾਬ ਵਾਸੀਆਂ ਤੇ ਸਿੱਖ ਕੌਮ ਨੂੰ ਆਸ ਨਹੀਂ ਰੱਖਣੀ ਚਾਹੀਦੀ।


## Convenience Store For Lease to Buy

**Convenience store in Woodburn (Oregon) area with two rentals, Apt. & 5 bedroom house+3 separate lots included in the sale. Good location, no competition. The owner will carry the contract with down payment.**

**For more info. call Sukhi @ 503-367-2614**

**ਕਨਵੀਨੀਐਂਸ ਸਟੋਰ ਲੀਜ਼ ਆਧਾਰ 'ਤੇ ਵਿਕਾਊ ਹੈ**

ਓਰੇਗਾਨ ਸਟੇਟ ਵਿਚ ਵੁਡਬਰਨ ਇਲਾਕੇ ਵਿਚ ਬਹੁਤ ਹੀ ਵਧੀਆ ਲੋਕੇਸ਼ਨ। ਸਟੋਰ ਦੇ ਨਾਲ ਦੋ ਰੈਂਟਲ ਪ੍ਰਾਪਰਟੀਆਂ-ਅਪਾਰਟਮੈਂਟ ਬਿਲਡਿੰਗ ਅਤੇ 5 ਬੈਡਰੂਮ ਦੇ ਘਰ ਤੋਂ ਇਲਾਵਾ ਤਿੰਨ ਵੱਖਰੇ ਲਾਟ ਵੀ ਸ਼ਾਮਲ ਹਨ। ਮਾਲਕ ਡਾਊਨ ਪੇਮੈਂਟ ਲੈ ਕੇ ਲੈਂਡ ਕੰਟਰੈਕਟ ਕਰਨ ਲਈ ਤਿਆਰ, ਵਧੀਆ ਲੋਕੇਸ਼ਨ, ਕੋਈ ਕੰਪੀਟੀਸ਼ਨ ਨਹੀਂ।

**ਹੋਰ ਜਾਣਕਾਰੀ ਲਈ ਕਾਲ ਕਰੋ:503-367-2614**



FARMERS INSURANCE GROUP
Symbol of Superior Service

FARMERS®

**Now at new location: 2774 Aborn Road , San Jose, CA 95121**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

***"Call for a review of any of your insurance policies or to get a quote"***
***Totally Free and No Obligation to buy from us!!***



**Satwant Singh**
**Insurance Agent**
**License # OH11256**

***Auto *Home *Life *Business *Workers Compensation**

**Call for consultation**

**Ph: 408-771-2438**

***408-580-6063, 408-687-7566***

**Fax: 408-273-6001**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



## Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**

**ਗੁਰਬੰਸ ਸਿੰਘ ਗਿੱਲ ਫੋਨ: 209-815-1869**

***Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay**

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**

***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD®
Millennium

**Gurbans Gill 209-815-1869**

# ਮੰਤਰੀਆਂ ਦੀਆਂ ਵਿਦੇਸ਼ ਸੈਰਾਂ ਲਈ ਸਰਕਾਰੀ ਖ਼ਜ਼ਾਨੇ ਦੀ ਲੁੱਟ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਕਾਸ ਲਈ ਪੈਸਾ ਨਹੀਂ ਪਰ ਬਾਦਲ ਸਰਕਾਰ ਨੇ ਆਪਣੇ ਮੰਤਰੀਆਂ ਦੀਆਂ ਵਿਦੇਸ਼ੀ ਸੈਰਾਂ ਲਈ ਦਿਲ ਖੋਲ੍ਹ ਸਰਕਾਰੀ ਧਨ ਉਡਾਇਆ ਹੈ। ਪੰਜਾਬ ਦੇ ਮੰਤਰੀਆਂ ਤੇ ਸੰਸਦੀ ਸਕੱਤਰਾਂ ਵੱਲੋਂ ਸਰਕਾਰੀ ਖਰਚੇ 'ਤੇ ਵਿਦੇਸ਼ਾਂ ਦੀ ਖੁੱਲ੍ਹ ਕੇ ਸੈਰ ਕੀਤੀ ਗਈ। ਨਿੱਜੀ ਤੇ ਸਰਕਾਰੀ ਦੌਰਿਆਂ ਦੌਰਾਨ ਮੰਤਰੀਆਂ ਵੱਲੋਂ ਲੱਖਾਂ ਰੁਪਏ ਉਡਾਏ ਜਾਂਦੇ ਹਨ ਪਰ ਇਨ੍ਹਾਂ ਵਿਦੇਸ਼ੀ ਦੌਰਿਆਂ ਦਾ ਪੰਜਾਬ ਨੂੰ ਕੀ ਲਾਭ ਹੋਇਆ ਇਸ ਬਾਰੇ ਸਾਰੀਆਂ ਧਿਰਾਂ ਚੁੱਪ ਹਨ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਇਕ ਜਾਣਕਾਰੀ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੀ ਵਜ਼ਾਰਤ ਦੇ ਤਕਰੀਬਨ ਸਾਰੇ ਹੀ ਮੰਤਰੀਆਂ ਤੇ ਸੰਸਦੀ ਸਕੱਤਰਾਂ ਨੇ ਵਿਦੇਸ਼ਾਂ ਦੇ ਦੌਰੇ ਕੀਤੇ ਹਨ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮੰਤਰੀਆਂ ਦੇ ਜ਼ਿਆਦਾਤਰ ਸਰਕਾਰੀ ਦੌਰੇ ਪੰਜਾਬ ਨਾਲ ਢੁਕਵੇਂ ਮਸਲਿਆਂ 'ਤੇ ਕੇਂਦਰਤ ਨਹੀਂ ਹੁੰਦੇ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀਆਂ ਜ਼ਿਆਦਾਤਰ ਵਿਦੇਸ਼ ਫੇਰੀਆਂ ਨਿੱਜੀ ਹਨ। ਸ. ਬਾਦਲ ਤੇ ਉਨ੍ਹਾਂ ਦੇ ਪੁੱਤਰ ਅਮਰੀਕਾ ਵਿਚ ਮਰਹੂਮ ਸੁਰਿੰਦਰ ਕੌਰ ਬਾਦਲ ਦੇ ਇਲਾਜ ਲਈ ਨਿੱਜੀ ਦੌਰਿਆਂ 'ਤੇ ਜਾਂਦੇ ਰਹੇ ਹਨ ਪਰ ਖਰਚਾ ਸਰਕਾਰੀ ਖ਼ਜ਼ਾਨੇ 'ਚੋਂ ਹੁੰਦਾ ਰਿਹਾ ਹੈ।



ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਮੰਤਰੀਆਂ ਦੇ ਵਿਦੇਸ਼ ਦੌਰੇ ਨਿੱਜੀ ਹੁੰਦੇ ਹਨ ਪਰ ਸਰਕਾਰੀ ਖ਼ਜ਼ਾਨੇ 'ਚੋਂ ਇਨ੍ਹਾਂ ਦੌਰਿਆਂ ਦਾ ਖਰਚਾ ਲੈਣ ਲਈ ਸਰਕਾਰੀ ਦੌਰੇ ਦਾ ਨਾਂ ਦੇ ਦਿੱਤਾ ਜਾਂਦਾ ਹੈ। ਜ਼ਿਆਦਾਤਰ ਮੰਤਰੀ ਪਰਵਾਸੀ ਪੰਜਾਬੀਆਂ ਦੇ ਨਿੱਜੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਹੀ ਜਾਂਦੇ ਹਨ। ਇਸ ਲਈ ਸਰਕਾਰ ਲਈ ਇਹ ਦੱਸਣਾ ਅਸੰਭਵ ਹੋਵੇਗਾ ਕਿ ਮੰਤਰੀਆਂ ਦੇ ਦੌਰਿਆਂ ਦਾ ਸੂਬੇ ਨੂੰ ਕੀ ਲਾਭ ਹੋਇਆ। ਪਿਛਲੇ ਅੱਠ ਸਾਲਾਂ ਦੌਰਾਨ ਮੁੱਖ ਮੰਤਰੀ ਤੇ ਮੰਤਰੀਆਂ ਦੇ ਦੌਰਿਆਂ 'ਤੇ ਦੋ ਕਰੋੜ ਰੁਪਏ ਤੋਂ ਵੱਧ ਦਾ ਭਾਰ ਸਰਕਾਰੀ ਖ਼ਜ਼ਾਨੇ 'ਤੇ ਪਿਆ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਕਈ ਮੰਤਰੀਆਂ ਦੇ ਵਿਦੇਸ਼ ਦੌਰੇ ਅਕਸਰ ਚਰਚਾ ਵਿਚ ਤਾਂ ਰਹਿੰਦੇ ਹਨ ਪਰ ਇਨ੍ਹਾਂ ਆਗੂਆਂ ਦੇ ਵਿਦੇਸ਼ ਦੌਰੇ ਨਿੱਜੀ ਹੁੰਦੇ ਹਨ। ਨਿੱਜੀ ਵਿਦੇਸ਼ ਦੌਰੇ ਦਾ ਖਰਚਾ ਮੰਤਰੀ ਵੱਲੋਂ ਆਪਣੇ ਪੱਲਿਓਂ ਅਦਾ ਕੀਤਾ ਜਾਂਦਾ ਹੈ। ਰੌਚਕ ਤੱਥ ਇਹ ਵੀ ਹੈ ਕਿ ਮੰਤਰੀਆਂ ਵੱਲੋਂ ਵਿਦੇਸ਼ ਦੌਰਿਆਂ ਬਾਰੇ ਸਰਕਾਰ ਤੋਂ ਪ੍ਰਵਾਨਗੀ ਲੈ ਲਈ ਜਾਂਦੀ ਹੈ ਪਰ ਉਪ ਮੁੱਖ ਮੰਤਰੀ ਦੇ ਵਿਦੇਸ਼ ਦੌਰਿਆਂ ਨੂੰ ਤਾਂ ਬਿਲਕੁਲ ਹੀ ਗੁਪਤ ਰੱਖਿਆ ਜਾਂਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਸੁਖਬੀਰ ਬਾਦਲ ਦੀਆਂ ਵਿਦੇਸ਼ ਯਾਤਰਾਵਾਂ ਗੁਪਤ ਰੱਖੀਆਂ ਜਾਂਦੀਆਂ ਹਨ। ਉਪ ਮੁੱਖ ਮੰਤਰੀ ਤਾਂ ਇਨ੍ਹਾਂ ਦਿਨਾਂ ਦੌਰਾਨ ਵੀ ਵਿਦੇਸ਼ ਯਾਤਰਾ 'ਤੇ ਹਨ।

ਵਿਦੇਸ਼ ਸੈਰ ਸਪਾਟੇ ਲਈ ਜਾਣ ਵਾਲਿਆਂ ਵਿਚ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਹਿਲੇ ਸਥਾਨ 'ਤੇ ਹਨ। ਪੰਜਾਬ ਦੇ ਮੌਜੂਦਾ ਮੰਤਰੀਆਂ ਵੱਲੋਂ ਯੂਰਪੀ ਮੁਲਕਾਂ ਦੇ ਹੀ ਨਿੱਜੀ ਦੌਰੇ ਕੀਤੇ। ਸਰਕਾਰੀ ਦੌਰਿਆਂ ਮੁਤਾਬਕ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਕਿਸਤਾਨ ਵਿਚ ਸਥਾਨਕ ਸਰਕਾਰ ਬਾਰੇ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ, ਮਰਹੂਮ ਕੈਪਟਨ ਕੰਵਲਜੀਤ ਸਿੰਘ ਨੇ ਜਰਮਨ, ਹਾਲੈਂਡ, ਨਿਊਜ਼ੀਲੈਂਡ, ਆਸਟਰੇਲੀਆ ਤੇ ਹੈਨੋਈ, ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਅਮਰੀਕਾ ਵਿਚ ਟਾਈ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ, ਬਾਲੀ ਇੰਡੋਨੇਸ਼ੀਆ ਵਿਚ ਚੌਥੀ ਸਾਲਾਨਾ ਫਿਊਚਰ ਗਵਰਨੈਂਸ-08 ਵਿਚ ਸ਼ਮੂਲੀਅਤ, ਸਵਿੱਟਜ਼ਰਲੈਂਡ ਵਿਚ ਐਸ.ਆਈ.ਐਮ. ਪ੍ਰਦਰਸ਼ਨੀ ਵਿਚ ਤੇ ਜਪਾਨ ਵਿਚ ਉਤਪਾਦਨ ਸਹੂਲਤਾਂ ਦੇ ਰੱਖ-ਰਖਾਵ ਬਾਰੇ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ।

ਪਸ਼ੂ ਪਾਲਣ ਵਿਭਾਗ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਕੈਨੇਡਾ ਵਿਚ ਸਰੇਫੀਲਡ ਹਾਕੀ ਟੂਰਨਾਮੈਂਟ ਵਿਚ ਤੇ ਫਰਾਂਸ ਵਿਖੇ ਪ੍ਰਦਰਸ਼ਨੀ ਸਪੇਸ-2008 ਵਿਚ ਹਿੱਸਾ ਲਿਆ, ਸਿੱਖਿਆ ਮੰਤਰੀ ਹੁੰਦਿਆਂ ਡਾ. ਉਪਿੰਦਰਜੀਤ ਕੌਰ ਨੇ ਚੀਨ ਵਿਚ ਹੋਈ ਵਿਦਿਅਕ ਕਾਨਫਰੰਸ ਵਿਚ ਹਿੱਸਾ ਲਿਆ। ਲੋਕ ਨਿਰਮਾਣ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਵੀ ਪੰਜ ਵਾਰੀ ਵਿਦੇਸ਼ਾਂ ਦੀ ਸੈਰ ਕੀਤੀ।

ਲਕਸ਼ਮੀ ਕਾਂਤਾ ਚਾਵਲਾ ਇਕ ਅਜਿਹੇ ਮੰਤਰੀ ਹਨ ਜਿਨ੍ਹਾਂ ਨੇਪਾਲ ਤੇ ਸ੍ਰੀਲੰਕਾ ਦਾ ਦੌਰਾ ਕੀਤਾ। ਨੇਪਾਲ ਦੇ ਨਿੱਜੀ ਦੌਰੇ ਦਾ ਖਰਚ ਮਹਿਜ਼ 26 ਕੁ ਹਜ਼ਾਰ ਰੁਪਏ ਦੱਸਿਆ ਗਿਆ ਹੈ। ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਜਪਾਨ ਤੇ ਕੋਰੀਆ ਵਿਚ ਝੋਨਾ ਲਾਉਣ ਵਾਲੀਆਂ ਮਸ਼ੀਨਾਂ ਬਾਰੇ ਪਤਾ ਕਰਨ ਗਏ ਤੇ ਉਨ੍ਹਾਂ ਕੈਨੇਡਾ ਦਾ ਦੌਰਾ ਕਰਕੇ ਪੰਜਾਬ ਵਿਚ ਐਗਰੋਫੂਡ ਪ੍ਰੋਸੈਸਿੰਗ ਤਕਨੋਲੋਜੀ ਨੂੰ ਪ੍ਰਫੁੱਲਤ ਕਰਨ ਬਾਰੇ ਪਤਾ ਲਾਇਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਰਕਾਰੀ ਦੌਰੇ 'ਤੇ ਮਿਸਰ, ਇਜ਼ਰਾਈਲ ਤੇ ਤੁਰਕੀ ਗਏ ਸਨ। ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਵਿਚ ਇਹ ਜ਼ਿਕਰ ਹੀ ਨਹੀਂ ਕੀਤਾ ਗਿਆ ਕਿ ਮੁੱਖ ਮੰਤਰੀ ਦੇ ਤਿੰਨ ਮੁਲਕਾਂ ਦੀ ਵਿਦੇਸ਼ ਯਾਤਰਾ ਦਾ ਮੰਤਵ ਕੀ ਸੀ। ਮੁੱਖ ਸੰਸਦੀ ਸਕੱਤਰਾਂ ਵਿਚ ਅਵਿਨਾਸ਼ ਚੰਦਰ ਨੇ ਵਿਦੇਸ਼ ਦੀਆਂ ਸਭ ਤੋਂ ਵੱਧ ਯਾਤਰਾਵਾਂ ਕੀਤੀਆਂ। ਉਂਜ ਅੱਠ ਮੁੱਖ ਸੰਸਦੀ ਸਕੱਤਰਾਂ ਦੇ ਵਿਦੇਸ਼ ਜਾਣ ਬਾਰੇ ਦੱਸਿਆ ਗਿਆ ਹੈ। ਸ. ਬਾਦਲ ਤਾਂ ਪਿਛਲੇ ਤਿੰਨਾਂ ਸਾਲਾਂ ਦੌਰਾਨ ਸਰਕਾਰੀ ਤੌਰ 'ਤੇ ਇਕੋ ਵਾਰੀ ਵਿਦੇਸ਼ ਗਏ ਜਦੋਂਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਪੰਜ ਵਾਰੀ ਵਿਦੇਸ਼ ਦੌਰਾ ਕੀਤਾ।

## ਪੰਜਾਬ ਨੂੰ ਕ੍ਰਿਸ਼ੀ ਕਰਮਨ ਐਵਾਰਡ ਦੇਣ ਦਾ ਐਲਾਨ


**ਨਵੀਂ ਦਿੱਲੀ:** ਪੰਜਾਬ ਤੇ ਉੱਤਰ ਪ੍ਰਦੇਸ਼ ਨੂੰ ਪਿਛਲੇ ਪੰਜ ਸਾਲ ਵਿਚ ਅਨਾਜ ਦਾ ਰਿਕਾਰਡ ਤੋੜ ਉਤਪਾਦਨ ਕਰਨ ਮਾਮਲੇ ਵਿਚ ਸਾਂਝੇ ਤੌਰ 'ਤੇ ਜੇਤੂ ਐਲਾਨਿਆ ਗਿਆ ਹੈ ਤੇ ਦੋਵਾਂ ਨੂੰ 'ਕ੍ਰਿਸ਼ੀ ਕਰਮਨ' ਐਵਾਰਡ ਦੇਣ ਦਾ ਫੈਸਲਾ ਕੀਤਾ ਹੈ। ਹਰਿਆਣਾ ਨੂੰ ਇਕੱਲੇ ਕਣਕ ਦੇ ਉਤਪਾਦਨ ਵਿਚ ਬਿਹਤਰ ਕਾਰਗੁਜਾਰੀ ਲਈ ਜੇਤੂ ਐਲਾਨਿਆ ਹੈ। ਜੇਤੂ ਸੂਬੇ ਨੂੰ ਦੋ ਕਰੋੜ ਇਨਾਮ ਵਜੋਂ ਦਿੱਤੇ ਜਾਣਗੇ। ਇਹ ਐਵਾਰਡ ਇਸੇ ਮਹੀਨੇ ਦੇ ਅਖੀਰ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇਣਗੇ।



ਕੇਂਦਰੀ ਖੇਤੀਬਾੜੀ ਮੰਤਰਾਲੇ ਅਨੁਸਾਰ ਦੇਸ਼ ਦੇ ਦਸ ਸੂਬਿਆਂ ਨੂੰ ਅਨਾਜ ਦੇ ਉਤਪਾਦਨ ਵਿਚ ਬਿਹਤਰ ਕਾਰਗੁਜਾਰੀ ਲਈ ਚੁਣਿਆ ਗਿਆ ਹੈ। ਇਨ੍ਹਾਂ ਨੂੰ 'ਕ੍ਰਿਸ਼ੀ ਕਰਮਨ' ਐਵਾਰਡ ਦਿੱਤੇ ਜਾਣਗੇ। ਅਨਾਜ ਦੇ ਸਮੁੱਚੇ ਤੌਰ 'ਤੇ ਬਿਹਤਰ ਉਤਪਾਦਨ ਲਈ ਤਿੰਨ ਐਵਾਰਡ ਦਿੱਤੇ ਜਾਣਗੇ ਤੇ ਚਾਰ ਐਵਾਰਡ ਝੋਨੇ, ਕਣਕ, ਦਾਲਾਂ ਦੇ ਉਤਪਾਦਨ ਲਈ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਪੰਜਾਬ ਪਿਛਲੇ ਲੰਮੇ ਸਮੇਂ ਤੋਂ ਅਨਾਜ ਦਾ ਉਤਪਾਦਨ ਕਰਕੇ ਦੇਸ਼ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰਦਾ ਆ ਰਿਹਾ ਹੈ ਪਰ ਉੱਤਰ ਪ੍ਰਦੇਸ਼ ਪਿਛਲੇ ਕੁਝ ਸਾਲਾਂ ਤੋਂ ਅਨਾਜ ਉਤਪਾਦਨ ਦੇ ਮਾਮਲੇ ਵਿਚ ਅੱਗੇ ਆਇਆ ਹੈ ਪਰ ਉਸ ਨੂੰ ਪੰਜਾਬ ਨਾਲ ਸਾਂਝੇ ਤੌਰ 'ਤੇ ਜੇਤੂ ਐਲਾਨਿਆ ਗਿਆ ਹੈ। ਉੜੀਸਾ, ਆਸਾਮ, ਤ੍ਰਿਪੁਰਾ ਨੂੰ ਬਿਹਤਰ ਉਦਪਾਦਨ ਲਈ ਐਵਾਰਡ ਦਿੱਤੇ ਜਾਣਗੇ। ਛੱਤੀਸਗੜ ਨੂੰ ਝੋਨੇ ਲਈ, ਹਰਿਆਣਾ ਨੂੰ ਕਣਕ, ਮਹਾਂਰਾਸ਼ਟਰ ਤੇ ਰਾਜਸਥਾਨ ਨੂੰ ਦਾਲਾਂ, ਕਰਨਾਟਕ ਨੂੰ ਜਵਾਰ ਬਾਜਰੇ ਲਈ ਐਵਾਰਡ ਦਿੱਤੇ ਜਾਣਗੇ। ਖੇਤੀਬਾੜੀ ਮੰਤਰਾਲੇ ਦੀ ਸਕਰੀਨਿੰਗ ਕਮੇਟੀ ਨੇ 17 ਸੂਬਿਆਂ ਦੀ ਚੋਣ ਕੀਤੀ ਸੀ ਤੇ ਜਿਨ੍ਹਾਂ ਵਿਚੋਂ ਚੋਣ ਕਮੇਟੀ ਨੇ ਦਸ ਸੂਬਿਆਂ ਦੀ ਚੋਣ ਕੀਤੀ।

## ਸਰਬਜੀਤ ਦੀ ਭੈਣ ਵੱਲੋਂ ਜਾਂਚ ਟੀਮ ਭਾਰਤ ਭੇਜਣ ਦੀ ਅਪੀਲ

**ਲਾਹੌਰ:** ਪਾਕਿਸਤਾਨ 'ਚ ਬੰਬ ਹਮਲਿਆਂ ਦੇ ਇਕ ਕੇਸ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਨੇ ਪਾਕਿਸਤਾਨ ਸਰਕਾਰ ਨੂੰ ਇਸ ਕੇਸ ਦੀ ਨਵੇਂ ਸਿਰਿਓਂ ਜਾਂਚ ਲਈ ਵਿਸ਼ੇਸ਼ ਟੀਮ ਭਾਰਤ ਭੇਜਣ ਦੀ ਬੇਨਤੀ ਕੀਤੀ ਹੈ।



ਬੀਬੀ ਦਲਬੀਰ ਕੌਰ ਨੇ ਕਿਹਾ ਕਿ ਉਸ ਦਾ ਭਰਾ ਬੇਕਸੂਰ ਹੈ ਤੇ ਜਾਂਚ ਟੀਮ ਪਾਕਿਸਤਾਨ ਤੇ ਭਾਰਤ 'ਚੋਂ ਤੱਥਾਂ ਦਾ ਪਤਾ ਕਰ ਸਕਦੀ ਹੈ। ਉਸ ਨੇ ਕਿਹਾ ਭਾਰਤ ਵਿਚਲੇ ਮੇਰੇ ਪਿੰਡ ਦਾ ਹਰ ਬਾਸ਼ਿੰਦਾ ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਪਾਕਿਸਤਾਨ ਵਿਚ ਬੰਬ ਧਮਾਕੇ ਕਰਨ ਦੇ ਅਸਲ ਦੋਸ਼ੀ ਮਨਜੀਤ ਸਿੰਘ ਨੂੰ ਭਾਰਤ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦਲਬੀਰ ਕੌਰ ਜੋ ਆਪਣੇ ਭਰਾ ਦੀ ਰਿਹਾਈ ਲਈ ਪਾਕਿਸਤਾਨੀ ਆਗੂਆਂ 'ਤੇ ਜ਼ੋਰ ਪਾਉਣ ਲਈ 6 ਜੂਨ ਨੂੰ ਪਾਕਿਸਤਾਨ ਆਈ ਸੀ, ਪਿਛਲੇ ਮਹੀਨੇ ਕੋਟ ਲਖਪਤ ਜੇਲ੍ਹ 'ਚ ਆਪਣੇ ਭਰਾ ਨੂੰ ਮਿਲੀ ਸੀ।

ਉਸ ਨੇ ਕਿਹਾ ਕਿ ਉਹ ਇਸ ਉਮੀਦ ਨਾਲ ਵਾਪਸ ਜਾ ਰਹੀ ਹੈ ਕਿ ਪਾਕਿਸਤਾਨ ਸਰਕਾਰ ਛੇਤੀ ਹੀ ਮੇਰੇ ਭਰਾ ਨੂੰ ਰਿਹਾਅ ਕਰੇਗੀ। ਕਿਰਪਾ ਕਰਕੇ ਮਾਨਵੀ ਆਧਾਰ 'ਤੇ ਜਾਂ ਫਿਰ ਇਸ ਕੇਸ ਦੀ ਨਵੇਂ ਸਿਰੇ ਤੋਂ ਜਾਂਚ ਕਰਵਾ ਕੇ ਸਰਬਜੀਤ ਨੂੰ ਰਿਹਾਅ ਕੀਤਾ ਜਾਵੇ। ਉਸ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਜੇਲ੍ਹਾਂ 'ਚ ਬੰਦ ਇਕ ਦੂਜੇ ਦੇ ਕੈਦੀ ਸਦਭਾਵਨਾ ਦੇ ਤੌਰ 'ਤੇ ਛੱਡ ਦਿੱਤੇ ਜਾਣ। ਪਾਕਿਸਤਾਨੀਆਂ ਦੀ ਮਹਿਮਾਨ ਨਵਾਜ਼ੀ ਦੀ ਦਾਦ ਦਿੰਦਿਆਂ ਦਲਬੀਰ ਕੌਰ ਨੇ ਕਿਹਾ ਕਿ"ਲਾਹੌਰ 'ਚ ਮੈਨੂੰ ਆਪਣੇ ਘਰ ਵਰਗਾ ਮਾਹੌਲ ਲੱਗਿਆ ਤੇ ਇੱਥੋਂ ਦੇ ਲੋਕਾਂ ਨੇ ਮੈਨੂੰ ਆਪਣੀ ਭੈਣ ਸਮਝਿਆ। ਆਪਣੀ ਠਹਿਰ ਦੌਰਾਨ ਦਲਬੀਰ ਕੌਰ ਹਜ਼ਰਤ ਅਲੀ ਹਜਵੇਰੀ ਤੇ ਹਜ਼ਰਤ ਮੀਆਂ ਮੀਰ ਦੀਆਂ ਦਰਗਾਹਾਂ 'ਤੇ ਗਈ ਜਿੱਥੇ ਉਸ ਨੇ ਆਪਣੇ ਭਰਾ ਦੀ ਰਿਹਾਈ ਦੀ ਮੰਨਤ ਮੰਗੀ।

ਉਸ ਨੇ ਵੀਜ਼ਾ ਦੁਆਉਣ ਵਿਚ ਮਦਦ ਕਰਨ ਵਾਲੇ ਪਾਕਿਸਤਾਨੀਆਂ ਦੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਅਨਸਾਰ ਬਰਨੀ ਦਾ ਧੰਨਵਾਦ ਕੀਤਾ। ਉਸ ਨੇ ਸੋਮਾਲੀ ਧਾੜਵੀਆਂ ਤੋਂ ਛੇ ਭਾਰਤੀ ਜਹਾਜ਼ੀਆਂ ਨੂੰ ਰਿਹਾਅ ਕਰਾਉਣ 'ਚ ਵੀ ਬਰਨੀ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਸ ਨੇ ਪਾਕਿਸਤਾਨ ਦੀ ਨਿਆਂ ਪਾਲਿਕਾ ਦਾ ਵੀ ਧੰਨਵਾਦ ਕੀਤਾ ਜਿਸ ਨੇ ਉਸ ਨੂੰ ਉਸ ਦੇ ਭਰਾ ਨਾਲ ਮਿਲਣ ਦੀ ਆਗਿਆ ਦਿੱਤੀ। ਜੇਲ੍ਹ ਅਧਿਕਾਰੀਆਂ ਨੇ ਪਹਿਲਾਂ ਉਸ ਨੂੰ ਸਰਬਜੀਤ ਸਿੰਘ ਨਾਲ ਮੁਲਾਕਾਤ ਕਰਾਉਣ ਤੋਂ ਨਾ ਕਰ ਦਿੱਤੀ ਸੀ।

1990 ਵਿਚ ਹੋਏ ਚਾਰ ਬੰਬ ਧਮਾਕਿਆਂ ਵਿਚ 14 ਲੋਕ ਮਾਰੇ ਗਏ ਸਨ ਤੇ ਇਸ ਕੇਸ ਵਿਚ ਸਰਬਜੀਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਲਾਹੌਰ ਹਾਈ ਕੋਰਟ ਤੇ ਸੁਪਰੀਮ ਕੋਰਟ ਵੱਲੋਂ ਫੈਸਲੇ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ ਪਰ ਪਰਿਵਾਰ ਦਾ ਕਹਿਣਾ ਹੈ ਕਿ ਸਰਬਜੀਤ ਨੂੰ ਕੇਸ ਵਿਚ ਗਲਤ ਫਸਾਇਆ ਗਿਆ। ਸਰਬਜੀਤ ਸਿੰਘ ਦੇ ਵਕੀਲ ਅਵੈਸ ਸ਼ੇਖ ਨੇ ਕਿਹਾ ਕਿ ਉਸ ਨੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੀ ਅਪੀਲ ਕੀਤੀ ਹੈ। ਸਰਬਜੀਤ ਪਹਿਲਾਂ ਹੀ 21 ਸਾਲਾਂ ਦੀ ਕੈਦ ਭੁਗਤ ਚੁੱਕਿਆ। ਉਸ ਨੇ ਕਿਹਾ ਕਿ ਸਰਬਜੀਤ ਦੀ ਰਿਹਾਈ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ 'ਤੇ ਸੁਖਾਵਾਂ ਅਸਰ ਪਵੇਗਾ।

# ਕੇਬਲ ਨੈਟਵਰਕ ਤੋਂ ਬਾਦਲਾਂ ਦੀ ਇਜਾਰੇਦਾਰੀ ਤੋੜਨ ਲਈ ਹੱਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਕੇਬਲ ਨੈੱਟਵਰਕ 'ਤੇ ਬਾਦਲਾਂ ਦੀ ਸਰਪ੍ਰਸਤੀ ਵਾਲੇ ਧੜੇ ਦੀ ਅਜ਼ਾਰੇਦਾਰੀ ਨੂੰ ਤੋੜਣ ਲਈ ਮੁਹਿੰਮ ਸ਼ੁਰੂ ਹੋ ਗਈ ਹੈ। ਪੰਜਾਬ 'ਚ ਬਾਦਲਾਂ ਦੇ ਨੈੱਟਵਰਕ 'ਫਾਸਟਵੇਅ' ਦੇ ਮੁਕਾਬਲੇ ਨਵਾਂ ਨੈੱਟਵਰਕ 'ਗੁਰੂ ਗੋਬਿੰਦ ਸਿੰਘ ਕੇਬਲ ਨੈੱਟਵਰਕ' (ਜੀ.ਜੀ.ਐਸ. ਕੇਬਲ ਨੈੱਟਵਰਕ) ਕਾਇਮ ਕੀਤਾ ਗਿਆ ਹੈ। ਇਸ ਨਵੇਂ ਨੈਟਵਰਕ ਦੀ ਸ਼ੁਰੂਆਤ ਜੁਲਾਈ ਤੋਂ ਹੀ ਹੋਣ ਜਾ ਰਹੀ ਹੈ। ਸ਼ੁਰੂਆਤੀ ਦੌਰ ਵਿਚ ਨਵੇਂ ਨੈੱਟਵਰਕ ਵੱਲੋਂ ਸੂਬੇ ਦੇ ਉਨ੍ਹਾਂ ਇਲਾਕਿਆਂ ਵਿਚ ਆਪਣਾ ਜਾਲ ਵਿਛਾਇਆ ਜਾ ਰਿਹਾ ਹੈ ਜਿੱਥੇ ਫਾਸਟਵੇਅ ਦਾ ਨੈੱਟਵਰਕ ਇਸ ਸਮੇਂ ਨਹੀਂ ਚੱਲ ਰਿਹਾ। ਇਸ ਨੈੱਟਵਰਕ ਵੱਲੋਂ '7 ਸਟਾਰ' ਨਾਮੀ ਟੈਲੀਵਿਜ਼ਨ ਚੈਨਲ ਵੀ ਚਲਾਇਆ ਜਾਣਾ ਹੈ।।



ਸੂਤਰਾਂ ਅਨੁਸਾਰ ਇਸ ਨਵੇਂ ਨੈੱਟਵਰਕ ਨੂੰ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਪ੍ਰਭਾਵਸ਼ਾਲੀ ਕਾਂਗਰਸੀ ਵਿਧਾਇਕ ਦਾ ਥਾਪੜਾ ਹੈ। ਜੀ.ਜੀ.ਐਸ. ਨੈੱਟਵਰਕ ਵੱਲੋਂ ਬੀ.ਐਸ. ਐਨ.ਐਲ. ਨਾਲ ਸਮਝੌਤਾ ਕੀਤਾ ਜਾ ਚੁੱਕਾ ਹੈ।। ਪੰਜਾਬ ਵਿਚ 'ਫਾਸਟਵੇਅ' ਅਧੀਨ ਕੇਬਲ ਟੀ.ਵੀ. ਦਾ 60 ਫੀਸਦੀ ਕਾਰੋਬਾਰ ਮੰਨਿਆ ਜਾ ਰਿਹਾ ਹੈ। ਚੈਨਲ '7 ਸਟਾਰ' ਦੇ ਪ੍ਰਬੰਧਕ ਕੈਪਟਨ ਅਮਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਪਲਟਨ ਵਿਚ ਜ਼ਰੂਰ ਰਹੇ ਹਨ ਪਰ ਚੈਨਲ ਵੱਲੋਂ ਪੂਰੀ ਨਿਰਪੱਖਤਾ ਨਾਲ ਸਾਰੀਆਂ ਸਿਆਸੀ ਧਿਰਾਂ ਤੇ ਸਰਕਾਰ ਦੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾਇਆ ਕਰਨਗੀਆਂ। ਨੈੱਟਵਰਕ ਨਾਲ ਜੁੜੇ ਇਕ ਹੋਰ ਵਿਅਕਤੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੇ ਮਦਦ ਦਾ ਭਰੋਸਾ ਦਿੱਤਾ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਜਿਸ ਤਰ੍ਹਾਂ ਪਿਛਲੇ ਸਾਢੇ ਚਾਰ ਸਾਲ ਤੋਂ ਅਕਾਲੀਆਂ ਨੇ ਕੇਬਲ 'ਤੇ ਕਬਜ਼ਾ ਕਰਕੇ ਮੀਡੀਆ ਨੂੰ ਕੰਟਰੋਲ ਕੀਤਾ ਹੈ, ਉਸ ਨੂੰ ਦੇਖਦਿਆਂ ਵਿਚਾਰ ਹੈ ਕਿ ਜਾਂ ਤਾਂ ਮੀਡੀਆ ਬਿਲਕੁਲ ਆਜ਼ਾਦ ਹੋਵੇ ਜਾਂ ਫਿਰ ਸਾਡਾ ਕੋਈ ਨੈੱਟਵਰਕ ਹੋਵੇ। ਮੇਰੇ ਕੋਲ ਕੁਝ ਵਿਅਕਤੀ ਆਏ ਵੀ ਸਨ ਜਿਨ੍ਹਾਂ ਅਕਾਲੀਆਂ ਦੀ ਧੱਕੇਸ਼ਾਹੀ ਦਾ ਜ਼ਿਕਰ ਕੀਤਾ ਸੀ ਪਰ ਕਾਂਗਰਸ ਵੱਲੋਂ ਫਿਲਹਾਲ ਕਿਸੇ ਵਿਅਕਤੀ ਨੂੰ ਨੈੱਟਵਰਕ ਚਲਾਉਣ ਲਈ ਮਦਦ ਨਹੀਂ ਦਿੱਤੀ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ ਪਿਛਲੀ ਕਾਂਗਰਸ ਸਰਕਾਰ ਸਮੇਂ ਇਕ ਪੰਜਾਬੀ ਚੈਨਲ ਵੱਲੋਂ ਮੁੱਖ ਤੌਰ 'ਤੇ ਹਾਕਮ ਧਿਰ ਦਾ ਹੀ ਗੁਣਗਾਣ ਕੀਤਾ ਜਾਂਦਾ ਸੀ। ਅਕਾਲੀ-ਭਾਜਪਾ ਸਰਕਾਰ ਬਣਨ ਮਗਰੋਂ ਉਹ ਚੈਨਲ ਬੰਦ ਹੋ ਗਿਆ ਪਰ ਅਸਿੱਧੇ ਤੌਰ 'ਤੇ ਕੇਬਲ ਟੀ.ਵੀ. 'ਤੇ ਕੁਝ ਬੰਦਿਆਂ ਦੀ ਹੀ ਅਜ਼ਾਰੇਦਾਰੀ ਕਾਇਮ ਹੋ ਗਈ। ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕਈ ਚੈਨਲਾਂ ਜਿਨ੍ਹਾਂ ਵਿਚ ਜ਼ੀ ਗਰੁੱਪ ਦਾ ਚੈਨਲ ਵੀ ਸ਼ਾਮਲ ਹੈ, ਨੂੰ ਕੇਬਲ ਤੋਂ ਲਾਂਭੇ ਕਰਨ ਦਾ ਵਿਵਾਦ ਵੀ ਚੱਲਦਾ ਰਿਹਾ ਹੈ।

ਪ੍ਰਸ਼ਾਸਨ ਦੀ ਸ਼ਹਿ ਨਾਲ ਪਟਿਆਲਾ ਸਮੇਤ ਕਈ ਸ਼ਹਿਰਾਂ ਵਿਚ ਰਾਤੋ-ਰਾਤ ਕੇਬਲ ਅਪਰੇਟਰ ਬਦਲ ਗਏ ਸਨ। ਇਸ ਕਰਕੇ ਕਾਂਗਰਸ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਕੇਬਲ ਟੀ.ਵੀ. 'ਤੇ ਅਸਿੱਧੇ ਢੰਗ ਨਾਲ ਕੰਟਰੋਲ ਕਰਨ ਦੇ ਦੋਸ਼ ਲਾਏ ਗਏ ਸਨ। ਇਹ ਦੋਸ਼ ਸਰਕਾਰ ਤੋਂ ਲਾਂਭੇ ਹੋਣ ਤੋਂ ਬਾਅਦ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਲਾਏ ਸਨ। ਇੱਥੋਂ ਤੱਕ ਕਿ ਡੇਅ ਐਂਡ ਨਾਈਟ ਚੈਨਲ ਦੇ ਸੰਪਾਦਕ ਕੰਵਰ ਸੰਧੂ ਨੇ ਵੀ ਸਰਕਾਰ 'ਤੇ ਕੇਬਲ ਨੈੱਟਵਰਕ ਨੂੰ ਕੰਟਰੋਲ ਕਰਨ ਦੇ ਦੋਸ਼ ਲਾਏ ਸਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

# ਮਨਪ੍ਰੀਤ ਵੱਲੋਂ ਦਾਗ਼ੀ ਅਫ਼ਸਰਾਂ ਵਿਰੁਧ ਮੁਹਿੰਮ ਦੀ ਤਿਆਰੀ

**ਜਲੰਧਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਉਹ ਪੰਜਾਬ ਦੇ ਦਾਗੀ ਅਫਸਰਾਂ ਵਿਰੁੱਧ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕਰਨਗੇ। ਇੱਥੇ ਪਿੰਡ ਬੂਟਾਂ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਵਿਚ ਈਸਾਈ ਭਾਈਚਾਰੇ ਦੇ 15 ਪਾਦਰੀਆਂ ਨੇ ਵੀ ਸ਼ਿਰਕਤ ਕੀਤੀ। ਸ. ਬਾਦਲ ਨੇ ਕਿਹਾ ਕਿ ਪੰਜਾਬ 'ਚ ਬਹੁਤ ਸਾਰੀਆਂ ਥਾਵਾਂ 'ਤੇ ਅਜਿਹੇ ਦਾਗ਼ੀ ਅਫਸਰ ਵੀ ਤਾਇਨਾਤ ਕੀਤੇ ਗਏ ਹਨ ਜਿਨ੍ਹਾਂ ਨੂੰ ਅਦਾਲਤਾਂ ਨੇ ਦੋਸ਼ੀ ਕਰਾਰ ਦਿੱਤਾ ਹੋਇਆ ਹੈ ਪਰ ਫਿਰ ਵੀ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਇਨ੍ਹਾਂ ਅਫਸਰਾਂ ਨੂੰ ਅਹਿਮ ਅਹੁਦੇ ਦਿੱਤੇ ਗਏ ਹਨ।

ਇਸ ਬਾਰੇ ਮਨਪ੍ਰੀਤ ਬਾਦਲ ਨੇ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਨਾਂ ਲੈਂਦਿਆਂ ਉਸ ਨੂੰ ਅਦਾਲਤ ਵਿੱ ਖੜ੍ਹਾ ਕਰਨ ਦੀ ਚੁਣੌਤੀ ਦਿੱਤੀ। ਮਨਪ੍ਰੀਤ ਬਾਦਲ ਨੇ ਕਿਹਾ ਕਿ ਲੋਕਾਂ ਨਾਲ ਜ਼ਿਆਦਤੀਆਂ ਕਰਨ ਵਾਲੇ ਦਾਗੀ ਅਫਸਰਾਂ ਵਿਰੁੱਧ ਜਲਦੀ ਹੀ ਉਹ ਜਨਹਿਤ ਪਟੀਸ਼ਨ ਦਾਖਲ ਕਰਨ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਇਸ ਬਾਰੇ ਪੰਜਾਬ ਦੇ ਰਾਜਪਾਲ ਤੇ ਭਾਰਤ ਦੇ ਚੋਣ ਕਮਿਸ਼ਨਰ ਨੂੰ ਮਿਲਣਗੇ ਤੇ ਦਾਗ਼ੀ ਅਫਸਰਾਂ ਨੂੰ ਅਹਿਮ ਅਹੁਦਿਆਂ ਤੋਂ ਹਟਾਏ ਜਾਣ ਦੀ ਮੰਗ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇਹ ਦਾਗ਼ੀ ਅਫਸਰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸੱਤਾਧਾਰੀ ਧਿਰ ਦੇ ਹੱਕ ਵਿਚ ਭੁਗਤਣਗੇ।

ਮਨਪ੍ਰੀਤ ਬਾਦਲ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ ਰਾਜ ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਟੀਸ਼ਨ ਪਾਈ ਹੋਈ ਹੈ। ਇਸ ਪਟੀਸ਼ਨ ਵਿਚ ਵੀ ਉਨ੍ਹਾਂ ਨੇ ਸੁਖਬੀਰ ਨੂੰ ਧਿਰ ਬਣਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਉਸ ਨੂੰ ਪੱਕੀ ਸੂਚਨਾ ਮਿਲੀ ਹੈ ਕਿ ਮੌਜੂਦਾ ਡੀ.ਜੀ.ਪੀ. ਤੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਵਿਧਾਨ ਸਭਾ ਦੀਆਂ ਚੋਣਾਂ ਲੜਨ ਦੀਆਂ ਤਿਆਰੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਕਤ ਅਹੁਦਿਆਂ 'ਤੇ ਬੈਠੇ ਇਹ ਅਧਿਕਾਰੀ ਚੋਣਾਂ ਲੜਨ ਦੀ ਵਿਉਂਤਬੰਦੀ ਕਰ ਰਹੇ ਹਨ ਤਾਂ ਫਿਰ ਇਨ੍ਹਾਂ ਤੋਂ ਇਨਸਾਫ ਦੀ ਆਸ ਨਹੀਂ ਰੱਖੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਰਾਜ ਦੇ ਚੋਣ ਕਮਿਸ਼ਨ ਨਾਲ ਇਹ ਮਾਮਲਾ ਵਿਚਾਰ ਕਰ ਚੁੱਕੇ ਹਨ ਤੇ ਹੁਣ ਉਹ ਇਸ ਮਾਮਲੇ ਨੂੰ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਕੋਲ ਮਿਲ ਕੇ ਉਠਾਉਣਗੇ ਤੇ ਇਸ ਬਾਰੇ ਕਾਨੂੰਨ ਬਣਾਉਣ ਦੀ ਮੰਗ ਕਰਨਗੇ ਕਿ ਕਿਸੇ ਵੀ ਸਰਕਾਰੀ ਅਧਿਕਾਰੀ ਨੂੰ ਦੋ ਸਾਲ ਤੱਕ ਲੋਕਾਂ ਵਿਚ ਵਿਚਰਨ ਤੋਂ ਬਾਅਦ ਹੀ ਚੋਣ ਲੜਨ ਦਾ ਅਖਤਿਆਰ ਦਿੱਤਾ ਜਾਵੇ।

To Advertise with Punjab Times
Call: 847-359-0746
web:wwwpunjabtimesusa.com

ਰੇਡੀਓ ਚੜ੍ਹਦੀ ਕਲਾ ਸੁਣੋ
RADIO CHARDI KALA
ਹੁਣ ਦੁਨੀਆਂ ਭਰ ਵਿਚ www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ
> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City
DESI WORLD RADIO Pure Desi Entertainment
ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
Radio CK, PO Box 296, Fremont, CA 94537

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

Desi Cuts and Color Plus
For Men, Women & Children

Grand Opening
Ph:510-429-0786

Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 ( Behind Tacobell )

## Matrimonials

ਜੀਵਨ ਸਾਥੀ ਦੀ ਲੋੜ

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email-kds0083@gmail.com

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com



Business Opportunity
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
spkaurus@yahoo.co.in
www.shopherbalife.com/skaur

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪਾਣੀਆਂ ਦੀ ਦੋਹਰੀ ਮਾਰ

## ਪੰਜਾਬ ਸਰਕਾਰ ਫਿਰ ਹੱਥ ਮਲਦੀ ਰਹਿ ਗਈ

***ਹਰਿਆਣਾ ਦੀ ਸਰਕਾਰ ਵੱਲੋਂ ਹਾਂਸੀ-ਬੁਟਾਨਾ ਨਹਿਰ ਦੇ ਨਾਲ-ਨਾਲ ਕੰਧ ਕੱਢਣ ਨਾਲ ਪੰਜਾਬ ਅਤੇ ਹਰਿਆਣਾ ਵਿਚਕਾਰ ਰੇੜਕਾ ਫਿਰ ਭਖ਼ ਗਿਆ ਹੈ। ਪਹਿਲਾਂ ਤਾਂ ਇਹ ਨਹਿਰ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀ ਨੀਅਤ ਨਾਲ ਹੀ ਬਣਾਈ ਗਈ ਹੈ; ਦੂਜਾ, ਹੁਣ ਘੱਗਰ ਦਰਿਆ ਦੀ ਮਾਰ ਤੋਂ ਬਚਣ ਲਈ ਹਰਿਆਣਾ ਨੇ ਸੌਖਾ ਰਾਹ ਇਹ ਲੱਭਿਆ ਹੈ ਕਿ ਨਹਿਰ ਦੇ ਨਾਲ-ਨਾਲ ਪੱਕੀ ਕੰਧ ਉਸਾਰ ਕੇ ਪਾਣੀ ਦਾ ਮੁਹਾਣ ਪੰਜਾਬ ਵੱਲ ਕਰ ਦਿੱਤਾ ਗਿਆ ਹੈ। ਇਸ ਨਹਿਰ ਬਾਰੇ ਕੇਸ ਭਾਵੇਂ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹੈ ਪਰ ਹਰਿਆਣਾ ਨੇ ਚੁੱਪ-ਚੁਪੀਤੇ ਕੰਧ ਬਣਾ ਕੇ ਆਪਣੇ ਸੂਬੇ ਦੇ ਲੋਕਾਂ ਦੀ ਹੜ੍ਹਾਂ ਤੋਂ ਹਿਫਾਜ਼ਤ ਕਰ ਲਈ ਹੈ ਅਤੇ ਪੰਜਾਬ ਦੀ ਬਾਦਲ ਸਰਕਾਰ ਬੱਸ ਦੇਖਦੀ ਹੀ ਰਹਿ ਗਈ ਹੈ। ਨਤੀਜਨ, ਮੌਨਸੂਨ ਦੇ ਪਲੇਠੇ ਮੀਂਹ ਨਾਲ ਹੀ ਪਿੰਡਾਂ ਅਤੇ ਖੇਤਾਂ ਵਿਚ ਪਾਣੀ ਭਰ ਗਿਆ। ਮੌਸਮ ਮਹਿਕਮੇ ਨੇ ਐਤਕੀਂ ਭਰਵੀਂ ਮੌਨਸੂਨ ਦੀ ਪੇਸ਼ੀਨਗੋਈ ਕੀਤੀ ਹੋਈ ਹੈ,ਜਿਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਲੋਕ ਲਈ ਮੁਸੀਬਤਾਂ ਦੇ ਪਹਾੜ ਡਿੱਗਣ ਵਾਲੇ ਹਨ।***



*ਹਰਿਆਣਾ ਦੀ ਸਰਕਾਰ ਵੱਲੋਂ ਨਹਿਰ ਦੇ ਨਾਲ-ਨਾਲ ਉਸਾਰੀ ਜਾ ਰਹੀ ਕੰਧ*

## ਪੰਜਾਬ ਨੂੰ ਡਬੋਣ ਲਈ ਹਰਿਆਣਾ ਨੇ ਕੰਧ ਕੱਢੀ

**ਚੰਡੀਗੜ੍ਹ:** ਹਰਿਆਣਾ ਵੱਲੋਂ ਹਾਂਸੀ-ਬੁਟਾਣਾ ਨਹਿਰ ਦੇ ਨਾਲ-ਨਾਲ ਤੇਜ਼ੀ ਨਾਲ ਉਸਾਰੀ ਜਾ ਰਹੀ 3.75 ਕਿਲੋਮੀਟਰ ਲੰਮੀ ਪੱਕੀ ਕੰਧ ਪੰਜਾਬ ਤੇ ਹਰਿਆਣਾ ਦੇ ਰਿਸ਼ਤਿਆਂ ਵਿਚਾਲੇ ਵੀ ਦੀਵਾਰ ਬਣ ਗਈ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਜਿੱਥੇ ਇਸ ਮੁੱਦੇ ਨੂੰ ਲੈ ਕੇ ਹਰਿਆਣਾ ਸਰਕਾਰ 'ਤੇ ਦੋਸ਼ ਲਾ ਰਹੀ ਹੈ, ਉੱਥੇ ਹਰਿਆਣਾ ਦਾ ਕਹਿਣਾ ਹੈ ਕਿ ਪੰਜਾਬ ਦੀਆਂ ਸੱਤਾਧਾਰੀ ਪਾਰਟੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਕੰਧ ਦੇ ਮੁੱਦੇ 'ਤੇ ਸਿਆਸਤ ਕਰਕੇ ਲਾਹਾ ਲੈਣਾ ਚਹੁੰਦੀਆਂ ਹਨ।

ਘੱਗਰ ਪਿਛਲੇ ਕਈ ਦਹਾਕਿਆਂ ਤੋਂ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਨੂੰ ਘੇਰਦਾ ਆ ਰਿਹਾ ਹੈ। ਪੰਜਾਬ ਨਹਿਰੀ ਵਿਭਾਗ ਦਾ ਕਹਿਣਾ ਹੈ ਕਿ ਜੇਕਰ ਹਾਂਸੀ-ਬੁਟਾਣਾ ਨਹਿਰ ਦੇ ਨਾਲ ਕੰਧ ਖੜ੍ਹੀ ਹੋ ਗਈ ਤਾਂ ਇਹ ਸਮੱਸਿਆ ਹੋਰ ਗੰਭੀਰ ਹੋ ਜਾਵੇਗੀ। ਪੰਜਾਬ ਸਿੰਜਾਈ ਵਿਭਾਗ ਮੁਤਾਬਕ ਪਿਛਲੇ ਸਾਲ ਪਟਿਆਲਾ ਜ਼ਿਲ੍ਹੇ ਵਿਚ ਆਏ ਹੜ੍ਹਾਂ ਲਈ ਹਾਂਸੀ-ਬੁਟਾਣਾ ਨਹਿਰ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ।



*ਪਟਿਆਲਾ ਜ਼ਿਲ੍ਹੇ ਦੇ ਇਕ ਪਿੰਡ ਪਈ ਪਾਣੀ ਦੀ ਮਾਰ ਦਾ ਦ੍ਰਿਸ਼।*

ਪੰਜਾਬ ਸਿੰਜਾਈ ਵਿਭਾਗ ਦੇ ਮੁੱਖ ਇੰਜੀਨੀਅਰ ਏ.ਐਸ. ਦੂਲਟ ਦਾ ਕਹਿਣਾ ਹੈ ਕਿ ਹਰਿਆਣਾ ਵੱਲੋਂ ਹਾਂਸੀ-ਬੁਟਾਣਾ ਨਹਿਰ ਦੇ ਨਾਲ ਕੰਧ ਖੜ੍ਹੀ ਕਰਨਾ ਬਿਲਕੁਲ ਗ਼ਲਤ ਹੈ। ਇਸ ਨਾਲ ਪੰਜਾਬ ਦੇ ਪਿੰਡਾਂ ਵਿਚ ਹੜ੍ਹਾਂ ਦਾ ਖ਼ਤਰਾ ਤੇ ਉਸ ਦੀ ਮਾਰ ਵਧ ਜਾਵੇਗੀ। ਪੰਜਾਬ ਨਹਿਰੀ ਵਿਭਾਗ ਦੇ ਸੁਪਰਡੈਂਟ ਇੰਜੀਨੀਅਰ ਪਰਮਿੰਦਰ ਸਿੰਘ ਭੋਗਲ ਦਾ ਕਹਿਣਾ ਹੈ ਕਿ ਹਰਿਆਣਾ ਆਪਣੇ ਪਿੰਡਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਇਸ ਨਹਿਰ ਦੇ ਨਾਲ ਕੰਧ ਖੜ੍ਹੀ ਕਰ ਰਿਹਾ ਹੈ। ਉਹ ਇਹ ਕਰਦਾ ਭੁੱਲ ਗਿਆ ਕਿ ਇਸ ਨਾਲ ਪੰਜਾਬ ਦੇ ਪਿੰਡ ਹੜ੍ਹਾਂ ਵਿਚ ਡੁੱਬ ਜਾਣਗੇ। ਹੜ੍ਹ ਆਉਣ 'ਤੇ ਪਟਿਆਲਾ ਦੇ 44 ਪਿੰਡਾਂ ਦੀ 84000 ਏਕੜ ਫਸਲ ਤਬਾਹ ਹੋ ਜਾਵੇਗੀ।

ਹਰ ਸਾਲ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਤੇ ਪੇਂਡੂਆਂ ਨੂੰ ਇਸ ਕੰਮ ਨੇ ਐਨਾ ਖ਼ੌਫ਼ਜ਼ਦਾ ਕਰ ਦਿੱਤਾ ਹੈ ਕਿ ਉਹ ਆਪਣੇ ਜੱਦੀ ਘਰਾਂ ਨੂੰ ਛੱਡ ਕੇ ਹੋਰ ਥਾਵਾਂ 'ਤੇ ਜਾਣ ਬਾਰੇ ਸੋਚਣ ਲੱਗ ਪਏ ਹਨ। ਪਿੰਡ ਧਰਮਹੇੜੀ ਦੇ ਜਸਵੰਤ ਸਿੰਘ ਨੇ ਦੱਸਿਆ ਕਿ ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਕਾਰਨ ਪਿਛਲੇ ਸਾਲ ਪਿੰਡਾਂ ਵਿਚ ਹੜ੍ਹਾਂ ਦੌਰਾਨ 6 ਫੁੱਟ ਤੱਕ ਪਾਣੀ ਆ ਗਿਆ ਸੀ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਇਸ ਬਾਰੇ ਰੌਲਾ ਤਾਂ ਕਾਫੀ ਪਾ ਰਹੀਆਂ ਹਨ ਪਰ ਕਰ ਕੁਝ ਨਹੀਂ ਰਹੀਆਂ। ਅਜਿਹੇ ਹੀ ਕੁਝ ਵਿਚਾਰ ਹੋਰ ਪਿੰਡਾਂ ਵਾਲਿਆਂ ਦੇ ਵੀ ਹਨ। ਇਸ ਸਾਰੇ ਮਾਮਲੇ ਵਿਚ ਖਾਂਬੜਾ ਪਿੰਡ ਵਾਲਿਆਂ ਦੀ ਹਾਲਤ ਸਭ ਤੋਂ ਖ਼ਰਾਬ ਹੈ। ਇਹ ਪਿੰਡ ਹੈ ਤਾਂ ਹਰਿਆਣਾ ਦਾ ਪਰ ਪੈਂਦਾ ਪੰਜਾਬ ਵਾਲੇ ਪਾਸੇ ਹੈ। ਹੜ੍ਹਾਂ ਵਿਚ ਇਸ ਪਿੰਡ ਦੀ ਵੀ ਹਾਲਤ ਬੜੀ ਤਰਸਯੋਗ ਸੀ। ਪਿੰਡ ਦੇ ਦਵਿੰਦਰ ਸਿੰਘ ਮੁਤਾਬਕ ਹਾਂਸੀ-ਬੁਟਾਣਾ ਨਹਿਰ ਪਿੰਡ ਲਈ ਪਰਲੋ ਤੋਂ ਘੱਟ ਨਹੀਂ ਹੈ।

## ਬਾਦਲ ਵੱਲੋਂ ਉਸਾਰੀ ਬੰਦ ਕਰਾਉਣ ਲਈ ਦਬਾਅ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਕਿਹਾ ਹੈ ਕਿ ਹਾਂਸੀ-ਬੁਟਾਣਾ ਨਹਿਰ ਦੇ ਖੱਬੇ ਪਾਸੇ ਉਸਾਰੀ ਜਾ ਰਹੀ ਕੰਕਰੀਟ ਦੀ ਪੱਕੀ ਦੀਵਾਰ ਦਾ ਕੰਮ ਤੁਰਤ ਬੰਦ ਕਰਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਸ. ਬਾਦਲ ਨੇ ਸ੍ਰੀ ਹੁੱਡਾ ਦੇ ਉਸ ਬਿਆਨ ਦਾ ਵੀ ਨੋਟਿਸ ਲਿਆ ਜਿਸ ਵਿਚ ਸ੍ਰੀ ਹੁੱਡਾ ਨੇ ਕਿਹਾ ਸੀ ਕਿ ਸ. ਬਾਦਲ ਦਾ ਉਨ੍ਹਾਂ ਨੂੰ ਕੋਈ ਪੱਤਰ ਨਹੀਂ ਮਿਲਿਆ। ਸ. ਬਾਦਲ ਨੇ ਕਿਹਾ ਕਿ 18 ਮਈ ਨੂੰ ਉਨ੍ਹਾਂ ਨੇ ਪੱਤਰ ਲਿਖਿਆ ਤੇ ਹਰਿਆਣਾ ਦੇ ਮੁੱਖ ਮੰਤਰੀ ਨੇ ਦੋ ਜੂਨ ਨੂੰ ਇਸ ਦਾ ਜਵਾਬ ਵੀ ਭੇਜਿਆ ਹੈ। ਹਰਿਆਣਾ ਸਰਕਾਰ ਨੇ ਸੁਪਰੀਮ ਕੋਰਟ ਵਿਚ ਜੋ ਆਪਣਾ ਜਵਾਬ ਦਾਖ਼ਲ ਕੀਤਾ ਹੈ, ਉਸ ਵਿਚ ਵਿਸ਼ੇਸ਼ ਤੌਰ 'ਤੇ ਸ. ਬਾਦਲ ਦੇ ਪੱਤਰ ਦਾ ਵੀ ਜ਼ਿਕਰ ਹੈ। ਪੰਜਾਬ ਸਰਕਾਰ ਵਲੋਂ ਹਾਂਸੀ-ਬੁਟਾਣਾ ਨਹਿਰ ਦੇ ਨਾਲ-ਨਾਲ ਬਣਾਈ ਜਾ ਰਹੀ ਕੰਕਰੀਟ ਦੀ ਦੀਵਾਰ ਨੂੰ ਰੁਕਵਾਉਣ ਲਈ 6 ਜੂਨ ਨੂੰ ਕੇਸ ਵੀ ਪਾਇਆ ਗਿਆ। ਸੁਪਰੀਮ ਕੋਰਟ ਨੇ ਹਰਿਆਣਾ ਨੂੰ ਨੋਟਿਸ ਜਾਰੀ ਕੀਤਾ ਸੀ ਤੇ ਹਰਿਆਣਾ ਨੇ ਆਪਣਾ ਜਵਾਬ ਦਾਖ਼ਲ ਕਰ ਦਿੱਤਾ ਹੈ।

## *ਚਿੱਠੀਆਂ ਲਿਖਣ ਨਾਲ ਹੀ ਕੰਮ ਨਹੀਂ ਸਰਨਾ: ਕੈਪਟਨ*



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਘੱਗਰ ਕੰਧ ਦੇ ਮਾਮਲੇ ਵਿਚ ਮਹਿਜ਼ ਚਿੱਠੀ ਲਿਖ ਕੇ ਸਮਾਂ ਵਿਅਰਥ ਕਰਨ ਦੀ ਥਾਂ ਇਸ ਮਾਮਲੇ ਵਿਚ ਇਕਟੁੱਕ ਕਾਰਵਾਈ ਕਰਨ ਦੀ ਸਲਾਹ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇਹ ਕੋਈ ਸਧਾਰਨ ਮਸਲਾ ਨਹੀਂ ਹੈ ਤੇ ਇਸ ਮੁੱਦੇ ਨਾਲ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਤੇ ਸੈਂਕੜੇ ਏਕੜ ਜ਼ਮੀਨ ਜੁੜੀ ਹੈ। ਇਸ ਲਈ ਇਹ ਮਸਲਾ ਚਿੱਠੀਆਂ-ਪੱਤਰਾਂ ਤੱਕ ਸੀਮਤ ਰੱਖਣਾ ਵਾਜਬ ਨਹੀਂ ਹੈ। ਕੈਪਟਨ ਨੇ ਸ. ਬਾਦਲ ਨੂੰ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਆਪਣੇ ਪਾਸੇ ਘੱਗਰ ਦਰਿਆ ਦੇ ਨਾਲ ਤੇਜ਼ੀ ਨਾਲ ਬਣਾਈ ਜਾ ਰਹੀ ਪੱਕੀ ਕੰਧ ਦੇ ਕੰਮ ਨੂੰ ਰੁਕਵਾਉਣ ਲਈ ਤੁਰੰਤ ਪੰਜਾਬ-ਹਰਿਆਣਾ ਹਾਈ ਕੋਰਟ ਦਾ ਕੁੰਡਾ ਖੜਕਾ ਕੇ ਸਿੱਧੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਹਰਿਆਣਾ ਸਰਕਾਰ ਵੱਲੋਂ ਇਸ ਕੰਧ ਦੀ ਉਸਾਰੀ ਆਪਣੇ ਖੇਤਰ ਨੂੰ ਘੱਗਰ ਦਰਿਆ ਦੇ ਹੜ੍ਹਾਂ ਤੋਂ ਬਚਾਉਣ ਲਈ ਕੀਤੀ ਜਾ ਰਹੀ ਹੈ।

## ਸਿਆਸਤਦਾਨਾਂ ਵੱਲੋਂ ਪੰਜਾਬ ਨਾਲ ਧਰੋਹ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਸਿੱਧੂਪੁਰ) ਨੇ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ-ਪੱਤਰ ਦੇ ਕੇ ਦੋਸ਼ ਲਾਇਆ ਹੈ ਕਿ ਰਾਜ ਦੀਆਂ ਹੁਕਮਰਾਨ ਰਹੀਆਂ ਸਿਆਸੀ ਪਾਰਟੀਆਂ ਨੇ ਦਰਿਆਈ ਪਾਣੀਆਂ ਦੇ ਮੁੱਦੇ ਉਤੇ ਆਪਣੇ ਸਿਆਸੀ ਤੇ ਨਿੱਜੀ ਹਿਤਾਂ ਖ਼ਾਤਰ ਪੰਜਾਬ ਦੀ ਬਲੀ ਦਿੱਤੀ ਹੈ। ਕਿਸੇ ਵੀ ਹੁਕਮਰਾਨ ਸਿਆਸੀ ਪਾਰਟੀ ਨੇ ਵਿਧਾਨ ਵਿਚ ਮਿਲੇ ਅਧਿਕਾਰਾਂ ਦੀ ਵਰਤੋਂ ਨਾ ਕੀਤੀ ਤੇ ਇਸ ਦੇ ਉਲਟ ਸਿਆਸੀ ਸਮਝੌਤੇ ਕਰ ਕੇ ਪੰਜਾਬ ਦੇ ਭਵਿੱਖ ਨਾਲ ਖਿਲਵਾੜ ਕੀਤਾ। ਯੂਨੀਅਨ ਵੱਲੋਂ ਰਾਜਪਾਲ ਨੂੰ ਭੇਜੇ ਗਏ ਮੰਗ ਪੱਤਰ 'ਚ ਉਠਾਏ ਗਏ ਹਰ ਮੁੱਦੇ ਦਾ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ ਹੈ ਤੇ ਇਹ ਵੀ ਪੁੱਛਿਆ ਹੈ ਉਨ੍ਹਾਂ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ ਉਤੇ ਵਿਧਾਨ ਵਿਚ ਮਿਲੇ ਅਧਿਕਾਰਾਂ ਦੀ ਵਰਤੋਂ ਕਿਉਂ ਨਾ ਕੀਤੀ ਤੇ ਪੰਜਾਬ ਦੇ ਪਾਣੀਆਂ ਦੀ ਕੁਰਬਾਨੀ ਦੇ ਕੇ ਰਾਜ ਦੇ ਕਿਸਾਨਾਂ ਨਾਲ ਧਰੋਹ ਕਿਉਂ ਕਮਾਇਆ?

ਕਿਸਾਨ ਯੂਨੀਅਨ ਨੇ ਕਿਹਾ ਕਿ ਉਹ ਰਾਜਪਾਲ ਨੂੰ ਮੰਗ ਪੱਤਰ ਇਸ ਲਈ ਭੇਜ ਰਹੇ ਹਨ ਕਿਉਂਕਿ ਉਹ ਕੇਂਦਰ ਸਰਕਾਰ ਦੇ ਨੁਮਾਇੰਦੇ ਹਨ ਤੇ ਰਾਜ ਸਰਕਾਰ ਤੋਂ ਅਸਲੀ ਤਸਵੀਰ ਲੈ ਕੇ ਕੇਂਦਰ ਸਰਕਾਰ ਤਕ ਕਿਸਾਨਾਂ ਦੀ ਆਵਾਜ਼ ਪਹੁੰਚਾ ਸਕਦੇ ਹਨ। ਕਿਸਾਨ ਯੂਨੀਅਨ ਨੇ ਕਈ ਵਿਧਾਨਕ ਤੱਥ ਮੰਗ ਪੱਤਰ ਵਿਚ ਸਾਹਮਣੇ ਰੱਖੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦੁਨੀਆ ਭਰ ਵਿਚ ਰਾਇਪੇਰੀਅਨ ਸਿਧਾਂਤ ਅਨੁਸਾਰ ਦਰਿਆਈ ਪਾਣੀਆਂ ਦਾ ਫ਼ੈਸਲਾ ਹੁੰਦਾ ਹੈ। ਭਾਰਤ ਦੇ ਬਾਕੀ ਰਾਜਾਂ ਲਈ ਵੀ ਇਹ ਸਿਧਾਂਤ ਅਪਣਾਇਆ ਗਿਆ ਪਰ ਪੰਜਾਬ ਦੇ ਪਾਣੀਆਂ ਦੀ ਵੰਡ ਇਸ ਸਿਧਾਂਤ ਤੋਂ ਬਾਹਰ ਜਾ ਕੇ ਹੋਈ। ਦੂਜਾ ਅਹਿਮ ਮੁੱਦਾ ਉਠਾਇਆ ਕਿ ਵਿਧਾਨ ਦੇ ਆਰਟੀਕਲ 246, ਕਲਾਜ਼ (37) ਅਧੀਨ ਕਿਸੇ ਵੀ ਗ਼ੈਰ ਰਾਇਪੇਰੀਅਨ ਰਾਜ ਨੂੰ ਪੰਜਾਬ ਦੇ ਵਿਧਾਨਕ ਅਧਿਕਾਰਾਂ ਵਿਚ ਦਖ਼ਲ ਦੇਣ ਦੀ ਆਗਿਆ ਨਹੀਂ ਮਿਲ ਸਕਦੀ। ਉਨ੍ਹਾਂ ਕਿਹਾ ਕਿ ਅੰਤਰਰਾਜੀ ਪਾਣੀ ਝਗੜਿਆਂ ਦਾ ਐਕਟ 1956 ਜੋ ਵਿਧਾਨ ਦੇ ਆਰਟੀਕਲ 262 ਅਧੀਨ ਬਣਾਇਆ ਗਿਆ ਸੀ, ਦਾ ਸੈਕਸ਼ਨ 14 ਪੰਜਾਬ ਦੇ ਦਰਿਆਵਾਂ ਉਪਰ ਲਾਗੂ ਨਹੀਂ ਹੁੰਦਾ। ਇਸ ਤਰ੍ਹਾਂ ਹਰਿਆਣਾ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਮਤਾ ਕਾਨੂੰਨੀ ਤੌਰ 'ਤੇ ਕੋਈ ਅਹਿਮੀਅਤ ਨਹੀਂ ਰੱਖਦਾ।

ਕਿਸਾਨ ਯੂਨੀਅਨ ਨੇ ਇਹ ਮੁੱਦਾ ਉਠਾਇਆ ਕਿ ਪੰਜਾਬ ਸਰਕਾਰ ਨੇ ਅੰਤਰਰਾਜੀ ਪਾਣੀ ਝਗੜਿਆਂ ਦੇ ਐਕਟ 1956 ਦੀ ਧਾਰਾ 14 ਨੂੰ ਅਦਾਲਤ ਵਿਚ ਕਿਉਂ ਚੁਨੌਤੀ ਨਹੀਂ ਦਿੱਤੀ ਜਦਕਿ ਵਿਧਾਨ ਅਨੁਸਾਰ ਇਹ ਐਕਟ ਪੰਜਾਬ ਉਪਰ ਲਾਗੂ ਨਹੀਂ ਹੁੰਦਾ। ਉਨ੍ਹਾਂ ਪੰਜਾਬ ਦੇ ਅਧਿਕਾਰਾਂ ਨੂੰ ਵਿਧਾਨਕ ਪੱਖੋਂ ਪੇਸ਼ ਕਰਦਿਆਂ ਕਿਹਾ ਕਿ ਵਿਧਾਨ ਦੇ ਆਰਟੀਕਲ 246, ਕਲਾਜ਼ (3) ਤੇ 7ਵੇਂ ਸ਼ਡਿਊਲ ਦੀ ਰਾਜਾਂ ਦੇ ਅਧਿਕਾਰਾਂ ਦੀ ਸੂਚੀ ਦੇ 17ਵੇਂ ਇੰਦਰਾਜ ਅਧੀਨ ਸਿਰਫ਼ ਪੰਜਾਬ ਵਿਧਾਨ ਸਭਾ ਨੂੰ ਹੀ ਅਧਿਕਾਰ ਹੈ ਕਿ ਉਹ ਦਰਿਆਈ ਪਾਣੀਆਂ ਬਾਰੇ ਕੋਈ ਫ਼ੈਸਲਾ ਲੈ ਸਕੇ।ਤੇ ਨਾ ਤਾਂ ਮੁੱਖ ਮੰਤਰੀ, ਨਾ ਮੰਤਰੀ ਮੰਡਲ ਤੇ ਨਾ ਹੀ ਕਿਸੇ ਸਿਆਸੀ ਨੇਤਾ ਨੂੰ ਇਸ ਵਿਚ ਅਧਿਕਾਰ ਮਿਲਿਆ ਹੈ ਕਿ ਉਹ ਪੰਜਾਬ ਦੇ ਪਾਣੀਆਂ ਸਬੰਧੀ ਕੋਈ ਫ਼ੈਸਲਾ ਲੈ ਸਕੇ ਜਾਂ ਕੋਈ ਸਮਝੌਤਾ ਕਰ ਸਕੇ।

ਇਥੋਂ ਤਕ ਕਿ ਵਿਧਾਨ ਦੀ ਇਹ ਧਾਰਾ ਪ੍ਰਧਾਨ ਮੰਤਰੀ ਜਾਂ ਕਿਸੇ ਹੋਰ ਆਗੂ ਨੂੰ ਵੀ ਪਾਣੀਆਂ ਦੇ ਝਗੜਿਆਂ ਬਾਰੇ ਫ਼ੈਸਲਾ ਲੈਣ ਦਾ ਅਧਿਕਾਰ ਨਹੀਂ ਦਿੰਦੀ। ਉਨ੍ਹਾਂ ਦਾ ਤਰਕ ਇਹ ਹੈ ਕਿ ਉਪਰੋਕਤ ਵਿਵਸਥਾਵਾਂ ਅਨੁਸਾਰ ਪਾਰਲੀਮੈਂਟ ਜਾਂ ਕਾਰਜ ਪਾਲਿਕਾ ਨੂੰ ਵੀ ਰਾਜ ਵਿਧਾਨ ਸਭਾ ਦੇ ਅਧਿਕਾਰ ਖੇਤਰ ਵਿਚ ਦਖ਼ਲ ਦਾ ਅਧਿਕਾਰ ਨਹੀਂ। ਇਹ ਵੀ ਨੁਕਤਾ ਉਠਾਇਆ ਕਿ ਕੋਈ ਵੀ ਗ਼ੈਰ-ਰਾਇਪੇਰੀਅਨ ਰਾਜ ਜਾਂ ਭਾਰਤ ਸਰਕਾਰ, ਰਾਜ ਵਿਧਾਨ ਸਭਾ ਦੇ ਇਨ੍ਹਾਂ ਅਧਿਕਾਰਾਂ ਨੂੰ ਕਿਸੇ ਅਦਾਲਤ ਵਿਚ ਚੁਣੌਤੀ ਦੇ ਸਕਦੀ ਹੈ।

## ਹਾਂਸੀ-ਬੁਟਾਣਾ ਨਹਿਰ ਦੇ ਰੇੜਕੇ ਦਾ ਸੱਚ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 2005 ਵਿਚ ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਸ਼ੁਰੂ ਕਰਵਾਈ ਸੀ ਤੇ 390 ਕਰੋੜ ਦੀ ਲਾਗਤ ਨਾਲ 110 ਕਿਲੋਮੀਟਰ ਨਹਿਰ 2008 ਵਿਚ ਮੁਕੰਮਲ ਹੋ ਗਈ। ਉਸ ਵੇਲੇ ਪੰਜਾਬ 'ਚ ਵੀ ਕਾਂਗਰਸ ਦੀ ਸਰਕਾਰ ਸੀ ਪਰ ਨਹਿਰ ਦੀ ਉਸਾਰੀ ਦਾ ਵਿਰੋਧ ਉਸ ਵੇਲੇ ਹੀ ਸ਼ੁਰੂ ਹੋ ਗਿਆ। ਪੰਜਾਬ ਦੇ ਲੋਕਾਂ ਦਾ ਕਹਿਣਾ ਸੀ ਕਿ ਨਹਿਰ ਦਾ 16 ਫੁੱਟ ਬੰਨ੍ਹ ਪਾਣੀ ਦੇ ਕੁਦਰਤੀ ਵਹਾਅ ਵਿਚ ਵਿਘਨ ਪਾਵੇਗਾ ਜਿਸ ਕਾਰਨ ਪੰਜਾਬ 'ਚ ਹੜ੍ਹ ਆਉਣਗੇ। ਪੰਜਾਬ ਦਾ ਕਹਿਣਾ ਹੈ ਕਿ ਹਾਂਸੀ-ਬੁਟਾਣਾ ਨਹਿਰ ਬਣਾਉਣ ਲਈ ਕੀਤੇ ਸਰਵੇਖਣ ਵਿਚ ਆਈ.ਆਈ.ਟੀ. ਰੁੜਕੀ ਨੇ ਘੱਗਰ ਦਰਿਆ ਦੇ ਹੜ੍ਹਾਂ ਦੇ ਪਾਣੀ ਦੇ ਪੱਖ ਦੀ ਖੋਜ ਜਾਂ ਜਾਂਚ ਨਹੀਂ ਕੀਤੀ ਸੀ।

ਪੰਜਾਬ 'ਚ ਅਕਾਲੀ ਸਰਕਾਰ ਬਣਨ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਨਹਿਰੀ ਪ੍ਰਾਜੈਕਟ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਤੇ 11 ਜੁਲਾਈ 2007 ਨੂੰ ਸੁਪਰੀਮ ਕੋਰਟ ਦਾ ਦਰ ਖੜਕਾਇਆ ਤੇ 17 ਅਗਸਤ 2007 ਨੂੰ ਸੁਪਰੀਮ ਕੋਰਟ ਨੇ ਭਾਖੜਾ ਨਹਿਰ ਵਿਚੋਂ ਇਸ ਨਹਿਰ ਵਿਚ ਪਾਣੀ ਛੱਡਣ 'ਤੇ ਰੋਕ ਲਾ ਦਿਤੀ ਸੀ। ਇਸ ਨਹਿਰ ਨੂੰ ਚਾਲੂ ਕਰਨ 'ਤੇ ਰੋਕ ਲੱਗੀ ਹੈ। 2008, 2009 ਤੇ 2010 ਵਿਚ ਜਦ ਘੱਗਰ ਦਰਿਆ ਵਿਚ ਹੜ੍ਹ ਆਏ ਤਾਂ ਪਾਣੀ ਇਸ ਨਹਿਰ ਦੇ ਹੇਠੋਂ ਬਣੇ ਸਾਈਫ਼ਨ ਰਾਹੀਂ ਅੱਗੇ ਨਾ ਜਾ ਸਕਿਆ ਤੇ ਨਤੀਜੇ ਵਜੋਂ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਸੈਂਕੜੇ ਪਿੰਡਾਂ ਤੇ ਖੇਤਾਂ ਵਿਚ ਪਾਣੀ ਭਰ ਗਿਆ ਤੇ ਫ਼ਸਲਾਂ ਤਬਾਹ ਹੋਈਆਂ। ਉਸ ਵੇਲੇ ਨਹਿਰ ਟੁੱਟਣ ਜਾਂ 'ਤੋੜਨ' ਕਰਕੇ ਇਨ੍ਹਾਂ ਪਿੰਡਾਂ ਨੂੰ ਰਹਤ ਮਿਲੀ। ਇਸ ਸਾਲ ਹਰਿਆਣਾ ਨੇ ਨਹਿਰ ਦੇ ਨਾਲ-ਨਾਲ ਕੰਕਰੀਟ ਦੀ ਦੀਵਾਰ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਨਹਿਰ ਟੁੱਟ ਨਾ ਸਕੇ।

ਅਸਲ 'ਚ ਹਰਿਆਣਾ ਸਰਕਾਰ ਵੱਲੋਂ ਇਸ ਇਲਾਕੇ ਵਿਚ 10 ਫ਼ੁੱਟ ਭਰਤ ਪਾ ਕੇ ਉਸਾਰੀ ਗਈ ਨਹਿਰ ਇਕ ਬੰਨ੍ਹ ਬਣ ਗਈ ਹੈ ਤੇ ਘੱਗਰ ਦਰਿਆ ਦਾ ਪਾਣੀ ਅੱਗੇ ਨਹੀਂ ਜਾ ਸਕਦਾ। ਨਤੀਜੇ ਵਜੋਂ ਪਿਛਲੇ ਸਾਲ ਜ਼ਿਲ੍ਹਾ ਪਟਿਆਲਾ ਤੇ ਸੰਗਰੂਰ ਦੇ ਸੈਂਕੜੇ ਪਿੰਡਾਂ ਦੀਆਂ ਫ਼ਸਲਾਂ ਹੜ੍ਹ ਦੇ ਪਾਣੀ ਵਿਚ ਡੁੱਬ ਗਈਆਂ। ਮੁੱਖ ਮੰਤਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਇਸ ਨਹਿਰ ਨੂੰ ਹੜ੍ਹਾਂ ਦੇ ਪਾਣੀ ਨਾਲ ਟੁੱਟਣ ਤੋਂ ਬਚਾਉਣ ਲਈ ਹੁਣ ਕੰਕਰੀਟ ਦੀ ਪੱਕੀ ਦੀਵਾਰ ਬਣਾਉਣੀ ਅਰੰਭ ਕਰ ਦਿੱਤੀ ਹੈ।

ਹਰਿਆਣਾ ਸਰਕਾਰ ਨੇ ਪੰਜਾਬ ਸਰਕਾਰ ਦੀ ਪ੍ਰਵਾਨਗੀ ਹਾਸਲ ਕੀਤੇ ਬਗ਼ੈਰ ਹੀ ਉਸਾਰੀ ਅਰੰਭੀ ਹੈ। ਪੰਜਾਬ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦੀ ਪ੍ਰਵਾਨਗੀ ਬਗ਼ੈਰ ਇਸ ਨਹਿਰ ਦੇ ਕਿਨਾਰੇ ਪੱਕੀ ਦੀਵਾਰ ਬਣਾਉਣਾ ਸੁਪਰੀਮ ਕੋਰਟ ਵੱਲੋਂ ਦਿੱਤੀ ਗਈ ਸਟੇਅ ਦੀ ਵੀ ਉਲੰਘਣਾ ਹੈ ਜਦਕਿ ਅਦਾਲਤ ਵਿਚ ਅਜੇ ਇਹ ਕੇਸ ਚਲ ਰਿਹਾ ਹੈ।

# ਗਦਰੀ ਬਾਬਾ ਅਰਜਨ ਸਿੰਘ ਦੀ ਧੀ ਮੰਦੇ ਹਾਲੀਂ

**ਜਲੰਧਰ (ਬਿਊਰੋ):** ਗਦਰ ਲਹਿਰ ਦੇ ਨਾਇਕ ਬਾਬਾ ਅਰਜਨ ਸਿੰਘ ਜਗਰਾਉਂ ਦੀ ਧੀ ਬੀਬੀ ਬਲਦੇਵ ਕੌਰ ਪਿੰਡ ਹਾਂਸ ਨੇੜੇ ਜਗਰਾਉਂ ਜਿਲ੍ਹਾ ਲੁਧਿਆਣਾ ਅੱਜ ਕੱਲ੍ਹ ਬਹੁਤ ਮਾੜੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਦਿਨੀਂ ਤਿਲਕ ਕੇ ਡਿੱਗਣ ਨਾਲ ਉਨ੍ਹਾਂ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਸਨ, ਗੋਡੇ ਪਹਿਲਾਂ ਹੀ ਕੰਮ ਨਹੀਂ ਸਨ ਕਰ ਰਹੇ। ਜਦੋਂ ਆਰਥੋਨੋਵਾ ਹਸਪਤਾਲ ਜਲੰਧਰ ਵਿਚ ਉਨ੍ਹਾਂ ਨੂੰ ਦਿਖਾਇਆ ਗਿਆ ਤਾਂ ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗੋਡੇ ਬਦਲਾਉਣ ਤੇ ਇਲਾਜ ਲਈ 4 ਤੋਂ 5 ਲੱਖ ਰੁਪਏ ਦਾ ਖ਼ਰਚਾ ਆਏਗਾ ਪਰ ਬੀਬੀ ਬਲਦੇਵ ਕੌਰ ਦੀ ਆਰਥਿਕ ਹਾਲਤ ਬਹੁਤ ਮਾੜੀ ਹੈ, ਜਿਸ ਕਰਕੇ ਉਹ ਆਪਣਾ ਇਲਾਜ ਕਰਵਾਉਣ ਲਈ ਅਸਮੱਰਥ ਹਨ।



ਦੁੱਖ ਇਸ ਗੱਲ ਦਾ ਹੈ ਕਿ ਬੀਬੀ ਬਲਦੇਵ ਕੌਰ ਦੀ ਸਾਰ ਨਾ ਸਹੁਰੇ ਲੈ ਰਹੇ ਹਨ, ਨਾ ਹੀ ਪੇਕੇ। ਅੱਜ ਕੱਲ੍ਹ ਉਹ ਆਪਣੀ ਧੀ ਅਮਨਦੀਪ ਕੌਰ ਕੋਲ ਰਹਿ ਰਹੇ ਹਨ। ਯਾਦ ਰਹੇ ਕਿ ਬੀਬੀ ਬਲਦੇਵ ਕੌਰ ਕਿਸਾਨ ਆਗੂ ਸ਼ਹੀਦ ਪਰਮਿੰਦਰਜੀਤ ਸਿੰਘ ਦੀ ਵਿਧਵਾ ਹਨ, ਜੋ 8 ਅਕਤੂਬਰ 1991 ਨੂੰ ਮਜ਼ਦੂਰਾਂ, ਦਲਿਤਾਂ ਅਤੇ ਕਿਸਾਨਾਂ ਲਈ ਸੰਘਰਸ਼ ਕਰਕੇ ਹੋਏ ਸਮਾਜ ਵਿਰੋਧੀ ਅਨਸਰਾਂ ਹੱਥੋਂ ਮਾਰੇ ਗਏ। ਉਸ ਤੋਂ ਬਾਅਦ ਬਲਦੇਵ ਕੌਰ ਨੂੰ ਸੰਘਰਸ਼ਮਈ ਜ਼ਿੰਦਗੀ 'ਚੋਂ ਲੰਘਣਾ ਪਿਆ। ਸਹੁਰੇ ਚਾਹੁੰਦੇ ਸਨ ਕਿ ਉਹ ਬੱਚੇ ਛੱਡ ਕੇ ਆਪਣੇ ਪੇਕੇ ਘਰ ਚਲੀ ਜਾਵੇ, ਪਰ ਬਲਦੇਵ ਕੌਰ ਨੇ ਦ੍ਰਿੜ੍ਹ ਸਟੈਂਡ ਲੈਂਦਿਆਂ ਬੱਚਿਆਂ ਨੂੰ ਨਾ ਛੱਡਣ ਦਾ ਫ਼ੈਸਲਾ ਕੀਤਾ। ਸਹੁਰਾ ਪਰਿਵਾਰ ਉਦੋਂ ਹੀ ਉਸ ਨਾਲੋਂ ਟੁੱਟ ਗਿਆ। ਭਰਾ ਕਰੋੜਾਂਪਤੀ ਹੈ, ਉਸ ਨੇ ਵੀ ਕਦੇ ਬੀਬੀ ਬਲਦੇਵ ਕੌਰ ਦੀ ਸਾਰ ਨਹੀਂ ਲਈ। ਨਾ ਹੀ ਕਿਰਸਾਨੀ ਹੱਕਾਂ ਲਈ ਦਾਅਵਾ ਕਰਨ ਵਾਲੀ ਕਿਸਾਨ ਯੂਨੀਅਨ, ਕਮਿਊਨਿਸਟ ਪਾਰਟੀ, ਅਕਾਲੀ ਦਲ ਸਹਾਇਤਾ ਲਈ ਨਿੱਤਰੇ ਹਨ।

ਯਾਦ ਰਹੇ ਕਿ ਬੀਬੀ ਬਲਦੇਵ ਕੌਰ ਦੇ ਪਿਤਾ ਗਦਰੀ ਬਾਬਾ ਅਰਜਨ ਸਿੰਘ ਨੂੰ 1920 ਵਿਚ ਕਾਲੇ ਪਾਣੀ ਦੀ ਸਜ਼ਾ ਹੋਈ ਸੀ। ਬਾਬਾ ਅਰਜਨ ਸਿੰਘ ਜਗਰਾਉਂ ਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਰਣਧੀਰ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬਾ ਪਾਲਾ ਸਿੰਘ ਢੁਡੀਕੇ, ਬਾਬਾ ਰੂੜ ਸਿੰਘ ਚੂਹੜ ਚੱਕ, ਉਤਮ ਸਿੰਘ ਹਾਂਸ, ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਸਾਥੀ ਰਹੇ ਹਨ। ਭਾਈ ਰਣਧੀਰ ਸਿੰਘ ਨੇ ਉਨ੍ਹਾਂ ਨੂੰ ਫ਼ੌਜੀ ਛਾਉਣੀਆਂ ਵਿਚ ਬਗ਼ਾਵਤ ਦੀ ਜ਼ਿੰਮੇਵਾਰੀ ਸੌਂਪੀ ਸੀ, ਪਰ ਬਾਬਾ ਮੂਲਾ ਸਿੰਘ ਦੀ ਗ੍ਰਿਫ਼ਤਾਰੀ ਕਾਰਨ ਫਰਵਰੀ 1915 ਨੂੰ ਇਹ ਗਦਰ ਦੀ ਸਕੀਮ ਅਸਫਲ ਹੋ ਗਈ। ਇਸ ਤੋਂ ਬਾਅਦ ਅੰਗਰੇਜ਼ੀ ਹਕੂਮਤ ਨੇ ਬਾਬਾ ਅਰਜਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਜ਼ਮੀਨ ਜਾਇਦਾਦ ਕੁਰਕ ਕਰਕੇ ਕਾਲੇ ਪਾਣੀ ਭੇਜ ਦਿੱਤਾ।

ਬੀਬੀ ਬਲਦੇਵ ਕੌਰ ਨਾਲ ਸੰਪਰਕ ਫ਼ੋਨ 91-94642-34703 ਰਾਹੀਂ ਕੀਤਾ ਜਾ ਸਕਦਾ ਹੈ।

# ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਮੋਦੀ ਸਰਕਾਰ ਦੀ ਅਲੋਚਨਾ

**ਨਵੀਂ ਦਿੱਲੀ:** ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਗੱਲ ਦਾ ਸਖਤ ਨੋਟਿਸ ਲਿਆ ਹੈ ਕਿ ਗੁਜਰਾਤ ਸਰਕਾਰ ਨੇ ਉਨ੍ਹਾਂ 238 ਕਬਾਇਲੀਆਂ ਦੇ ਪਰਿਵਾਰਾਂ ਦੀ ਕੋਈ ਸਾਰ ਨਹੀਂ ਲਈ ਜੋ ਖਾਣਾਂ ਵਿਚ ਕੰਮ ਕਰਦਿਆਂ ਸਾਹ ਘੁੱਟਣ ਕਾਰਨ ਮਾਰੇ ਗਏ ਸਨ। ਕਮਿਸ਼ਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਦੀਆਂ ਸਿਫਾਰਸ਼ਾਂ ਮੁਤਾਬਕ ਪੀੜਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਨਾ ਦਿੱਤੀ ਗਈ ਤਾਂ ਉਹ ਇਹ ਮਾਮਲਾ ਸੁਪਰੀਮ ਕੋਰਟ ਤੱਕ ਲੈ ਜਾਵੇਗਾ।

ਕਮਿਸ਼ਨ ਨੇ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਗੁਜਰਾਤ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਦੇ ਹਰ ਮ੍ਰਿਤਕ ਦੇ ਵਾਰਸ ਨੂੰ ਤਿੰਨ-ਤਿੰਨ ਲੱਖ ਰੁਪਏ ਮੁੱਢਲੀ ਰਾਹਤ ਵਜੋਂ ਦੇਵੇ।

## Public Notice

### Change of name

I, Nachhattar Singh resident of village & post office Swaddi Kalan, Tehsil Jagraon, Distt. Ludhiana, now living at Space 15, Pinon Ln., Pecos, NM 87552, USA, have change my name to Nachhattar Singh Toor.All concerned please note.








## Law Offices of Gill & Heridis

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

Personal Injury
■Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085




## Punjab Insurance Agency

7212 Florin Mall Dr., Sacramento, CA, (CA Lic. 0C53799)
Ph: 916-391-7447, 916-391-7553, Fax: 916-391-7337

### ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹਈਆ ਕਰਦੇ ਹਾਂ:

ਇਮੀਗਰੇਸ਼ਨ: ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

### ਇੰਸ਼ੋਰੈਂਸ ਸੇਵਾਵਾਂ:

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.

Notary Public, Live Certificate, Translation

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਵਾਸਤੇ ਜਾਂ ਆਪਣੀ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

*ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ*

ਮਨਜੀਤ ਸਿੰਘ 916-391-7447
ਸਜਵੀਰ ਸਿੰਘ 916-391-7553

ਪੰਜਾਬ ਟਾਈਮਜ਼

*ਸਨਿਚਰਵਾਰ, 9 ਜੁਲਾਈ 2011*

## ਡਾ. ਮਨਮੋਹਨ ਸਿੰਘ ਹਾਜ਼ਿਰ ਹੋ!

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਆਪਣਾ 'ਪੱਖ' ਰੱਖਣ ਹਿਤ ਇਕ ਵਾਰ ਫਿਰ ਪੱਤਰਕਾਰਾਂ ਨਾਲ ਮਿਲਣੀ ਦੀ ਲੋੜ ਪੈ ਗਈ, ਪਰ ਇਸ ਵਾਰ ਆਵਾਮ ਵਿਚ ਇਸ ਮਿਲਣੀ ਦਾ ਉਲਟ ਸੁਨੇਹਾ ਗਿਆ ਹੈ ਕਿ ਡਾਕਟਰ ਸਾਹਿਬ ਕਿਸੇ ਡਰ ਵਿਚੋਂ ਹੀ ਅਜਿਹਾ ਕਰ ਰਹੇ ਹਨ। ਪਿਛਲੀ ਵਾਰ ਉਨ੍ਹਾਂ ਸਾਰੇ ਖਬਰ-ਚੈਨਲਾਂ ਦੇ ਨੁਮਾਇੰਦਿਆਂ ਨੂੰ ਸੱਦਿਆ ਸੀ ਅਤੇ ਗੱਲਾਂ ਵੀ ਖੁੱਲ੍ਹ ਕੇ ਕਰਨ ਦਾ ਯਤਨ ਕੀਤਾ ਸੀ। ਐਤਕੀਂ ਉਨ੍ਹਾਂ ਸਿਰਫ ਪੰਜ ਸੰਪਾਦਕਾਂ ਨੂੰ ਸੱਦਿਆ। ਇਨ੍ਹਾਂ ਸਾਰੇ ਸੰਪਾਦਕਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਿਸੇ ਨਾ ਕਿਸੇ ਰੂਪ ਵਿਚ ਪ੍ਰਧਾਨ ਮੰਤਰੀ ਦੇ ਨੇੜੇ ਰਹੇ ਹਨ। ਇਸ ਮਿਲਣੀ ਦਾ ਮਕਸਦ ਅੱਜ ਕੱਲ੍ਹ ਕੇਂਦਰ ਸਰਕਾਰ ਅਤੇ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਲਈ 'ਗਲ ਵਿਚ ਅੰਗੂਠਾ' ਬਣੇ ਕੁਝ ਮੁੱਦਿਆਂ ਬਾਰੇ ਸਫ਼ਾਈ ਦੇਣਾ ਸੀ। ਇਨ੍ਹਾਂ ਮੁੱਦਿਆਂ-ਭ੍ਰਿਸ਼ਟਾਚਾਰ, ਕਾਲਾ ਧਨ, ਮਹਿੰਗਾਈ, ਬੇਰੁਜ਼ਗਾਰੀ ਤੇ ਲੋਕਪਾਲ ਬਿੱਲ ਨੇ ਸੰਸਾਰ ਦੇ ਨਾਮੀ-ਗਰਾਮੀ ਅਰਥ ਸ਼ਾਸਤਰੀਆਂ ਵਿਚ ਸ਼ੁਮਾਰ ਪ੍ਰਧਾਨ ਮੰਤਰੀ ਨੂੰ ਬੁਰੀ ਤਰ੍ਹਾਂ ਮਧੋਲ ਸੁੱਟਿਆ ਹੈ। ਉਨ੍ਹਾਂ ਦੀ ਬੇਵਸੀ ਉਨ੍ਹਾਂ ਦੀ ਉਸ ਖ਼ਾਮੋਸ਼ੀ ਤੋਂ ਜ਼ਾਹਿਰ ਹੋ ਰਹੀ ਹੈ ਜਿਸ ਨੂੰ ਤੋੜਨ ਲਈ ਉਨ੍ਹਾਂ ਨੂੰ ਇਹ ਪਾਪੜ ਵੇਲਣੇ ਪੈ ਰਹੇ ਹਨ। ਸੰਸਾਰ ਦੇ ਨਾਮੀ ਅਰਥ ਸ਼ਾਸਤਰੀ ਲਈ ਇਸ ਤੋਂ ਵੱਡੀ ਨਮੋਸ਼ੀ ਹੋਰ ਕੀ ਹੋਵੇਗੀ ਕਿ ਹੁਣ ਉਨ੍ਹਾਂ ਵੱਲੋਂ ਖ਼ਾਮੋਸ਼ੀ ਤੋੜਨ ਦੀ ਕਵਾਇਦ ਨਾਲ ਮੀਡੀਆ ਵਿਚ ਇਹ ਸੁਰਖੀਆਂ ਬਣ ਰਹੀਆਂ ਹਨ: ਪ੍ਰਧਾਨ ਮੰਤਰੀ ਨੇ ਖ਼ਾਮੋਸ਼ੀ ਤੋੜੀ!

ਇਸ ਖ਼ਾਮੋਸ਼ੀ ਦਾ ਕਾਰਨ ਆਖ਼ਰਕਾਰ ਕੀ ਹੈ? ਮੋਟੇ ਰੂਪ ਵਿਚ ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ। ਇਕ, ਉਨ੍ਹਾਂ ਕੋਲ ਕਹਿਣ ਲਈ ਕੁਝ ਵੀ ਨਹੀਂ ਹੈ; ਤੇ ਦੂਜਾ, ਵਿਰੋਧੀ ਧਿਰ ਅਤੇ ਆਵਾਮ ਨੂੰ ਉਹ ਬਹੁਤੀ ਅਹਿਮੀਅਤ ਨਹੀਂ ਦਿੰਦੇ। ਪਹਿਲੀ ਗੱਲ ਰਤਾ ਕੁ ਨਿੱਜੀ ਹੈ ਅਤੇ ਪੂਰੀ-ਸੂਰੀ ਲਿਆਕਤ ਨਾਲ ਜੁੜੀ ਹੋਈ ਹੈ, ਤੇ ਦੂਜੀ ਦਾ ਸਿੱਧਾ ਸਬੰਧ ਜਮਹੂਰੀਅਤ ਦੀਆਂ ਕਦਰਾਂ-ਕੀਮਤਾਂ ਨਾਲ ਹੈ, ਤੇ ਡਾ. ਮਨਮੋਹਨ ਸਿੰਘ ਜਮਹੂਰੀਅਤ ਦੇ ਵੱਡੇ ਮੁੱਦਈ ਹਨ। ਇਸ ਲਈ, ਪਹਿਲਾ ਕਾਰਨ ਹੀ ਉਨ੍ਹਾਂ ਦੀ ਖ਼ਾਮੋਸ਼ੀ ਦਾ ਬਾਇਸ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਸਰਕਾਰ ਦੀ ਕਾਰਗੁਜ਼ਾਰੀ ਵੀ ਇਹੀ ਸੂਹ ਦਿੰਦੀ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਉਨ੍ਹਾਂ ਵੱਲੋਂ ਘੜੀਆਂ ਗਈਆਂ ਆਰਥਿਕ ਨੀਤੀਆਂ ਹੁਣ ਆਵਾਮ ਦੇ ਗਲਾਂ ਵਿਚ ਫੰਦਾ ਬਣ ਕੇ ਲਟਕ ਰਹੀਆਂ ਹਨ। ਮਹਿੰਗਾਈ ਅਤੇ ਬੇਰੁਜ਼ਗਾਰੀ ਦੋ ਅਜਿਹੇ ਮੁੱਦੇ ਹਨ, ਜੋ ਡਾ. ਮਨਮੋਹਨ ਸਿੰਘ ਦਾ ਪਿੱਛਾ ਦੋ ਦਹਾਕਿਆਂ ਤੋਂ ਹੀ ਕਰ ਰਹੇ ਹਨ, ਜਦੋਂ ਉਨ੍ਹਾਂ ਦੇਸ਼ ਵਿਚ ਨਵੀਂਆਂ ਆਰਥਿਕ ਨੀਤੀਆਂ ਦਾ ਆਗਾਜ਼ ਕੀਤਾ ਸੀ। ਹੁਣ ਤੱਕ ਉਨ੍ਹਾਂ ਦੀ ਸਰਕਾਰ ਦੇ ਖਾਤੇ ਵਿਚ ਲੈ-ਦੇ ਕੇ ਸਿਰਫ ਦੋ ਹੀ ਅਜਿਹੇ ਕੰਮ ਆਉਂਦੇ ਹਨ, ਜਿਨ੍ਹਾਂ ਨੂੰ ਹਾਸਲਾਂ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਇਕ ਤਾਂ ਹੈ ਨਰੇਗਾ ਸਕੀਮ (ਹੁਣ ਇਸ ਦਾ ਨਾਂ ਮਨਰੇਗਾ ਹੈ) ਅਤੇ ਦੂਜਾ ਸੂਚਨਾ ਅਧਿਕਾਰ ਐਕਟ। ਇਹ ਗੱਲ ਵੱਖਰੀ ਕਿ ਇਹ ਦੋ ਕੰਮ ਵੀ ਚਿੱਤਰ ਵਿਚ ਉਹ ਰੰਗ ਨਹੀਂ ਭਰ ਸਕੇ ਜਿਸ ਨਾਲ ਕਿਸੇ ਖੇਤਰ ਵਿਚ ਕੋਈ ਖੜੋਤ ਟੁੱਟਦੀ। ਮਨਰੇਗਾ ਭ੍ਰਿਸ਼ਟ ਤੰਤਰ ਕਾਰਨ ਆਪਣੀ ਅਸਲ ਉਡਾਣ ਹੀ ਨਹੀਂ ਭਰ ਸਕਿਆ। ਇਸ ਸਕੀਮ ਦਾ ਫਾਇਦਾ ਉਨ੍ਹਾਂ ਲੋਕਾਂ ਤੱਕ ਘੱਟ ਹੀ ਪੁੱਜਾ ਹੈ ਜਿਨ੍ਹਾਂ ਲਈ ਇਹ ਬਣਾਈ ਗਈ ਸੀ। ਸੂਚਨਾ ਅਧਿਕਾਰ ਐਕਟ ਰਾਹੀਂ ਕਿੰਨੀਆਂ ਰਿਪੋਰਟਾਂ, ਕਿੰਨੇ ਤੱਥ ਬਾਹਰ ਆ ਰਹੇ ਹਨ। ਇਨ੍ਹਾਂ ਤੱਥਾਂ ਨਾਲ ਅਖਬਾਰਾਂ ਭਰੀਆ ਪਈਆਂ ਹਨ, ਟੀ.ਵੀ. ਚੈਨਲ ਨਿੱਤ ਦਿਨ ਕੋਈ ਨਾ ਕੋਈ ਸਟੋਰੀ ਨਸ਼ਰ ਕਰ ਰਹੇ ਹਨ ਪਰ ਇਨ੍ਹਾਂ ਤੱਥਾਂ ਨੂੰ ਆਧਾਰ ਬਣਾ ਕੇ ਕਾਰਵਾਈ ਤਾਂ ਉਸੇ ਤੰਤਰ ਤਹਿਤ ਹੀ ਹੋਣੀ ਹੈ ਜੋ ਨਿਰਾ ਭ੍ਰਿਸ਼ਟ ਹੈ। ਜ਼ਾਹਿਰ ਹੈ ਕਿ ਗੱਲ ਮੁੜ-ਘਿੜ ਕੇ ਭਾਰਤ ਦੇ ਤੰਤਰ, ਉਥੇ ਫੈਲੇ ਭ੍ਰਿਸ਼ਟਾਚਾਰ ਅਤੇ ਅਜਗਰ ਵਾਂਗ ਮੂੰਹ ਟੱਡੀ ਬੈਠੀ ਬੇਰੁਜ਼ਗਾਰੀ ਉਤੇ ਹੀ ਟੁੱਟਣੀ ਹੈ। ਇਸ ਪਾਸੇ ਡਾ. ਮਨਮੋਹਨ ਸਿੰਘ ਦੀ ਸੂਈ ਸਿਫਰ ਤੋਂ ਅੱਗੇ ਨਹੀਂ ਟੱਪਦੀ। ਉਨ੍ਹਾਂ ਦਾ ਇਹ ਰਵੱਈਆ ਜੇ ਬੇਈਮਾਨੀ ਵਾਲਾ ਨਹੀਂ ਕਿਹਾ ਜਾ ਸਕਦਾ ਤਾਂ ਇਮਾਨਦਾਰੀ ਵਾਲਾ ਵੀ ਨਹੀਂ ਹੈ। ਇਹ ਭਲਾ ਕਿਸ ਤਰ੍ਹਾਂ ਸੰਭਵ ਹੈ ਕਿ ਇਮਾਨਦਾਰ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਭ੍ਰਿਸ਼ਟਾਚਾਰ ਵਿਚ ਗਲ-ਗਲ ਧਸੀ ਹੋਈ ਹੈ? ਇਸ ਨੂੰ ਗਠਜੋੜ ਦੀ ਮਜਬੂਰੀ ਕਹਿ ਕੇ ਸੁਰਖ-ਰੂ ਨਹੀਂ ਹੋਇਆ ਜਾ ਸਕਦਾ!

ਦਰਅਸਲ ਡਾ. ਮਨਮੋਹਨ ਸਿੰਘ ਉਤੇ ਪ੍ਰਧਾਨ ਮੰਤਰੀ ਬਣਨ/ਬਣਾਉਣ ਦਾ ਗੁਣਾ ਉਸ ਵੇਲੇ ਪਿਆ ਸੀ ਜਦੋਂ ਵਿਰੋਧੀ ਧਿਰ ਨੇ ਕਾਂਗਰਸ ਦੀ ਮੁਖੀ ਸੋਨੀਆ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਇਤਰਾਜ਼ ਕੀਤਾ ਸੀ। ਉਸ ਵੇਲੇ ਇਸ ਮੁੱਦੇ 'ਤੇ ਪਾਰਟੀ ਅੰਦਰ ਪੂਰਾ ਘਮਾਸਾਣ ਮੱਚਿਆ ਪਿਆ ਸੀ। ਅਰਜੁਨ ਸਿੰਘ ਅਤੇ ਸ਼ਰਦ ਪਵਾਰ ਵਰਗੇ ਸੀਨੀਅਰ ਆਗੂ ਇਸ ਅਹੁਦੇ 'ਤੇ ਆਪਣਾ ਹੱਕ ਜਤਾ ਚੁੱਕੇ ਸਨ ਪਰ ਵੱਖ-ਵੱਖ ਧੜਿਆਂ ਵਿਚ ਵੰਡੀ ਕਾਂਗਰਸ ਲਈ ਕਿਸੇ ਇਕ ਆਗੂ 'ਤੇ ਸਹਿਮਤੀ ਬਣਾਉਣੀ ਔਖੀ ਹੋਈ ਪਈ ਸੀ। ਉਦੋਂ ਪਾਰਟੀ ਦੀ ਲੀਡਰਸ਼ਿਪ ਕਿਸੇ ਅਜਿਹੇ ਸ਼ਖ਼ਸ ਦੀ ਭਾਲ ਵਿਚ ਸੀ ਜਿਹੜਾ ਪਾਰਟੀ ਦੇ ਭਾਰੂ ਧੜੇ ਨਾਲ ਵੀ ਤੁਰੇ ਅਤੇ ਜਿਸ ਬਾਰੇ ਪਾਰਟੀ ਅੰਦਰਲੇ ਸਾਰੇ ਧੜੇ ਖੁੱਲ੍ਹ ਕੇ ਵਿਰੋਧ ਵੀ ਨਾ ਕਰ ਸਕਣ। ਤੇ ਮਜਬੂਰੀ ਵਾਲੀ ਇਹ ਸਵੱਲੀ ਨਿਗ੍ਹਾ ਡਾ. ਮਨਮੋਹਨ ਸਿੰਘ 'ਤੇ ਪੈ ਗਈ। ਹੁਣ ਤੱਕ ਉਨ੍ਹਾਂ ਦੀ ਪੱਗ ਉਤੇ ਸੰਸਾਰ ਪ੍ਰਸਿੱਧ ਅਰਥ ਸ਼ਾਸਤਰੀ ਦਾ ਸ਼ਮਲਾ ਲੱਗਾ ਹੋਇਆ ਸੀ ਜੋ ਸ਼ਾਇਦ ਛੇ ਸਾਲਾਂ ਦੇ ਰਾਜ-ਭਾਗ ਦੌਰਾਨ ਇਕ ਵੀ ਦਿਨ, ਕਿਸੇ ਦੇ ਕੰਮ ਨਹੀਂ ਆਇਆ। ਉਹ ਤਾਂ ਬੇਲਗਾਮ ਹੋਈ ਮਹਿੰਗਾਈ ਨੂੰ ਨੱਥ ਵੀ ਨਹੀਂ ਪਾ ਸਕੇ। ਪਿਛਲੇ ਤਿੰਨ ਸਾਲਾਂ ਦੌਰਾਨ ਉਹ ਹਰ ਤਿੰਨ ਮਹੀਨਿਆਂ ਬਾਅਦ ਬਿਆਨ ਦਿੰਦੇ ਹਨ ਕਿ ਨਵੀਂ ਫਸਲ ਆਉਣ 'ਤੇ ਮਹਿੰਗਾਈ ਘਟ ਜਾਵੇਗੀ ਪਰ ਹਰ ਨਵੀਂ ਫਸਲ 'ਤੇ ਖੇਤੀ ਮੰਤਰੀ ਸ਼ਰਦ ਪਵਾਰ ਅਜਿਹੀਆਂ ਗੋਟੀਆਂ ਸੁੱਟਦਾ ਹੈ ਕਿ ਉਸ (ਪਵਾਰ) ਦਾ ਘਰ ਭਰ ਜਾਂਦਾ ਹੈ ਅਤੇ ਆਵਾਮ ਫਿਰ ਦੇਖਦਾ ਰਹਿ ਜਾਂਦਾ ਹੈ। ਇਸ ਸੂਰਤ ਵਿਚ ਆਪਣੀ ਮਰਜ਼ੀ ਦੇ ਪੱਤਰਕਾਰਾਂ ਨਾਲ ਮਿਲਣੀ ਤੋਂ ਵੀ ਕੀ ਸੌਰ ਸਕਦਾ ਹੈ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਰਸੀਆਂ ਦਾ ਬਖੇੜਾ!

ਕਿੱਦਾਂ ਜੁੜੇਗਾ 'ਸ਼ਬਦ' ਦੇ ਨਾਲ ਨਾਤਾ, ਸੰਗਤਾਂ ਡੇਰਿਆਂ ਨਾਲ ਹੀ ਪਰਚੀਆਂ ਦਾ।
ਉਨ੍ਹਾਂ ਰੂਹਾਂ ਦਾ ਹੋਏਗਾ ਗੁਰੂ ਕਿਹੜਾ, 'ਦੇਹ-ਪੂਜਾ' ਜੰਜਾਲ ਵਿਚ ਗਰਕੀਆਂ ਦਾ?
ਨਵੀਂ ਪੀੜ੍ਹੀ ਨੂੰ ਲੱਗੇਗਾ ਪਤਾ ਕਿੱਦਾਂ, ਵਿਚ ਲਾਹੌਰ ਦੇ ਘੁੰਮੀਆਂ ਚਰਖੀਆਂ ਦਾ?
ਟੱਪਣ-ਗਾਉਣ ਨੇ ਚੇਤਾ ਨਹੀਂ ਰਹਿਣ ਦਿੱਤਾ, ਤੇਗਾਂ ਵਿਚ ਸਭਰਾਵਾਂ ਦੇ ਖੜਕੀਆਂ ਦਾ।
ਕਰਨਾ ਫਖਰ ਕੀ ਫੈਸ਼ਨਾਂ ਪੱਟੀਆਂ ਨੇ, ਖੰਨਾ ਰੋਟੀ ਨੂੰ ਬੀਬੀਆਂ ਤਰਸੀਆਂ ਦਾ।
ਸਾਹਿਤਕਾਰ, ਵਿਦਵਾਨ, ਸ਼ਹੀਦ ਭੁੱਲੇ, ਭੁੱਲੇ ਚੇਤਾ ਨਾ ਬਾਬਿਆਂ-ਬਰਸੀਆਂ ਦਾ!

# ਪੂੰਜੀਵਾਦ ਨੂੰ ਆਰਥਿਕ-ਸਿਆਸੀ ਵੰਗਾਰ

***ਸੰਸਾਰ ਬੈਂਕ ਦੀ ਤਾਜ਼ਾ 'ਗਲੋਬਲ ਡਿਵੈਲਮੈਂਟ ਹੌਰਾਇਜਨ' ਰਿਪੋਰਟ ਨੇ ਸਪਸ਼ਟ ਇਸ਼ਾਰਾ ਕੀਤਾ ਹੈ ਕਿ ਭਾਵੇਂ ਅਗਲੇ 15 ਸਾਲਾਂ ਦੌਰਾਨ ਵਿਕਾਸ ਦਰ 2010 ਦੇ ਮੁਕਾਬਲੇ ਘੱਟ ਰਹੇਗੀ, ਫਿਰ ਵੀ ਉਭਰ ਰਹੀਆਂ ਆਰਥਿਕਤਾਵਾਂ ਦੀ ਵਿਕਾਸ ਦਰ 2011-25 ਦੌਰਾਨ 4.7 ਫੀਸਦੀ ਰਹੇਗੀ ਜੋ ਵਿਕਸਤ ਮੁਲਕਾਂ ਦੀ 2.3 ਫੀਸਦੀ ਦੇ ਮੁਕਾਬਲੇ ਦੁੱਗਣੀ ਹੋਵੇਗੀ। ਸਿੱਟੇ ਵਜੋਂ 2025 ਤੱਕ ਉਭਰ ਰਹੀਆਂ ਛੇ ਆਰਥਿਕਤਾਵਾਂ-ਬਰਾਜ਼ੀਲ, ਚੀਨ, ਭਾਰਤ, ਇੰਡੋਨੇਸ਼ੀਆ, ਕੋਰੀਆ ਤੇ ਰੂਸ, ਸੰਸਾਰ ਆਰਥਿਕਤਾ 'ਚ ਵਾਧੇ ਦਾ ਅੱਧ ਹੋਣਗੀਆਂ।***

ਇੱਕੀਵੀਂ ਸਦੀ ਦੀ ਸ਼ੁਰੂਆਤ ਤੋਂ ਲੈ ਕੇ, ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਨੇ ਸਪਸ਼ਟ ਸੰਕੇਤ ਦਿੱਤੇ ਹਨ ਕਿ ਮੌਜੂਦਾ ਸਾਮਰਾਜਵਾਦੀ ਪ੍ਰਬੰਧ ਗੰਭੀਰ ਗੜਬੜਾਂ ਦਾ ਸ਼ਿਕਾਰ ਹੈ ਤੇ ਇਹ ਨਿੱਤ ਦਿਨ ਨਵੀਆਂ ਸਮੱਸਿਆਵਾਂ ਵਿਚ ਘਿਰਦਾ ਜਾ ਰਿਹਾ ਹੈ। ਇਸ ਸਦੀ ਦੀ ਸ਼ੁਰੂਆਤ ਹੀ ਅਮਰੀਕਾ ਵੱਲੋਂ ਜੰਗ ਨਾਲ ਕੀਤੀ ਗਈ, ਤੇ ਇਸ ਦੇ ਪਹਿਲੇ ਦਹਾਕੇ ਦੇ ਅੰਤ 'ਚ ਹੀ ਪੂੰਜੀਵਾਦ ਨੇ 1930 ਤੋਂ ਬਾਅਦ ਪਹਿਲੀ ਵਾਰ ਕੌਮਾਂਤਰੀ ਮੰਦੀ ਦਾ ਸਾਹਮਣਾ ਕੀਤਾ। ਅਜੇ



ਨਰਦੇਵ ਸਿੰਘ

ਜੰਗ ਅਤੇ ਮੰਦੀ ਨੇ ਇਸ ਦਾ ਪਿੱਛਾ ਨਹੀਂ ਸੀ ਛੱਡਿਆ ਕਿ ਅਰਬ-ਮੁਲਕਾਂ 'ਚ ਉਭਰੀਆਂ ਜਮਹੂਰੀਅਤ ਪੱਖੀ ਲਹਿਰਾਂ ਨੇ, ਅਮਰੀਕਾ ਪੱਖੀ ਤਾਨਾਸ਼ਾਹਾਂ ਦੇ ਤਖਤ ਉਲਟਾ ਦਿੱਤੇ। ਇਨ੍ਹਾਂ ਘਟਨਾਵਾਂ ਨੂੰ ਵੇਖ ਕੇ ਉਹ ਬੁਰਜੂਆ ਦਾਰਸ਼ਨਿਕ ਵੀ ਇਕ ਵਾਰ ਮੁੜ ਸੋਚਣ ਲਈ ਮਜਬੂਰ ਹੋ ਗਏ ਜਿਨ੍ਹਾਂ ਨੇ ਰੂਸ ਦੇ ਢਹਿ-ਢੇਰੀ ਹੋਣ ਮਗਰੋਂ ਪੂੰਜੀਵਾਦ ਦੇ ਸਦੀਵੀ ਹੋਣ ਦਾ ਐਲਾਨ ਕਰ ਦਿੱਤਾ ਸੀ। ਅਫਗਾਨਿਸਤਾਨ, ਇਰਾਕ ਅਤੇ ਹੁਣ ਲਿਬੀਆ 'ਤੇ ਕੀਤੇ ਫੌਜੀ ਹਮਲਿਆਂ ਨੇ ਜਿਥੇ ਦਹਿ-ਲੱਖਾਂ ਲੋਕਾਂ ਦੀ ਜਾਨ ਲੈ ਲਈ ਹੈ, ਉਥੇ ਇਨ੍ਹਾਂ ਮੁਲਕਾਂ ਦੀ ਆਰਥਿਕਤਾ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ, ਤੇ ਕਰੋੜਾਂ ਲੋਕਾਂ ਨੂੰ ਨਿੱਤ-ਨਿੱਤ ਮਰਨ ਲਈ ਛੱਡ ਦਿੱਤਾ ਹੈ। ਪਹਿਲੇ ਦਹਾਕੇ ਦੌਰਾਨ ਅੰਨ ਪਦਾਰਥਾਂ ਦੀਆਂ ਕੀਮਤਾਂ 'ਚ ਹੋਏ ਅਣ-ਕਿਆਸੇ ਵਾਧੇ ਨੇ, ਦੁਨੀਆਂ ਪੱਧਰ 'ਤੇ ਕਰੋੜਾਂ ਲੋਕਾਂ ਨੂੰ ਭੁੱਖ ਨਾਲ ਮਰਨ ਲਈ ਛੱਡ ਦਿੱਤਾ ਹੈ। ਵਾਤਾਵਰਨ ਦਾ ਮੁੱਦਾ, ਅੱਜ ਸਾਮਰਾਜੀ ਤਾਕਤਾਂ ਦੇ ਆਪਸੀ ਖਹਿ-ਭੇੜ ਦਾ ਮੁੱਦਾ ਬਣ ਗਿਆ ਹੈ ਤੇ ਆਪਸੀ ਮੁਕਾਬਲੇਬਾਜ਼ੀ 'ਚੋਂ ਕੋਈ ਸਹਿਮਤੀ ਨਹੀਂ ਬਣ ਰਹੀ। ਸਿੱਟੇ ਵਜੋਂ, ਪੂੰਜੀਵਾਦ ਅੱਜ ਧਰਤੀ ਦੀ ਹੋਂਦ ਲਈ ਖਤਰਾ ਬਣ ਰਿਹਾ ਹੈ। ਸਾਮਰਾਜੀ ਮੁਲਕਾਂ ਵਿਚਕਾਰ ਆਪਸੀ ਅੰਤਰ-ਵਿਰੋਧ ਇਤਨੇ ਤਿੱਖੇ ਹੋ ਚੁੱਕੇ ਹਨ ਕਿ ਆਰਥਿਕਤਾ ਤੋ ਲੈ ਕੇ ਵਾਤਾਵਰਣ ਤੱਕ ਸਭ ਮੁੱਦਿਆਂ 'ਤੇ ਬਣੇ ਕੌਮਾਂਤਰੀ ਫੋਰਮ ਫੇਲ੍ਹ ਹੋ ਰਹੇ ਹਨ। ਕੀ ਪੂੰਜੀਵਾਦ ਆਲਮੀ ਆਰਥਿਕ ਮੰਦੀ 'ਚੋਂ ਉਭਰ ਸਕੇਗਾ, ਜਾਂ 1930 ਦੀ ਮੰਦੀ ਵਾਂਗ ਹੀ ਇਸ ਦਾ ਨਤੀਜਾ ਵੀ ਤੀਜੀ ਸੰਸਾਰ ਜੰਗ ਨੂੰ ਜਨਮ ਦੇਵੇਗਾ, ਜਾਂ ਅਰਬ ਮੁਲਕਾਂ ਦੀ ਜਮਹੂਰੀਅਤ ਲਹਿਰ ਤੋਂ ਅੱਗੇ ਲੋਕ ਲਹਿਰ, 1917 ਦੀ ਰੂਸੀ ਕ੍ਰਾਂਤੀ ਵਰਗੀ ਚੁਣੌਤੀ ਇਸ ਸੰਕਟ 'ਚ ਫਸੇ ਪੂੰਜੀਵਾਦੀ ਪ੍ਰਬੰਧ ਨੂੰ ਦੇ ਸਕੇਗੀ, ਇਹ ਸਵਾਲ ਅੱਜ ਕਾਫੀ ਗੰਭੀਰ ਚਰਚਾ ਦੀ ਮੰਗ ਕਰਦੇ ਹਨ।

2008 ਦੀ ਕੌਮਾਤਰੀ ਆਰਥਿਕ ਮੰਦੀ 'ਚੋਂ ਨਿਕਲਣ ਦੀਆਂ ਸਭ ਕੋਸ਼ਿਸ਼ਾਂ ਅਜੇ ਤੱਕ ਬਿਲਕੁਲ ਅਸਫਲ ਰਹੀਆਂ ਹਨ। ਤਾਜ਼ਾ ਅੰਕੜੇ ਦੱਸਦੇ ਹਨ ਕਿ ਨਿਰਮਾਣ ਖੇਤਰ (ਮੈਨੁਫੈਕਚਰਿੰਗ ਸੈਕਟਰ) 'ਚ ਮੰਦੀ, ਅਮਰੀਕਾ ਅਤੇ ਯੂਰਪ ਤੋਂ ਲੈ ਕੇ ਏਸ਼ੀਆ ਤੱਕ ਫੈਲੀ ਪਈ ਹੈ। ਉੱਭਰ ਰਹੀਆਂ ਆਰਥਿਕਤਾਵਾਂ-ਚੀਨ, ਭਾਰਤ ਆਦਿ ਦੇ ਵਿਕਾਸ ਦਾ ਉਬਾਲ ਵੀ ਠੰਢਾ ਪੈਣਾ ਸ਼ੁਰੂ ਹੋ ਗਿਆ ਹੈ। ਪੂੰਜੀਵਾਦ ਦੇ ਕਿਲੇ ਅਮਰੀਕਾ ਅੰਦਰ ਹੀ ਇਸ ਮੰਦੀ ਦੀ ਮਾਰ ਸਭ ਤੋਂ ਵੱਧ ਹੈ। ਅਮਰੀਕਾ ਵੱਲੋਂ ਮੰਦੀ 'ਚੋਂ ਉਭਰਨ ਦਾ ਐਲਾਨ ਕਰਨ ਤੋਂ ਦੋ ਸਾਲ ਬਾਅਦ ਵੀ ਬੇਰੁਜ਼ਗਾਰੀ ਦੀ ਦਰ 9 ਫੀਸਦੀ ਉਤੇ ਟਿਕੀ ਹੋਈ ਹੈ। ਅਮਰੀਕਾ ਅੰਦਰ ਔਸਤਨ ਪ੍ਰਤੀ ਘੰਟਾ ਉਜਰਤਾਂ ਘਟ ਰਹੀਆਂ ਹਨ, ਤੇ ਬੇਰੁਜ਼ਗਾਰੀ ਵਧ ਰਹੀ ਹੈ। ਮਾਰਕੀਟ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਅਪ੍ਰੈਲ ਦੌਰਾਨ ਹੀ ਵਪਾਰਕ ਹਵਾਈ ਜਹਾਜ਼ਾਂ ਦੀ ਮੰਗ ਵਿਚ 30 ਫੀਸਦੀ, ਗੈਰ-ਰੱਖਿਆ ਪੂੰਜੀਗਤ ਵਸਤਾਂ 'ਚ 2.6 ਫੀਸਦੀ, ਸਟੀਲ ਦੀ ਮੰਗ 'ਚ 1.5 ਫੀਸਦੀ, ਕੰਪਿਊਟਰਾਂ 'ਚ 4.4 ਫੀਸਦੀ, ਤੇ ਮਸ਼ੀਨਰੀ 'ਚ 3.4 ਫੀਸਦੀ ਦੀ ਕਮੀ ਦਰਜ ਕੀਤੀ ਗਈ। ਹੁਣ ਅਮਰੀਕੀ ਕੰਪਨੀਆਂ ਲਈ ਨਵੇਂ ਆਰਡਰ ਹਾਸਲ ਕਰਨੇ ਅਤੇ ਅਮਰੀਕੀਆਂ ਲਈ ਰੁਜ਼ਗਾਰ ਪੈਦਾ ਕਰਨਾ, ਓਬਾਮਾ ਲਈ ਕਠਿਨ ਵੰਗਾਰ ਬਣ ਗਿਆ ਹੈ। 'ਬੇਲ ਆਊਟ' ਜਾਂ ਟੈਕਸ ਛੋਟਾਂ ਹਾਸਲ ਕਰਕੇ ਕਾਰਪੋਰੇਟ ਮੁਨਾਫੇ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਹੀ 5.9 ਫੀਸਦੀ ਦਰ ਨਾਲ ਵਧ ਕੇ 1045 ਅਰਬ ਡਾਲਰ ਤੱਕ ਪਹੁੰਚ ਗਏ ਹਨ। 'ਵਿੱਤੀ ਸਥਿਰਤਾ' ਹਾਸਲ ਕਰਨ ਲਈ ਬਜਟ ਘਾਟਾ ਘਟਾਉਣ ਦੇ ਨਾਂ 'ਤੇ ਸਰਕਾਰ ਨੇ ਸਮਾਜਿਕ ਸਹੂਲਤਾਂ-ਸਿਹਤ, ਸਿੱਖਿਆ, ਪੈਨਸ਼ਨ, ਬੇਰੁਜ਼ਗਾਰੀ ਭੱਤਾ ਆਦਿ 'ਤੇ ਵੱਡਾ ਹਮਲਾ ਬੋਲ ਦਿੱਤਾ ਹੈ। ਪਿਛਲੇ 12 ਸਾਲਾਂ ਦੌਰਾਨ ਹੀ ਸਰਕਾਰ ਇਨ੍ਹਾਂ ਸਹੂਲਤਾਂ 'ਤੇ 4000 ਅਰਬ ਡਾਲਰ ਦਾ ਵੱਡਾ ਕੱਟ ਲਗਾ ਚੁੱਕੀ ਹੈ। ਹੁਣ ਅਮਰੀਕੀ ਕਰਜ਼ਾ 14000 ਅਰਬ ਡਾਲਰ ਦਾ ਅੰਕੜਾ ਪਾਰ ਕਰ ਚੁੱਕਿਆ ਹੈ ਅਤੇ ਸਰਕਾਰ ਇਸ ਨੂੰ ਲੋਕਾਂ ਖਿਲਾਫ ਨਵੇਂ ਕੱਟ ਲਾਉਣ ਲਈ ਬਹਾਨੇ ਵਜੋਂ ਵਰਤ ਰਹੀ ਹੈ।

ਯੂਰਪ ਦੇ ਹਾਲਤ ਵੀ ਇਸ ਤੋਂ ਵੱਖਰੇ ਨਹੀਂ ਹਨ। 2009 ਤੋਂ ਸ਼ੁਰੂ ਹੋਇਆ ਕਰਜ਼ਾ ਸੰਕਟ ਇਸਦਾ ਪਿੱਛਾ ਨਹੀਂ ਛੱਡ ਰਿਹਾ। ਸਪੇਨ ਤੋਂ ਬਾਅਦ ਹੁਣ ਗਰੀਸ 'ਚ ਆਏ ਕਰਜ਼ਾ ਸੰਕਟ ਨੇ ਸਾਰੇ ਯੂਰਪ ਨੂੰ ਹਿਲਾ ਕੇ ਰੱਖ ਦਿੱਤਾ ਹੈ। ਗਰੀਸ ਨੇ ਇਕ ਸਾਲ ਪਹਿਲਾਂ ਹੀ ਯੂਰਪੀ ਬੈਂਕ ਅਤੇ ਆਈ.ਐਮ.ਐਫ. ਤੋਂ ਉੱਚੀਆਂ ਵਿਆਜ ਦਰਾਂ 'ਤੇ ਕਰੜੀਆਂ ਸ਼ਰਤਾਂ ਤਹਿਤ 110 ਅਰਬ ਯੂਰੋ ਦਾ ਕਰਜ਼ਾ ਲਿਆ ਸੀ। ਇਨ੍ਹਾਂ ਸ਼ਰਤਾਂ ਵਿਚ ਸਰਕਾਰ ਦੇ ਸਮਾਜਿਕ ਖਰਚਿਆਂ 'ਚ ਕਟੌਤੀ ਕਰਨਾ ਮੁੱਖ ਸੀ। ਸਿੱਟੇ ਵਜੋਂ ਰੁਜ਼ਗਾਰ, ਉਜਰਤਾਂ ਅਤੇ ਲੋਕਾਂ ਦੇ ਰਹਿਣ ਸਹਿਣ 'ਤੇ ਹਮਲਾ ਬੋਲਿਆ ਗਿਆ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਮਜ਼ਦੂਰਾਂ ਦੀ ਔਸਤਨ ਆਮਦਨ ਵਿਚ 30 ਫੀਸਦੀ ਤੱਕ ਦੀ ਕਮੀ ਆਈ। ਇਸ ਦੇ ਬਾਵਜੂਦ ਗਰੀਸ ਇਹ ਕਰਜ਼ਾ ਵਾਪਸ ਨਾ ਕਰ ਸਕਿਆ ਅਤੇ ਜੂਨ ਦੇ ਦੂਜੇ ਹਫਤੇ ਗਰੀਸ ਦੇ ਪ੍ਰਧਾਨ ਮੰਤਰੀ ਨੇ ਸਮਾਜਿਕ ਸਹੂਲਤਾਂ 'ਤੇ ਨਵੇਂ ਕੱਟ ਲਾਉਣ ਤੇ ਵੱਡੇ ਪੱਧਰ 'ਤੇ ਸਰਕਾਰੀ ਜਾਇਦਾਦ ਵੇਚਣ ਦਾ ਐਲਾਨ ਕਰ ਦਿੱਤਾ। ਪ੍ਰਧਾਨ ਮੰਤਰੀ ਦੇ ਇਸ ਐਲਾਨ ਵਿਰੁੱਧ 2.5 ਲੱਖ ਮਜ਼ਦੂਰਾਂ ਦੀ ਪ੍ਰਤੀਨਿਧ ਟਰੇਡ ਯੂਨੀਅਨ ਨੇ ਹੜਤਾਲ ਦਾ ਸੱਦਾ ਦਿੱਤਾ। ਕੱਟ ਲਾਉਣ ਸਬੰਧੀ ਨਵਾ ਕਾਨੂੰਨ ਪਾਸ ਕਰਨ ਵਿਰੁੱਧ ਹਜ਼ਾਰਾਂ ਨੌਜਵਾਨਾਂ ਨੇ ਪਾਰਲੀਮੈਂਟ ਨੂੰ ਘੇਰਿਆ। ਸਪੇਨ, ਜਿਥੇ 18 ਤੋਂ 25 ਸਾਲ ਦੇ ਗੱਭਰੂਆਂ ਵਿਚ ਬੇਰੁਜ਼ਗਾਰੀ ਦੀ ਦਰ 50 ਫੀਸਦੀ ਤੱਕ ਪਹੁੰਚ ਚੁੱਕੀ ਹੈ, ਉਹ 15 ਮਈ ਨੂੰ ਵੱਡੇ ਪੱਧਰ 'ਤੇ ਸੜਕਾਂ 'ਤੇ ਆਏ ਅਤੇ ਇਨ੍ਹਾਂ ਦੇ ਹੱਕ ਵਿਚ ਇਟਲੀ, ਫਰਾਂਸ, ਜਰਮਨੀ, ਬ੍ਰਿਟੇਨ ਤੇ ਬੈਲਜੀਅਮ ਵਿਚ ਵੀ ਮੁਜ਼ਾਹਰੇ ਹੋਏ। ਗਾਰਡੀਅਨ ਅਖ਼ਬਾਰ ਨੇ ਇਸ ਨੂੰ 'ਨੌਜਵਾਨਾਂ ਦੀ ਬਗਾਵਤ' ਦਾ ਨਾਂ ਦਿੱਤਾ 'ਜੋ ਦੱਖਣੀ ਯੂਰਪ ਵਿਚ ਫੈਲ ਰਹੀ ਹੈ, ਜੋ ਮੁੱਖਧਾਰਾ ਦੀ ਰਾਜਨੀਤੀ ਨੂੰ ਰੱਦ ਕਰਦੀ ਹੈ, ਜੋ ਸਮਾਜਿਕ ਖਰਚਿਆਂ ਤੇ ਕਟੌਤੀ ਵਿਰੁੱਧ ਸੇਧਤ ਹੈ।' ਗਰੀਸ ਵਿਚ ਆਏ ਤਾਜ਼ਾ ਸੰਕਟ ਨਾਲ ਯੂਰਪ ਦੀ ਮਾਰਕੀਟ ਦਾ ਸੂਚਕ ਅੰਕ ਲੜਖੜਾ ਗਿਆ, ਯੂਰੋ ਦੀ ਕੀਮਤ ਵਿਚ ਵੀ ਕਮੀ ਦਰਜ ਕੀਤੀ ਗਈ।

ਪੂੰਜੀਵਾਦੀ ਪ੍ਰਬੰਧ ਅਧੀਨ ਵੱਖ-ਵੱਖ ਸਾਮਰਾਜੀ ਤਾਕਤਾਂ ਵਿਚਕਾਰ ਖਹਿ-ਭੇੜ ਅਟੱਲ ਹੈ, ਲੇਕਿਨ ਆਰਥਿਕ ਸੰਕਟ ਦੇ ਦੌਰ 'ਚ ਇਹ ਆਪਣੀ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ; ਕਿਉਂਕਿ ਇਸ ਸਿਰ ਵੱਢਵੀਂ ਟੱਕਰ ਵਿਚ ਕਿਸੇ ਇਕ ਦਾ ਅੱਗੇ ਵਧਣਾ, ਦੂਜੇ ਦੀ ਤਬਾਹੀ 'ਤੇ ਹੀ ਨਿਰਭਰ ਕਰਦਾ ਹੈ। ਸੰਸਾਰ ਬੈਂਕ ਦੀ ਤਾਜ਼ਾ 'ਗਲੋਬਲ ਡਿਵੈਲਮੈਂਟ ਹੌਰਾਇਜਨ' ਰਿਪੋਰਟ ਨੇ ਸਪਸ਼ਟ ਇਸ਼ਾਰਾ ਕੀਤਾ ਹੈ ਕਿ ਭਾਵੇਂ ਅਗਲੇ 15 ਸਾਲਾਂ ਦੌਰਾਨ ਵਿਕਾਸ ਦਰ 2010 ਦੇ ਮੁਕਾਬਲੇ ਘੱਟ ਰਹੇਗੀ, ਫਿਰ ਵੀ ਉਭਰ ਰਹੀਆਂ ਆਰਥਿਕਤਾਵਾਂ ਦੀ ਵਿਕਾਸ ਦਰ 2011-25 ਦੌਰਾਨ 4.7 ਫੀਸਦੀ ਰਹੇਗੀ ਜੋ ਵਿਕਸਤ ਮੁਲਕਾਂ ਦੀ 2.3 ਫੀਸਦੀ ਦੇ ਮੁਕਾਬਲੇ ਦੁੱਗਣੀ ਹੋਵੇਗੀ। ਸਿੱਟੇ ਵਜੋਂ 2025 ਤੱਕ ਉਭਰ ਰਹੀਆਂ ਛੇ ਆਰਥਿਕਤਾਵਾਂ-ਬਰਾਜ਼ੀਲ, ਚੀਨ, ਭਾਰਤ, ਇੰਡੋਨੇਸ਼ੀਆ, ਕੋਰੀਆ ਤੇ ਰੂਸ, ਸੰਸਾਰ ਆਰਥਿਕਤਾ 'ਚ ਵਾਧੇ ਦਾ ਅੱਧ ਹੋਣਗੀਆਂ। ਇਹ ਆਰਥਿਕ ਖੇਤਰ 'ਚ ਉਭਰ ਰਹੇ ਬਹੁ-ਧਰਵੀ ਸੰਸਾਰ ਦਾ ਸੰਕੇਤ ਹੈ। ਰਿਪੋਰਟ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ 2025 ਤੱਕ ਕਰੰਸੀ ਦੇ ਮਾਮਲੇ 'ਚ ਡਾਲਰ ਦੀ ਸਰਦਾਰੀ ਖਤਮ ਹੋ ਜਾਵੇਗੀ ਅਤੇ ਯੂਰੋ ਤੇ ਚੀਨੀ ਕਰੰਸੀ 'ਯਾਨ' ਦੀ ਭੂਮਿਕਾ ਵਧ ਜਾਵੇਗੀ। ਨਿਸਚਤ ਹੀ ਵੱਖ-ਵੱਖ ਦੇਸ਼ ਇਨ੍ਹਾਂ ਵਿਚੋਂ ਕਿਸੇ ਇਕ ਕਰੰਸੀ ਨਾਲ ਆਪਣਾ ਗੱਠਜੋੜ ਬਣਾ ਲੈਣਗੇ। ਕੀ ਇਹ 1930 ਵਾਲੀ ਉਹੀ ਹਾਲਤ ਹੋਵੇਗੀ, ਜਦੋਂ ਸੰਸਾਰ ਆਪਸ ਵਿਰੋਧੀ, ਕਰੰਸੀ ਤੇ ਵਪਾਰਕ ਬਲਾਕਾਂ ਵਿਚ ਵੰਡਿਆ ਗਿਆ ਸੀ, ਤੇ ਇਹੀ ਆਰਥਿਕ ਜੰਗ ਦੁਨੀਆਂ ਨੂੰ ਅੱਗੇ ਸੰਸਾਰ ਜੰਗ ਤੱਕ ਲੈ ਗਈ ਸੀ।

ਹੁਣ ਤੱਕ ਦਾ ਆਰਥਿਕ ਵਿਸ਼ਲੇਸ਼ਣ ਦਿਖਾਉਂਦਾ ਹੈ ਕਿ ਚੀਨ, ਅਮਰੀਕਾ ਦੀ ਮੁੱਖ ਵਿਰੋਧੀ ਆਰਥਿਕ ਅਤੇ ਫੌਜੀ ਸ਼ਕਤੀ ਵਜੋਂ ਉਭਰ ਰਿਹਾ ਹੈ। ਚੀਨ ਨਾਲ ਅਮਰੀਕਾ ਦਾ ਵਪਾਰ ਸੰਤੁਲਨ, ਉਸ ਦੇ ਖਿਲਾਫ ਹੈ ਅਤੇ ਉਂਝ ਵੀ ਚੀਨ ਬੇਹੱਦ ਸਸਤੀ ਕਿਰਤ ਦੇ ਜ਼ਰੀਏ ਸੰਸਾਰ ਮੰਡੀ 'ਚ ਉਸ ਦੇ ਪੈਰ ਨਹੀਂ ਲੱਗਣ ਦੇ ਰਿਹਾ। ਦੋਵਾਂ ਵਿਚਕਾਰ ਕਰੰਸੀ ਜੰਗ ਪਹਿਲਾਂ ਹੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਅਜੇ ਪਿਛਲੇ ਸਾਲ ਹੀ, ਜਦੋਂ ਅਮਰੀਕਾ ਨੇ ਡਾਲਰ ਦੀ ਅੰਧਾ-ਧੁੰਦ ਸਪਲਾਈ ਵਧਾ ਕੇ, ਚੀਨੀ ਕਰੰਸੀ ਦੀ ਕੀਮਤ ਡਾਲਰ ਦੇ ਮੁਕਾਬਲੇ ਵਧਾਉਣ ਦੀ ਕੋਸ਼ਿਸ਼ ਕੀਤੀ ਤਾਂ ਜੋ ਚੀਨੀ ਵਸਤਾਂ ਅਮਰੀਕੀ ਬਾਜ਼ਾਰ 'ਚ ਮਹਿੰਗੀਆਂ ਹੋ ਜਾਣ ਅਤੇ ਅਮਰੀਕੀ ਵਸਤਾਂ ਚੀਨੀ ਬਜ਼ਾਰ 'ਚ ਸਸਤੀਆਂ ਹੋ ਜਾਣ; ਲੇਕਿਨ ਚੀਨ ਨੇ ਕਰੰਸੀ ਦਾ ਮੁੱਲ ਤੈਅ ਕਰਨ ਲਈ ਖੁੱਲ੍ਹੀ ਮੰਡੀ ਦੇ ਸਿਧਾਂਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਕਰੰਸੀ ਦਾ ਮੁੱਲ ਨਹੀਂ ਵਧਣ ਦਿੱਤਾ। ਇਹ ਇਕ ਤਰ੍ਹਾਂ ਅਮਰੀਕਾ ਦੀ ਚੌਧਰ ਨੂੰ ਸਿੱਧੀ ਵੰਗਾਰ ਸੀ। ਆਰਥਿਕ ਫਰੰਟ ਦੇ ਨਾਲੋ ਨਾਲ, ਅਮਰੀਕਾ ਤੇ ਚੀਨ ਫੌਜੀ ਫਰੰਟ 'ਤੇ ਤਿਆਰੀਆਂ 'ਚ ਰੁੱਝੇ ਹੋਏ ਹਨ। ਅਮਰੀਕਾ ਦੇ ਹਮਲਾਵਰ ਇਰਾਦਿਆਂ ਦਾ ਖੁਲਾਸਾ ਕਰਦਿਆਂ ਅਮਰੀਕੀ ਰੱਖਿਆ ਸਕੱਤਰ ਰੋਬਰਟ ਗੇਟਸ ਨੇ ਸਪਸ਼ਟ ਕਿਹਾ, "ਅਸੀਂ ਆਸ ਕਰਦੇ ਹਾਂ ਕਿ ਏਸ਼ੀਆ ਵਿਚ ਅਮਰੀਕੀ ਦਖਲਅੰਦਾਜ਼ੀ ਦੀ ਮਾਤਰਾ ਅਤੇ ਤੀਬਰਤਾ ਵਿਚ ਤੁਸੀਂ ਮਹੱਤਵਪੂਰਨ ਵਾਧਾ ਦੇਖੋਗੇ। ਇਹ ਫੌਜੀ ਦਖਲ ਏਸ਼ੀਆ 'ਚ ਅਜਿਹਾ ਸੁਰੱਖਿਆ ਢਾਂਚਾ ਖੜ੍ਹਾ ਕਰੇਗਾ ਜੋ ਵਧੇਰੇ ਲਚਕਦਾਰ, ਭੂਗੋਲਿਕ ਤੌਰ 'ਤੇ ਵੱਡੇ ਇਲਾਕੇ 'ਚ ਫੈਲਿਆ ਹੋਇਆ ਅਤੇ ਸਿਆਸੀ ਤੌਰ 'ਤੇ ਵਧੇਰੇ ਸਥਿਰ ਹੋਵੇਗਾ। ਇਹ ਢਾਂਚਾ ਉੱਤਰ-ਪੂਰਬ ਏਸ਼ੀਆ 'ਚ ਸਾਡੀ ਮੌਜੂਦਗੀ ਕਾਇਮ ਰੱਖੇਗਾ, ਦੱਖਣ ਪੂਰਬੀ ਏਸ਼ੀਆ ਅਤੇ ਹਿੰਦ ਮਹਾਸਾਗਰ 'ਚ ਸਾਡੀ ਮੌਜੂਦਗੀ ਵਧਾਵੇਗਾ।" ਦੂਜੇ ਪਾਸੇ ਰੂਸ ਅਤੇ ਚੀਨ ਵਿਚਕਾਰ ਜਿਥੇ ਆਰਥਿਕ ਸਹਿਯੋਗ ਵਧ ਰਿਹਾ ਹੈ, ਉਥੇ ਉਹ 'ਸ਼ੰਘਾਈ ਕੋਅਪਰੇਟਿਵ ਆਰਗੇਨਾਈਜੇਸ਼ਨ' ਜਰੀਏ, ਇਰਾਕ ਨਾਲ ਮਿਲ ਕੇ ਅਫਗਾਨਿਸਤਾਨ ਅਤੇ ਪਾਕਿਸਤਾਨ 'ਚ ਆਪਣੇ ਪੈਰ ਮਜ਼ਬੂਤ ਕਰਨ 'ਚ ਲੱਗੇ ਹੋਏ ਹਨ। ਦੂਜੇ ਪਾਸੇ ਯੁੱਧਨੀਤਕ ਪੱਖੋਂ ਅਹਿਮ ਅਤੇ ਤੇਲ ਗੈਸ ਦਾ ਭੰਡਾਰ, ਦੱਖਣੀ ਸਾਗਰ, ਅਮਰੀਕਾ ਤੇ ਚੀਨ ਵਿਚਕਾਰ ਅਹਿਮ ਭਖਦਾ ਮਸਲਾ ਬਣ ਗਿਆ ਹੈ। ਚੀਨ ਲਈ ਤੇਲ ਦੀ 75 ਫੀਸਦੀ ਸਪਲਾਈ ਇਸੇ ਸਾਗਰ ਰਾਹੀਂ ਹੁੰਦੀ ਹੈ ਤੇ ਅਮਰੀਕਾ ਇਥੇ ਵੀਅਤਨਾਮ-ਫਿਲਪਾਈਨ ਤੇ ਦੱਖਣੀ ਕੋਰੀਆ ਨਾਲ ਮਿਲ ਕੇ ਇਸ ਰੂਟ 'ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਜ਼ੋਰ ਲਗਾ ਰਿਹਾ ਹੈ ਤਾਂ ਜੋ ਚੀਨ 'ਤੇ ਦਬਾਅ ਬਣਾਇਆ ਜਾ ਸਕੇ। ਅਜੇ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਲੜਾਈ ਬਹੁਤ ਜਲਦੀ ਸੰਸਾਰ ਜੰਗ ਵੱਲ ਲੈ ਜਾਵੇਗੀ, ਲੇਕਿਨ ਇਹ ਨਿਸ਼ਚਤ ਹੈ ਕਿ ਇਹ ਅਫਗਾਨਿਸਤਾਨ, ਇਰਾਕ ਅਤੇ ਲਿਬੀਆ ਜਿਹੀ ਕਿਸੇ ਹੋਰ ਜੰਗ ਨੂੰ ਜਨਮ ਦੇ ਸਕਦੀ ਹੈ।

ਇਹ ਵੀ ਨਿਸਚਤ ਹੈ ਕਿ ਇਸ ਸੰਕਟਗ੍ਰਸਤ ਪ੍ਰਬੰਧ ਨੂੰ ਅਜੇ 1917 ਦੀ ਰੂਸੀ ਕ੍ਰਾਂਤੀ ਵਰਗੀ ਵੰਗਾਰ ਦੀ ਸੰਭਾਵਨਾ ਘੱਟ ਹੈ। ਅਰਬ ਮੁਲਕਾਂ ਦੀਆਂ ਬਗਾਵਤਾਂ ਕੋਲ ਭਾਵੇਂ ਵੱਡੇ ਡਿਕਟੇਟਰਾਂ ਦੇ ਤਖਤ ਮੂਧੇ ਮਾਰਨ ਦੀ ਤਾਕਤ ਹੈ ਲੇਕਿਨ ਉਨ੍ਹਾਂ ਕੋਲ ਇਸ ਪੂੰਜੀਵਾਦੀ ਪ੍ਰਬੰਧ ਦਾ ਬਦਲ ਨਹੀਂ ਹੈ। ਬਿਲਕੁਲ ਉਵੇਂ ਹੀ ਜਿਵੇਂ ਭਾਵੇਂ ਇਰਾਨ, ਅਮਰੀਕਾ ਦਾ ਕੱਟੜ ਵਿਰੋਧੀ ਹੈ ਲੇਕਿਨ ਉਹ ਨੀਤੀਆਂ ਪੱਖੋਂ ਹੋਰਾਂ ਤੋਂ ਬਹੁਤਾ ਭਿੰਨ ਨਹੀਂ ਹੈ। ਪੂੰਜੀਵਾਦੀ ਪ੍ਰਬੰਧ ਵਿਰੁੱਧ, ਬਦਲਵੇਂ ਸਮਾਜਵਾਦੀ ਪ੍ਰਬੰਧ ਦੀਆਂ ਹਾਮੀ ਸਕਤੀਆਂ ਦੀ ਕਮਜ਼ੋਰ ਹਾਲਤ ਦਾ ਲਾਹਾ ਲੈ ਕੇ, ਹੋ ਸਕਦਾ ਹੈ ਕਿ ਇਹ ਪ੍ਰਬੰਧ ਮੰਦੀ ਦਾ ਬੋਝ ਘੱਟ ਵਿਕਸਤ ਮੁਲਕਾਂ 'ਤੇ ਸੁੱਟ ਕੇ ਥੋੜ੍ਹੀ ਫੌਰੀ ਰਾਹਤ ਹਾਸਲ ਕਰਨ 'ਚ ਕਾਮਯਾਬ ਹੋ ਜਾਵੇ, ਲੇਕਿਨ ਇਹ ਸੱਚ ਹੈ ਕਿ ਇਸਦਾ ਭਵਿੱਖ ਹਨੇਰਾ ਹੈ।

# ਦਰਬਾਨ ਪੱਤਰਕਾਰੀ ਤੇ ਇਮਾਨਦਾਰ ਪ੍ਰਧਾਨ ਮੰਤਰੀ



ਸਵਾਲ ਸੰਵਾਦ

ਦਲਜੀਤ ਅਮੀ
ਫੋਨ:91-97811-21873

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਰਾਹੀਂ ਆਪਣਾ ਪੱਖ ਪੇਸ਼ ਕੀਤਾ ਹੈ। ਭ੍ਰਿਸ਼ਟਾਚਾਰ ਦੇ ਅਟੁੱਟ ਰੁਝਾਨ ਅਤੇ ਲੋਕਪਾਲ ਬਿਲ ਕਾਰਨ ਨੁਕਤਾਚੀਨੀ ਦਾ ਸ਼ਿਕਾਰ ਕੇਂਦਰੀ ਸਰਕਾਰ ਇਸ ਮਸ਼ਕ ਵਿਚੋਂ ਕੀ ਖੱਟ ਸਕਦੀ ਹੈ? ਸਰਕਾਰ ਜਾਂ ਪ੍ਰਧਾਨ ਮੰਤਰੀ ਦੇ ਅਕਸ ਨੂੰ ਤਾਂ ਇਸ ਮਸ਼ਕ ਨਾਲ ਭਾਵੇਂ ਕੋਈ ਫ਼ਰਕ ਪਵੇ ਜਾਂ ਨਾ, ਪਰ ਕੁਝ ਨਵੇਂ ਸਵਾਲ ਇਸ ਨਾਲ ਜ਼ਰੂਰ ਖੜ੍ਹੇ ਹੋ ਗਏ ਹਨ। ਪ੍ਰਧਾਨ ਮੰਤਰੀ ਨੇ ਪੰਜ ਅਖ਼ਬਾਰਾਂ ਦੇ ਸੰਪਾਦਕਾਂ ਨਾਲ ਮੁਲਾਕਾਤ ਕੀਤੀ। ਮੀਡੀਏ ਨਾਲ ਜੁੜੇ ਲੋਕ ਵੀ ਇਨ੍ਹਾਂ ਸਭ ਦੀ ਪਛਾਣ ਨਹੀਂ ਕਰ ਸਕੇ। ਹੁਣ ਵੀ ਇਨ੍ਹਾਂ ਪੰਜਾਂ ਦੀ ਪਛਾਣ ਦੱਸਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਕਰ ਕੇ ਜ਼ਿਆਦਾ ਘਾਟਾ ਨਹੀਂ ਪੈ ਸਕਦਾ। ਇਹ ਪੰਜ ਜਣੇ ਸਨ; ਦ ਟ੍ਰਿਬਿਊਨ ਦੇ ਮੁੱਖ ਸੰਪਾਦਕ ਰਾਜ ਚੇਂਗੱਪਾ, ਨਈ ਦੁਨੀਆਂ ਦੇ ਸੰਪਾਦਕ ਆਲੋਕ ਮਹਿਤਾ, ਦਿਵਿਆ ਮਰਾਠੀ ਦੇ ਸੰਪਾਦਕ ਕੁਮਾਰ ਕੇਤਕਰ, ਪੀ.ਟੀ.ਆਈ. ਦੇ ਸੰਪਾਦਕ ਐਮ.ਕੇ. ਰਾਜ਼ਦਾਨ ਅਤੇ ਬਿਜਨਸ ਸਟੈਂਡਰਡ ਦੇ ਨਿਰਦੇਸ਼ਕ ਤੇ ਐਡੀਟਰਜ਼ ਗਿਲਡ ਆਫ਼ ਇੰਡੀਆ ਦੇ ਪ੍ਰਧਾਨ ਟੀ.ਐਨ. ਨੈਨਨ। ਇਨ੍ਹਾਂ ਸੰਪਾਦਕਾਂ ਤੋਂ ਇਲਾਵਾ ਉਸ ਵੇਲੇ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੇ ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ, ਮੀਡੀਆ ਸਲਾਹਕਾਰ ਹਰੀਸ਼ ਖਰੇ ਅਤੇ ਸਕੱਤਰ ਟੀ.ਕੇ.ਏ. ਨਾਇਰ ਹਾਜ਼ਰ ਸਨ।

ਸਵਾਲ ਇਹ ਹੈ ਕਿ ਕੀ ਇਹ ਮੁਲਕ ਦੇ ਸਭ ਤੋਂ ਅਹਿਮ ਪੱਤਰਕਾਰ ਹਨ ਜਾਂ ਇਨ੍ਹਾਂ ਨੂੰ ਸੱਦਣ ਦਾ ਕੋਈ ਹੋਰ ਕਾਰਨ ਹੈ? ਦਰਅਸਲ, ਪੱਤਰਕਾਰਾਂ ਨੂੰ ਮਿਲਣ ਦੀ ਸਮੁੱਚੀ ਮਸ਼ਕ ਲੋਕ ਸੰਪਰਕ ਮੁਹਿੰਮ ਦਾ ਹਿੱਸਾ ਸੀ। ਅਜਿਹਾ ਕੰਮ ਕਰਨ ਵਾਲੇ ਸਭ ਤੋਂ ਕਾਰਗਰ ਸੰਪਾਦਕਾਂ ਨੂੰ ਬੁਲਾਇਆ ਗਿਆ ਸੀ। ਇਨ੍ਹਾਂ ਪੰਜਾਂ ਜਣਿਆਂ ਦੀ ਪ੍ਰਧਾਨ ਮੰਤਰੀ ਪ੍ਰਤੀ ਅੰਨ੍ਹੀ ਵਫ਼ਾਦਾਰੀ ਇਨ੍ਹਾਂ ਦੀਆਂ ਲਿਖਤਾਂ ਵਿਚੋਂ ਝਲਕਦੀ ਹੈ। ਰਾਜ ਚੇਂਗੱਪਾ ਪ੍ਰਧਾਨ ਮੰਤਰੀ ਵੱਲੋਂ ਚੌਗਿਰਦੇ ਬਾਬਤ ਬਣਾਈ ਕਮੇਟੀ ਵਿਚ ਸ਼ਾਮਲ ਹਨ ਅਤੇ ਪੱਤਰਕਾਰੀ ਹਲਕਿਆਂ ਵਿਚ ਚਰਚਾ ਹੈ ਕਿ 'ਦ ਟ੍ਰਿਬਿਊਨ' ਵਿਚ ਉਨ੍ਹਾਂ ਦੀ ਨਿਯੁਕਤੀ ਸਮੇਂ ਇਹ ਰਸੂਖ਼ ਕੰਮ ਆਇਆ ਸੀ। ਦੱਖਣੀ ਭਾਰਤੀ ਅਫ਼ਸਰਾਂ ਦਾ ਦਿੱਲੀ ਵਿਚ ਮਜ਼ਬੂਤ ਧੜਾ ਇਸ ਰਸੂਖ਼ ਦੀ ਅਹਿਮ ਕੜੀ ਮੰਨਿਆ ਜਾਂਦਾ ਹੈ। ਉਨ੍ਹਾਂ ਦੀਆਂ ਲਿਖਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਕਿੰਨੇ ਸ਼ੁਕਰਗੁਜ਼ਾਰ ਹਨ।

ਪ੍ਰਧਾਨ ਮੰਤਰੀ ਨਾਲ ਤਕਰੀਬਨ ਸੌ ਮਿੰਟ ਗੱਲਬਾਤ ਤੋਂ ਬਾਅਦ ਆਲੋਕ ਮਹਿਤਾ ਅਤੇ ਕੁਮਾਰ ਕੇਤਕਰ ਨੇ ਤਾਂ ਪੱਤਰਕਾਰ ਸਮਾਗਮ ਹੀ ਕਰ ਦਿੱਤਾ। ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਦਾ ਪੇਸ਼ ਕੀਤਾ ਗਿਆ ਪੱਖ ਪ੍ਰੈਸ ਇਨਫਰਮੇਸ਼ਨ ਬਿਊਰੋ, ਲੋਕ ਸੰਪਰਕ ਮਹਿਕਮੇ, ਸਰਕਾਰੀ ਅਤੇ ਸਿਆਸੀ ਬੁਲਾਰਿਆਂ ਲਈ ਸਬਕ ਹੋ ਸਕਦਾ ਸੀ। ਇਹ ਸਵਾਲ ਮੌਜੂਦਾ ਹਾਲਾਤ ਵਿਚ ਪੁੱਛਣਾ ਔਖਾ ਹੈ ਕਿ ਲੋਕ ਸੰਪਰਕ ਮਹਿਕਮੇ ਦੇ ਕੰਮ ਅਤੇ ਪੱਤਰਕਾਰੀ ਵਿਚ ਕੀ ਫ਼ਰਕ ਹੁੰਦਾ ਹੈ? ਆਖ਼ਰ ਦੋਵਾਂ ਕੰਮਾਂ ਨੂੰ ਕਰਨ ਵਾਲੇ ਇਕੋ ਇਮਤਿਹਾਨ ਪਾਸ ਕਰਕੇ ਹੀ ਤਾਂ ਆਪਣੀ ਯੋਗਤਾ ਪੂਰੀ ਕਰਦੇ ਹਨ। ਇਸੇ ਸਿਖਲਾਈ ਦੇ ਨਤੀਜੇ ਵਜੋਂ ਜ਼ਿਆਦਾਤਰ ਪੱਤਰਕਾਰ ਲੋਕ ਸੰਪਰਕ ਮਹਿਕਮੇ ਦੀ ਤਰਜ਼ ਉਤੇ ਕੰਮ ਕਰਦੇ ਹਨ। ਕਈ ਵਾਰ ਕੁਝ ਲੋਕ ਸੰਪਰਕ ਮਹਿਕਮਿਆਂ ਵਾਲੇ ਦੂਜੇ ਨਾਂਵਾਂ ਨਾਲ ਲੇਖਾਂ ਅਤੇ ਖ਼ਬਰਾਂ ਰਾਹੀਂ ਆਪਣੀ 'ਲੋਕ ਪੱਖੀ ਜ਼ਿੰਮੇਵਾਰੀ' ਪੂਰੀ ਕਰ ਲੈਂਦੇ ਹਨ। ਸਰਕਾਰੀ ਰਸਾਲਿਆਂ, ਲੋਕ ਸੰਪਰਕ ਮਹਿਕਮਿਆਂ, ਕਮਿਸ਼ਨਾਂ ਅਤੇ ਰਾਜ ਸਭਾ ਵਿਚ ਬੈਠੇ ਸਾਬਕਾ ਪੱਤਰਕਾਰਾਂ ਦੀਆਂ ਵਫ਼ਾਦਾਰੀਆਂ ਸੱਤਾ ਦੇ ਗ਼ਲਿਆਰਿਆਂ ਵਿਚ ਚਰਚਾ ਦਾ ਵਿਸ਼ਾ ਤਾਂ ਬਣਦੀਆਂ ਹਨ ਪਰ ਖ਼ਬਰ ਨਹੀਂ ਬਣਦੀਆਂ। ਇਨ੍ਹਾਂ ਤੋਂ ਬਿਨਾਂ ਸੂਬਾ ਤੇ ਕੇਂਦਰ ਸਰਕਾਰਾਂ ਦੇ ਮੀਡੀਆ ਸਲਾਹਕਾਰਾਂ ਦੇ ਅਹੁਦਿਆਂ ਲਈ ਪੱਤਰਕਾਰੀ ਵਿਚ ਲੋਕ ਸੰਪਰਕ ਮੁਹਿੰਮ ਨੂੰ ਰਲਗੱਡ ਕਰਨ ਵਾਲੇ ਪੱਤਰਕਾਰਾਂ ਦੀ ਦਾਅਵੇਦਾਰੀ ਜ਼ਿਆਦਾ ਮਜ਼ਬੂਤ ਮੰਨੀ ਜਾਂਦੀ ਹੈ।


ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨ ਗਏ ਪੀ.ਟੀ.ਆਈ. ਦੇ ਸੰਪਾਦਕ ਐਮ.ਕੇ. ਰਾਜ਼ਦਾਨ ਦੇ ਅਦਾਰੇ ਵਿਚ ਸਰਕਾਰੀ ਦਖ਼ਲਅੰਦਾਜ਼ੀ ਦਾ ਅੰਦਾਜ਼ਾ ਸਭ ਨੂੰ ਹੈ। ਉਨ੍ਹਾਂ ਦਾ ਅਦਾਰਾ ਕਿਸੇ ਨੂੰ ਨਾਰਾਜ਼ ਕਰਨ ਦਾ ਜੋਖਮ ਸਹੇੜਦਾ ਹੀ ਨਹੀਂ। ਇਸੇ ਤਰ੍ਹਾਂ ਬਿਜਨਸ ਸਟੈਂਡਰਡ ਦੀ ਪ੍ਰਧਾਨ ਮੰਤਰੀ ਦਫ਼ਤਰ ਨਾਲ ਨੇੜਤਾ ਵੀ ਕਿਸੇ ਤੋਂ ਲੁਕੀ ਹੋਈ ਨਹੀਂ। ਇਸ ਦੇ ਮੌਜੂਦਾ ਸੰਪਾਦਕ ਸੰਜੇ ਬਾਰੂ ਪ੍ਰਧਾਨ ਮੰਤਰੀ ਦੇ ਮੀਡੀਆ ਸਲਾਹਕਾਰ ਰਹੇ ਹਨ। ਟੀ.ਐਨ. ਨੈਨਨ ਉਨ੍ਹਾਂ ਲਈ ਸੰਪਾਦਕੀ ਛੱਡ ਕੇ ਸੰਪਾਦਕੀ ਨਿਰਦੇਸ਼ਕ ਬਣੇ ਸਨ। ਉਂਜ ਬਿਜਨਸ ਸਟੈਂਡਰਡ ਵਿਚ ਟੀ.ਐਨ. ਨੈਨਨ ਹਿੱਸੇਦਾਰ ਵੀ ਹਨ ਅਤੇ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਦੀ ਵਕਾਲਤ ਧੜੱਲੇ ਨਾਲ ਕਰਦੇ ਹਨ। ਇਸ ਜਾਣਕਾਰੀ ਤੋਂ ਬਾਅਦ ਇਹ ਗ਼ਲਤ ਨਹੀਂ ਜਾਪਦਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਸੰਪਾਦਕਾਂ ਨੂੰ ਹੀ ਸੱਦਿਆ ਸੀ ਜੋ ਕਿਸੇ ਤਰ੍ਹਾਂ ਦਾ ਔਖਾ ਸਵਾਲ ਪੁੱਛਣ ਵਾਲੇ ਨਹੀਂ ਸਨ। ਪ੍ਰਧਾਨ ਮੰਤਰੀ ਵੱਲੋਂ ਇਨ੍ਹਾਂ ਸੰਪਾਦਕਾਂ ਨਾਲ ਕੀਤੀਆਂ ਜੋ ਗੱਲਾਂ ਅਖ਼ਬਾਰਾਂ, ਰਸਾਲਿਆਂ, ਰੇਡੀਓ ਅਤੇ ਟੈਲੀਵਿਜ਼ਨ ਰਾਹੀਂ ਨਸ਼ਰ ਹੋਈਆਂ ਹਨ, ਉਨ੍ਹਾਂ ਵਿਚੋਂ ਕੋਈ ਵੀ ਨਵੀਂ ਨਹੀਂ ਹੈ।

ਪੰਜ ਸੰਪਾਦਕਾਂ ਦੀ ਚੋਣ ਨੂੰ ਅੰਨਾ ਹਜ਼ਾਰੇ ਦੀ ਟੀਮ ਬਾਬਤ ਚੱਲ ਰਹੀ ਬਹਿਸ ਨਾਲ ਜੋੜ ਕੇ ਵੇਖਣਾ ਕੁਥਾਵੇਂ ਜਾਪ ਸਕਦਾ ਹੈ ਪਰ ਇਹ ਮਸ਼ਕ ਬੇਮਾਅਨਾ ਨਹੀਂ ਹੈ। ਮੀਡੀਏ ਵਿਚ ਇਨ੍ਹਾਂ ਪੰਜਾਂ ਬਾਬਤ ਹਰ ਪੱਖੋਂ ਸਵਾਲ ਕੀਤੇ ਗਏ ਹਨ। ਇਹ ਸਿਵਲ ਸੁਸਾਇਟੀ ਦੇ ਨੁਮਾਇੰਦੇ ਕਿਵੇਂ ਹੋ ਗਏ? ਕੀ ਕੋਈ ਪੰਜ ਜਣੇ ਆਪਣੇ-ਆਪ ਨੂੰ ਸਮੁੱਚੇ ਸਮਾਜ ਦੇ ਝੰਡਾਬਰਦਾਰ ਵਜੋਂ ਪੇਸ਼ ਕਰ ਸਕਦੇ ਹਨ? ਅਜਿਹੇ ਬਹੁਤ ਸਾਰੇ ਸਵਾਲ ਹਨ। ਇਨ੍ਹਾਂ ਸਵਾਲਾਂ ਵਿਚ ਕੇਂਦਰੀ ਮੰਤਰੀ ਅਤੇ ਸਰਕਾਰੀ ਬੁਲਾਰੇ ਲਗਾਤਾਰ ਸੁਰ ਮਿਲਾ ਰਹੇ ਹਨ। ਇਹ ਸਵਾਲ ਇਨ੍ਹਾਂ ਪੰਜਾਂ ਸੰਪਾਦਕਾਂ ਬਾਬਤ ਕਿਉਂ ਨਹੀਂ ਪੁੱਛੇ ਗਏ? ਇਹ ਸਵਾਲ ਪੁੱਛੇ ਤਾਂ ਜ਼ਰੂਰ ਗਏ ਹਨ ਪਰ ਇਨ੍ਹਾਂ ਨੂੰ ਬਹਿਸ ਦਾ ਮਸਲਾ ਨਹੀਂ ਬਣਾਇਆ ਗਿਆ। ਇਹ ਪੱਤਰਕਾਰੀ ਅੰਦਰ ਭਾਰੂ ਉਸੇ ਰੁਝਾਨ ਦਾ ਹਿੱਸਾ ਹੈ ਜਿਸ ਤਹਿਤ 'ਆਪਣੇ ਮੰਜੇ ਥੱਲੇ ਝਾੜੂ ਫੇਰਨ ਦੀ ਨਸੀਹਤ' ਤੋਂ ਕੰਨੀ ਕਤਰਾਈ ਜਾਂਦੀ ਹੈ।

ਰਾਡੀਆ ਟੇਪਾਂ ਦੇ ਮਾਮਲੇ ਵਿਚ ਵੀ ਤਾਂ ਸਿਆਸਤਦਾਨਾਂ ਨਾਲ ਪੱਤਰਕਾਰੀ ਦੀ ਨੇੜਤਾ ਚਰਚਾ ਵਿਚ ਆਈ ਸੀ ਪਰ ਜ਼ਿਆਦਾਤਰ ਅਖ਼ਬਾਰਾਂ, ਰਸਾਲਿਆਂ, ਰੇਡੀਓ ਅਤੇ ਟੈਲੀਵਿਜ਼ਨ ਨੇ ਉਸ ਮਸਲੇ ਤੋਂ ਕਿਨਾਰਾਕਸ਼ੀ ਕੀਤੀ ਸੀ। ਉਸ ਵੇਲੇ ਕਿਸੇ ਸਿਆਸਤਦਾਨ ਦੇ ਪੱਖ ਵਿਚ ਧੜੇਬੰਦੀ ਕਰਨ ਜਾਂ ਕਿਸੇ ਸਿਆਸਤਦਾਨ ਦੇ ਕਹਿਣ ਉਤੇ ਲੇਖ ਲਿਖਣ ਦਾ ਮਸਲਾ ਸਾਹਮਣੇ ਆਇਆ ਸੀ। ਐਨ.ਡੀ.ਟੀ.ਵੀ. ਦੀ ਪੱਤਰਕਾਰ ਬਰਖਾ ਦੱਤ ਲੋਕ ਸੰਪਰਕ ਕਾਰੋਬਾਰੀ ਨੀਰਾ ਰਾਡੀਆ ਨਾਲ ਡੀ.ਐਮ.ਕੇ. ਦੇ ਸਿਆਸਤਦਾਨਾਂ ਨੂੰ ਮਿਲਣ ਵਾਲੇ ਮਹਿਕਮਿਆਂ ਵਿਚ ਦਿਲਚਸਪੀ ਲੈ ਰਹੀ ਸੀ। ਜਦੋਂ ਅੰਨਾ ਹਜ਼ਾਰੇ ਭ੍ਰਿਸ਼ਟਾਚਾਰ ਖ਼ਿਲਾਫ਼ ਕਾਨੂੰਨੀ ਪੇਸ਼ਬੰਦੀ ਵਜੋਂ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਲਈ ਗ਼ੈਰ-ਸਰਕਾਰੀ ਨੁਮਾਇੰਦਿਆਂ ਦੀ ਸ਼ਮੂਲੀਅਤ ਲਈ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਉਤੇ ਬੈਠੇ ਸਨ ਤਾਂ ਉਥੇ ਪੁੱਜੀ ਬਰਖਾ ਦੱਤ ਵਿਰੁਧ ਲੋਕਾਂ ਨੇ ਨਾਅਰੇਬਾਜ਼ੀ ਕੀਤੀ ਸੀ। ਹਿੰਦੋਸਤਾਨ ਟਾਈਮਜ਼ ਦੇ ਸਲਾਹਕਾਰ ਵੀਰ ਸੰਘਵੀ ਵੱਲੋਂ ਨੀਰਾ ਰਾਡੀਆ ਦੀਆਂ ਹਦਾਇਤਾਂ ਉਤੇ ਕਾਲਮ ਲਿਖਣ ਦਾ ਮਾਮਲਾ ਰਾਡੀਆ ਟੇਪਾਂ ਰਾਹੀਂ ਬੇਪਰਦ ਹੋਇਆ ਸੀ। ਇਹ ਸਾਰਾ ਘਟਨਾਕ੍ਰਮ ਕੁਝ ਰਸਾਲਿਆਂ ਅਤੇ ਕੁਝ ਇੱਕਾ-ਦੁੱਕਾ ਲੇਖਾਂ ਤੱਕ ਸੀਮਤ ਹੋ ਕੇ ਰਹਿ ਗਿਆ ਸੀ। ਹੁਣ ਪੰਜਾਂ ਸੰਪਾਦਕਾਂ ਦੀ ਚੋਣ ਦਾ ਮਸਲਾ ਵੀ ਉਸੇ ਰੁਝਾਨ ਦਾ ਮਹੀਨ ਪ੍ਰਗਟਾਵਾ ਹੈ। ਇਨ੍ਹਾਂ ਤੋਂ ਵੀ ਤਾਂ ਸਰਕਾਰ ਪੱਤਰਕਾਰਾਂ ਦੇ ਰੂਪ ਵਿਚ ਲੋਕ ਸੰਪਰਕ ਮੁਹਿੰਮ ਚਲਵਾਉਣ ਦੀ ਮਸ਼ਕ ਕਰਦੀ ਜਾਪਦੀ ਹੈ। ਇਹੋ ਕੰਮ ਤਾਂ ਸਨਅਤਕਾਰ ਅਤੇ ਸਿਆਸਤਦਾਨ, ਨੀਰਾ ਰਾਡੀਆ ਰਾਹੀਂ ਬਰਖਾ ਦੱਤ ਅਤੇ ਵੀਰ ਸੰਘਵੀ ਵਰਗਿਆਂ ਤੋਂ ਕਰਵਾ ਰਹੇ ਸਨ।

ਪੱਤਰਕਾਰੀ ਜਗਤ ਵਿਚ ਇਸ ਮਸਲੇ 'ਤੇ ਦੱਬੀ ਸੁਰ ਵਿਚ ਚਰਚਾ ਹੋ ਰਹੀ ਹੈ। ਕੁਝ ਕਨਸੋਅ ਤਾਂ ਸੀ.ਐਨ.ਐਨ.-ਆਈ.ਬੀ.ਐਨ. ਦੀ ਪੱਤਰਕਾਰ ਸਾਗਰਿਕਾ ਘੋਸ਼ ਦੀ ਟਵੀਟਰ ਲਿਖਤ ਤੋਂ ਹੋ ਜਾਂਦੀ ਹੈ। ਉਸ ਨੇ ਲਿਖਿਆ ਹੈ, "ਮਨਮੋਹਨ ਸਿੰਘ ਔਖੇ ਸਵਾਲਾਂ ਤੋਂ ਡਰਦੇ ਹਨ। ਇਸੇ ਲਈ ਉਨ੍ਹਾਂ ਨੇ ਆਪਣੇ ਲਫ਼ਟੈਣ ਸੰਪਾਦਕਾਂ ਦੀ ਜੁੰਡਲੀ ਨੂੰ ਸੱਦਿਆ ਹੈ। ਇਹ ਲੋਕਾਂ ਤੱਕ ਪਹੁੰਚ ਕਰਨ ਦੀ ਮਸ਼ਕ ਨਹੀਂ ਹੈ ਸਗੋਂ ਸ਼ਰਮਸਾਰੀ ਦਾ ਸਬੱਬ ਹੈ। ਪ੍ਰਧਾਨ ਮੰਤਰੀ ਨੂੰ ਖੁੱਲ੍ਹੀ ਪ੍ਰੈਸ ਕਾਨਫਰੰਸ ਵਿਚ ਸਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਨੀ ਚਾਹੀਦੀ ਸੀ।" ਉਸ ਨੇ ਅੱਗੇ ਲਿਖਿਆ ਹੈ, "ਕਾਂਗਰਸ ਨੂੰ ਆਪਣੀ ਜਗੀਰੂ ਸੋਚ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ। ਇਨ੍ਹਾਂ ਦਰਬਾਨਾਂ (ਸੰਪਾਦਕਾਂ) ਦਾ ਸਮਾਂ ਲੱਦ ਚੁੱਕਿਆ ਹੈ ਕਿਉਂਕਿ ਖੁੱਲ੍ਹੀ ਜਾਣਕਾਰੀ ਆਧੁਨਿਕ ਸਮਾਜ ਦੀ ਕੁੰਜੀ ਹੈ।" ਸੱਦੇ ਗਏ ਸੰਪਾਦਕਾਂ ਦੇ ਖ਼ਾਸੇ ਬਾਬਤ ਟਿੱਪਣੀ ਕਰਦੀ ਹੋਈ ਸਾਗਰਿਕਾ ਘੋਸ਼ ਨੇ ਬਹੁਤ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ ਹੈ, "ਕਿਸੇ ਟੈਲੀਵਿਜ਼ਨ ਦੇ ਕੈਮਰੇ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਸਥਾਪਤੀ ਪੱਖੀ ਉਘੇ ਸੰਪਾਦਕਾਂ ਨੂੰ ਸੱਦ ਕੇ ਗੱਲਬਾਤ ਕੀਤੀ ਗਈ। ਕੱਲ੍ਹ ਨੂੰ ਅਖ਼ਬਾਰਾਂ ਵਿਚ ਸਾਫ਼-ਸੁਥਰੀ ਖ਼ਬਰ ਛਪੇਗੀ।" ਅਖ਼ਬਾਰਾਂ ਨੇ ਅਗਲੇ ਦਿਨ ਸਾਗਰਿਕਾ ਘੋਸ਼ ਦੀ ਪੇਸ਼ੀਨਗੋਈ ਦੀ ਤਸਦੀਕ ਕਰ ਦਿੱਤੀ। ਸੱਦੇ ਗਏ ਸੰਪਾਦਕਾਂ ਨੇ ਆਪਣੇ 'ਉਚੇ ਹੋਏ ਰੁਤਬੇ' ਅਤੇ 'ਨਵੇਂ ਗਿਆਨ' ਦੀ ਨੁਮਾਇਸ਼ ਦਾ ਮੌਕਾ ਹੱਥੋਂ ਨਹੀਂ ਜਾਣ ਦਿੱਤਾ।

'ਪ੍ਰਧਾਨ ਮੰਤਰੀ ਨੇ ਚੁੱਪ ਤੋੜੀ' ਦੀ ਸੁਰਖ਼ੀ ਤਾਂ ਬਹੁਤ ਵਾਰ ਬਣ ਚੁੱਕੀ ਹੈ। ਉਨ੍ਹਾਂ ਦੀ ਭਰੋਸੇਯੋਗਤਾ ਅਤੇ ਇਮਾਨਦਾਰੀ ਦਾ ਗੁਣ-ਗਾਣ ਵੀ ਪਹਿਲਾਂ ਹੀ ਬਹੁਤ ਹੋ ਚੁੱਕਿਆ ਹੈ। ਉਹ ਅਰਥਸ਼ਾਸਤਰ ਦੇ ਮਾਹਰ ਹਨ ਅਤੇ ਆਰਥਿਕ ਸੁਧਾਰਾਂ ਦੇ ਹਮਾਇਤੀ ਹਨ, ਇਹ ਦੱਸਣ ਲਈ ਤਾਂ ਉਨ੍ਹਾਂ ਨੂੰ ਸੰਪਾਦਕਾਂ ਨੂੰ ਸੱਦਣ ਦੀ ਲੋੜ ਨਹੀਂ। ਇਨ੍ਹਾਂ ਸਾਰੀਆਂ ਗੱਲਾਂ ਦੇ ਵਾਰ-ਵਾਰ ਦੁਹਰਾਉਣ ਨਾਲ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੂੰ ਕੀ ਫ਼ਰਕ ਪੈਂਦਾ ਹੈ? ਬਣਦੀ ਕਾਰਵਾਈ ਜਾਂ ਦਖ਼ਲਅੰਦਾਜ਼ੀ ਦੇ ਵਾਅਦੇ ਪਿਛਲੇ ਤਕਰੀਬਨ ਸੱਤ ਸਾਲ ਤੋਂ ਵਫ਼ਾ ਤੱਕ ਦਾ ਸਫ਼ਰ ਤੈਅ ਨਹੀਂ ਕਰ ਸਕੇ। ਇਸ ਹਾਲਤ ਵਿਚ ਸੰਪਾਦਕਾਂ ਰਾਹੀਂ ਬਿਆਨ ਦੇਣ ਨਾਲ ਸਰਕਾਰ ਦੀ ਸ਼ਾਖ਼ ਕਿਵੇਂ ਸੁਧਰ ਸਕਦੀ ਹੈ? ਇਸ ਮਾਮਲੇ ਵਿਚ ਸਰਕਾਰ ਦੀ ਕਹਿਣੀ ਅਤੇ ਕਰਨੀ ਦਾ ਫ਼ਰਕ ਅੰਨਾ ਹਜ਼ਾਰੇ ਮਾਮਲੇ ਦੀ ਧਿਰ ਬਣੇ ਬਿਨਾਂ ਵੀ ਸਮਝ ਆ ਸਕਦਾ ਹੈ। ਸਰਕਾਰ ਨੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਉਤੇ ਬੈਠੇ ਅੰਨਾ ਹਜ਼ਾਰੇ ਦੀ ਮੰਗ ਮੰਨ ਕੇ ਨੋਟੀਫਿਕੇਸ਼ਨ ਜਾਰੀ ਕੀਤਾ। ਸਰਕਾਰੀ ਅਤੇ ਗ਼ੈਰ-ਸਰਕਾਰੀ ਧੜਿਆਂ ਦੀ ਸਾਂਝੀ ਕਮੇਟੀ ਬਣੀ। ਇਸ ਕਮੇਟੀ ਦੀ ਕਾਰਗੁਜ਼ਾਰੀ ਦੇ ਰਾਹ ਵਿਚ ਆਉਣ ਵਾਲੇ ਅੜਿੱਕਿਆਂ ਬਾਬਤ ਜ਼ਾਹਿਰ ਕੀਤੇ ਗਏ ਖ਼ਦਸ਼ੇ ਸੱਚੇ ਸਾਬਤ ਹੋਏ ਹਨ। ਇਹ ਮੁੱਦਾ ਵੱਖਰਾ ਹੈ ਕਿ ਲੋਕਪਾਲ ਬਿੱਲ ਨਾਲ ਭ੍ਰਿਸ਼ਟਾਚਾਰ ਕਿਵੇਂ ਰੋਕਿਆ ਜਾ ਸਕਦਾ ਹੈ? ਬਾਬਾ ਰਾਮਦੇਵ ਅਤੇ ਉਸ ਦੇ ਹਮਾਇਤੀਆਂ ਨੂੰ ਰਾਮ ਲੀਲ੍ਹਾ ਮੈਦਾਨ ਵਿਚੋਂ ਖਦੇੜਨ ਲਈ ਕੀਤੀ ਕਾਰਵਾਈ ਦਾ ਕੁਝ ਦਿਨ ਪਹਿਲਾਂ ਪੱਬਾਂ ਭਾਰ ਹੋਏ ਫਿਰਦੇ ਮੰਤਰੀਆਂ ਨਾਲ ਕੋਈ ਮੇਲ ਨਹੀਂ ਬਣਦਾ। ਡਾ. ਮਨਮੋਹਨ ਸਿੰਘ ਇਸੇ ਸਰਕਾਰ ਦੇ ਪ੍ਰਧਾਨ ਮੰਤਰੀ ਹਨ। ਹੁਣ ਅਜਿਹੀ ਕੀ ਸਿਫਤੀ ਤਬਦੀਲੀ ਆਈ ਹੈ ਕਿ ਉਨ੍ਹਾਂ ਵੱਲੋਂ ਦਿੱਤੇ ਭਰੋਸੇ ਉਤੇ ਯਕੀਨ ਕਰ ਲਿਆ ਜਾਵੇ?



*'ਪ੍ਰਧਾਨ ਮੰਤਰੀ ਨੇ ਚੁੱਪ ਤੋੜੀ' ਦੀ ਸੁਰਖ਼ੀ ਤਾਂ ਬਹੁਤ ਵਾਰ ਬਣ ਚੁੱਕੀ ਹੈ। ਉਨ੍ਹਾਂ ਦੀ ਭਰੋਸੇਯੋਗਤਾ ਅਤੇ ਇਮਾਨਦਾਰੀ ਦਾ ਗੁਣ-ਗਾਣ ਵੀ ਪਹਿਲਾਂ ਹੀ ਬਹੁਤ ਹੋ ਚੁੱਕਿਆ ਹੈ। ਉਹ ਅਰਥਸ਼ਾਸਤਰ ਦੇ ਮਾਹਰ ਹਨ ਅਤੇ ਆਰਥਿਕ ਸੁਧਾਰਾਂ ਦੇ ਹਮਾਇਤੀ ਹਨ, ਇਹ ਦੱਸਣ ਲਈ ਤਾਂ ਉਨ੍ਹਾਂ ਨੂੰ ਸੰਪਾਦਕਾਂ ਨੂੰ ਸੱਦਣ ਦੀ ਲੋੜ ਨਹੀਂ। ਇਨ੍ਹਾਂ ਸਾਰੀਆਂ ਗੱਲਾਂ ਦੇ ਵਾਰ-ਵਾਰ ਦੁਹਰਾਉਣ ਨਾਲ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨੂੰ ਕੀ ਫ਼ਰਕ ਪੈਂਦਾ ਹੈ?... ...ਮਸਲਾ ਇਹ ਹੈ ਕਿ ਜੇ ਉਹ ਜਮਹੂਰੀ ਕਦਰਾਂ-ਕੀਮਤਾਂ ਦੇ ਧਾਰਨੀ ਹਨ ਤਾਂ ਮੌਕੇ ਉਤੇ ਦਖ਼ਲਅੰਦਾਜ਼ੀ ਕਰਨ। ਉਹ ਆਪਣੀ ਸਾਦਗੀ ਅਤੇ ਇਮਾਨਦਾਰੀ ਦਾ ਗੁਣ-ਗਾਣ ਲਗਾਤਾਰ ਸੁਣਦੇ ਰਹਿੰਦੇ ਹਨ। ਹੁਣ ਚੋਣਵੇਂ ਸੰਪਾਦਕਾਂ ਸਾਹਮਣੇ ਉਨ੍ਹਾਂ ਨੇ ਆਪਣੇ ਇਨ੍ਹਾਂ ਗੁਣਾਂ ਦੀ ਨੁਮਾਇਸ਼ ਤੋਂ ਬਿਨਾਂ ਕੁਝ ਨਹੀਂ ਕੀਤਾ। ਇਹ ਪੰਜੇ ਸੰਪਾਦਕ ਉਨ੍ਹਾਂ ਦੇ ਇਨ੍ਹਾਂ ਗੁਣਾਂ ਦੇ ਕਾਇਲ ਹਨ। ਸੰਪਾਦਕਾਂ ਤੋਂ ਇਹ ਕੌਣ ਪੁੱਛੇ ਕਿ ਇਨ੍ਹਾਂ ਗੁਣਾਂ ਨਾਲ ਮੁਲਕ ਦੀਆਂ ਮੌਜੂਦਾ ਮੁਸ਼ਕਲਾਂ ਦਾ ਹੱਲ ਕਿਵੇਂ ਹੋ ਸਕਦਾ ਹੈ?*

ਪ੍ਰਧਾਨ ਮੰਤਰੀ ਨੇ ਸਪਸ਼ਟ ਕਿਹਾ ਹੈ ਕਿ ਉਨ੍ਹਾਂ ਨੂੰ ਲੋਕਪਾਲ ਬਿੱਲ ਦੇ ਘੇਰੇ ਵਿਚ ਆਉਣ ਤੋਂ ਇਨਕਾਰ ਨਹੀਂ ਹੈ। ਮਿਸਾਲ ਸਿਰਫ਼ ਇਹ ਹੈ ਕਿ ਉਨ੍ਹਾਂ ਦੇ ਸਾਥੀ ਮੰਤਰੀਆਂ ਦੀ ਦਲੀਲ ਹੈ ਕਿ ਇਸ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਰੁਤਬੇ ਨੂੰ ਖੋਰਾ ਲੱਗੇਗਾ। ਇਸ ਦਲੀਲ ਦੇ ਪੱਖ ਜਾਂ ਵਿਰੋਧ ਵਿਚ ਜਾਏ ਬਿਨਾਂ ਪ੍ਰਧਾਨ ਮੰਤਰੀ ਦੀਆਂ ਅਜਿਹੀਆਂ ਦਲੀਲਾਂ ਦਾ ਰੁਝਾਨ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ 2-ਜੀ ਮਾਮਲੇ ਵਿਚ ਲੋਕ ਲੇਖਾ ਕਮੇਟੀ ਸਾਹਮਣੇ ਪੇਸ਼ ਹੋਣ ਦੀ ਪੇਸ਼ਕਸ਼ ਕੀਤੀ ਸੀ। ਅਜਿਹੀ ਪੇਸ਼ਕਸ਼ ਦੀ ਲੋੜ ਨਹੀਂ ਸੀ ਪਰ ਉਨ੍ਹਾਂ ਦੇ ਮੰਤਰੀ ਮੰਡਲ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ। ਪ੍ਰਧਾਨ ਮੰਤਰੀ ਨੇ ਚੁੱਪ ਧਾਰ ਲਈ। ਬਾਅਦ ਵਿਚ ਲੋਕ ਲੇਖਾ ਕਮੇਟੀ ਦੀ ਰਿਪੋਰਟ ਰੱਦ ਕਰਨ ਲਈ ਹੁਕਮਰਾਨ ਧਿਰ ਨੇ ਸਾਰੀਆਂ ਜਮਹੂਰੀ ਰਵਾਇਤਾਂ ਤੋੜ ਦਿੱਤੀਆਂ। ਕਮੇਟੀ ਦੇ ਮੁਖੀ ਭਾਜਪਾ ਦੇ ਆਗੂ ਮੁਰਲੀ ਮਨੋਹਰ ਜੋਸ਼ੀ ਹਨ। ਰਿਪੋਰਟ ਖ਼ਿਲਾਫ਼ ਹੰਗਾਮਾ ਹੋਇਆ। ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਦੇ ਬੈਠਕ ਵਿਚੋਂ ਰੋਸ ਪ੍ਰਗਟ ਕਰ ਕੇ ਚਲੇ ਜਾਣ ਤੋਂ ਬਾਅਦ ਰਾਜ ਸਭਾ ਮੈਂਬਰ ਸੈਫ਼ੂਦੀਨ ਸੋਜ਼ ਨੂੰ ਚੇਅਰਮੈਨ ਚੁਣਿਆ ਗਿਆ ਅਤੇ ਰਿਪੋਰਟ ਰੱਦ ਕਰ ਦਿੱਤੀ ਗਈ। ਰਵਾਇਤੀ ਤੌਰ ਉਤੇ ਲੋਕ ਲੇਖਾ ਕਮੇਟੀ ਦਾ ਚੇਅਰਮੈਨ ਲੋਕ ਸਭਾ ਵਿਚੋਂ ਵਿਰੋਧੀ ਧਿਰ ਦਾ ਨੁਮਾਇੰਦਾ ਹੁੰਦਾ ਹੈ। ਸੈਫ਼ੂਦੀਨ ਸੋਜ਼ ਰਾਜ ਸਭਾ ਵਿਚ ਹੁਕਮਰਾਨ ਧਿਰ ਦੇ ਨੁਮਾਇੰਦੇ ਹਨ। ਇਸ ਤਕਨੀਕੀ ਨੁਕਤੇ ਤੋਂ ਇਲਾਵਾ ਮਸਲਾ ਜਮਹੂਰੀ ਅਦਾਰੇ ਦੀ ਮਰਿਆਦਾ ਅਤੇ ਭ੍ਰਿਸ਼ਟਾਚਾਰ ਬਾਬਤ ਕੇਂਦਰ ਸਰਕਾਰ ਦੀ ਸਮਝ ਨਾਲ ਵੀ ਜੁੜਦਾ ਹੈ।

ਇਸ ਰਿਪੋਰਟ ਦੀ ਹਾਲਤ ਜਿਉਂ ਦੀ ਤਿਉਂ ਬਣੀ ਹੋਈ ਹੈ। ਉਸ ਮੌਕੇ ਕੇਂਦਰੀ ਮੰਤਰੀ ਬਿਆਨਬਾਜ਼ੀ ਕਰਦੇ ਰਹੇ ਪਰ ਪ੍ਰਧਾਨ ਮੰਤਰੀ ਚੁੱਪ ਰਹੇ। ਉਹ ਵਾਰ-ਵਾਰ ਦਲੀਲ ਦੇ ਰਹੇ ਸਨ ਕਿ ਪ੍ਰਧਾਨ ਮੰਤਰੀ ਨੂੰ ਤਾਂ ਕਮੇਟੀ ਅੱਗੇ ਪੇਸ਼ ਹੋਣ ਤੋਂ ਕੋਈ ਇਤਰਾਜ਼ ਨਹੀਂ ਸੀ। ਨੈਤਿਕ ਪੱਖੋਂ ਹੱਥ ਉਚਾ ਰੱਖਣ ਵਾਲੀ ਇਸ ਮਸ਼ਕ ਦੌਰਾਨ ਪ੍ਰਧਾਨ ਮੰਤਰੀ ਨੇ ਚੁੱਪ ਵੱਟੀ ਰੱਖੀ। ਮਸਲਾ ਇਹ ਹੈ ਕਿ ਜੇ ਉਹ ਜਮਹੂਰੀ ਕਦਰਾਂ-ਕੀਮਤਾਂ ਦੇ ਧਾਰਨੀ ਹਨ ਤਾਂ ਮੌਕੇ ਉਤੇ ਦਖ਼ਲਅੰਦਾਜ਼ੀ ਕਰਨ। ਉਹ ਆਪਣੀ ਸਾਦਗੀ ਅਤੇ ਇਮਾਨਦਾਰੀ ਦਾ ਗੁਣ-ਗਾਣ ਲਗਾਤਾਰ ਸੁਣਦੇ ਰਹਿੰਦੇ ਹਨ। ਹੁਣ ਚੋਣਵੇਂ ਸੰਪਾਦਕਾਂ ਸਾਹਮਣੇ ਉਨ੍ਹਾਂ ਨੇ ਆਪਣੇ ਇਨ੍ਹਾਂ ਗੁਣਾਂ ਦੀ ਨੁਮਾਇਸ਼ ਤੋਂ ਬਿਨਾਂ ਕੁਝ ਨਹੀਂ ਕੀਤਾ। ਇਹ ਪੰਜੇ ਸੰਪਾਦਕ ਉਨ੍ਹਾਂ ਦੇ ਇਨ੍ਹਾਂ ਗੁਣਾਂ ਦੇ ਕਾਇਲ ਹਨ। ਸੰਪਾਦਕਾਂ ਤੋਂ ਇਹ ਕੌਣ ਪੁੱਛੇ ਕਿ ਇਨ੍ਹਾਂ ਗੁਣਾਂ ਨਾਲ ਮੁਲਕ ਦੀਆਂ ਮੌਜੂਦਾ ਮੁਸ਼ਕਲਾਂ ਦਾ ਹੱਲ ਕਿਵੇਂ ਹੋ ਸਕਦਾ ਹੈ?

ਕੁਝ ਮਸਲਿਆਂ ਉਤੇ ਮੌਜੂਦਾ ਵਿਰੋਧੀ ਅਤੇ ਹੁਕਮਰਾਨ ਧਿਰ ਵਿਚ ਸਹਿਮਤੀ ਜਾਪਦੀ ਹੈ। ਵਿਰੋਧੀ ਧਿਰ ਵਾਰ-ਵਾਰ ਕਹਿੰਦੀ ਹੈ ਕਿ ਪ੍ਰਧਾਨ ਮੰਤਰੀ ਕਮਜ਼ੋਰ ਹਨ ਅਤੇ ਸੋਨੀਆ ਗਾਂਧੀ ਹੀ ਸਾਰੇ ਫ਼ੈਸਲੇ ਕਰਦੀ ਹੈ। ਸਰਕਾਰ ਇਨ੍ਹਾਂ ਬਿਆਨਾਂ ਦਾ ਖੰਡਨ ਕਰਦੀ ਹੋਈ ਪ੍ਰਧਾਨ ਮੰਤਰੀ ਨੂੰ ਖ਼ੁਦਮੁਖ਼ਤਾਰ, ਭਰੋਸੇਵਾਨ ਅਤੇ ਮਜ਼ਬੂਤ ਕਰਾਰ ਦਿੰਦੀ ਹੈ। ਇਸ ਨਾਟਕ ਨੇ ਸਿਆਸੀ ਮੰਚ ਮੱਲ੍ਹਿਆ ਹੋਇਆ ਹੈ। ਅਗਲਾ ਸਵਾਲ ਇਹ ਹੈ ਕਿ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਕਦੋਂ ਬਣ ਰਹੇ ਹਨ? ਇਸ ਸਵਾਲ ਦਾ ਮੁਲਕ ਦੇ ਮੌਜੂਦਾ ਮਸਲਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਉਤੇ ਦਾਅਵਾ ਵਿਰਾਸਤੀ ਮਸਲਾ ਹੈ। ਜੇ ਉਨ੍ਹਾਂ ਕੋਲ ਮੁਲਕ ਦੇ ਮਸਲੇ ਹੱਲ ਕਰਨ ਲਈ ਕੋਈ ਵੱਖਰੀ ਸੋਚ ਹੈ ਤਾਂ ਉਸ ਦਾ ਪ੍ਰਗਟਾਵਾ ਹੁਣ ਤੱਕ ਹੋ ਜਾਣਾ ਸੀ। ਰਾਹੁਲ ਦੀ ਤਕਰੀਰਬਾਜ਼ੀ ਅਤੇ ਹਰ ਸਰਗਰਮੀ ਨੂੰ ਉਸ ਦੀ ਯੋਗਤਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਦੋਵਾਂ ਗੁਣਾਂ ਨਾਲ ਮੁਲਕ ਵਿਚ ਪਸਰੀ ਗ਼ੁਰਬਤ, ਜਹਾਲਤ, ਬੇਰੁਜ਼ਗਾਰੀ ਅਤੇ ਬੇਵਿਸਾਹੀ ਕਿਵੇਂ ਘੱਟ ਸਕਦੀ ਹੈ? ਭ੍ਰਿਸ਼ਟਾਚਾਰ ਨੂੰ ਠੱਲ੍ਹ ਕਿਵੇਂ ਪੈ ਸਕਦੀ ਹੈ? ਮਹਿੰਗਾਈ ਕਿਵੇਂ ਘੱਟ ਸਕਦੀ ਹੈ? ਜੇ ਰਾਹੁਲ ਕੋਲ ਇਨ੍ਹਾਂ ਮਸਲਿਆਂ ਬਾਬਤ ਕੋਈ ਨਵੀਂ ਸੋਚ ਨਹੀਂ ਹੈ ਤਾਂ ਲੋਕਾਂ ਨੂੰ ਇਸ ਗੱਲ ਨਾਲ ਕੀ ਫ਼ਰਕ ਪੈਂਦਾ ਹੈ ਕਿ ਪ੍ਰਧਾਨ ਮੰਤਰੀ ਕੋਈ ਇਮਾਨਦਾਰ ਅਰਥਸ਼ਾਸਤਰੀ ਹੈ ਜਾਂ ਇੰਦਰਾ ਗਾਂਧੀ ਦਾ ਪੋਤਾ ਤੇ ਰਾਜੀਵ-ਸੋਨੀਆ ਦਾ ਮੁੰਡਾ ਹੈ। ਭ੍ਰਿਸ਼ਟਾਚਾਰ ਕਾਰਨ ਆਲੋਚਕ ਸਾਡੇ ਮੁਲਕ ਨੂੰ ਵਿਕਾਊ ਗਣਰਾਜ (ਬਨਾਨਾ ਰਿਪਬਲਿਕ) ਕਹਿਣ ਤੋਂ ਗੁਰੇਜ਼ ਨਹੀਂ ਕਰਦੇ। ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੇ ਦਾਅਵੇ ਨਾਲ ਇਸ ਨੂੰ ਕਬੀਲਾ ਰਾਜ ਕਿਉਂ ਨਾ ਕਿਹਾ ਜਾਵੇ?


ਡਾ. ਮਨਮੋਹਨ ਸਿੰਘ ਨੇ ਆਰਥਿਕ ਸੁਧਾਰ ਲਾਗੂ ਕੀਤੇ ਸਨ, ਉਦਾਰੀਕਰਨ, ਨਿੱਜੀਕਰਨ ਅਤੇ ਖੁੱਲ੍ਹੀ ਮੰਡੀ ਵਾਲੀਆਂ ਨੀਤੀਆਂ ਲਾਗੂ ਕੀਤੀਆਂ ਸਨ। ਉਨ੍ਹਾਂ ਦੀਆਂ ਇਨ੍ਹਾਂ ਨੀਤੀਆਂ ਦੀ ਵਕਾਲਤ ਭਾਜਪਾ ਸਮੇਤ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਕਰਦੀਆਂ ਹਨ। ਉਚੀ ਵਿਕਾਸ ਦਰ ਦੇ ਹਵਾਲੇ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਸਾਡਾ ਮੁਲਕ ਵੱਡੀ ਕੌਮਾਂਤਰੀ ਤਾਕਤ ਬਣ ਰਿਹਾ ਹੈ। ਉਧਰ, ਮਹਿੰਗਾਈ ਨਾਲ ਆਮ ਲੋਕ ਪ੍ਰੇਸ਼ਾਨ ਹਨ। ਸਰਕਾਰੀ ਅੰਕੜੇ (ਨੈਸ਼ਨਲ ਫੈਮਲੀ ਹੈਲਥ ਸਰਵੇ-3) ਦੱਸਦੇ ਹਨ ਕਿ ਲੋਕਾਂ ਦੀ ਸਿਹਤ ਅਤੇ ਸਿੱਖਿਆ ਸਹੂਲਤਾਂ ਤੱਕ ਪਹੁੰਚ ਘਟ ਰਹੀ ਹੈ। ਬੱਚੇ ਸਿਰਫ਼ ਸਕੂਲਾਂ ਵਿਚੋਂ ਹੀ ਗ਼ੈਰਹਾਜ਼ਰ ਨਹੀਂ ਹਨ ਸਗੋਂ ਟੀਕਾਕਰਨ ਦੇ ਘੇਰੇ ਵਿਚੋਂ ਵੀ ਬਾਹਰ ਜਾ ਰਹੇ ਹਨ। ਪੋਲੀਓ ਅਤੇ ਤਪਦਿਕ ਵਰਗੀਆਂ ਬੀਮਾਰੀਆਂ ਵਧ ਰਹੀਆਂ ਹਨ। ਮੁਲਕ ਵਿਚ ਵੱਡੇ ਅਕਾਲ ਜਾਂ ਕੁਦਰਤੀ ਆਫ਼ਤ ਤੋਂ ਬਿਨਾਂ ਹੀ ਖੁਰਾਕ ਵਸਤਾਂ ਦੀਆਂ ਕੀਮਤਾਂ ਵਧ ਰਹੀਆਂ ਹਨ। ਸਰਕਾਰ ਜ਼ਖ਼ੀਰੇਬਾਜ਼ੀ, ਸੱਟੇਬਾਜ਼ੀ ਅਤੇ ਮੁਨਾਫ਼ੇਖ਼ੋਰੀ ਖ਼ਿਲਾਫ਼ ਕਾਗ਼ਜ਼ੀ ਕਾਰਵਾਈ ਤੋਂ ਜ਼ਿਆਦਾ ਕੁਝ ਨਹੀਂ ਕਰਦੀ। ਇਹ ਸਭ ਕੁਝ ਖੁੱਲ੍ਹੀ ਮੰਡੀ ਦੇ ਆਪ-ਹੁਦਰੇਪਣ ਦਾ ਸਿੱਟਾ ਹੈ ਜੋ ਮੌਜੂਦਾ ਆਰਥਿਕ ਨੀਤੀਆਂ ਦਾ ਧੁਰਾ ਹੈ।

ਨੈਸ਼ਨਲ ਸੈਂਪਲ ਸਰਵੇਖਣ (ਐਨ.ਐਸ.ਐਸ.) ਦੇ ਅੰਕੜੇ ਦੱਸਦੇ ਹਨ ਕਿ ਮੁਲਕ ਵਿਚ 77% ਲੋਕ ਰੋਜ਼ਾਨਾ ਵੀਹ ਰੁਪਏ ਤੋਂ ਘੱਟ ਦੀ ਆਮਦਨ ਨਾਲ ਗੁਜ਼ਾਰਾ ਕਰਦੇ ਹਨ। ਹਾਲੇ ਤੱਕ ਗ਼ਰੀਬੀ ਰੇਖਾ ਤੈਅ ਕਰਨ ਦੀ ਵਿਧੀ ਬਾਰੇ ਵਿਵਾਦ ਹੈ। ਇਕ ਧਿਰ ਮੰਨਦੀ ਹੈ ਕਿ ਗ਼ਰੀਬੀ 34% ਹੈ ਅਤੇ ਦੂਜੀ ਧਿਰ ਦੀ ਦਲੀਲ ਹੈ ਕਿ ਇਹ 41% ਹੈ। ਮਸਲਾ ਤਾਂ ਇਹ ਹੈ ਕਿ ਇਸ

(ਬਾਕੀ ਸਫਾ 30 'ਤੇ)

# ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਪੰਜਾਬ ਰੋਡਵੇਜ਼ ਦੀ ਜਲੰਧਰੋਂ ਆ ਰਹੀ ਬੱਸ ਦਾ ਆਖਰੀ ਸਟਾਪ ਹੋਣ ਕਰਕੇ ਨਵਾਂ ਸ਼ਹਿਰ ਅੰਦਰ ਵੜਦਿਆਂ ਹੀ ਉਸ ਵਿਚੋਂ ਸਾਰੀਆਂ ਸਵਾਰੀਆਂ ਬੱਸ ਅੱਡੇ ਤੋਂ ਬਾਹਰ ਹੀ ਮੇਨ ਸੜਕ 'ਤੇ ਉਤਰ ਗਈਆਂ। ਡਰਾਈਵਰ ਖਾਲੀ ਹੋਈ ਬੱਸ ਨੂੰ ਅੱਡੇ ਅੰਦਰ ਬਣੇ ਹੋਏ ਜਲੰਧਰ ਵਾਲੇ ਕਾਊਂਟਰ 'ਤੇ ਮੁੜ ਲੈ ਆਇਆ ਕਿਉਂਕਿ ਰੁਟੀਨ ਅਨੁਸਾਰ ਉਸ ਨੇ ਜਲੰਧਰ ਦਾ ਇਕ ਗੇੜਾ ਹਾਲੇ ਹੋਰ ਲਾਉਣਾ ਸੀ। ਕੰਡਕਟਰ ਆਪਣਾ ਕੈਸ਼ ਵਾਲਾ ਝੋਲਾ ਸਾਂਭਦਾ ਹੋਇਆ ਕੋਨੇ ਵਿਚ ਬਣੇ ਹੋਏ ਦਫਤਰ ਵੱਲ ਨੂੰ ਤੁਰ ਪਿਆ ਪਰ ਡਰਾਈਵਰ ਹਾਲੇ ਆਪਣੀ ਸੀਟ 'ਤੇ ਬੈਠਾ ਸਾਈਨ ਬੋਰਡ ਉਲਟਾ ਕਰਕੇ 'ਜਲੰਧਰ' ਵਾਲਾ ਪਾਸਾ ਬਾਹਰ ਵੱਲ ਸੈਟ ਕਰ ਰਿਹਾ ਸੀ। ਸਾਰੇ ਦਿਨ ਦਾ ਅੱਕਿਆ-ਥੱਕਿਆ ਉਹ ਮੋਢੇ 'ਤੇ ਰੱਖੇ ਹੋਏ ਪਰਨੇ ਨਾਲ ਮੂੰਹ-ਪੂੰਝਦਾ ਬੱਸ 'ਚੋਂ ਥੱਲੇ ਛੜੱਪਾ ਮਾਰਨ ਹੀ ਲੱਗਾ ਸੀ ਕਿ ਕੋਈ ਪੇਂਡੂ ਮਾਈ ਆਪਣੇ ਭਰਵੱਟਿਆਂ 'ਤੇ ਹੱਥ ਰੱਖ ਕੇ ਉਸ ਨੂੰ ਪੁੱਛਣ ਲੱਗੀ:

"ਭਾਈ, ਇਹ ਬੱਸ ਜਲੰਧਰ ਜਾਣੀ ਐਂ?"

"ਮੋਹਰੇ ਬੋਰਡ ਨ੍ਹੀਂ ਦਿਖਾਈ ਦਿੰਦਾ ਬੁੜ੍ਹੀਏ ਤੈਨੂੰ?"

ਸਿੱਧਾ ਪੱਧਰਾ ਜਿਹਾ 'ਹਾਂ' ਵਿਚ ਉਤਰ ਦੇਣ ਦੀ ਬਜਾਏ ਉਸ ਨੇ ਮਾਤਾ ਵੱਲ ਬਿਨਾਂ ਦੇਖਿਆ ਹੀ ਅਵੈੜਾ ਜਿਹਾ 'ਸਵਾਲ' ਕਰ ਦਿੱਤਾ। ਆਪਣੇ-ਆਪ ਨੂੰ 'ਮਾਤਾ ਜੀ' ਜਾਂ 'ਮਾਈ-ਬੀਬੀ' ਜਿਹੇ ਸਤਿਕਾਰਤ ਸ਼ਬਦ ਸੁਣਨ ਦੀ ਆਸਵੰਦ ਉਸ ਮਾਈ ਨੂੰ ਗੁੱਸਾ ਬੜਾ ਚੜ੍ਹਿਆ ਪਰ ਇਸ ਤੋਂ ਪਹਿਲਾਂ ਕਿ ਉਹ ਕੁਰਖਤ ਬੋਲਣ ਵਾਲੇ ਉਸ ਡਰਾਈਵਰ ਨੂੰ ਕੋਈ ਤੱਤੀ-ਠੰਢੀ ਗੱਲ ਕਹਿੰਦੀ, ਉਹ ਕਾਹਲੀ-ਕਾਹਲੀ ਕਦਮ ਪੁੱਟਦਾ ਹੋਇਆ ਲਾਗੇ ਦੇ ਹੋਟਲ ਵਿਚ ਜਾ ਵੜਿਆ।

"ਦਾਦੇ ਮਗੌਣਾ ਕੁਲੱਕਤ ਕਿਸੇ ਥਾਂ ਦਾ...!"

ਭਰੀ-ਪਿੱਤੀ ਮਾਈ ਗੁੱਸੇ ਵਿਚ ਬੁੜ-ਬੁੜ ਕਰਦੀ ਹੋਈ ਬੱਸ ਦੇ ਮੋਹਰਲੇ ਪਾਸੇ ਵੱਲ ਆ ਖੜ੍ਹੀ। ਉਥੇ ਘੁੰਮਦੇ ਪਾੜ੍ਹੇ ਨੂੰ ਇਸ ਬੱਸ ਬਾਰੇ ਪੁੱਛ ਕੇ ਉਹ ਖਾਲੀ ਪਈ ਬੱਸ 'ਚ ਚੜ੍ਹ ਗਈ।

"ਪਤਾ ਨਹੀਂ ਕਿਹੜੇ ਕਾਲੇ ਕਾਂ ਖਾ ਕੇ ਜੰਮਿਆ ਹੋਣਾ ਮਾਂ ਨੇ ਇਹ ਨਪੈਥਰ...!" ਹਾਲੇ ਉਸ ਬਜ਼ੁਰਗ ਮਾਂ ਦਾ ਗੁੱਸਾ ਪੂਰੇ ਉਬਾਲੇ ਮਾਰ ਰਿਹਾ ਸੀ, "ਬੇਹ ਹੋਣਿਆਂ ਗੌਰਮਿੰਟ ਤੋਂ ਤਨਖਾਹਾਂ ਕਾਹਦੀਆਂ ਲੈਂਦੇ ਓਂ, ਜ਼ੁਬਾਨ ਟੁੱਟ ਚੱਲੀ ਸੀ? ਜੇ ਇਕ ਵਾਰ ਬੰਦਿਆਂ ਵਾਂਗ ਮੂੰਹੋਂ ਫੁੱਟ ਪੈਂਦਾ ਕਿ ਆਹੋ ਮਾਤਾ, ਜਲੰਧਰ ਜਾਣੀ ਐਂ, ਇੰਨੀ ਗੱਲ ਕਹਿਣ ਦਾ ਭਾਰ ਲੱਗ ਜਾਣਾ ਸੀ ਨਿਖਸਮੇਂ ਨੂੰ!!"

ਬੱਸ ਦੀ ਮੋਹਰਲੀ ਬਾਰੀ ਦੇ ਬਿਲਕੁਲ ਨਾਲ ਵਾਲੀ ਸੀਟ 'ਤੇ ਬੈਠੀ ਹੋਈ, ਉਹ ਉਚੀ-ਉਚੀ ਡਰਾਈਵਰ ਦੀ ਏਹੀ-ਤੇਹੀ ਫੇਰਨ ਲੱਗੀ ਹੋਈ ਸੀ। ਸਾਰੀ ਬੱਸ ਹਾਲੇ ਖਾਲੀ ਪਈ ਸੀ। ਹਾਲੇ ਉਸ ਨੇ 'ਕ੍ਰੋਧ-ਬਾਣ' ਬੰਦ ਹੀ ਕੀਤੇ ਸਨ ਕਿ ਥੱਲੇ ਕੁੱਛੜ ਨਿਆਣਾ ਚੁੱਕੀ ਖੜ੍ਹੀ ਇਕ ਜਨਾਨੀ ਉਸ ਨੂੰ ਪੁੱਛਣ ਲੱਗੀ, "ਬੀਬੀ, ਇਹ ਬੱਸ ਜਲੰਧਰ ਵੱਲ ਜਾਊਗੀ?"

"ਆਹੋ ਕੁੜੇ ਫੱਟਾ ਤਾਂ ਨਿਖਸਮਾਂ ਉਥੇ ਦਾ ਹੀ ਲੱਗਿਆ ਹੋਇਐ।" ਮਾਤਾ ਨੇ ਨਿਸ਼ਚਿੰਤ ਜਵਾਬ ਦਿੱਤਾ ਕਿਉਂਕਿ ਹੁਣੇ ਪਾੜ੍ਹੇ ਨੇ ਬੱਸ ਅੱਗੇ ਟੰਗੇ ਹੋਏ ਸਾਈਨ ਬੋਰਡ ਵੱਲ ਇਸ਼ਾਰਾ ਕਰਦਿਆਂ ਉਸ ਨੂੰ ਬੱਸ 'ਚ ਬੈਠਣ ਲਈ ਕਿਹਾ ਸੀ।

"ਫਗਵਾੜੇ ਜਾਣਾ ਮੈਂ", ਮਾਈ ਦੇ ਸਾਹਮਣੇ ਵਾਲੀ ਸੀਟ 'ਤੇ ਬਹਿੰਦਿਆਂ ਦੂਜੀ ਜਨਾਨੀ ਨੇ ਮਾਤਾ ਨਾਲ ਵਾਰਤਾਲਾਪ ਦਾ ਸ੍ਰੀਗਣੇਸ਼ ਕੀਤਾ। ਦੋਹਾਂ ਜਣੀਆਂ ਨੇ ਹਾਲੇ ਕਬੀਲਦਾਰੀ ਦਾ ਏਜੰਡਾ ਛੋਹਿਆ ਹੀ ਸੀ ਕਿ ਥੱਲਿਓਂ ਖੁੱਥੜ ਜਿਹੀ ਪੱਗ ਵਾਲਾ ਕੋਈ ਪੇਂਡੂ ਬਜ਼ੁਰਗ, ਮਾਤਾ ਵਾਲੀ ਬਾਰੀ ਦੇ ਸ਼ੀਸ਼ੇ ਨੂੰ ਆਪਣੀ ਡੰਗੋਰੀ ਨਾਲ ਠਕੋਰਦਿਆਂ ਹੋਇਆ ਬੋਲਿਆ, "ਆਹ ਮੋਟਰ ਲੁੱਦੇਹਾਣੇ ਚੱਲੀ ਐ ਭੈਣਾਂ?"

"ਵੇ ਨਹੀਂ ਵੀਰਾ, ਜਲੰਧਰ ਚੱਲੀ ਐ!"

ਮਾਤਾ ਨੇ ਬਜ਼ੁਰਗ ਨੂੰ ਜਵਾਬ ਦੇ ਕੇ ਫੇਰ ਲਾਗੇ ਦੀ ਸੀਟ 'ਤੇ ਬੈਠੀ ਜਨਾਨੀ ਵੱਲ ਮੂੰਹ ਘੁਮਾ ਲਿਆ।

"ਹੈਂਅ?...ਕੀ ਕਿਹਾ?" ਥੱਲਿਓਂ ਫੇਰ ਉਹੀ ਬਾਪੂ ਉਚੀ ਆਵਾਜ਼ 'ਚ ਬੋਲਿਆ, "ਮੋਟਰ ਲੁੱਦੇਹਾਣੇ ਦੇ 'ਅੰਦਰ' ਨ੍ਹੀਂ ਜਾਣੀ?" ਇਕ ਪਾਸੇ ਦੇ ਕੰਨ ਤੋਂ ਆਪਣੀ ਪੱਗ ਥੋੜ੍ਹੀ ਉਪਰ ਨੂੰ ਸਰਕਾਉਂਦਿਆਂ ਉਹ ਕਹਿੰਦਾ, "ਮੈਨੂੰ ਜ਼ਰਾ ਉਚਾ ਸੁਣਦੈ ਭਾਈ!" ਕੰਨਾਂ ਤੋਂ ਬੋਲੇ ਬਾਪੂ ਨੇ ਸ਼ਾਇਦ 'ਜਲੰਧਰ' ਨੂੰ 'ਅੰਦਰ' ਸਮਝਦਿਆਂ ਆਪਣਾ ਸਵਾਲ ਦੂਹਰਾ ਦਿੱਤਾ।

"ਜਲੰਧਰ ਚੱਲੀ ਆ ਜਲੰਧਰ, ਲੁੱਦੇਹਾਣੇ ਨਈਂ।"

ਖਿਝੀ ਹੋਈ ਮਾਤਾ ਨੇ ਜਦ 'ਨਈਂ' ਲਫ਼ਜ਼ ਘਰੋੜ ਕੇ ਬੋਲਿਆ ਤਾਂ ਉਸ ਨੂੰ ਹੁੱਥੂ ਆ ਗਿਆ। ਐਤਕੀਂ ਸ਼ਾਇਦ ਬਜ਼ੁਰਗ ਨੂੰ ਸੁਣ ਗਿਆ। ਆਪਣੀ ਡੰਗੋਰੀ ਆਸਰੇ ਤੁਰਦਾ ਹੋਇਆ ਉਹ ਉਰੇ-ਪਰੇ ਹੋ ਗਿਆ।

ਬੱਸ ਵਿਚ ਸਵਾਰੀਆਂ ਤਾਂ ਭਾਵੇਂ ਪਿਛਲੀ ਤਾਕੀ ਥਾਣੀਂ ਵੀ ਚੜ੍ਹ-ਚੜ੍ਹ ਬੈਠੀ ਜਾ ਰਹੀਆਂ ਸਨ ਪਰ ਮੋਹਰਲੀ ਤਾਕੀ ਰਾਹੀਂ ਜਵਾਨ ਮੁੰਡੇ-ਕੁੜੀਆਂ ਤੋਂ ਇਲਾਵਾ ਜਿਹੜਾ ਵੀ ਕੋਈ ਮਾਈ-ਭਾਈ ਬੱਸ 'ਚ ਚੜ੍ਹਨ ਲਗਦਾ, ਉਹ 'ਤਸੱਲੀ ਕਰਨ' ਵਜੋਂ ਹੀ ਮਾਤਾ ਨੂੰ ਜ਼ਰੂਰ ਪੁੱਛ ਲੈਂਦਾ। ਖਊਂ-ਖਊਂ ਕਰਦੀ ਮਾਈ 'ਕੱਲੇ-'ਕੱਲੇ ਨੂੰ 'ਆਹੋ ਜਲੰਧਰ ਚੱਲੀ ਆ', 'ਜਲੰਧਰ ਜਾਣੀ ਐ', 'ਹਾਂ ਜਾਣੀ ਐਂ ਭਾਈ' ਵਰਗੇ ਜਵਾਬ ਦੇ ਦੇ ਅੱਕ ਗਈ। ਇਹ ਜਾਣਨ ਲਈ ਕਿ ਬੱਸ ਹਾਲੇ ਪੂਰੀ ਭਰੀ ਕਿ ਨਹੀਂ, ਉਸ ਨੇ ਪਿੱਛੇ ਨੂੰ ਮੂੰਹ ਘੁਮਾਇਆ ਹੀ ਸੀ ਕਿ ਥੱਲਿਓਂ 'ਧੱਪ-ਧੱਪ' ਦੀ ਆਵਾਜ਼ ਆਈ। ਮੋਹਰਲੀ ਬਾਰੀ ਲਾਗੇ ਅੱਠ-ਦਸ ਭਈਏ ਸਿਰਾਂ ਉਪਰ ਗਠੜੀਆਂ ਚੁੱਕੀ ਖੜ੍ਹੇ ਸਨ। ਭਈਆਂ ਦੇ ਇਸ 'ਜਥੇ' ਦਾ ਮੁਖੀਆ ਮਾਈ ਵਾਲੀ ਤਾਕੀ 'ਤੇ ਜ਼ੋਰ-ਜ਼ੋਰ ਦੀ ਹੱਥ ਮਾਰ ਰਿਹਾ ਸੀ!" ਮਾਂ ਜੀ, ਅਰੇ ਮਾਂ ਜੀ, ਯਿਹ ਬਸ ਕਹਾਂ...?"

ਭਈਏ ਦੀ ਪੁੱਛ ਨੂੰ ਸੁਣੀ-ਅਣਸੁਣੀ ਕਰਦਿਆਂ ਮਾਈ ਆਪਣੀ ਸੀਟ ਤੋਂ ਖੁੰਬ ਵਾਂਗ ਉਠ ਖੜ੍ਹੀ ਹੋਈ।

"ਮੈਂ ਕਲੰਡਰ ਲੱਗੀ ਹੋਈ ਆਂ?...ਦਾਦੇ ਮਗੌਣੇ...ਜਿਹੜਾ ਆਉਂਦੈ, ਮੇਰੇ ਈ ਕੰਨ ਖਾਈ ਜਾਂਦਾ, ਮੈਂ ਤਾਂ ਇੱਥੇ ਬੈਠੀ ਹੋ ਜੂੰ'ਗੀ ਕਮਲੀ!" ਮੱਥੇ 'ਤੇ ਤਿਊੜੀਆਂ ਪਾਈ ਬੁੜ-ਬੁੜ ਕਰਦੀ ਮਾਤਾ ਉਠੀ ਤੇ ਸਾਹਮਣਲੀ ਸੀਟ ਉਪਰ ਆਪਣੇ ਬੱਚੇ ਨਾਲ ਬੈਠੀ ਜਨਾਨੀ ਕੋਲ ਜਾ ਪਹੁੰਚੀ, "ਪਰਾਂਹ ਨੂੰ ਸਰਕ ਕੁੜੇ ਜ਼ਰਾ।" ਇਕ ਤਰ੍ਹਾਂ ਆਪਣੇ-ਆਪ ਨੂੰ ਸੀਟ 'ਤੇ ਸੁੱਟਦਿਆਂ ਬੋਲੀ, "ਜੈ ਖਾਣੇ ਪੁੱਛ-ਪੁੱਛਈਏ ਨੇ ਸਿਰ ਖਾ ਲਿਆ ਮੇਰਾ! ਦਾਦੇ ਮਗੌਣਿਓਂ, ਮੋਹਰੇ ਫੱਟਾ ਟੰਗਿਆ ਹੋਇਆ ਨਹੀਂ ਦੀਂਹਦਾ!!

## ਲਾਦਿਨ ਦੁਆਲੇ ਸੀ ਸਖ਼ਤ ਸੁਰੱਖਿਆ ਘੇਰਾ

**ਵਾਸ਼ਿੰਗਟਨ:** ਅਮਰੀਕਾ ਦੇ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਓਸਾਮਾ ਬਿਨ ਲਾਦਿਨ ਨੇ ਆਪਣੀ ਐਬਟਾਬਾਦ ਵਾਲੀ ਛੁਪਣਗਾਹ ਵਿਚ ਖੁਦ ਨੂੰ ਬੰਦ ਕੀਤਾ ਹੋਇਆ ਸੀ ਤੇ ਉਹ ਛੇ ਸਾਲਾਂ ਤੋਂ ਉਥੇ ਹੀ ਸੀ। ਉਹ ਹਰ ਵਕਤ ਬੇਹੱਦ ਉੱਚ ਸੁਰੱਖਿਆ ਘੇਰੇ ਵਿਚ ਰਹਿੰਦਾ ਸੀ। ਉਹ ਇਕਦਮ ਹੈਰਾਨ ਰਹਿ ਗਿਆ ਸੀ ਜਦੋਂ ਅਮਰੀਕੀ ਫੌਜੀਆਂ ਨੇ ਉਸ 'ਤੇ ਹਮਲਾ ਕੀਤਾ।

ਪਾਕਿਸਤਾਨੀ ਅਧਿਕਾਰੀਆਂ ਨੂੰ ਕਲੀਨ ਚਿੱਟ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਸੁਰੱਖਿਆ ਅਧਿਕਾਰੀ ਜੌਨ ਬਰੈਨਨ ਨੇ ਕਿਹਾ ਕਿ ਅਲ-ਕਾਇਦਾ ਮੁਖੀ ਉੱਚ ਪੱਧਰ ਦੇ ਸੁਰੱਖਿਆ ਘੇਰੇ ਵਿਚ ਰਹਿੰਦਾ ਸੀ ਤੇ ਆਪਣੀ ਛੁਪਣਗਾਹ ਬਾਰੇ ਭੇਤ ਰੱਖਦਾ ਸੀ। ਜੌਨ ਇਥੇ ਪਾਲ ਨਿਟਜ਼ੇ ਆਫ਼ ਐਡਵਾਂਸ ਇੰਟਰਨੈਸ਼ਨਲ ਸਟੱਡੀਜ਼ ਸਕੂਲ ਵਿਚ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਲਾਦਿਨ ਉਥੇ ਛੇ ਸਾਲ ਤੋਂ ਰਹਿ ਰਿਹਾ ਸੀ। ਸਾਡੀ ਸਮਝ ਮੁਤਾਬਕ ਉਥੇ ਜਾਣ ਤੋਂ ਬਾਅਦ ਉਹ ਇਕ ਵਾਰ ਵੀ ਉਥੋਂ ਬਾਹਰ ਨਹੀਂ ਗਿਆ। ਇਥੋਂ ਤੱਕ ਕਿ ਉਸ ਨਾਲ ਰਹਿੰਦੇ ਲੋਕ ਵੀ ਕਦੇ ਘੱਟ ਹੀ ਬਾਹਰ ਨਿਕਲਦੇ ਸਨ। ਉਸ ਦੇ ਨੇੜੇ ਰਹਿੰਦੇ ਲੋਕਾਂ ਨੇ ਬਾਹਰੀ ਦੁਨੀਆ ਨਾਲ ਸੰਪਰਕ ਬਣਾਇਆ ਹੋਇਆ ਸੀ ਜਿਸ ਰਾਹੀਂ ਲਾਦਿਨ ਦੀ ਹਰ ਜ਼ਰੂਰਤ ਪੂਰੀ ਕੀਤੀ ਜਾਂਦੀ ਸੀ। ਓਸਾਮਾ ਨੂੰ ਆਪਣੀ ਸੁਰੱਖਿਆ 'ਤੇ ਪੂਰਾ ਭਰੋਸਾ ਸੀ। ਇਸੇ ਦੌਰਾਨ ਬਰੈਨਨ ਨੇ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਕਿ ਪਾਕਿਸਤਾਨ ਵਿਚ ਕੁਝ ਅਧਿਕਾਰੀ ਲਾਦਿਨ ਦੀ ਮੌਜੂਦਗੀ ਬਾਰੇ ਜਾਣਦੇ ਨਹੀਂ ਸਨ।

# ਸਰਕਾਰੀ ਅਫ਼ਸਰਾਂ ਦੇ ਮੀਟਰ ਘੁੰਮਣੇ ਬੰਦ!

**ਬਠਿੰਡਾ:** ਸਰਕਾਰੀ ਅਫਸਰਾਂ ਦੇ ਮੀਟਰ ਘੁੰਮਣੇ ਬੰਦ ਹੋ ਗਏ ਹਨ ਤੇ ਸ਼ਾਇਦ ਉਹ ਦੀਵੇ ਬਾਲ ਕੇ ਕੰਮ ਚਲਾ ਰਹੇ ਹਨ। ਇਹ ਸ਼ੱਕ ਹਾਸਲ ਹੋਈ ਉਸ ਜਾਣਕਾਰੀ ਨੂੰ ਵੇਖ ਕੇ ਪੈਂਦਾ ਹੈ ਜਿਸ ਅਨੁਸਾਰ ਇਨ੍ਹਾਂ ਅਫਸਰਾਂ ਦਾ ਬਿੱਲ ਨਾਂਹ ਦੇ ਬਰਾਬਰ ਆ ਰਿਹਾ ਹੈ। ਫਿਰੋਜ਼ਪੁਰ ਦੇ ਡੀ.ਆਈ.ਜੀ ਦੀ ਸਰਕਾਰੀ ਰਿਹਾਇਸ਼ 'ਚ ਪਹਿਲੀ ਜਨਵਰੀ ਤੋਂ ਅਪਰੈਲ 2011 ਤੱਕ ਦੀ ਬਿਜਲੀ ਦੀ ਖਪਤ 'ਜ਼ੀਰੋ' ਯੂਨਿਟ ਹੈ। ਹਾਲਾਂਕਿ ਸਰਕਾਰੀ ਰਿਹਾਇਸ਼ ਦਾ ਬਿਜਲੀ ਲੋਡ 6.90 ਕਿਲੋਵਾਟ ਹੈ। ਨਵੰਬਰ-ਦਸੰਬਰ 2010 'ਚ ਉਨ੍ਹਾਂ ਦੇ ਘਰ ਰੋਜ਼ਾਨਾ ਅੱਧਾ ਯੂਨਿਟ ਬਿਜਲੀ ਦੀ ਖਪਤ ਹੀ ਰਹੀ ਹੈ ਜਦੋਂਕਿ ਮਈ-ਜੂਨ 2010 'ਚ ਬਿਜਲੀ ਦੀ ਖਪਤ ਸਿਰਫ 28 ਯੂਨਿਟ ਰਹੀ ਜਿਸ ਦਾ ਦੋ ਮਹੀਨਿਆਂ ਦਾ ਬਿੱਲ ਸਿਰਫ 390 ਰੁਪਏ ਬਣਿਆ। ਉਨ੍ਹਾਂ ਦਾ ਬਿਜਲੀ ਬਿੱਲ 600 ਰੁਪਏ ਤੋਂ ਘੱਟ ਆ ਰਿਹਾ ਹੈ। ਉਧਰ ਉਨ੍ਹਾਂ ਦੇ ਸਰਕਾਰੀ ਦਫਤਰ ਦਾ ਬਿਜਲੀ ਬਿੱਲ ਔਸਤਨ 25 ਹਜ਼ਾਰ ਰੁਪਏ ਆਉਂਦਾ ਹੈ ਜੋ ਕਿ ਸਰਕਾਰੀ ਖ਼ਜ਼ਾਨੇ 'ਚੋਂ ਭਰਨਾ ਹੁੰਦਾ ਹੈ।

ਫਿਰੋਜ਼ਪੁਰ ਦੇ ਐਸ.ਐਸ.ਪੀ. ਵੀ ਇਸ ਮਾਮਲੇ 'ਚ ਪਿੱਛੇ ਨਹੀਂ ਹਨ। ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਚ ਬਿਜਲੀ ਦੀ ਖਪਤ ਸਤੰਬਰ 2010 ਤੋਂ ਸਿਰਫ 'ਜ਼ੀਰੋ' ਆ ਰਹੀ ਹੈ। ਉਨ੍ਹਾਂ ਨੂੰ ਬਿਜਲੀ ਖਰਚ ਪ੍ਰਤੀ ਦਿਨ ਦੋ ਰੁਪਏ ਤੋਂ ਘੱਟ ਤਾਰਨਾ ਪੈਂਦਾ ਹੈ। ਇਸ ਰਿਹਾਇਸ਼ ਦਾ ਮਈ-ਜੂਨ 2010 ਦਾ ਬਿਜਲੀ ਬਿੱਲ ਸਿਰਫ 6 ਯੂਨਿਟ ਹੀ ਆਇਆ ਹੈ। ਕੁਝ ਸਮੇਂ ਤੋਂ ਐਸ.ਐਸ.ਪੀ. ਦਾ ਬਿੱਲ 130 ਰੁਪਏ ਤੋਂ ਵਧਿਆ ਨਹੀਂ ਹੈ। ਪਾਵਰਕੌਮ ਦੇ ਪੱਛਮੀ ਜ਼ੋਨ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਜੋ ਸਰਕਾਰੀ ਵੇਰਵੇ ਦਿੱਤੇ ਗਏ ਹਨ, ਉਸ ਤੋਂ ਇਹ ਗੱਲ ਜੱਗ ਜ਼ਾਹਿਰ ਹੋਈ ਹੈ ਕਿ ਵੱਡੇ ਅਫਸਰਾਂ ਨੂੰ ਕੋਈ ਪੁੱਛਣ ਵਾਲਾ ਨਹੀਂ। ਏਦਾਂ ਹੀ ਐਸ.ਐਸ.ਪੀ. ਫਿਰੋਜ਼ਪੁਰ ਦੇ ਕੈਂਪ ਆਫਿਸ ਦਾ ਮਾਰਚ-ਅਪਰੈਲ 2011 'ਚ ਸਿਰਫ ਅੱਠ ਯੂਨਿਟ ਹੀ ਬਿਜਲੀ ਬਿੱਲ ਆਇਆ। ਬੁਢਲਾਡਾ ਦੇ ਐਸ.ਡੀ.ਐਮ. ਦੇ ਸਰਕਾਰੀ ਘਰ 'ਚ ਤਾਂ ਬਿਜਲੀ ਦਾ ਮੀਟਰ ਹੀ ਨਹੀਂ ਲੱਗਾ ਹੈ।

ਇਵੇਂ ਹੀ ਮਲੋਟ ਦੇ ਐਸ.ਡੀ.ਐਮ. ਦੀ ਸਰਕਾਰੀ ਰਿਹਾਇਸ਼ ਵੀ ਬਿਨਾਂ ਬਿਜਲੀ ਦੇ ਮੀਟਰ ਤੋਂ ਹੈ। ਐਸ.ਡੀ.ਐਮ. ਬੁਢਲਾਡਾ ਦੇ ਦਫ਼ਤਰ ਦਾ ਬਿੱਲ 13442 ਰੁਪਏ ਬਕਾਇਆ ਖੜ੍ਹਾ ਹੈ। ਐਸ.ਡੀ.ਐਮ. ਤਲਵੰਡੀ ਸਾਬੋ ਦੇ ਸਰਕਾਰੀ ਘਰ 'ਚ ਬਿਜਲੀ ਦਾ ਮੀਟਰ ਤਾਂ ਹੈ ਪਰ ਉਨ੍ਹਾਂ ਦੀ ਕੋਠੀ 'ਚ ਮਾਰਚ-ਅਪਰੈਲ 2011 'ਚ ਬਿਜਲੀ ਦੀ ਖਪਤ ਪ੍ਰਤੀ ਦਿਨ ਅੱਧਾ ਯੂਨਿਟ ਰਹੀ ਹੈ। ਇਨ੍ਹਾਂ ਦੋਵਾਂ ਮਹੀਨਿਆਂ 'ਚ ਉਨ੍ਹਾਂ ਦਾ ਬਿਜਲੀ ਬਿੱਲ ਸਿਰਫ 30 ਯੂਨਿਟ ਆਇਆ ਹੈ। ਸਾਲ 2010 ਦੇ ਮਾਰਚ-ਅਪਰੈਲ 'ਚ ਤਾਂ ਉਨ੍ਹਾਂ ਦਾ ਬਿਜਲੀ ਦਾ ਬਿੱਲ ਸਿਰਫ 118 ਰੁਪਏ ਹੀ ਆਇਆ ਜਦੋਂਕਿ ਜਨਵਰੀ-ਫਰਵਰੀ 2010 'ਚ ਉਨ੍ਹਾਂ ਦੇ ਘਰ ਦੀ ਬਿਜਲੀ ਦੀ ਖਪਤ ਸਿਰਫ 28 ਯੂਨਿਟ ਹੀ ਰਹੀ ਜਿਸ ਦਾ ਬਿੱਲ 149 ਰੁਪਏ ਬਣਿਆ। ਉਨ੍ਹਾਂ ਦੇ ਘਰ ਬਿਜਲੀ ਦਾ ਲੋਡ ਵੀ ਇਕ ਕਿਲੋਵਾਟ ਹੈ।

ਸੂਤਰਾਂ ਮੁਤਾਬਕ ਇਨ੍ਹਾਂ ਅਫਸਰਾਂ ਦੇ ਘਰਾਂ 'ਚ ਕਈ-ਕਈ ਏ.ਸੀ. ਚੱਲਦੇ ਹਨ। ਡਿਪਟੀ ਕਮਿਸ਼ਨਰ ਬਠਿੰਡਾ ਦੇ ਕੈਂਪ ਆਫਿਸ ਦਾ ਬਿੱਲ ਜ਼ਿਆਦਾ ਆਉਂਦਾ ਹੈ ਜੋ ਸਰਕਾਰ ਨੇ ਭਰਨਾ ਹੁੰਦਾ ਹੈ ਜਦੋਂਕਿ ਸਰਕਾਰੀ ਕੋਠੀ ਦਾ ਬਿੱਲ ਅਫਸਰਾਂ ਨੂੰ ਖੁਦ ਪੱਲਿਓਂ ਭਰਨਾ ਪੈਂਦਾ ਹੈ। ਮਿਸਾਲ ਦੇ ਤੌਰ 'ਤੇ ਜਨਵਰੀ-ਫਰਵਰੀ 2011 'ਚ ਡੀ.ਸੀ. ਦੀ ਰਿਹਾਇਸ਼ ਦਾ ਬਿੱਲ ਸਿਰਫ 194 ਯੂਨਿਟ ਸੀ ਜਦੋਂਕਿ ਕੈਂਪ ਆਫਿਸ 'ਚ ਬਿਜਲੀ ਖਪਤ 6719 ਯੂਨਿਟ ਸੀ। ਇਵੇਂ ਹੀ ਮਾਰਚ-ਅਪਰੈਲ 2011 'ਚ ਕੈਂਪ ਆਫਿਸ ਦੀ ਬਿਜਲੀ ਖਪਤ 5496 ਯੂਨਿਟ ਰਹੀ ਜਦੋਂਕਿ ਸਰਕਾਰੀ ਕੋਠੀ ਦੀ ਖਪਤ 5496 ਰਹੀ ਹੈ।

ਐਸ.ਡੀ.ਐਮ. ਰਾਮਪੁਰਾ ਨੂੰ ਮਈ 2011 ਦਾ ਬਿੱਲ ਸਿਰਫ 490 ਰੁਪਏ ਹੀ ਭਰਨਾ ਪਿਆ। ਡਿਪਟੀ ਕਮਿਸ਼ਨਰ ਮੋਗਾ ਦੀ ਸਰਕਾਰੀ ਕੋਠੀ ਦਾ ਬਿਜਲੀ ਲੋਡ 20.87 ਕਿਲੋਵਾਟ ਹੈ। ਉਨ੍ਹਾਂ ਦੀ ਕੋਠੀ ਦਾ ਬਿਜਲੀ ਬਿੱਲ ਨਵੰਬਰ 2010 ਤੋਂ ਮਗਰੋਂ ਕਦੇ ਵੀ 3100 ਰੁਪਏ ਤੋਂ ਵਧਿਆ ਨਹੀਂ ਹੈ। ਪਾਵਰਕੌਮ ਨੇ ਮੋਗਾ ਦੇ ਇੰਸਪੈਕਟਰ ਪੁਲੀਸ ਸਟੇਸ਼ਨ ਦਾ ਬਿਜਲੀ ਕੁਨੈਕਸ਼ਨ ਕੱਟਣ ਦੇ 20 ਜੂਨ 2011 ਨੂੰ ਹੁਕਮ ਕਰ ਦਿੱਤੇ ਹਨ ਕਿਉਂਕਿ ਉਨ੍ਹਾਂ ਵੱਲੋਂ 31724 ਰੁਪਏ ਦਾ ਬਿਜਲੀ ਬਿਲ ਤਾਰਿਆ ਨਹੀਂ ਗਿਆ ਹੈ। ਡਿਪਟੀ ਕਮਿਸ਼ਨਰ ਮੁਕਤਸਰ ਦੀ ਸਰਕਾਰੀ ਰਿਹਾਇਸ਼ ਦਾ ਬਿੱਲ ਔਸਤਨ ਤਿੰਨ ਕੁ ਹਜ਼ਾਰ ਆ ਰਿਹਾ ਹੈ। ਡਿਪਟੀ ਕਮਿਸ਼ਨਰ ਫਰੀਦਕੋਟ ਦੀ ਸਰਕਾਰੀ ਕੋਠੀ ਵੱਲ ਪਾਵਰਕੌਮ ਦਾ 1,21,344 ਰੁਪਏ ਬਕਾਇਆ ਖੜ੍ਹਾ ਹੈ ਜਦੋਂਕਿ ਐਸ.ਡੀ.ਐਮ. ਫਰੀਦਕੋਟ ਦੀ ਕੋਠੀ ਵੱਲ ਵੀ 20827 ਰੁਪਏ ਬਿੱਲ ਬਕਾਇਆ ਖੜ੍ਹਾ ਹੈ। ਬਿਜਲੀ ਦੀ ਮਹਿੰਗੀ ਦਰ ਦਾ ਇਨ੍ਹਾਂ ਅਫਸਰਾਂ 'ਤੇ ਕੋਈ ਅਸਰ ਨਹੀਂ ਹੈ। ਪਾਵਰਕੌਮ ਦੇ ਨਿਯਮਾਂ ਅਨੁਸਾਰ ਜੇਕਰ ਕੋਈ ਖਪਤਕਾਰ 21 ਦਿਨਾਂ ਦੇ ਅੰਦਰ-ਅੰਦਰ ਬਿਜਲੀ ਬਿਲ ਨਹੀਂ ਤਾਰਦਾ ਤਾਂ ਉਸ ਦਾ ਕੁਨੈਕਸ਼ਨ ਆਰਜ਼ੀ ਤੌਰ 'ਤੇ ਕੱਟ ਦਿੱਤਾ ਜਾਂਦਾ ਹੈ।

## ਪਾਕਿਸਤਾਨ ਦੀ ਥਾਂ 'ਅਣਵੰਡਿਆ ਭਾਰਤ' ਲਿਖਣ ਦੇ ਮਾਮਲੇ 'ਤੇ ਵਿਦੇਸ਼ ਮੰਤਰਾਲਾ ਕਰੇਗਾ ਵਿਚਾਰ

ਜਲੰਧਰ,ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਭਾਰਤ ਆਏ ਲੋਕਾਂ ਦੇ ਪਾਸਪੋਰਟਾਂ 'ਤੇ ਜਨਮ ਸਥਾਨ ਪਾਕਿਸਤਾਨ ਲਿਖਣ ਦੀ ਜਗ੍ਹਾ ਅਣਵੰਡਿਆ ਭਾਰਤ ਲਿਖਣ ਦੇ ਮਾਮਲੇ 'ਤੇ ਪਾਕਿਸਤਾਨ ਵੱਲੋਂ ਇਤਰਾਜ਼ ਕਰਨ 'ਤੇ ਵਿਦੇਸ਼ ਮੰਤਰਾਲਾ ਇਸ ਮਾਮਲੇ 'ਤੇ ਮੁੜ ਨਜ਼ਰਸਾਨੀ ਕਰਨ ਜਾ ਰਿਹਾ ਹੈ। ਵੰਡ ਤੋਂ ਬਾਅਦ ਆਏ ਸੈਂਕੜੇ ਲੋਕਾਂ ਦੇ ਪਾਸਪੋਰਟਾਂ 'ਤੇ ਅਣਵੰਡਿਆ ਭਾਰਤ ਲਿਖਿਆ ਹੋਣ ਕਰਕੇ ਪਾਕਿਸਤਾਨ ਨੇ ਇਨ੍ਹਾਂ ਲੋਕਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕੀਤੀ ਹੋਈ ਹੈ। ਵੰਡ ਤੋਂ ਬਾਅਦ ਪਾਕਿਸਤਾਨ ਤੋਂ ਆਏ ਲੋਕ ਜਲੰਧਰ ਸਮੇਤ ਹੋਰ ਵੀ ਕਈ ਸ਼ਹਿਰਾਂ ਵਿਚ ਰਹਿ ਰਹੇ ਹਨ। ਕੁਝ ਮਹੀਨੇ ਪਹਿਲਾਂ ਪਾਕਿਸਤਾਨ ਆਪਣੇ ਜਨਮ ਸਥਾਨ ਨੂੰ ਦੇਖਣ ਦੇ ਚਾਹਵਾਨ ਲੋਕਾਂ ਨੇ ਪਾਸਪੋਰਟ ਦਫ਼ਤਰ ਪਹੁੰਚ ਕੀਤੀ ਸੀ ਤੇ ਕਿਹਾ ਸੀ ਕਿ ਉਨ੍ਹਾਂ ਦੇ ਪਾਸਪੋਰਟ 'ਤੇ ਜਨਮ ਸਥਾਨ ਦੇ ਨਾਂਅ ਅੱਗੇ ਦੇਸ਼ ਦੀ ਜਗ੍ਹਾ ਅਣਵੰਡਿਆ ਭਾਰਤ ਲਿਖਿਆ ਹੋਇਆ ਹੈ ਜਿਸ ਕਰਕੇ ਪਾਕਿਸਤਾਨ ਦੂਤਘਰ ਨੇ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਹੈ। ਲੋਕਾਂ ਦੀ ਇਹ ਮੰਗ ਪਾਸਪੋਰਟ ਅਫ਼ਸਰ ਸ੍ਰੀ ਪ੍ਰਨੀਤ ਸਿੰਘ ਨੇ ਵਿਦੇਸ਼ ਮੰਤਰਾਲੇ ਨੂੰ ਮੀਡੀਆ ਵਿਚ ਛਪੀ ਸਮੱਗਰੀ ਸਮੇਤ ਭੇਜ ਦਿੱਤੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਉਕਤ ਮਾਮਲੇ 'ਤੇ ਵਿਦੇਸ਼ ਮੰਤਰਾਲਾ ਨਜ਼ਰਸਾਨੀ ਕਰ ਰਿਹਾ ਹੈ ਤੇ ਇਸ ਮਾਮਲੇ ਵਿਚ ਸਬੰਧਤ ਲੋਕਾਂ ਨੂੰ ਜਲਦੀ ਰਾਹਤ ਮਿਲਣ ਦੀ ਸੰਭਾਵਨਾ ਹੈ। ਇਸ ਮਾਮਲੇ ਵਿਚ ਪਾਸਪੋਰਟ ਅਫ਼ਸਰ ਸ੍ਰੀ ਪ੍ਰਨੀਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰਾਲੇ ਦੇ ਨਿਰਦੇਸ਼ ਆਉਣ ਤੋਂ ਬਾਅਦ ਹੀ ਦਫ਼ਤਰ ਇਸ ਮਾਮਲੇ ਵਿਚ ਕੋਈ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਰਾ ਮਾਮਲਾ ਵਿਦੇਸ਼ ਮੰਤਰਾਲੇ ਦੇ ਧਿਆਨ ਵਿਚ ਹੈ।

## ਹਰਿ ਹਰਿ ਚਰਨ ਰਿਦੈ ਉਰ ਧਾਰੇ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਟੋਡੀ ਮਹਲਾ 5
ਹਰਿ ਹਰਿ ਚਰਨ ਰਿਦੈ ਉਰ ਧਾਰੇ॥
ਸਿਮਰਿ ਸੁਆਮੀ ਸਤਿਗੁਰੁ ਅਪੁਨਾ
ਕਾਰਜ ਸਫਲ ਹਮਾਰੇ॥ਰਹਾਉ॥
ਪੁੰਨ ਦਾਨ ਪੂਜਾ ਪਰਮੇਸੁਰ
ਹਰਿ ਕੀਰਤਿ ਤਤੁ ਬੀਚਾਰੇ॥
ਗੁਨ ਗਾਵਤ ਅਤੁਲ ਸੁਖੁ ਪਾਇਆ
ਠਾਕੁਰ ਅਗਮ ਅਪਾਰੇ॥
ਜੋ ਜਨ ਪਾਰਬ੍ਰਹਮਿ ਅਪਨੇ
ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ॥
ਨਾਮ ਰਤਨੁ ਸੁਨਿ ਜਪਿ ਜਪਿ ਜੀਵਾ
ਹਰਿ ਨਾਨਕ ਕੰਠ ਮਝਾਰੇ॥

ਗੁਰੂ ਅਰਜਨ ਦੇਵ ਜੀ ਸੰਸਾਰ ਨੂੰ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਨਾਮ ਸਿਮਰਨ ਕਰੋ ਅਤੇ ਸੇਵਾ ਵੀ ਕਰੋ; ਇਹ ਸਿਮਰਨ ਭੀ ਗੁਰੂ ਕ੍ਰਿਪਾ ਸਦਕਾ ਹੀ ਮਿਲਦਾ ਹੈ।

ਹਰਿ ਹਰਿ ਚਰਨ ਰਿਦੈ ਉਰ ਧਾਰੇ॥
ਸਿਮਰਿ ਸੁਆਮੀ ਸਤਿਗੁਰੁ
ਅਪੁਨਾ ਕਾਰਜ ਸਫਲ ਹਮਾਰੇ॥ ਰਹਾਉ॥

ਹੇ ਭਾਈ! ਉਸ ਹਰੀ ਪਰਮਾਤਮਾ ਦੇ ਸੋਹਣੇ ਚਰਨਾਂ ਨੂੰ ਆਪਣੇ ਦਿਲ ਵਿਚ ਸਦਾ ਲਈ ਹੀ ਸੰਭਾਲ ਕੇ ਰੱਖ ਅਤੇ ਸਵਾਸ-ਸਵਾਸ ਸਿਮਰਨ ਭੀ ਕਰਿਆ ਕਰ। ਜੋ ਜੀਵ ਆਪਣੇ ਸਤਿਗੁਰੂ ਨੂੰ ਅਤੇ ਸਤਿਗੁਰੂ ਦੀ ਕ੍ਰਿਪਾ ਸਦਕਾ ਪ੍ਰਭੂ ਪ੍ਰੀਤਮ ਨੂੰ ਹਰ ਸਮੇਂ ਯਾਦ ਕਰਦੇ ਹਨ, ਫਿਰ ਉਨ੍ਹਾਂ ਦੇ ਇਸ ਜੀਵਨ ਦੇ ਸਾਰੇ ਹੀ ਕਾਰਜ ਸਫ਼ਲ ਹੋ ਜਾਂਦੇ ਹਨ। ਸੋ ਸਿਮਰਨ ਹੀ ਉਤਮ ਹੈ।

ਪੁੰਨ ਦਾਨ ਪੂਜਾ ਪਰਮੇਸੁਰ
ਹਰਿ ਕੀਰਤਿ ਤਤੁ ਬੀਚਾਰੇ॥
ਗੁਨ ਗਾਵਤ ਅਤੁਲ ਸੁਖੁ ਪਾਇਆ
ਠਾਕੁਰ ਅਗਮ ਅਪਾਰੇ॥

ਹੇ ਭਾਈ! ਸਾਰੀਆਂ ਗੱਲਾਂ ਦਾ ਤੱਤ, ਭਾਵ ਨਿਚੋੜ ਇਹ ਹੈ ਕਿ ਪ੍ਰਭੂ ਦੀ ਭਗਤੀ ਅਤੇ ਸਿਫ਼ਤ-ਸਲਾਹ ਹੀ ਸਭ ਤੋਂ ਉੱਤਮ ਹੈ ਅਤੇ ਸੇਵਾ ਸਿਮਰਨ ਹੀ ਪੁੰਨ-ਦਾਨ ਅਤੇ ਪੂਜਾ ਵੀ ਹੈ ਅਤੇ ਜੋ ਜੀਵ ਉਸ ਪਹੁੰਚ ਤੋਂ ਪਰ੍ਹੇ ਅਪਹੁੰਚ ਠਾਕਰ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ, ਉਨ੍ਹਾਂ ਨੂੰ ਬੇਅੰਤ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਸਹਿਜੇ ਹੀ ਉਸ ਪ੍ਰਭੂ ਦੀਦਾਰ ਦੇ ਆਨੰਦ ਭੀ ਮਾਣ ਲੈਂਦੇ ਹਨ।

ਜੋ ਜਨ ਪਾਰਬ੍ਰਹਮਿ ਅਪਨੇ ਕੀਨੇ
ਤਿਨ ਕਾ ਬਾਹੁਰਿ ਕਛੁ ਨ ਬੀਚਾਰੇ॥
ਨਾਮ ਰਤਨੁ ਸੁਨਿ ਜਪਿ ਜਪਿ ਜੀਵਾ
ਹਰਿ ਨਾਨਕ ਕੰਠ ਮਝਾਰੇ॥


ਹੇ ਭਾਈ! ਜਿਨ੍ਹਾਂ ਜੀਵਾਂ ਨੂੰ ਪ੍ਰਭੂ ਆਪਣੀ ਕ੍ਰਿਪਾ ਦੁਆਰਾ ਆਪਣੇ ਨਾਲ ਜੋੜ ਲੈਂਦਾ ਹੈ, ਉਨ੍ਹਾਂ ਦਾ ਲੇਖਾ ਸਦਾ ਲਈ ਹੀ ਮੁੱਕ ਜਾਂਦਾ ਹੈ ਅਤੇ ਉਹ ਉਸ ਮਾਲਿਕ ਵਿਚ ਅਭੇਦ ਹੋ ਜਾਂਦੇ ਹਨ। ਹੇ ਨਾਨਕ! ਮੈਂ ਤਾਂ ਉਸ ਪ੍ਰਭੂ ਦਾ ਨਾਮ ਸੁਣ-ਸੁਣ ਕੇ ਹੀ ਜਿਉਂਦਾ ਹਾਂ ਅਤੇ ਮੈਂ ਉਸ ਪ੍ਰਭੂ ਦੇ ਨਾਮ ਰੂਪੀ ਰਤਨ ਨੂੰ ਆਪਣੇ ਗਲੇ ਵਿਚ ਪ੍ਰੋਅ ਕੇ ਪਾ ਲਿਆ ਹੈ ਅਤੇ ਨਾਮ ਸਦਕਾ ਹੀ ਆਤਮਿਕ ਜੀਵਨ ਦਾ ਅਰੰਭ ਭੀ ਮਿਲ ਗਿਆ ਹੈ।

ਆਓ ਸਾਧ-ਸੰਗਤ ਜੀ! ਸ਼ਬਦ ਗੁਰੂ ਨਾਲ ਜੁੜੀਏ!

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫ਼ੋਨ: 916-687-3536**

# ਰਾਜਸੀ ਪਾਰਟੀਆਂ ਤੇ ਲੋਕਾਂ ਦੀ ਕਮਾਈ ਉਤੇ ਮੌਜਾਂ ਮਾਣਦੇ ਸਾਧ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

**ਪੰਜਾਬ ਦਾ ਇੱਕ ਡੇਰਾ ਇੱਕ ਦਰਿਆ ਦਾ ਕਈ ਮੀਲਾਂ ਤੱਕ ਦਾ ਮੰਡ ਘੇਰੀ ਬੈਠਾ ਹੈ ਪਰ ਉਸ ਦੇ ਖਿਲਾਫ ਕਾਰਵਾਈ ਇਸ ਲਈ ਨਹੀਂ ਹੁੰਦੀ ਕਿ ਨਾਜਾਇਜ਼ ਕਬਜ਼ੇ ਵਾਲੇ ਥਾਂ ਬਣਾਏ ਗਏ ਰਨ-ਵੇਅ ਉਤੇ ਉਨ੍ਹਾਂ ਆਗੂਆਂ ਦੇ ਜਹਾਜ਼ ਉਤਰਦੇ ਰਹਿੰਦੇ ਹਨ, ਜਿਹੜੇ ਰਾਜ ਕਰਦੇ ਹਨ ਜਾਂ ਕਰ ਚੁੱਕੇ ਹਨ ਅਤੇ ਅੱਗੋਂ ਰਾਜ ਕਰਨ ਦੀ ਝਾਕ ਰੱਖਦੇ ਹਨ। ਜਦੋਂ ਕਿਸੇ ਰਾਜਸੀ ਧਿਰ ਨਾਲ ਕਿਸੇ ਸਾਧ ਦਾ ਵਿਗਾੜ ਪੈ ਜਾਵੇ ਤਾਂ ਉਸ ਦੇ ਪਰਦੇ ਵੀ ਗੰਢਾਂ ਦੀਆਂ ਛਿੱਲਾਂ ਵਾਂਗ ਲੱਥਣ ਲੱਗ ਪੈਂਦੇ ਹਨ, ਵਰਨਾ ਸਾਰਾ ਕੁਝ ਆਮ ਵਾਂਗ ਚੱਲੀ ਜਾਂਦਾ ਹੈ।**

ਕਾਂਗਰਸ ਪਾਰਟੀ ਬੀਤੇ ਹਫਤੇ ਭੜਕ ਪਈ ਸੀ ਅਤੇ ਇਹ ਭੜਕਾਹਟ ਕਿਸੇ ਰਾਜਸੀ ਪਾਰਟੀ ਜਾਂ ਕਿਸੇ ਰਾਜਸੀ ਪੁਆੜੇ ਕਾਰਨ ਨਹੀਂ ਸੀ। ਇਸ ਵਾਰੀ ਦੀ ਉਸ ਦੀ ਭੜਕਾਹਟ ਦਾ ਕਾਰਨ 'ਬਾਪੂ' ਅਖਵਾਉਣ ਵਾਲਾ ਆਸਾ ਰਾਮ ਬਣ ਗਿਆ। ਉਸ ਨੇ ਇੱਕ ਥਾਂ ਕਥਾ ਕਰਦਿਆਂ ਸੋਨੀਆ ਗਾਂਧੀ ਨੂੰ ਨਿਸ਼ਾਨਾ ਬਣਾ ਲਿਆ ਸੀ। ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਸਵਾਮੀ ਰਾਮਦੇਵ ਦੇ ਸੱਤਿਆਗ੍ਰਹਿ ਵਾਲੀ ਭੀੜ ਵਿਰੁਧ ਪੁਲਿਸ ਲਾਠੀਚਾਰਜ ਦੀ ਆਸਾ ਰਾਮ ਨੇ ਆਪਣੇ ਢੰਗ ਨਾਲ ਵਿਆਖਿਆ ਕੀਤੀ, ਜਿਹੜਾ ਉਸ ਨੂੰ ਕਰਨ ਦਾ ਹੱਕ ਸੀ। ਚਰਚਿਆਂ ਦੇ ਸ਼ੌਕੀਨ ਇੱਕ ਸੰਤ ਵੱਲੋਂ ਦੂਜੇ ਸੰਤ ਦੀ ਹਮਾਇਤ ਵਿਚ ਬੋਲਣਾ ਖਾਸ ਗੱਲ ਨਹੀਂ ਹੁੰਦੀ। ਇਹ ਇੱਕ ਤਰ੍ਹਾਂ ਦਾ ਸ਼ਗਨ ਪਾਉਣਾ ਹੁੰਦਾ ਹੈ, ਜਿਹੜਾ ਆਸਾ ਰਾਮ ਦੇ ਵਿਰੁਧ ਆਈ ਕਿਸੇ ਔਖੀ ਘੜੀ ਵਿਚ ਸਵਾਮੀ ਰਾਮਦੇਵ ਏਦਾਂ ਦੀ ਕਥਾ ਕਰ ਕੇ ਮੋੜ ਦੇਵੇਗਾ। ਅਗਲੀ ਗੱਲ ਆਸਾ ਰਾਮ ਨੇ ਇਹ ਕਹਿ ਦਿੱਤੀ ਕਿ ਅੰਗਰੇਜ਼ਾਂ ਦੇ ਵਕਤ ਏਦਾਂ ਦਾ ਜ਼ੁਲਮ ਹੁੰਦਾ ਵੇਖ ਕੇ ਮਹਾਤਮਾ ਗਾਂਧੀ ਨੇ 'ਅੰਗਰੇਜ਼ੋ ਭਾਰਤ ਛੋੜੋ' ਦਾ ਨਾਹਰਾ ਦਿੱਤਾ ਸੀ, ਹੁਣ ਸਾਰਾ ਕੁਝ ਇੱਕ 'ਮੈਡਮ' ਦੇ ਇਸ਼ਾਰੇ ਉਤੇ ਹੋਈ ਜਾਂਦਾ ਹੈ ਪਰ ਅਜੇ ਤੱਕ ਕਿਸੇ ਨੇ 'ਮੈਡਮ ਭਾਰਤ ਛੋੜੋ' ਦਾ ਨਾਹਰਾ ਨਹੀਂ ਦਿੱਤਾ। ਇਹ ਇੱਕ ਭੱਦੀ ਟਿਪਣੀ ਹੈ। ਭਾਰਤ ਦੀ ਨਾਗਰਿਕ ਬਣ ਚੁੱਕੀ ਸੋਨੀਆ ਗਾਂਧੀ ਨਾਲ ਕਿਸੇ ਨੂੰ ਕਿਸੇ ਵੀ ਕਿਸਮ ਦੇ ਮੱਤਭੇਦ ਹੋਣ, ਏਨੀ ਘਟੀਆ ਸ਼ਬਦਾਵਲੀ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਕਾਂਗਰਸ ਵਾਲਿਆਂ ਦਾ ਗੁੱਸਾ ਇਸ ਪੱਖੋਂ ਜਾਇਜ਼ ਹੈ।

ਗੱਲ ਆਸਾ ਰਾਮ ਦੀ ਹੁਣ ਚੱਲੀ ਹੈ, ਕਾਂਗਰਸ ਪਾਰਟੀ ਨੇ ਹਾਲੇ ਪਿਛਲੇ ਹਫਤੇ ਆਪਣੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ ਸਭ ਰਾਮਦੇਵ ਦੀਆਂ ਸਭਾਵਾਂ ਅਤੇ ਉਸ ਦੇ ਯੋਗ ਕੈਂਪਾਂ ਵਿਚ ਨਾ ਜਾਣ ਦੀ ਹਦਾਇਤ ਵੀ ਦਿੱਤੀ ਹੈ। ਹੁਣ ਕਾਂਗਰਸ ਪਾਰਟੀ ਨੂੰ ਆਪਣੇ ਲੋਕਾਂ ਨੂੰ ਸ਼ਾਇਦ ਆਸਾ ਰਾਮ ਦੇ ਕਥਾ ਸਮਾਗਮਾਂ ਤੋਂ ਦੂਰ ਰਹਿਣ ਲਈ ਕਹਿਣਾ ਪਵੇਗਾ। ਉਸ ਤੋਂ ਪਿੱਛੋਂ ਵੀ ਮਾਮਲਾ ਖਤਮ ਨਹੀਂ ਹੋ ਜਾਣਾ। ਏਥੇ ਇੱਕ ਸਾਧ ਨਹੀਂ, ਸਾਧਾਂ ਦੇ ਵੱਗ ਤੁਰੇ ਫਿਰਦੇ ਹਨ। ਵਿਰੋਧ ਦੀ ਸਭ ਤੋਂ ਵੱਡੀ ਧਿਰ ਭਾਰਤੀ ਜਨਤਾ ਪਾਰਟੀ ਨਾਲ ਹਿੰਦੂ ਸੰਤਾਂ ਦੀ ਬਹੁਤਾਤ ਹੈ ਪਰ ਕੁਝ ਸੰਤ ਕਾਂਗਰਸ ਪਾਰਟੀ ਨਾਲ ਵੀ ਮਿਲ ਕੇ ਚੱਲਦੇ ਹਨ। ਸਾਡੇ ਪੰਜਾਬ ਵਿਚ ਸਿੱਖ ਸੰਤਾਂ ਦੀ ਵੱਡੀ ਗਿਣਤੀ ਅਕਾਲੀਆਂ ਦੇ ਇੱਕ ਜਾਂ ਦੂਜੇ ਧੜੇ ਨਾਲ ਜੁੜੀ ਹੋਈ ਹੈ ਪਰ ਕੁਝ ਸੰਤ ਪੱਕੇ ਤੌਰ 'ਤੇ ਕਾਂਗਰਸੀ ਵੀ ਹਨ ਅਤੇ ਕੁਝ ਰੇਲ ਗੱਡੀ ਦੇ ਦਰਵਾਜ਼ੇ ਵਿਚ ਖੜੇ ਮੁਸਾਫਰਾਂ ਵਾਂਗ ਵੀ ਹਨ, ਜਿਹੜੇ ਪਸੰਦ ਦਾ ਸਟੇਸ਼ਨ ਆਉਣ ਉਤੇ ਛਾਲ ਮਾਰ ਜਾਂਦੇ ਹਨ ਅਤੇ ਅਗਲੀ ਗੱਡੀ ਦੂਜੇ ਸਟੇਸ਼ਨ ਨੂੰ ਵੀ ਤੁਰ ਪੈਂਦੇ ਹਨ। ਨਾ ਉਹ ਪੱਕੇ ਅਕਾਲੀ ਹਨ, ਨਾ ਪੱਕੇ ਕਾਂਗਰਸੀ।

ਸੱਚੇ ਸੌਦੇ ਵਾਲੇ ਡੇਰੇ ਨੇ ਇੱਕ ਵਾਰੀ ਅਕਾਲੀਆਂ ਦੀ ਮਦਦ ਲਈ ਆਪਣੇ ਸੇਵਕਾਂ ਨੂੰ ਇਸ਼ਾਰਾ ਕੀਤਾ ਤੇ ਦੂਜੀ ਵਾਰ ਕਾਂਗਰਸ ਨਾਲ ਜੁੜਨ ਕਰ ਕੇ ਅਕਾਲੀਆਂ ਤੋਂ ਹੱਡ ਤੱਤੇ ਕਰਵਾ ਲਏ ਸਨ। ਦਲਬਦਲੀਆਂ ਦਾ ਲੰਮਾ ਇਤਿਹਾਸ ਨਿਰੰਕਾਰੀਆਂ ਦਾ ਵੀ ਰਿਹਾ ਸੀ। ਇੱਕ ਸਮੇਂ ਅਕਾਲੀ ਦਲ ਦੇ ਵੱਡੇ ਲੀਡਰ ਉਨ੍ਹਾਂ ਦੇ ਮੁਖੀ ਨੂੰ 'ਸ੍ਰੀ ਸਤਿਗੁਰੂ ਜੀ' ਦੇ ਸੰਬੋਧਨ ਨਾਲ ਚਿੱਠੀਆਂ ਲਿਖ ਕੇ ਚੋਣਾਂ ਵਿਚ ਹਮਾਇਤ ਮੰਗਦੇ ਹੁੰਦੇ ਸਨ। ਜਦੋਂ ਸਿੱਖ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਕਿਸੇ ਵਕਤੀ ਵਹਿਣ ਵਿਚ ਵਹਿ ਕੇ ਉਨ੍ਹਾਂ ਨਾਲ ਦੂਰੀ ਪਾਉਣ ਲੱਗਾ ਤਾਂ ਓਹੋ ਅਕਾਲੀ ਆਗੂ ਨਿਰੰਕਾਰੀਆਂ ਦੇ ਖਿਲਾਫ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦੇ ਹੁਕਮਨਾਮੇ ਕਰਵਾਉਣ ਤੁਰ ਪਏ ਸਨ। ਅੱਜ ਜਦੋਂ ਹਾਲਾਤ ਪਹਿਲਾਂ ਵਾਲੇ ਨਹੀਂ ਰਹੇ ਤਾਂ ਉਨ੍ਹਾਂ ਲੀਡਰਾਂ ਦੇ ਫੇਰੇ ਨਿਰੰਕਾਰੀ ਭਵਨਾਂ ਵਿਚ ਫਿਰ ਪੈਣ ਲੱਗ ਪਏ ਹਨ। ਸੱਚੇ ਸੌਦੇ ਵਾਲਿਆਂ ਨੇ ਵੀ ਪਿਛਲੀਆਂ ਪਾਰਲੀਮੈਂਟ ਚੋਣਾਂ ਮੌਕੇ ਕਾਂਗਰਸ ਅਤੇ ਅਕਾਲੀ ਦਲ ਨਾਲ 'ਫਿਫਟੀ-ਫਿਫਟੀ' ਦਾ ਸੌਦਾ ਮਾਰਨ ਵਿਚ ਦੇਰ ਨਹੀਂ ਕੀਤੀ ਅਤੇ ਦੋਵਾਂ ਧਿਰਾਂ ਦੀਆਂ ਤਿੰਨ-ਤਿੰਨ ਸੀਟਾਂ ਜਿਤਾ ਦਿੱਤੀਆਂ ਸਨ। ਨੂਰਮਹਿਲੀਏ ਹੋਣ ਜਾਂ ਭਨਿਆਰੇ ਵਾਲੇ, ਇਨ੍ਹਾਂ ਸਾਰਿਆਂ ਨਾਲ ਵੀ ਦੋਵਾਂ ਰਾਜਸੀ ਧਿਰਾਂ ਦੀ ਸੈਨਤ ਮਿਲਦੀ ਰਹਿੰਦੀ ਹੈ।

ਗੱਲ ਬਾਪੂ ਆਸਾ ਰਾਮ ਦੀ ਕਰਨੀ ਹੋਵੇ ਤਾਂ ਸਾਈਕਲਾਂ ਦੇ ਪੰਕਚਰ ਲਾਉਣ ਤੋਂ ਤੁਰਿਆ ਆਸੂ ਮੱਲ ਹੁਣ ਕੁਝ ਲੋਕਾਂ ਦੀ ਨਜ਼ਰ ਵਿਚ ਇੱਕ ਵੱਡਾ ਸੰਤ ਬਣ ਚੁੱਕਾ ਹੈ ਤੇ ਕੁਝ ਲੋਕਾਂ ਦੀ ਨਜ਼ਰ ਵਿਚ, ਕਾਨੂੰਨ ਦੀ ਨਜ਼ਰ ਵਿਚ ਵੀ, ਜ਼ਮੀਨਾਂ ਉਤੇ ਨਾਜਾਇਜ਼ ਕਬਜ਼ੇ ਕਰਨ ਅਤੇ ਕੁਝ ਬੱਚਿਆਂ ਦੀ ਮੌਤ ਦਾ ਕਾਰਨ ਬਣਨ ਵਾਲਾ ਦੋਸ਼ੀ ਬਣਿਆ ਪਿਆ ਹੈ। ਜਿਤਲੇ ਗੁਜਰਾਤ ਰਾਜ ਵਿਚ ਉਸ ਦਾ ਮੁੱਖ ਟਿਕਾਣਾ ਹੈ, ਉਸ ਵਿਚ ਆਸਾ ਰਾਮ ਸਮੇਤ ਸਾਰੇ ਹਿੰਦੂ ਸੰਤਾਂ ਦੀ ਸਭ ਤੋਂ ਬਾਹਲੀ ਹਮਾਇਤਣ



ਸੋਨੀਆ ਗਾਂਧੀ

ਭਾਰਤੀ ਜਨਤਾ ਪਾਰਟੀ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਹੈ। ਪਿਛਲੇ ਸਮੇਂ ਵਿਚ ਮੋਦੀ ਨੇ ਆਸਾ ਰਾਮ ਦੇ ਆਸ਼ਰਮ ਦਾ ਸ਼ਿਕੰਜਾ ਕੱਸਿਆ ਤੇ ਉਸ ਕੋਲੋਂ ਕੁਝ ਸਰਕਾਰੀ ਜ਼ਮੀਨ ਪੁਲਿਸ ਦੀ ਉਵੇਂ ਹੀ ਕਾਰਵਾਈ ਕਰ ਕੇ ਛੁਡਾਈ ਸੀ, ਜਿਵੇਂ ਦਿੱਲੀ ਵਿਚ ਰਾਮਦੇਵ ਦੇ ਵਿਰੁਧ ਓਥੋਂ ਦੀ ਪੁਲਿਸ ਨੇ ਕਾਰਵਾਈ ਕੀਤੀ ਸੀ। ਜਦੋਂ ਗੁਜਰਾਤ ਦੇ ਅਧਿਕਾਰੀਆਂ ਨੇ ਜਾ ਕੇ ਆਸਾ ਰਾਮ ਨੂੰ ਕਿਹਾ ਸੀ ਕਿ ਉਹ ਸਰਕਾਰੀ ਜ਼ਮੀਨ ਛੱਡ ਦੇਵੇ ਤਾਂ ਪਹਿਲਾਂ ਉਸ ਨੇ ਇਹ ਗੱਲ ਹੀ ਖਾਰਜ ਕਰ ਦਿੱਤੀ ਕਿ ਉਸ ਦੇ ਆਸ਼ਰਮ ਕੋਲ ਕੋਈ ਸਰਕਾਰੀ ਜ਼ਮੀਨ ਹੈ। ਫਿਰ ਸਰਕਾਰ ਨੂੰ ਸਖਤੀ ਦੇ ਰੌਂਅ ਵਿਚ ਵੇਖ ਕੇ ਕਹਿ ਦਿੱਤਾ ਕਿ ਜ਼ਮੀਨ ਤਾਂ ਹੈ ਪਰ ਆਸ਼ਰਮ ਦੀ ਵਰਤੋਂ ਵਿਚ ਨਹੀਂ, ਓਥੇ ਸੰਗਤ ਲਈ ਸ਼ੈਡ ਆਦਿ ਬਣਾਏ ਹੋਏ ਹਨ। ਇਸ ਦੇ ਬਾਵਜੂਦ ਉਹ ਜ਼ਮੀਨ ਛੁਡਾਉਣ ਦਾ ਉਸ ਦੇ



ਗੁਰਮਤਿ ਰਾਮ ਰਹੀਮ ਸਿੰਘ


ਚੇਲਿਆਂ ਨੇ ਵਿਰੋਧ ਕੀਤਾ ਅਤੇ ਪੁਲਿਸ ਨੂੰ ਡਾਂਗਾਂ ਵਰ੍ਹਾਉਣ ਦੇ ਨਾਲ-ਨਾਲ ਅੱਥਰੂ ਗੈਸ ਦੇ ਗੋਲੇ ਵੀ ਛੱਡਣੇ ਪਏ ਸਨ। ਕੋਈ ਹੋਰ ਰਾਜ ਹੁੰਦਾ ਤਾਂ ਭਾਜਪਾ ਨੇ ਉਸ ਸੰਤ ਦੀ ਮਦਦ ਲਈ ਲੋਕਾਂ ਨੂੰ ਲਾਮਬੰਦ ਕਰਨਾ ਸੀ ਪਰ ਨਰਿੰਦਰ ਮੋਦੀ ਦਾ ਮਾਮਲਾ ਹੋਣ ਕਰ ਕੇ ਉਹ ਚੁੱਪ ਕੀਤੀ ਰਹੀ ਸੀ। ਦੂਜੇ ਪਾਸੇ ਕਾਂਗਰਸ ਪਾਰਟੀ ਨੇ ਵੀ ਸਾਜ਼ਿਸ਼ੀ ਕਿਸਮ ਦੀ ਚੁੱਪ ਵੱਟੀ ਰੱਖੀ ਕਿਉਂਕਿ ਉਸ ਨੂੰ ਝਾਕ ਸੀ ਕਿ ਭਾਜਪਾ ਨਾਲ ਰੁੱਸਿਆ ਆਸਾ ਰਾਮ ਉਨ੍ਹਾਂ ਦੀ ਗੱਡੀ ਛੱਡ ਕੇ ਸਾਡੇ ਨਾਲ ਜੁੜ ਸਕਦਾ ਹੈ।

ਕਾਂਗਰਸ ਪਾਰਟੀ ਨੂੰ ਆਸਾ ਰਾਮ ਦਾ ਪਿਛਲਾ ਵਿਹਾਰ ਵੀ ਭੁੱਲ ਗਿਆ। ਜਦੋਂ ਪਿਛਲੀ ਵਾਰੀ ਤਾਮਿਲਨਾਡੂ ਦੀ ਮੁੱਖ ਮੰਤਰੀ ਹੁੰਦਿਆਂ ਬੀਬੀ ਜੈਲਲਿਤਾ ਨੇ ਓਥੋਂ ਇੱਕ ਸ਼ੰਕਰਾਚਾਰੀਆ ਜੈਇੰਦਰ ਸਰਸਵਤੀ ਨੂੰ ਗ੍ਰਿਫਤਾਰ ਕੀਤਾ ਸੀ, ਇਹੋ ਆਸਾ ਰਾਮ ਓਦੋਂ ਇਹ ਕਹਿੰਦਾ ਸੀ ਕਿ ਜੈਲਲਿਤਾ ਆਪਣੇ ਆਪ ਅਜਿਹਾ ਨਹੀਂ ਕਰ ਸਕਦੀ, ਉਸ ਤੋਂ ਦਿੱਲੀ ਬੈਠੇ ਉਨ੍ਹਾਂ ਲੋਕਾਂ ਨੇ ਕਰਾਇਆ ਹੈ, ਜਿਹੜੇ ਬਾਬਰੀ ਮਸਜਿਦ ਢਾਹੁਣ ਦਾ ਵੀ ਵਿਰੋਧ ਕਰਦੇ ਸਨ ਤੇ ਰਾਮ ਮੰਦਰ ਬਣਾਉਣ ਦਾ ਵੀ। ਕਾਂਗਰਸੀਆਂ ਲਈ ਠੀਕ ਰਾਹ ਇਹ ਸੀ ਕਿ ਪਿਛਲੇ ਦਿਨੀਂ ਆਸਾ ਰਾਮ ਦੇ ਨਾਜਾਇਜ਼ ਕਬਜ਼ੇ ਸਾਹਮਣੇ ਆਉਣ ਉਤੇ ਉਸ ਦਾ ਵਿਰੋਧ ਕਰਦੇ ਪਰ ਉਹ ਰਾਜਨੀਤਕ ਗਿਣਤੀਆਂ-ਮਿਣਤੀਆਂ ਵਿਚ ਪੈ ਕੇ ਉਸ ਨੂੰ ਭਾਜਪਾ ਵਾਲੇ 'ਪਰਿਵਾਰ' ਤੋਂ ਬੇਦਖਲ ਕਰਵਾ ਕੇ ਆਪਣਾ 'ਬਾਪੂ' ਬਣਾਉਣ ਦੀ ਉਹ ਮਾੜੀ ਖੇਡ ਖੇਡਦੇ ਰਹੇ, ਜਿਸ ਵਿਚੋਂ ਸਿਵਾਏ ਨਮੋਸ਼ੀ ਤੋਂ ਕੁਝ ਪੱਲੇ ਪੈਣਾ ਹੀ ਨਹੀਂ ਸੀ।

ਲੱਗੇ ਹੱਥ ਗੱਲ ਮੁਕਾ ਲਈਏ 'ਸਵਾਮੀ' ਰਾਮਦੇਵ ਦੀ, ਜਿਹੜਾ ਘਰੋਂ ਤਿਆਗੀ ਬਣਨ ਤੁਰਿਆ ਸੀ ਪਰ ਇਸ ਵਕਤ ਦੋ ਹਜ਼ਾਰ ਕਰੋੜ ਰੁਪਏ ਦੇ ਨੇੜੇ ਦਾ 'ਸਵਾਮੀ' ਹੋਣਾ ਆਪ ਮੰਨਦਾ ਹੈ ਅਤੇ ਵਿਰੋਧੀ ਉਸ ਦੀ ਜਾਇਦਾਦ ਦਾ ਮੁੱਲ ਇਸ ਨਾਲ ਇੱਕ ਹੋਰ ਜ਼ੀਰੋ ਜੋੜ ਕੇ ਵੀਹ ਹਜ਼ਾਰ ਕਰੋੜ ਰੁਪਏ ਤੱਕ ਵੀ ਲੈ ਜਾਂਦੇ ਹਨ। ਪਿਛਲੇ ਦਿਨੀਂ ਜਦੋਂ ਮਰਨ ਵਰਤ ਰੱਖ ਕੇ ਬੈਠੇ ਨੂੰ ਬਚਾਉਣ ਦਾ ਪ੍ਰਪੰਚ ਕਰਨ ਲਈ ਭਾਜਪਾ ਵਾਲਿਆਂ ਨੇ ਆਪਣੇ ਉਸ ਰਾਜ ਦੇ ਮੁੱਖ ਮੰਤਰੀ ਰਾਹੀਂ ਸਾਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ ਸੀ ਤਾਂ ਰਾਮਦੇਵ ਉਨ੍ਹਾਂ ਦਾ ਸਾਰੀ ਉਮਰ ਦਾ 'ਦੇਣਦਾਰ' ਹੋ ਗਿਆ। ਕੁਝ ਦਿਨਾਂ ਪਿੱਛੋਂ ਇਹ ਗੱਲ ਸਾਹਮਣੇ ਆ ਗਈ ਕਿ ਉਸ ਦੇ ਆਸ਼ਰਮ ਦੇ ਨਾਜਾਇਜ਼ ਕਬਜ਼ੇ ਵੀ ਜ਼ਾਹਰ ਹੋਣ ਵਾਲੇ ਹਨ। ਰਾਮਦੇਵ ਨੇ ਜਿਹੜੀ ਜ਼ਮੀਨ ਬਾਰੇ ਪਹਿਲਾਂ ਕਈ ਵਾਰੀ ਕਿਹਾ ਸੀ ਕਿ ਉਹ ਨਾਜਾਇਜ਼ ਕਬਜ਼ਾ ਨਹੀਂ, ਉਸ ਦੇ ਆਸ਼ਰਮ ਦੀ ਹੈ, ਉਸ ਵਿਚੋਂ ਇੱਕ ਵੱਡਾ ਹਿੱਸਾ ਆਪਣੇ ਆਪ ਛੱਡ ਕੇ ਕਿਹਾ ਕਿ ਇਹ ਅਸੀਂ ਨਹੀਂ ਸੀ ਵਰਤਦੇ, ਆਏ ਲੋਕਾਂ ਦੀ ਵਰਤੋਂ ਵਿਚ ਆਉਂਦੀ ਸੀ। ਸਾਰਾ ਬਹਾਨਾ ਆਸਾ ਰਾਮ ਵਾਲਾ ਬਣਾਇਆ ਗਿਆ ਸੀ। ਇਸ ਦੇ ਬਾਵਜੂਦ ਉਸ ਦੀ ਮੁਸ਼ਕਲ ਹੱਲ ਨਾ ਹੋ ਸਕੀ ਕਿਉਂਕਿ ਰਾਜ ਭਾਵੇਂ ਭਾਜਪਾ ਦਾ ਸੀ ਅਤੇ ਮੁੱਖ ਮੰਤਰੀ ਵੀ ਨੇਤਾਗਿਰੀ ਰੱਖਦਾ ਸੀ, ਪਰ ਹਰਦੁਆਰ ਦੇ ਸਬ ਡਵੀਜ਼ਨਲ ਮੈਜਿਸਟਰੇਟ ਦੀ ਇਹ ਰਿਪੋਰਟ ਆ ਗਈ ਕਿ ਹਾਲੇ ਹੋਰ ਤਿਰਤਾਲੀ ਵਿਘੇ ਜ਼ਮੀਨ ਉਸ ਨੇ ਨਾਜਾਇਜ਼ ਦਬਾ ਰੱਖੀ ਹੈ, ਜਿਹੜੀ ਖਾਲੀ ਕਰਵਾਈ ਜਾਣੀ ਬਣਦੀ ਹੈ। ਪਤਾ ਸੀ ਕਿ ਹੁਣ ਕਾਰਵਾਈ ਲਾਜ਼ਮੀ ਹੋ ਜਾਣੀ ਹੈ, ਰਾਮਦੇਵ ਨੂੰ ਉਹ ਜ਼ਮੀਨ ਵੀ ਪਿਛਲੇ ਹਫਤੇ ਖਾਲੀ ਕਰਨੀ ਪੈ ਗਈ ਅਤੇ ਦੋ ਦਿਨਾਂ ਵਿਚ ਸੌ ਏਕੜ ਤੋਂ ਵੱਧ ਜ਼ਮੀਨ ਦਾ ਨਾਜਾਇਜ਼ ਕਬਜ਼ਾ ਮੰਨ ਕੇ ਛੱਡਣ ਲਈ ਮਜਬੂਰ ਹੋਇਆ ਬੰਦਾ ਅਜੇ ਵੀ ਆਪਣੇ ਆਪ ਨੂੰ 'ਤਿਆਗੀ' ਅਖਵਾਉਂਦਾ ਹੈ।

ਅਸੀਂ ਇਸ ਖੇਡ ਲਈ ਸਿਰਫ ਦੋ-ਚਾਰ ਸਾਧਾਂ ਨੂੰ ਦੋਸ਼ੀ ਠਹਿਰਾ ਕੇ ਗੱਲ ਖਤਮ ਨਹੀਂ ਕਰ ਸਕਦੇ, ਇਹੋ ਜਿਹੇ ਅਨੇਕਾਂ ਧਾਰਮਿਕ ਡੇਰੇ ਹਨ ਜਿਨ੍ਹਾਂ ਨੇ ਸਰਕਾਰੀ ਜ਼ਮੀਨਾਂ ਵੀ ਨਾਜਾਇਜ਼ ਕਬਜ਼ੇ ਹੇਠ ਲੈ ਰੱਖੀਆਂ ਹਨ ਤੇ ਲੋਕਾਂ ਦੀਆਂ ਵੀ ਪਰ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ। ਕਈ ਡੇਰੇ ਇਹ ਢੰਗ ਵਰਤਦੇ ਹਨ ਕਿ ਆਸ-ਪਾਸ ਦੇ ਕੁਝ ਲੋਕਾਂ ਦੀਆਂ ਜ਼ਮੀਨਾਂ ਇਸ ਤਰ੍ਹਾਂ ਖਰੀਦੀਆਂ ਜਾਣ ਕਿ ਹੌਲੀ-ਹੌਲੀ ਸੌ ਜਾਂ ਪੰਜਾਹ ਏਕੜ ਦਾ ਘੇਰਾ ਬਣਾਇਆ ਜਾ ਸਕੇ। ਫਿਰ ਉਹ ਉਸ ਘੇਰੇ ਵਿਚ ਆਉਂਦੇ ਲੋਕਾਂ ਨੂੰ ਵੇਲੇ-ਕੁਵੇਲੇ ਲੰਘਣ ਤੋਂ ਰੋਕ ਕੇ ਆਪਣੀਆਂ ਮਹਿੰਗੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਵੇਚਣ ਨੂੰ ਮਜਬੂਰ ਕਰ ਦੇਂਦੇ ਹਨ। ਪੰਜਾਬ ਦਾ ਇੱਕ ਡੇਰਾ ਇੱਕ ਦਰਿਆ ਦਾ ਕਈ ਮੀਲਾਂ ਤੱਕ ਦਾ ਮੰਡ ਘੇਰੀ ਬੈਠਾ ਹੈ ਪਰ ਉਸ ਦੇ ਖਿਲਾਫ ਕਾਰਵਾਈ ਇਸ ਲਈ ਨਹੀਂ ਹੁੰਦੀ ਕਿ ਨਾਜਾਇਜ਼ ਕਬਜ਼ੇ ਵਾਲੇ ਥਾਂ ਬਣਾਏ ਗਏ ਰਨ-ਵੇਅ ਉਤੇ ਉਨ੍ਹਾਂ ਆਗੂਆਂ ਦੇ ਜਹਾਜ਼ ਉਤਰਦੇ ਰਹਿੰਦੇ ਹਨ, ਜਿਹੜੇ ਰਾਜ ਕਰਦੇ ਹਨ ਜਾਂ ਕਰ ਚੁੱਕੇ ਹਨ ਅਤੇ ਅੱਗੋਂ ਰਾਜ ਕਰਨ ਦੀ ਝਾਕ ਰੱਖਦੇ ਹਨ। ਜਦੋਂ ਕਿਸੇ ਰਾਜਸੀ ਧਿਰ ਨਾਲ ਕਿਸੇ ਸਾਧ ਦਾ ਵਿਗਾੜ ਪੈ ਜਾਵੇ ਤਾਂ ਉਸ ਦੇ ਪਰਦੇ ਵੀ ਗੰਢਾਂ ਦੀਆਂ ਛਿੱਲਾਂ ਵਾਂਗ ਲੱਥਣ ਲੱਗ ਪੈਂਦੇ ਹਨ, ਵਰਨਾ ਸਾਰਾ ਕੁਝ ਆਮ ਵਾਂਗ ਚੱਲੀ ਜਾਂਦਾ ਹੈ।

ਸਾਡੇ ਪੰਜਾਬ ਦਾ ਇੱਕ ਸੰਤ ਪਿਛਲੇ ਦਿਨੀਂ ਕਦੇ ਬਾਦਲ-ਵਿਰੋਧੀਆਂ ਨਾਲ ਜੁੜਦਾ ਅਤੇ ਕਦੇ ਬਾਦਲ ਧੜੇ ਵੱਲ ਮੁੜਦਾ ਵੇਖਿਆ ਗਿਆ ਹੈ। ਰੋਸ ਕਾਰਨ ਉਹ ਚਲਾ ਗਿਆ ਸੀ ਪਰ ਜਦੋਂ ਸ਼ੀਸ਼ਾ ਵਿਖਾ ਕੇ ਕਾਰਵਾਈ ਦਾ ਡਰ ਪਾਇਆ ਗਿਆ ਤਾਂ ਭੱਜਦੇ ਪੈਰੀਂ ਮੁੜ ਆਇਆ ਸੀ। ਹੁਣ ਇੱਕ ਹੋਰ ਸੰਤ 'ਇਧਰ ਜਾਊਂ ਜਾਂ ਉਧਰ ਜਾਊਂ, ਖ਼ੁਦਾ ਜਾਨੇ ਮੈਂ ਕਿਧਰ ਜਾਊਂ' ਦੀ ਦੋਚਿੱਤੀ ਵਿਚ



ਆਸਾ ਰਾਮ

ਫਸਿਆ ਪਿਆ ਹੈ। ਜਿਨ੍ਹਾਂ ਨੇ ਉਸ ਨੂੰ ਡੇਰੇ ਵਿਚ ਮਾਲਾ ਜਪਦੇ ਨੂੰ ਲਿਆ ਕੇ ਪਹਿਲਾਂ ਲੀਡਰ ਤੇ ਫਿਰ ਵਿਧਾਇਕ ਬਣਾਇਆ ਸੀ, ਉਨ੍ਹਾਂ ਨੂੰ ਹੁਣ ਇਹ ਲੱਗ ਰਿਹਾ ਹੈ ਕਿ 'ਚੱਲਿਆ ਕਾਰਤੂਸ' ਰੱਖ ਛੱਡਣ ਦੀ ਥਾਂ ਕੋਈ ਨਵਾਂ ਪਿਆਦਾ ਵਰਤਣਾ ਚਾਹੀਦਾ ਹੈ ਤੇ ਸੰਤ ਕੁਝ ਬੋਲ ਕੇ ਸਰਕਾਰ ਦਾ ਕਹਿਰ ਸਹੇੜਨ ਤੋਂ ਡਰੀ ਜਾਂਦਾ ਹੈ।

ਆਓ, ਇੱਕ ਵਾਰੀ ਫਿਰ ਪਰਤੀਏ ਓਸੇ ਬੰਦੇ ਵੱਲ, ਜਿੱਥੋਂ ਗੱਲ ਸ਼ੁਰੂ ਕੀਤੀ ਸੀ। 'ਬਾਪੂ' ਆਸਾ ਰਾਮ ਦੀ ਬੋਲੀ ਬਾਰੇ ਬਾਹਲਾ ਕੁਝ ਕਹਿਣ ਦੀ ਲੋੜ ਨਹੀਂ, ਉਹ ਕਈ ਵਾਰ ਏਨੀਆਂ ਬੇਹੂਦਾ ਗੱਲਾਂ ਵੀ ਕਥਾ ਕਰਦਾ ਕਹਿ ਜਾਂਦਾ ਹੈ ਕਿ ਉਸ ਦੇ ਸੰਤ ਹੋਣ ਉਤੇ ਕਿੰਤੂ ਹੋਣ ਲੱਗ ਪੈਂਦੇ ਹਨ। ਇੱਕ ਵਾਰ ਉਸ ਨੇ ਇੱਕ ਅੰਗਰੇਜ਼ ਬੀਬੀ ਤੋਂ ਆਪਣੇ ਲਈ 'ਆਈ ਲਵ ਯੂ' ਅਖਵਾਉਣ ਤੋਂ ਬਾਅਦ ਟੁੱਟੀ-ਫੁੱਟੀ ਹਿੰਦੀ ਵਿਚ 'ਮੈਂ ਆਪ ਕੋ ਪਿਆਰ ਕਰਤੀ ਹੂੰ' ਦੇ ਸ਼ਬਦ ਵੀ ਅਖਵਾਏ ਸਨ। ਉਸ ਮਗਰੋਂ ਉਸ ਦੇ ਪੁੱਤਰ ਤੋਂ ਵੀ ਇਹ ਗੱਲ ਭਰੇ ਪੰਡਾਲ ਵਿਚ ਅਖਵਾਈ ਕਿ 'ਮੇਰੀ ਮਾਂ ਬਾਪੂ ਆਸਾ ਰਾਮ ਸੇ ਪਿਆਰ ਕਰਤੀ ਹੈ ਔਰ ਮੈਂ ਬਾਪੂ ਆਸਾ ਰਾਮ ਕਾ ਪੁੱਤਰ ਹੂੰ'। ਕਮਾਲ ਦੀ ਗੱਲ ਇਹ ਵੀ ਹੈ ਕਿ ਉਸ ਦੇ ਪੰਡਾਲ ਵਿਚ ਪਰਿਵਾਰਾਂ ਸਮੇਤ ਬੈਠੇ ਭਗਤਾਂ ਨੇ ਇਸ ਦਾ ਬੁਰਾ ਨਹੀਂ ਸੀ ਮਨਾਇਆ, ਸਗੋਂ ਕਹਿ ਰਹੇ ਸਨ ਕਿ ਇਹ ਤਾਂ 'ਬਾਪੂ ਦੀ ਲੀਲਾ' ਹੈ। ਇਸ ਕਰ ਕੇ ਆਸਾ ਰਾਮ ਬਾਰੇ ਬਹੁਤਾ ਕੁਝ ਕਹਿਣ ਦੀ ਲੋੜ ਨਹੀਂ।

ਕਹਿਣ ਦੀ ਲੋੜ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਦੀ ਲੀਡਰਸ਼ਿਪ ਬਾਰੇ ਹੈ, ਜਿਸ ਨੂੰ ਹੁਣ ਆਸਾ ਰਾਮ ਦੇ ਸ਼ਬਦਾਂ ਦੀ ਚੋਭ ਲੱਗੀ ਹੈ ਤੇ ਜਿਸ ਨੇ ਹਾਲੇ ਪਿਛਲੇ ਹਫਤੇ ਆਪਣੇ ਆਗੂਆਂ ਅਤੇ ਕਾਰਕੁਨਾਂ ਨੂੰ ਸਵਾਮੀ ਰਾਮਦੇਵ ਦੇ ਯੋਗ ਕੈਂਪਾਂ ਵਿਚ ਜਾਣ ਤੋਂ ਵਰਜਿਆ ਹੈ। ਜਦੋਂ ਰਾਮ ਲੀਲਾ ਮੈਦਾਨ ਵਿਚ ਰਾਮਦੇਵ ਦਾ ਸੱਤਿਆਗ੍ਰਹਿ ਚੱਲ ਰਿਹਾ ਸੀ ਤਾਂ ਉਸ ਦੇ ਮੰਚ ਉਤੇ ਆਰ ਐਸ ਐਸ ਨਾਲ ਜੁੜੀ ਹੋਈ ਸਾਧਵੀ ਰਿਤੰਭਰਾ ਦੇ ਆਉਣ ਨਾਲ ਵੀ ਕਾਂਗਰਸ ਪਾਰਟੀ ਨੂੰ ਕੌੜ ਚੜ੍ਹੀ ਸੀ। ਸਾਧਵੀ ਰਿਤੰਭਰਾ ਬਾਬਰੀ ਮਸਜਿਦ ਢਾਹੁਣ ਦੀ ਮੁਹਿੰਮ ਦੇ ਆਗੂਆਂ ਵਿਚੋਂ ਇੱਕ ਸੀ। ਉਹ ਮੁਕੱਦਮਾ ਵੀ ਉਸ ਦੇ ਖਿਲਾਫ ਅਜੇ ਤੱਕ ਚੱਲ ਰਿਹਾ ਹੈ। ਕੋਈ ਦਸ ਕੁ ਸਾਲ ਪਹਿਲਾਂ ਉਹ ਜਲੰਧਰ ਆਈ ਸੀ। ਜਦੋਂ ਉਹ ਕਥਾ ਕਰ ਰਹੀ ਸੀ ਤਾਂ ਉਸ ਨੇ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਬਣਾਉਣ ਦੀ ਗੱਲ ਛੋਹ ਲਈ ਅਤੇ ਫਿਰ ਨਾਹਰੇ ਲੱਗ ਗਏ ਸਨ, 'ਕਸਮ ਰਾਮ ਕੀ ਖਾਤੇ ਹੈਂ, ਮੰਦਿਰ ਵਹੀਂ ਬਨਾਏਂਗੇ'। ਸਾਧਵੀ ਰਿਤੰਭਰਾ ਨੇ ਇਸ ਨਾਹਰੇ ਦੇ ਸਮਰਥਨ ਲਈ ਲੋਕਾਂ ਨੂੰ ਹੱਥ ਖੜੇ ਕਰਨ ਲਈ ਆਖਿਆ ਤਾਂ ਅਗਲੀਆਂ ਕਤਾਰਾਂ ਵਿਚ ਬੈਠੇ ਕਈ ਕਾਂਗਰਸੀ ਸੱਜਣਾਂ ਦੇ ਹੱਥ ਖੜੇ ਕੀਤੇ ਵੀ ਅਗਲੇ ਦਿਨ ਦੇ ਅਖਬਾਰਾਂ ਵਿਚ ਛਪੀਆਂ ਤਸਵੀਰਾਂ ਵਿਚ ਨਜ਼ਰ ਆਉਂਦੇ ਸਨ।

ਕਾਂਗਰਸ ਪਾਰਟੀ ਆਪਣੇ ਆਗੂਆਂ ਨੂੰ ਸਿਰਫ ਓਦੋਂ ਕਿਉਂ ਰੋਕਦੀ ਹੈ, ਜਦੋਂ ਕੋਈ ਸਾਧ ਉਨ੍ਹਾਂ ਦੀ ਪਾਰਟੀ ਜਾਂ ਪਾਰਟੀ ਦੀ ਪ੍ਰਧਾਨ ਦੇ ਖਿਲਾਫ ਕੁਤੱਤਣ ਛਾਂਟਣ ਲੱਗ ਪੈਂਦਾ ਹੈ, ਪਹਿਲਾਂ ਕਿਉਂ ਨਹੀਂ ਕਹਿੰਦੀ ਕਿ ਰਾਜਨੀਤੀ ਕਰਨੀ ਹੈ ਤਾਂ ਬੇਗਾਨੀ ਕਮਾਈ ਉਤੇ ਜ਼ਿੰਦਗੀ ਗੁਜ਼ਾਰਨ ਵਾਲਿਆਂ ਸਾਧਾਂ ਤੋਂ ਦੂਰ ਰਹਿਣਾ ਚਾਹੀਦਾ ਹੈ? ਪਿਛਲੇ ਸਮੇਂ ਵਿਚ ਰਾਜੀਵ ਗਾਂਧੀ ਨੇ ਵੀ ਇਹੋ ਕੁਝ ਕੀਤਾ ਤੇ ਭੁਗਤਿਆ ਸੀ ਅਤੇ ਉਸ ਤੋਂ ਪਹਿਲਾਂ ਉਸ ਦੀ ਮਾਤਾ ਇੰਦਰਾ ਗਾਂਧੀ ਨੇ ਵੀ। ਕੀ ਪੀੜ੍ਹੀਓ ਪੀੜ੍ਹੀ ਰਾਜ ਕਰਨ ਦੇ ਸ਼ੌਕ ਵਾਲਿਆਂ ਨੇ ਗਲਤੀਆਂ ਵੀ ਪੀੜ੍ਹੀਓ ਪੀੜ੍ਹੀ ਕਰਦੇ ਜਾਣ ਦੀ ਧਾਰੀ ਹੋਈ ਹੈ? ਜੇ ਇਹ ਤਜਰਬੇ ਮੁੜ-ਮੁੜ ਕਰਨੇ ਹਨ ਤਾਂ ਇਨ੍ਹਾਂ ਦਾ ਸੇਕ ਝੱਲਣ ਲਈ ਵੀ ਇਸ ਪਾਰਟੀ ਨੂੰ ਅਤੇ ਇਹਦੇ ਵਰਗੀ ਰਾਜਨੀਤੀ ਕਰਦੀਆਂ ਹੋਰ ਪਾਰਟੀਆਂ ਨੂੰ ਤਿਆਰ ਰਹਿਣਾ ਚਾਹੀਦਾ ਹੈ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਤੇਲ ਕੀਮਤਾਂ ਵਿਚ ਵਾਧੇ ਨਾਲ ਪੰਜਾਬ ਸਰਕਾਰ ਮਾਲੋਮਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਭਾਵੇਂ ਤੇਲ ਕੀਮਤਾਂ ਦੇ ਵਾਧੇ ਖਿਲਾਫ਼ ਕੇਂਦਰ ਸਰਕਾਰ ਦੀ ਅਲੋਚਨਾ ਕਰ ਰਹੀ ਹੈ ਪਰ ਦੂਜੇ ਪਾਸੇ ਇਸ ਵਾਧੇ ਦਾ ਆਪ ਲਾਹਾ ਲੈ ਰਹੀ ਹੈ। ਤੇਲ ਦੇ ਲਗਾਤਾਰ ਵਧ ਰਹੇ ਭਾਅ ਪੰਜਾਬ ਸਰਕਾਰ ਨੂੰ ਮਾਲੋਮਾਲ ਕਰ ਰਹੇ ਹਨ ਤੇ ਇਸ ਸਾਲ ਵੈਟ ਵਸੂਲੀ ਦਾ 11000 ਕਰੋੜ ਦਾ ਰੱਖਿਆ ਟੀਚਾ ਪੂਰਾ ਕਰਨ ਲਈ 2800 ਕਰੋੜ ਰੁਪਏ ਸਿਰਫ ਤੇਲ ਤੋਂ ਹੋਣ ਵਾਲੀ ਵੈਟ ਵਸੂਲੀ ਤੋਂ ਪ੍ਰਾਪਤ ਹੋਵੇਗਾ। ਆਬਕਾਰੀ ਤੇ ਕਰ ਵਿਭਾਗ ਦੀ 13 ਮਹੀਨਿਆਂ 'ਚ ਹੀ ਤੇਲ ਤੋਂ 1200 ਕਰੋੜ ਰੁਪਏ ਦੀ ਵੈਟ ਵਸੂਲੀ ਵਧ ਗਈ ਹੈ।

ਮਈ 2010 ਵਿਚ ਪੈਟਰੋਲ ਦਾ ਭਾਅ 53 ਰੁਪਏ ਪ੍ਰਤੀ ਲੀਟਰ ਸੀ ਜਦਕਿ ਮਈ 2011 ਵਿਚ ਇਸ ਦਾ ਭਾਅ 70 ਰੁਪਏ ਲੀਟਰ ਪਹੁੰਚ ਗਿਆ ਹੈ। ਵਿਭਾਗ ਨੂੰ ਵੈਟ ਵਸੂਲੀ ਵਿਚ ਸਭ ਤੋਂ ਜ਼ਿਆਦਾ ਵਸੂਲੀ ਤੇਲ ਤੇ ਸ਼ਰਾਬ ਤੋਂ ਆ ਰਹੀ ਹੈ। ਆਬਕਾਰੀ ਤੇ ਕਰ ਵਿਭਾਗ ਨੇ ਅਗਲੇ ਸਾਲ ਲਈ ਵੈਟ ਵਸੂਲੀ ਦੀ ਟੀਚਾ 12500 ਕਰੋੜ ਰੁਪਏ ਰੱਖਿਆ ਹੈ ਪਰ ਪੰਜਾਬ ਦੇ ਮੁਕਾਬਲੇ ਹਰਿਆਣਾ ਵੈਟ ਵਸੂਲੀ ਵਿਚ ਅਜੇ ਵੀ ਗੁਆਂਢੀ ਰਾਜਾਂ ਤੋਂ ਅੱਗੇ ਹੈ। ਵੈਟ ਵਸੂਲੀ 'ਚ ਹਰਿਆਣਾ 15000 ਕਰੋੜ ਰੁਪਏ ਤੱਕ ਪੁੱਜ ਗਿਆ ਹੈ। ਹਰਿਆਣਾ ਦੇ 941 ਪੰਪਾਂ ਦੇ ਮੁਕਾਬਲੇ ਪੰਜਾਬ ਵਿਚ ਪੰਪਾਂ ਦੀ ਗਿਣਤੀ 2736 ਹੈ ਤੇ ਇਸ ਦੇ ਬਾਵਜੂਦ ਹਰਿਆਣਾ ਇਸ ਕਰਕੇ ਵੱਧ ਵੈਟ ਵਸੂਲੀ ਕਰ ਰਿਹਾ ਹੈ ਕਿਉਂਕਿ ਤੇਲ 'ਤੇ ਵੈਟ ਕਾਫੀ ਘੱਟ ਹੈ। ਹਰਿਆਣਾ ਵਿਚ ਪੈਟਰੋਲ 'ਤੇ 20.5 ਫੀਸਦੀ ਤੇ ਡੀਜ਼ਲ 'ਤੇ 8.8 ਫੀਸਦੀ ਵੈਟ ਹੈ ਤੇ ਇਸ ਵਿਚੋਂ ਵੀ ਹਰਿਆਣਾ ਨੇ 4.4 ਫੀਸਦੀ ਵੈਟ ਵਸੂਲੀ ਘਟਾਉਣ ਦਾ ਫ਼ੈਸਲਾ ਕਰ ਲਿਆ ਹੈ।

ਪੰਜਾਬ ਦੇ ਵੈਟ ਵਸੂਲੀ ਵਿਚ ਪਿੱਛੇ ਰਹਿਣ ਦਾ ਵੱਡਾ ਕਾਰਨ ਹੈ ਕਿ ਪੈਟਰੋਲ 'ਤੇ 32.76 ਤੇ ਡੀਜ਼ਲ 'ਤੇ 11.68 ਫੀਸਦੀ ਵੈਟ ਹੈ। ਚੰਡੀਗੜ੍ਹ ਵਿਚ ਪੈਟਰੋਲ 'ਤੇ ਵੈਟ 22 ਫੀਸਦੀ ਤੇ ਡੀਜ਼ਲ 'ਤੇ 11 ਫੀਸਦੀ ਹੈ। ਪਹਿਲਾਂ ਹਿਮਾਚਲ ਪ੍ਰਦੇਸ਼ ਵਿਚ ਪੰਜਾਬ ਦੇ ਮੁਕਾਬਲੇ 1 ਤੋਂ ਡੇਢ ਰੁਪਏ ਪ੍ਰਤੀ ਲੀਟਰ ਡੀਜ਼ਲ ਮਹਿੰਗਾ ਹੁੰਦਾ ਸੀ ਪਰ ਹਿਮਾਚਲ ਪ੍ਰਦੇਸ਼ ਨੇ ਹੁਣ ਡੀਜ਼ਲ 'ਤੇ ਲੱਗਾ 14 ਫੀਸਦੀ ਵੈਟ ਘਟਾ ਕੇ 9.70 ਫੀਸਦੀ ਕਰ ਦਿੱਤਾ ਹੈ ਤੇ ਹੁਣ ਡੀਜ਼ਲ ਦਾ ਭਾਅ ਪੰਜਾਬ ਦੇ ਬਰਾਬਰ ਹੋ ਗਿਆ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਪੈਟਰੋਲ ਪੰਪ ਮਾਲਕ ਐਸੋਸੀਏਸ਼ਨ ਨੇ ਜਦੋਂ ਆਬਕਾਰੀ ਤੇ ਕਰ ਵਿਭਾਗ ਨੂੰ ਸਲਾਹ ਦਿੱਤੀ ਸੀ ਕਿ ਜੇਕਰ ਤੇਲ ਤੋਂ ਵੈਟ ਘਟਾ ਦਿੱਤਾ ਜਾਂਦਾ ਹੈ ਤਾਂ ਪਹਿਲੇ ਤਿੰਨ ਮਹੀਨੇ ਤਾਂ ਵੈਟ ਘਟੇਗਾ ਪਰ ਅਗਲੇ ਤਿੰਨ ਮਹੀਨਿਆਂ ਵਿਚ 500 ਕਰੋੜ ਰੁਪਏ ਦੀ ਜਗ੍ਹਾ ਵਧ ਕੇ 1000 ਕਰੋੜ ਦੀ ਵੈਟ ਵਸੂਲੀ ਵਧ ਜਾਵੇਗੀ।

# ਹਰਿਆਣਵੀ ਸਿੱਖ ਵੱਖਰੀ ਕਮੇਟੀ ਲਈ ਫਿਰ ਸਰਗਰਮ

**ਦੇਹਰਾਦੂਨ:** ਹਰਿਆਣਾ ਪ੍ਰਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਮੁਖੀ ਜਗਦੀਸ਼ ਸਿੰਘ ਝੀਂਡਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਹਰਿਦੁਆਰ ਵਿਖੇ ਹਰਿ ਕੀ ਪੌੜੀ ਦਾ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਸਿੱਖਾਂ ਦੇ ਸਪੁਰਦ ਕੀਤਾ ਜਾਵੇ ਜਿਸ ਦਾ ਸਵਰੂਪ ਬਦਲ ਕੇ ਦਫਤਰ ਬਣਾ ਦਿੱਤਾ ਗਿਆ ਹੈ।

ਇਸ ਦੇ ਇਲਾਵਾ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਹੇਮਕੁੰਟ ਸਾਹਿਬ ਨੂੰ ਰਾਜ ਦਾ ਪੰਜਵਾਂ ਧਾਮ ਘੋਸ਼ਤ ਕੀਤਾ ਜਾਵੇ ਜਿਥੇ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਯਾਤਰੂ ਪੁੱਜਦੇ ਹਨ ਤੇ 4 ਧਾਮਾਂ ਦੇ ਰੂਟ 'ਤੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਤਰ੍ਹਾਂ ਹੇਮਕੁੰਟ ਦੇ ਯਾਤਰੂਆਂ ਨੂੰ ਵੀ ਮਦਦ ਦਿੱਤੀ ਜਾਵੇ। ਉਤਰਾਖੰਡ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਨੂੰ ਵੇਖਦਿਆਂ ਰਾਜ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਸਨਮਾਨ ਦਿੱਤਾ ਜਾਵੇ। ਸ. ਝੀਂਡਾ ਦਾ ਕਹਿਣਾ ਸੀ ਕਿ ਸੂਬਾ ਸਰਕਾਰ ਪੰਜਾਬੀਆਂ ਦੀ ਮੰਗ 'ਤੇ ਗੰਭੀਰ ਨਹੀਂ ਜਾਪਦੀ।

ਇਸੇ ਤਰ੍ਹਾਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਨੂੰ ਲੈ ਕੇ ਸ. ਝੀਂਡਾ ਦੀ ਅਗਵਾਈ ਹੇਠ ਕਰਨਾਲ ਵਿਖੇ ਡੀ.ਸੀ. ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸ. ਝੀਂਡਾ ਨੇ ਮੰਗ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਹਰਿਆਣਾ ਦੀ ਸੰਗਤ ਲਈ ਵੱਖਰੀ ਸਰਾਂ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਦੀ ਸੰਗਤ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਕਮਰੇ ਨਹੀਂ ਮਿਲਦੇ।

ਉਨ੍ਹਾਂ ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਤੇ ਦਵਿੰਦਰ ਸਿੰਘ ਭੁੱਲਰ ਦੀ ਸਜ਼ਾ ਮਾਫ਼ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਹਰਿਆਣਾ ਵਿਚ ਕਾਂਗਰਸ ਸਰਕਾਰ ਨੇ ਹਰਿਆਣਾ ਦੇ ਸਿੱਖਾਂ ਲਈ ਵੱਖਰੀ ਕਮੇਟੀ ਬਣਾਉਣ ਲਈ ਭਰੋਸਾ ਦਿੱਤਾ ਸੀ ਪਰ ਹਰਿਆਣਾ ਵਿਚ ਦੋ ਵਾਰ ਕਾਂਗਰਸ ਸਰਕਾਰ ਆਉਣ 'ਤੇ ਵੀ ਕਾਂਗਰਸ ਆਪਣੇ ਵਾਅਦੇ 'ਤੇ ਖਰੀ ਨਹੀਂ ਉਤਰੀ।



*ਕਰਨਾਲ ਵਿਖੇ ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਲਈ ਰੋਸ ਪ੍ਰਗਟਾਉਂਦੇ ਹੋਏ।*

# ਕੈਪਟਨ ਅਮਰਿੰਦਰ ਸਿੰਘ ਨੇ ਬਾਦਲਾਂ ਨੂੰ ਮੁੜ ਵੰਗਾਰਿਆ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਿਛਲੀ ਕਾਂਗਰਸ ਸਰਕਾਰ ਦੀਆਂ 51 ਪ੍ਰਾਪਤੀਆਂ ਦੀ ਸੂਚੀ ਜਾਰੀ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਪੁੱਛਿਆ ਕਿ ਉਹ ਵੀ ਰਾਜ ਦੇ ਲੋਕਾਂ ਨੂੰ ਦੱਸਣ ਕਿ ਉਨ੍ਹਾਂ ਮਗਰਲੇ ਸਾਢੇ ਚਾਰ ਸਾਲ ਵਿਚ ਕੀ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਹਿਲੇ ਪੜਾਅ ਹੇਠ ਉਹ ਨਾ ਸਿਰਫ ਪੰਜ ਬਲਕਿ ਆਪਣੀ ਸਰਕਾਰ ਦੀਆਂ 51 ਪ੍ਰਾਪਤੀਆਂ ਦੀ ਸੂਚੀ ਜਾਰੀ ਕਰ ਰਹੇ ਹਨ।

ਉਨ੍ਹਾਂ ਨੇ ਕਿਹਾ, ਸੱਚ ਤਾਂ ਇਹ ਹੈ ਕਿ ਇਸ ਦੇ ਉਲਟ ਸੱਤਾਧਾਰੀ ਅਕਾਲੀ ਸਰਕਾਰ ਨੇ ਕੋਈ ਵੀ ਪ੍ਰਾਪਤੀ ਨਹੀਂ ਕੀਤੀ ਜਿਸ ਦਾ ਉਹ ਦਾਅਵਾ ਪੇਸ਼ ਕਰ ਸਕਣ। ਉਨ੍ਹਾਂ ਕਿਹਾ ਕਿ ਸਾਰਾ ਪੰਜਾਬ ਉਨ੍ਹਾਂ ਦੀ ਬਤੌਰ ਮੁੱਖ ਮੰਤਰੀ ਪ੍ਰਾਪਤੀਆਂ ਨੂੰ ਜਾਣਦਾ ਹੈ ਪਰ ਅਫਸੋਸ ਉਪ ਮੁੱਖ ਮੰਤਰੀ ਇਸ ਸਭ ਤੋਂ ਅਨਜਾਨ ਰਹਿਣਾ ਪਸੰਦ ਕਰਦੇ ਹਨ। ਉਨ੍ਹਾਂ ਸਾਫ ਕੀਤਾ ਕਿ ਉਨ੍ਹਾਂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਸੂਬੇ 'ਚ ਇਕ ਲੱਖ ਕਰੋੜ ਰੁਪਏ ਦੇ ਨਿਵੇਸ਼ ਤੋਂ ਵੱਧ ਦੇ 367 ਮੈਗਾ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਸੀ ਜਿਸਦਾ ਟੀਚਾ 13 ਲੱਖ ਤੋਂ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਨਾ ਸੀ।

# ਕਹਾਣੀਕਾਰ ਜਸਵੰਤ ਸਿੰਘ ਵਿਰਦੀ ਨਹੀਂ ਰਹੇ

**ਜਲੰਧਰ:** ਪੰਜਾਬੀ ਦੇ ਪ੍ਰਸਿੱਧ ਲੇਖਕ ਜਸਵੰਤ ਸਿੰਘ ਵਿਰਦੀ 30 ਜੂਨ ਨੂੰ ਸਵੇਰੇ 7.30 ਵਜੇ ਅਕਾਲ ਚਲਾਣਾ ਕਰ ਗਏ। ਉਹ 78 ਸਾਲ ਦੇ ਸਨ ਤੇ ਕੁਝ ਸਮੇਂ ਤੋਂ ਬਿਮਾਰ ਸਨ। ਸ. ਜਸਵੰਤ ਸਿੰਘ ਵਿਰਦੀ ਨੇ ਉਮਰ ਦੇ ਪੰਜਾਹ ਸਾਲ ਬਹੁਤ ਨਿੱਠ ਕੇ ਕਹਾਣੀਆਂ ਤੇ ਨਾਵਲ ਲਿਖੇ। ਉਨ੍ਹਾਂ ਦੇ ਨਾਵਲ ਤੇ ਕਹਾਣੀਆਂ ਹਿੰਦੀ ਤੇ ਦੂਜੀਆਂ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਏ। ਉਹ ਆਪਣੇ ਪਿੱਛੇ ਆਪਣੀ ਪਤਨੀ ਗੁਰਦੀਪ ਕੌਰ ਤੋਂ ਇਲਾਵਾ ਪੁੱਤਰ ਸਰਬਜੀਤ ਸਿੰਘ ਤੇ ਦੋ ਧੀਆਂ ਡਾ. ਸੁਖਵਿੰਦਰ ਕੌਰ ਅਤੇ ਸਚਿੰਦਰ ਕੌਰ ਛੱਡ ਗਏ ਹਨ। ਦੋਵੇਂ ਧੀਆਂ ਕਾਲਜ ਲੈਕਚਰਾਰ ਹਨ।








# ਬਾਦਲ ਸਰਕਾਰ ਜ਼ਮੀਨੀ ਹਕੀਕਤਾਂ ਤੋਂ ਸਹਿਮੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਯੋਜਨਾਵਾਂ ਤੇ ਨੀਤੀਆਂ ਬਾਰੇ ਜ਼ਮੀਨੀ ਹਕੀਕਤਾਂ ਜਾਨਣ ਲਈ ਸਰਕਾਰ ਵੱਲੋਂ ਵਿੱਢੀ ਮੁਹਿੰਮ ਨੂੰ ਸਰਕਾਰ ਨੇ ਆਪੇ ਹੀ ਨੁੱਕਰੇ ਲਾ ਦਿੱਤਾ ਹੈ। ਸਰਕਾਰੀ ਵਿਭਾਗਾਂ ਦੀ ਕਾਰਗੁਜ਼ਾਰੀ ਤੇ ਨੀਤੀਆਂ ਦੇ ਲਾਗੂ ਕਰਨ ਬਾਬਤ ਜਦੋਂ ਨਾ-ਪੱਖੀ ਰਿਪੋਰਟਾਂ ਸਾਹਮਣੇ ਆਈਆਂ ਤਾਂ ਸਰਕਾਰ ਨੇ ਮੁੱਦੇ ਦਾ ਭੋਗ ਪਾਉਣਾ ਹੀ ਬਿਹਤਰ ਸਮਝਿਆ। ਸੂਤਰਾਂ ਮੁਤਾਬਕ ਸਰਕਾਰ ਅਸਲ ਜ਼ਮੀਨੀ ਹਕੀਕਤਾਂ ਦਾ ਸੱਚ ਸਾਹਮਣੇ ਆਉਣ ਤੋਂ ਘਬਰਾ ਗਈ ਜਿਸ ਕਾਰਨ ਅਧਿਕਾਰੀਆਂ ਨੂੰ ਰਿਪੋਰਟਾਂ ਨਾ ਦੇਣ ਲਈ ਕਿਹਾ ਗਿਆ। ਮੈਗਸੀਪਾ ਨੂੰ ਰਾਜ ਦੇ ਅੱਧੀ ਦਰਜਨ ਵਿਭਾਗਾਂ ਨੇ ਹੀ ਜ਼ਮੀਨੀ ਹਕੀਕਤਾਂ ਬਾਰੇ ਰਿਪੋਰਟਾਂ ਭੇਜੀਆਂ ਹਨ। ਮੈਗਸੀਪਾ ਦੇ ਅਧਿਕਾਰੀਆਂ ਨੇ ਕੁਝ ਅੱਧੀ ਦਰਜਨ ਰਿਪੋਰਟਾਂ ਨੂੰ ਠੰਢੇ ਬਸਤੇ ਵਿਚ ਹੀ ਪਾ ਦਿੱਤਾ ਹੈ।

ਸੂਤਰਾਂ ਅਨੁਸਾਰ ਉਪ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਰਕਾਰੀ ਵਿਭਾਗਾਂ ਦੀ ਕਾਰਗੁਜ਼ਾਰੀ ਤੇ ਨੀਤੀਆਂ ਦੇ ਲਾਗੂ ਹੋਣ ਬਾਰੇ ਸਚਾਈ ਜਾਨਣਾ ਚਾਹੁੰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਾਕਮ ਪਾਰਟੀਆਂ ਜ਼ਮੀਨੀ ਹਕੀਕਤਾਂ ਦੇ ਮੁਤਾਬਕ ਹੀ ਪ੍ਰੋਗਰਾਮ ਉਲੀਕਣ। ਇਸ ਲਈ ਉਨ੍ਹਾਂ ਚੰਡੀਗੜ੍ਹ ਦੇ ਏਅਰ ਕੰਡੀਸ਼ਨਡ ਕਮਰਿਆਂ ਵਿਚ ਬੈਠਣ ਵਾਲੇ ਅਧਿਕਾਰੀਆਂ ਨੂੰ ਖੇਤਰ ਵਿਚ ਜਾ ਕੇ ਰਿਪੋਰਟਾਂ ਤਿਆਰ ਕਰਨ ਲਈ ਕਿਹਾ ਸੀ। ਸੁਖਬੀਰ ਦੀਆਂ ਹਦਾਇਤਾਂ 'ਤੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਵੱਲੋਂ ਪਿਛਲੇ ਸਾਲ ਨਵੰਬਰ ਦੌਰਾਨ ਸਾਰੇ ਪ੍ਰਮੁੱਖ ਸਕੱਤਰਾਂ, ਪ੍ਰਬੰਧਕੀ ਸਕੱਤਰਾਂ, ਵਿਭਾਗਾਂ ਦੇ ਮੁਖੀਆਂ ਤੇ ਹੋਰ ਅਧਿਕਾਰੀਆਂ ਨੂੰ ਸੂਬੇ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਖੁਦ ਜਾ ਕੇ ਜ਼ਮੀਨੀ ਹਕੀਕਤਾਂ ਦਾ ਪਤਾ ਲਾਉਣ ਤੇ ਰਿਪੋਰਟ ਦੇਣ ਲਈ ਕਿਹਾ ਸੀ। ਇਹ ਰਿਪੋਰਟਾਂ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ (ਮੈਗਸੀਪਾ) ਨੂੰ ਦਿੱਤੀਆਂ ਜਾਣੀਆਂ ਸਨ ਤੇ ਇਸ ਸੰਸਥਾ ਨੇ ਸਮੁੱਚੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਦੇਣੀ ਸੀ।

ਸਰਕਾਰ ਦੇ ਹੁਕਮਾਂ 'ਤੇ ਦਰਜਨ ਦੇ ਕਰੀਬ ਅਧਿਕਾਰੀਆਂ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਵੀ ਕੀਤਾ ਤੇ ਸਰਕਾਰ ਨੂੰ ਰਿਪੋਰਟਾਂ ਵੀ ਦਿੱਤੀਆਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਦੌਰਿਆਂ ਦੌਰਾਨ ਪੁਲੀਸ ਦੀਆਂ ਵਧੀਕੀਆਂ ਤੇ ਸਰਕਾਰੀ ਦਫ਼ਤਰਾਂ ਵਿਚ ਹੁੰਦੀ ਖੱਜਲ-ਖੁਆਰੀ ਦੇ ਤੱਥ ਵੀ ਸਾਹਮਣੇ ਆਏ। ਸੂਤਰਾਂ ਮੁਤਾਬਕ ਉਪ ਮੁੱਖ ਮੰਤਰੀ ਨੂੰ ਜ਼ੁਬਾਨੀ ਤੌਰ 'ਤੇ ਹਕੀਕਤ ਬਿਆਨ ਕੀਤੀ ਤਾਂ ਉਨ੍ਹਾਂ ਇਸ ਮੁੱਦੇ 'ਤੇ ਮਿੱਟੀ ਪਾਉਣ ਦਾ ਮਨ ਬਣਾ ਲਿਆ। ਸਰਕਾਰ ਨੂੰ ਖ਼ਬਰਦਾਰ ਕੀਤਾ ਗਿਆ ਕਿ ਹਕੀਕਤਾਂ ਦੀ ਅਸਲ ਤਸਵੀਰ ਮੀਡੀਆ ਵਿਚ ਸਾਹਮਣੇ ਆ ਗਈ ਤਾਂ ਹਾਕਮ ਪਾਰਟੀਆਂ ਨੂੰ ਸਿਆਸੀ ਨੁਕਸਾਨ ਪਹੁੰਚਾ ਸਕਦੀ ਹੈ। ਮੈਗਸੀਪਾ ਦੇ ਅਧਿਕਾਰੀਆਂ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਵਿੱਤ ਕਮਿਸ਼ਨ ਸਹਿਕਾਰਤਾ ਸੁਰੇਸ਼ ਕੁਮਾਰ ਹੀ ਅਜਿਹੇ ਇਕਲੌਤੇ ਆਈ.ਏ.ਐਸ. ਅਫਸਰ ਹਨ ਜਿਨ੍ਹਾਂ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਜ਼ਮੀਨੀ ਹਕੀਕਤਾਂ ਬਾਰੇ ਰਿਪੋਰਟ ਦਿੱਤੀ ਹੈ।



*ਬਾਦਲ ਸਰਕਾਰ ਦੀ ਜ਼ਮੀਨੀ ਹਕੀਕਤ ਦੀ ਮੂੰਹ ਬੋਲਦੀ ਤਸਵੀਰ।*

ਡੀ.ਜੀ.ਪੀ. ਦਫ਼ਤਰ ਵੱਲੋਂ ਦੋ ਸਫਿਆਂ ਦੀ ਰਿਪੋਰਟ ਵਿਚ ਕੁਝ ਵੀ ਸਪੱਸ਼ਟ ਨਹੀਂ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਜੋ ਵਿਭਾਗ ਉਪ ਮੁੱਖ ਮੰਤਰੀ ਦੇ ਸਿੱਧਾ ਅਧੀਨ ਹੈ, ਉਸ ਨੇ ਸਰਕਾਰ ਦੇ ਹੁਕਮਾਂ ਨੂੰ ਸਧਾਰਨ ਹੀ ਲਿਆ। ਪੇਡਾ ਵੱਲੋਂ ਆਪਣੇ ਵਿਭਾਗ ਬਾਰੇ ਰਿਪੋਰਟ ਤਾਂ ਨਹੀਂ ਦਿੱਤੀ ਗਈ ਪਰ ਪੰਜਾਬ ਪੁਲੀਸ, ਸਿੱਖਿਆ ਵਿਭਾਗ ਦੀਆਂ ਸਕੀਮਾਂ ਵਿਚ ਨੁਕਸ ਕੱਢਦਿਆਂ ਸਰਕਾਰ ਨੂੰ ਇਹ ਨੁਕਸ ਦੂਰ ਕਰਨ ਲਈ ਕਿਹਾ ਗਿਆ।

ਪੇਡਾ ਤੇ ਪੁਲੀਸ ਵਿਭਾਗ ਦੇ ਅਧਿਕਾਰੀਆਂ ਦੀ ਰਿਪੋਰਟ ਵਿਚ ਸਰਕਾਰੀ ਵਿਭਾਗਾਂ ਦਰਮਿਆਨ ਤਾਲਮੇਲ ਦੀ ਭਾਰੀ ਘਾਟ ਹੋਣ ਦੇ ਤੱਥ ਵੀ ਸਾਹਮਣੇ ਲਿਆਂਦੇ ਗਏ। ਐਸ.ਸੀ. ਕਾਰਪੋਰੇਸ਼ਨ ਵੱਲੋਂ ਭੇਜੀ ਰਿਪੋਰਟ ਵਿਚ ਜ਼ਰੂਰ ਨਿਗਮ ਨਾਲ ਸਬੰਧਤ ਮਾਮਲਿਆਂ 'ਤੇ ਧਿਆਨ ਕੇਂਦਰਤ ਕੀਤਾ ਗਿਆ।

# ਆਪਣੀ ਮੰਜਿਲ ਵਲ ਵਧਦਾ ਹੋਇਆ ਰਿੱਕੀ ਗਿੱਲ

**ਬੇਕਰਜ਼ਫੀਲਡ (ਮਾਨ ਮਨਦੀਪ):** ਕੈਲੀਫੋਰਨੀਆ ਕਾਂਗਰਸ ਦੇ ਡਿਸਟ੍ਰਿਕਟ ਗਿਆਰਾਂ ਤੋਂ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਪੰਜਾਬੀ ਨੌਜਵਾਨ ਰਿੱਕੀ ਗਿੱਲ ਆਪਣੀ ਪਾਰਟੀ ਵਲੋਂ ਆਉਂਦੀਆਂ ਚੋਣਾਂ ਵਿਚ ਉਮੀਦਵਾਰ ਨਾਮਜ਼ਦ ਕੀਤੇ ਜਾਣ ਵਲ ਲਗਾਤਾਰ ਵਧ ਰਿਹਾ ਹੈ। ਅਜੇ ਤੱਕ ਰਿਪਬਲਿਕਨ ਪਾਰਟੀ ਦੀ ਤਰਫੋਂ ਕੋਈ ਵੀ ਉਮੀਦਵਾਰ ਉਸ ਦੇ ਮੁਕਾਬਲੇ ਵਿਚ ਨਹੀਂ ਆਇਆ ਜੋ ਕਿ ਰਿੱਕੀ ਗਿੱਲ ਲਈ ਵਧੀਆ ਗੱਲ ਹੈ।



ਰਿੱਕੀ ਗਿੱਲ ਦੇ ਮਾਤਾ-ਪਿਤਾ ਡਾਕਟਰ ਹੋਣ ਦੇ ਨਾਲ ਨਾਲ ਕਾਮਯਾਬ ਕਿਸਾਨ ਵੀ ਹਨ। ਰਿੱਕੀ ਗਿੱਲ ਤੋਂ ਜਦੋਂ ਉਨ੍ਹਾਂ ਦੇ ਚੋਣ ਏਜੰਡੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਚੋਣ ਜਿੱਤਣ ਦੀ ਸੂਰਤ ਵਿਚ ਉਹ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਇਸ ਤੋਂ ਇਲਾਵਾ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਬਿਹਤਰ ਸਿਖਿਆ ਸਹੂਲਤਾ ਮੁਹੱਈਆ ਕਰਨਾ ਵੀ ਉਨ੍ਹਾਂ ਦੇ ਏਜੰਡੇ ਉਤੇ ਹੈ। ਰਿੱਕੀ ਗਿੱਲ ਲਈ ਇਥੇ ਹੋਏ ਇਕ ਫੰਡਰੇਜ਼ਰ ਵਿਚ ਪੰਜਾਬੀ ਭਾਈਚਾਰੇ ਤੋਂ ਇਲਾਵਾ ਅਮਰੀਕੀ ਮੁੱਖ ਧਾਰਾ ਦੇ ਲੋਕਾਂ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ। ਪੰਜਾਬੀ ਭਾਈਚਾਰੇ ਦੀ ਤਰਫੋਂ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਚਰਨ ਸਿੰਘ ਢਿੱਲੋਂ, ਪਰਮਜੀਤ ਦੋਸਾਂਝ, ਜੋਬਨਜੀਤ ਬਾਬੀ, ਸੁੱਖੀ ਘੁੰਮਣ, ਜਗਦੀਸ਼ ਸਿੰਘ ਢਿੱਲੋਂ, ਬਿੱਟਾ ਤੂਰ, ਪਾਲ ਮੰਨਣ, ਪਿੰਦਰ ਢਿੱਲੋਂ, ਦਲਜੀਤ ਸਹੋਤਾ, ਡਾ. ਸਰੂਪ ਭੰਗੂ, ਮਹਿੰਗਾ ਸਿੰਘ, ਸੁਖਬੀਰ ਸਿੰਘ, ਨਿੰਦੀ ਦੋਸਾਂਝ ਅਤੇ ਬੱਬੂ ਗੁਰਪਾਲ ਹਾਜ਼ਰ ਸਨ। ਉਨ੍ਹਾਂ ਰਿੱਕੀ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ।







*ਰਿੱਕੀ ਗਿੱਲ ਦੇ ਫੰਡਰੇਜ਼ਰ ਮੌਕੇ ਪੰਜਾਬੀ ਪਤਵੰਤੇ*

## ਅਮਿਤਾਭ ਬੱਚਨ ਤੇ ਸੋਨੀ ਟੀ.ਵੀ. ਨੂੰ ਨੋਟਿਸ

**ਮੁੰਬਈ:** ਬੰਬੇ ਹਾਈ ਕੋਰਟ ਨੇ ਉਸ ਲੋਕ ਹਿਤ ਪਟੀਸ਼ਨ 'ਤੇ ਬਾਲੀਵੁੱਡ ਸਟਾਰ ਅਮਿਤਾਭ ਬੱਚਨ ਤੇ ਸੋਨੀ ਟੈਲੀਵਿਜ਼ਨ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਕਿ 'ਕੌਣ ਬਨੇਗਾ ਕਰੋੜਪਤੀ' ਪ੍ਰੋਗਰਾਮ ਦੇ ਪ੍ਰੋਮੋ ਵਿਚ ਨੇਤਾਜੀ ਸੁਭਾਸ਼ ਚੰਦਰ ਬੋਸ ਦਾ ਅਪਮਾਨ ਕੀਤਾ ਗਿਆ ਹੈ। ਜਨਹਿਤ ਪਟੀਸ਼ਨ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਪ੍ਰਸਿੱਧ ਨਾਅਰੇ ਤੁਮ ਮੁਝੇ ਖ਼ੂਨ ਦੋ, ਮੈਂ ਤੁਮਹੇ ਆਜ਼ਾਦੀ ਦੂੰਗਾ, ਨਾਲ ਵੀ ਛੇੜਛਾੜ ਕੀਤੀ ਗਈ ਹੈ। ਚੀਫ ਜਸਟਿਸ ਮੋਹਿਤ ਸ਼ਾਹ ਤੇ ਜਸਟਿਸ ਜੀ ਐਸ ਗੋਡਬੋਲੇ ਨੇ ਪ੍ਰੋਗਰਾਮ ਦੇ ਪੇਸ਼ਕਰਤਾ ਅਮਿਤਾਭ ਬੱਚਨ ਤੇ ਟੀ.ਵੀ. ਚੈਨਲ ਸੋਨੀ ਨੂੰ ਨੋਟਿਸ ਜਾਰੀ ਕਰਕੇ 28 ਜੁਲਾਈ ਤਕ ਜਵਾਬ ਮੰਗਿਆ ਹੈ। ਅਦਾਲਤ ਨੇ ਸ਼ਿਕਾਇਤਕਰਤਾ ਨੂੰ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤੇ ਭਾਰਤੀ ਇਸ਼ਤਿਹਾਰ ਮਿਆਰ ਕੌਂਸਲ ਨੂੰ ਵੀ ਮੁੱਦਾਲਾ ਬਣਾਉਣ ਲਈ ਕਿਹਾ ਹੈ।

## ਆਈ.ਐਸ.ਆਈ. ਨੇ ਮਰਵਾਇਆ ਪੱਤਰਕਾਰ !

**ਨਿਊਯਾਰਕ:** ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਕੋਲ ਖ਼ੁਫ਼ੀਆ ਜਾਣਕਾਰੀ ਹੈ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਨੇ ਪਾਕਿਸਤਾਨ ਦੇ ਪੱਤਰਕਾਰ ਜਿਸ ਨੇ ਦੇਸ਼ ਦੀ ਫ਼ੌਜ ਵਿਚ ਅਤਿਵਾਦੀਆਂ ਦੀ ਘੁਸਪੈਠ ਬਾਰੇ ਰਿਪੋਰਟਾਂ ਲਿਖੀਆਂ ਸਨ, ਨੂੰ ਕਤਲ ਕਰਨ ਦਾ ਹੁਕਮ ਦਿੱਤਾ ਸੀ। 'ਨਿਊਯਾਰਕ ਟਾਈਮਜ਼' ਨੇ ਓਬਾਮਾ ਪ੍ਰਸ਼ਾਸਨ ਦੇ ਦੋ ਸੀਨੀਅਰ ਅਧਿਕਾਰੀਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ 40 ਸਾਲਾ ਪੱਤਰਕਾਰ ਸਲੀਮ ਸ਼ਹਿਜ਼ਾਦ ਦੇ 29 ਮਈ ਨੂੰ ਇਸਲਾਮਾਬਾਦ ਤੋਂ ਲਾਪਤਾ ਹੋਣ ਤੋਂ ਪਹਿਲਾਂ ਪ੍ਰਾਪਤ ਕੀਤੇ ਨਵੇਂ ਗੁਪਤ ਦਸਤਾਵੇਜ਼ਾਂ ਤੇ ਪੱਤਰਕਾਰ ਦੀ ਜ਼ਖ਼ਮਾਂ ਨਾਲ ਭਰੀ ਲਾਸ਼ ਮਿਲਣ ਪਿੱਛੋਂ ਇਹ ਗੱਲ ਸਾਹਮਣੇ ਆਈ ਹੈ ਕਿ ਖ਼ੁਫ਼ੀਆ ਏਜੰਸੀ ਦੇ ਸੀਨੀਅਰ ਅਧਿਕਾਰੀਆਂ ਨੇ ਅਲੋਚਨਾ ਸ਼ਾਂਤ ਕਰਨ ਲਈ ਉਸ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ ਸੀ। ਅਧਿਕਾਰੀਆਂ ਨੇ ਕਿਹਾ ਕਿ ਗੁਪਤ ਜਾਣਕਾਰੀ ਭਰੋਸੇਯੋਗ ਤੇ ਫ਼ੈਸਲਾਕੁਨ ਹੈ।




# ਸੈਕਰੋਮੈਂਟੋ ਵਿਚ ਲੱਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ

**ਸੈਕਰਾਮੈਂਟੋ (ਐਸ. ਅਸ਼ੋਕ ਭੌਰਾ, ਗੁਰਬਰਿੰਦਰ ਰਾਜਾ):** ਗ਼ਦਰੀ ਬਾਬਿਆਂ ਦੀ ਯਾਦ ਵਿਚ ਗਦਰ ਮੈਮੋਰੀਅਲ ਫਾਊਂਡੇਸ਼ਨ ਅਮਰੀਕਾ ਵਲੋਂ ਇਥੇ ਪਰਫਾਰਮਿੰਗ ਆਰਟਸ ਸੈਂਟਰ ਵਿਚ ਲੰਘੇ ਸਨਿਚਰਵਾਰ ਨੂੰ ਕਰਵਾਈ ਗਈ ਗਦਰ ਕਾਨਫਰੰਸ ਅਤੇ ਸਭਿਆਚਾਰਕ ਮੇਲਾ ਇਸ ਸੰਸਥਾ ਵਲੋਂ ਰਚੇ ਜਾ ਰਹੇ ਇਤਿਹਾਸ ਦੀ ਪੈੜ ਵਿਚ ਇਕ ਹੋਰ ਅਧਿਆਏ ਸਫਲਤਾ ਨਾਲ ਜੋੜ ਗਏ। ਇਸ ਸਮਾਗਮ ਵਿਚ ਜਿਥੇ ਭਾਰਤ ਦੀ ਆਜ਼ਾਦੀ ਲਈ ਗਦਰੀ ਬਾਬਿਆਂ ਵਲੋਂ ਇਸ ਧਰਤੀ ਤੋਂ ਅਰੰਭੇ ਗਏ ਸੰਘਰਸ਼ ਦੀ ਯਾਦ ਤਾਜ਼ਾ ਕੀਤੀ ਗਈ ਉਥੇ ਅਗਲੇ ਵਰ੍ਹੇ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਿਚ ਗਦਰ ਲਹਿਰ ਦੀ ਮਹੱਤਤਾ ਅਤੇ ਮਹਾਨਤਾ ਨੂੰ ਦਰਸਾਉਣ ਲਈ ਕਰਵਾਏ ਜਾਣ ਵਾਲੇ ਭਾਸ਼ਣ ਅਤੇ ਹੋਰ ਮੁਕਾਬਲਿਆਂ ਨਾਲ ਫਾਊਂਡੇਸ਼ਨ ਨੂੰ ਹੋਰ ਅੱਗੇ ਲਿਜਾਣ ਦਾ ਅਹਿਦ ਵੀ ਲਿਆ ਗਿਆ।



ਫਾਊਂਡੇਸ਼ਨ ਵਲੋਂ 2013 ਵਿਚ ਗਦਰ ਲਹਿਰ ਦੀ ਸ਼ਤਾਬਦੀ ਸਬੰਧੀ ਪਾਸ ਕੀਤੇ ਗਏ ਮਤਿਆਂ ਵਿਚ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਸ ਮੌਕੇ ਗਦਰ ਲਹਿਰ ਬਾਰੇ ਡਾਕ ਟਿਕਟ ਜਾਰੀ ਕੀਤੀ ਜਾਵੇ, ਕੌਮੀ ਛੁੱਟੀ ਦਾ ਐਲਾਨ ਕੀਤਾ ਜਾਵੇ, ਪੂਰੇ ਭਾਰਤ ਵਿਚ ਇਸ ਲਹਿਰ ਬਾਰੇ ਸੈਮੀਨਾਰ ਤੇ ਸਮਾਗਮ ਕਰਵਾਏ ਜਾਣ ਅਤੇ ਯੁਗਾਂਤਰ ਆਸ਼ਰਮ ਨੂੰ ਰਾਸ਼ਟਰੀ ਅਜਾਇਬ ਘਰ ਐਲਾਨਿਆ ਜਾਵੇ। ਮਤੇ ਪੇਸ਼ ਕਰਦਿਆਂ ਸੰਸਥਾ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਫਾਊਂਡੇਸ਼ਨ ਦਾ ਯਤਨ ਹੋਵੇਗਾ ਕਿ ਨੌਜਵਾਨ ਪੀੜ੍ਹੀ ਨੂੰ ਅਜਿਹੇ ਮੇਲਿਆਂ ਵਿਚ ਅਹਿਮ ਸਥਾਨ ਦੇ ਕੇ ਕੰਪਿਊਟਰ ਸੇਵਾਵਾਂ ਰਾਹੀਂ ਗਦਰ ਲਹਿਰ ਦੇ ਇਤਿਹਾਸ ਦੀ ਜਾਣਕਾਰੀ ਦਿੱਤੀ ਜਾਵੇ ਅਤੇ ਇੰਟਰਨੈਟ ਰਾਹੀਂ ਗਦਰ ਲਹਿਰ ਦੇ ਇਤਿਹਾਸ ਨੂੰ ਸਾਂਝਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਗਦਰ ਲਹਿਰ ਬਾਰੇ ਦਸਤਾਵੇਜ਼ੀ ਫਿਲਮਾਂ ਤਿਆਰ ਕੀਤੀਆਂ ਜਾਣਗੀਆਂ ਅਤੇ ਅਮਰੀਕੀ ਪ੍ਰਸ਼ਾਸਨ ਅਤੇ ਵਿਦਿਅਕ ਪ੍ਰਬੰਧ ਦੀਆਂ ਸੇਵਾਵਾਂ ਲੈ ਕੇ ਅੰਗਰੇਜ਼ੀ ਵਿਚ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ। ਇਹ ਵੀ ਯਤਨ ਕੀਤਾ ਜਾਏਗਾ ਕਿ ਗਦਰ ਲਹਿਰ ਸਕੂਲਾਂ, ਕਾਲਜਾਂ ਵਿਚ ਪੜ੍ਹਾਈ ਦੇ ਕੋਰਸ ਦਾ ਹਿੱਸਾ ਬਣੇ।

ਉਘੇ ਚਿੰਤਕ, ਵਿਗਿਆਨੀ ਤੇ ਸਾਹਿਤਕਾਰ ਡਾ. ਗੁਰੂਮੇਲ ਸਿੱਧੂ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਕਿਹਾ ਕਿ ਉਨ੍ਹਾਂ ਨੂੰ ਇਸ ਸਮਾਗਮ ਦੌਰਾਨ ਨੌਜਵਾਨ ਪੀੜ੍ਹੀ ਦੀ ਬਹੁਤ ਘੱਟ ਸ਼ਿਰਕਤ ਬਹੁਤ ਮੰਦਭਾਗੀ ਲੱਗੀ ਹੈ। ਉਨ੍ਹਾਂ ਕਿਹਾ, "ਅਸੀਂ ਸਾਰੇ ਤਾਂ ਇਸ ਲਹਿਰ ਬਾਰੇ ਜਾਣਦੇ ਹੀ ਹਾਂ, ਜਿੰਨਾ ਚਿਰ ਅਜਿਹੇ ਸਮਾਗਮਾਂ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਨਹੀਂ ਹੁੰਦੀ, ਕੋਈ ਮਕਸਦ ਹੱਲ ਨਹੀਂ ਹੁੰਦਾ। ਆਪਸ ਵਿਚ ਇਕੱਠੇ ਹੋ ਕੇ ਵਿਚਾਰ ਸਾਂਝੇ ਕਰਨਾ ਚੰਗੀ ਗੱਲ ਤਾਂ ਹੈ ਪਰ ਨੌਜਵਾਨਾਂ ਤੋਂ ਬਗੈਰ ਇਹ ਗ਼ਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਨਹੀਂ ਹੋਵੇਗੀ।" ਉਨ੍ਹਾਂ ਕਿਹਾ ਕਿ ਸੈਕਰਾਮੈਂਟੋ, ਗ਼ਦਰ ਲਹਿਰ ਦੀ ਜਨਮ ਭੂਮੀ ਹੈ ਅਤੇ ਇਸ ਨਾਤੇ ਇਸ ਲਹਿਰ ਦਾ ਅਮਰੀਕਾ ਉਤੇ ਵੀ ਗਹਿਰਾ ਅਸਰ ਹੈ। ਕਾਨਫਰੰਸ ਦਾ ਸੰਚਾਲਨ ਬੜੇ ਹੀ ਸ਼ਾਇਰਾਨਾ ਤਰੀਕੇ ਨਾਲ ਕਰਦਿਆਂ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਰਘਵੀਰ ਸਿੰਘ ਸਿਰਜਣਾ ਨੂੰ ਆਪਣਾ ਪਰਚਾ ਪੜ੍ਹਨ ਲਈ ਬੁਲਾਇਆ।

ਗਦਰ ਲਹਿਰ ਦੀ ਸਮਕਾਲੀ ਸਮੇਂ ਵਿਚ ਪ੍ਰਸੰਗਿਕਤਾ ਵਿਸ਼ੇ ਉਤੇ ਪੜ੍ਹੇ ਆਪਣੇ ਪਰਚੇ ਵਿਚ ਡਾ. ਸਿਰਜਣਾ ਨੇ ਆਜ਼ਾਦੀ ਲਹਿਰ ਦੀ ਸਮੁੱਚੀ ਸਮੀਖਿਆ ਕਰਦਿਆਂ ਕਿਹਾ ਕਿ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਤੇ ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਹਿੰਦੋਸਤਾਨ ਗਦਰ ਪਾਰਟੀ ਦਾ ਬਹੁਤ ਉਘਾ ਅਤੇ ਮਾਣਮੱਤਾ ਰੋਲ ਹੈ। ਗਦਰ ਪਾਰਟੀ ਨੇ ਹੀ ਦੇਸ਼ ਭਗਤੀ ਦੀ ਚਿਣਗ ਲਾਈ ਸੀ। ਆਜ਼ਾਦੀ ਦੀ ਸ਼ਮ੍ਹਾਂ ਹੱਥ ਵਿਚ ਫੜ੍ਹੀ ਸੈਂਕੜਿਆਂ ਦੀ ਗਿਣਤੀ ਵਿਚ ਸਾਲ 1914 ਵਿਚ ਦੇਸ਼ ਪਰਤੇ ਗਦਰੀ ਸੂਰਬੀਰਾਂ ਨੇ ਹਿੰਦੋਸਤਾਨੀ ਫੌਜਾਂ ਵਿਚ ਬਗਾਵਤ ਫੈਲਾ ਕੇ ਫਰੰਗੀਆਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਫਲ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਹੋਰ ਕਿਹਾ ਕਿ ਗਦਰ ਪਾਰਟੀ ਦੇ ਰੋਲ ਨੂੰ ਆਜ਼ਾਦੀ ਤੋਂ ਮਗਰੋਂ ਦੀ ਹਕੂਮਤ ਨੇ ਭਾਵੇਂ ਬਹੁਤਾ ਨਹੀਂ ਗੌਲਿਆ ਪਰ ਦੇਸ਼ ਦੀ ਆਮ ਜਨਤਾ ਅਤੇ ਦੇਸ਼ ਭਗਤੀ ਦੀ ਭਾਵਨਾ ਵਾਲੇ ਪਰਵਾਸੀ ਭਾਰਤੀਆਂ ਵਿਚ ਇਸ ਦੀ ਦੇਣ ਬਾਰੇ ਬਹੁਤ ਉਤਸ਼ਾਹ ਹੈ। ਇਸ ਮੇਲੇ ਦਾ ਜ਼ਿਕਰ ਕਰਦਿਆਂ ਡਾ. ਸਿਰਜਣਾ ਨੇ ਕਿਹਾ ਕਿ ਇਹ ਉਸ ਧਰਤੀ 'ਤੇ ਲੱਗਾ ਹੈ ਜੋ ਆਜ਼ਾਦੀ ਦੀ ਚਿਣਗ ਜਗਾਉਣ ਲਈ ਗਦਰੀ ਬਾਬਿਆਂ ਦਾ ਮੁੱਖ ਕੇਂਦਰ ਸੀ। ਆਪਣੀ ਗੱਲ ਜਾਰੀ ਰੱਖਦਿਆਂ ਡਾ. ਸਿਰਜਣਾ ਨੇ ਕਿਹਾ ਕਿ ਗਦਰ ਪਾਰਟੀ ਨੂੰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਮਰੀਕਾ ਵਿਚਲੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਸੰਗਠਨਾਂ ਤੋਂ ਹਮਾਇਤ ਮਿਲਣ ਲੱਗੀ ਸੀ ਤਾਂ ਇਸ ਨੇ ਵੀ ਕਿਸੇ ਵੀ ਕੌਮ ਦੇ ਆਜ਼ਾਦੀ ਘੋਲ ਦੀ ਹਮਾਇਤ ਨੂੰ ਆਪਣਾ ਮਿਸ਼ਨ ਬਣਾ ਲਿਆ ਸੀ। ਨਤੀਜਨ ਆਇਰਲੈਂਡ, ਚੀਨ ਤੇ ਮਿਸਰ ਦੇ ਕੌਮਪ੍ਰਸਤਾਂ ਨਾਲ ਗਦਰੀ ਬਾਬੇ ਮੋਢੇ ਨਾਲ ਮੋਢਾ ਲਾ ਕੇ ਤੁਰਦੇ ਰਹੇ।



ਇਸ ਪਰਚੇ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਆਏ ਡਾ. ਧਨਵੰਤ ਕੌਰ ਨੇ ਕਿਹਾ ਕਿ ਹਰ ਭਾਈਚਾਰੇ ਲਈ ਆਪਣੇ ਪੁਰਖਿਆਂ ਨੂੰ ਜਾਣਨਾ ਤੇ ਸਮਝਣਾ ਅਹਿਮ ਹੁੰਦਾ ਹੈ। ਇਤਿਹਾਸ ਨੂੰ ਦੁਹਰਾਉਣਾ ਤੇ ਚੇਤੇ ਰੱਖਣਾ ਇਸੇ ਕੜੀ ਦਾ ਹਿੱਸਾ ਹੈ। ਡਾ. ਸਿਰਜਣਾ ਨੇ ਆਪਣੇ ਪਰਚੇ ਵਿਚ ਗਦਰ ਲਹਿਰ ਦੇ ਅਹਿਮ ਪੱਖਾਂ ਨੂੰ ਛੋਹਿਆ। ਗਦਰੀ ਬਾਬਿਆਂ ਨੂੰ ਆਪਣੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਦੀ ਚਿੰਤਾ ਸੀ ਅਤੇ ਇਸੇ ਕਰਕੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਲੜ ਮਰਨ ਨੂੰ ਪਹਿਲ ਦਿੱਤੀ।





ਕੈਨੇਡਾ ਤੋਂ ਪਹੁੰਚੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਸਾਧੂ ਸਿੰਘ ਨੇ ਇਸ ਪਰਚੇ ਦੇ ਪ੍ਰਸੰਗ ਵਿਚ ਕਿਹਾ ਕਿ ਹਿੰਦੋਸਤਾਨ ਵਿਚ ਕੋਈ ਵੀ ਪਾਰਟੀ ਜਮਹੂਰੀ ਨਹੀਂ ਹੈ ਜਦੋਂ ਕਿ ਗਦਰੀ ਬਾਬਿਆਂ ਦਾ ਸੁਪਨਾ ਹਿੰਦੋਸਤਾਨ ਵਿਚ ਜਮਹੂਰੀਅਤ ਬਹਾਲ ਕਰਨਾ ਸੀ। ਉਨ੍ਹਾਂ ਕਿਹਾ ਕਿ ਹਾਲਾਂਕਿ ਹੁਣ ਸੋਵੀਅਤ ਯੂਨੀਅਨ ਟੁੱਟ ਗਿਆ ਹੈ ਪਰ ਗਦਰੀ ਬਾਬੇ ਉਹਦੇ ਵਰਗਾ ਹੀ ਨਿਜ਼ਾਮ ਕਾਇਮ ਕਰਨਾ ਚਾਹੁੰਦੇ ਸਨ। ਤਿੱਖਾ ਵਿਅੰਗ ਕਰਦਿਆਂ ਡਾ. ਸਾਧੂ ਸਿੰਘ ਨੇ ਕਿਹਾ ਕਿ ਜਿਸ ਮੁਲਕ ਯਾਨਿ ਅਮਰੀਕਾ ਤੋਂ ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਗਦਰੀ ਬਾਬਿਆਂ ਨੇ ਤੋਰੀ, ਉਹ ਅਮਰੀਕਾ ਦਹਿਸ਼ਤਵਾਦ ਦਾ ਵਿਰੋਧੀ ਵੀ ਹੈ ਅਤੇ ਹਮਾਇਤੀ ਵੀ। ਸ਼ਾਇਰ ਸੁਖਵਿੰਦਰ ਕੰਬੋਜ ਨੇ ਡਾ. ਸਾਧੂ ਸਿੰਘ ਦੇ ਇਨ੍ਹਾਂ

*(ਅਗਲੇ ਸਫੇ 'ਤੇ ਜਾਰੀ)*

## ਨਾਟਕ ਨੂੰ ਲੋਕਾਂ ਸਾਹ ਰੋਕ ਕੇ ਦੇਖਿਆ

**ਸੈਕਰਾਮੈਂਟੋ (ਭੌਰਾ):** ਪੰਜਾਬ ਲੋਕ ਰੰਗ ਮੰਚ ਵਲੋਂ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਮਰਹੂਮ ਡਾ. ਸਰਬਜੀਤ ਔਲਖ ਦੇ ਲਿਖੇ ਇਸ ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਨੂੰ ਬੇਹੱਦ ਸਤਿਕਾਰ ਮਿਲਿਆ। ਨਾਟਕ ਦੀ ਪੇਸ਼ਕਾਰੀ ਦੌਰਾਨ ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ।

ਨਾਟਕ ਵਿਚ ਵਿਦੇਸ਼ਾਂ ਅਤੇ ਖਾਸ ਕਰ ਅਮਰੀਕਾ ਵਿਚ ਆਉਣ ਦੀ ਲਲ੍ਹਕ ਲਈ ਆਪਨਾਏ ਜਾਂਦੇ ਗਲਤ ਤੌਰ ਤਰੀਕਿਆਂ ਅਤੇ ਮਜ਼ਾਕ ਬਣਦੇ ਰਿਸ਼ਤਿਆਂ 'ਤੇ ਕਰਾਰੀ ਚੋਟ ਕਰਦੇ ਇਸ ਨਾਟਕ ਦੇ ਕੁਝ ਦ੍ਰਿਸ਼ਾਂ ਵਿਚ ਪਾਤਰਾਂ ਨੇ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਪਰਮਜੀਤ ਸਿੰਘ ਦੇ ਰੇਣੂ ਸਿੰਘ ਦੇ ਸੰਗੀਤ 'ਤੇ ਗਾਏ ਗੀਤ ਬੇਹੱਦ ਪ੍ਰਭਾਵਸ਼ਾਲੀ ਰਹੇ। ਮੇਲੇ ਦੇ ਨਾਲ ਨਾਟਕ ਵੀ ਚਿਰ ਤੀਕਰ ਯਾਦ ਰਹੇਗਾ।



ਵਿਚਾਰਾਂ ਦੀ ਹੀ ਪ੍ਰੋੜਤਾ ਕੀਤੀ।

ਕਾਨਫਰੰਸ ਦੇ ਮੁੱਖ ਮਹਿਮਾਨ ਡਾ. ਜਸਵਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬੀ ਭਾਈਚਾਰਾ ਆਪਣੇ ਵਿਰਸੇ, ਇਤਿਹਾਸ ਅਤੇ ਕੁਰਬਾਨੀਆਂ ਪ੍ਰਤੀ ਜਾਗਰੂਕ ਨਹੀਂ ਹੈ, ਇਸੇ ਲਈ ਇਨ੍ਹਾਂ ਮੇਲਿਆਂ ਅਤੇ ਕਾਨਫਰੰਸਾਂ ਦੀ ਜ਼ਰੂਰਤ ਪਈ ਹੈ। ਜੇ ਅਸੀਂ ਆਪਣੀ ਸ਼ਾਨ ਅਤੇ ਹੋਂਦ ਨੂੰ ਦੂਜਿਆਂ ਵਿਚ ਕਾਇਮ ਰੱਖਣਾ ਹੈ ਤਾਂ ਸਿਰਫ ਆਰਥਕ ਪ੍ਰਾਪਤੀਆਂ ਵੱਲ ਹੀ ਇਕਹਿਰਾ ਧਿਆਨ ਨਹੀਂ ਰੱਖਣਾ ਚਾਹੀਦਾ ਸਗੋਂ ਅਜਿਹੇ ਕਾਰਜਾਂ ਦੀ ਵੀ ਲੋੜ ਹੁੰਦੀ ਹੈ ਜੋ ਅੱਜ ਗਦਰ ਮੈਮੋਰੀਅਲ ਫਾਊਂਡੇਸ਼ਨ ਤੇ ਚਰਨ ਸਿੰਘ ਜੱਜ ਪੂਰਾ ਕਰਨ ਲਈ ਯਤਨਸ਼ੀਲ ਹਨ। ਜਿਹੜੇ ਮੁੱਦਿਆਂ ਲਈ ਗਦਰੀ ਬਾਬਿਆਂ ਨੇ ਲੜਾਈ ਲੜੀ, ਉਹ ਅੱਜ ਵੀ ਉਨੇ ਹੀ ਭਖਵੇਂ ਅਤੇ ਪ੍ਰਸੰਗਿਕ ਹਨ। ਮਨੁੱਖੀ ਹੱਕਾਂ ਦੀ ਰਾਖੀ ਤੇ ਬਰਾਬਰੀ ਲਈ ਜੋ ਸੰਘਰਸ਼ ਗਦਰੀ ਬਾਬਿਆਂ ਨੇ ਕੀਤਾ ਉਹਦੀ ਕਿੰਨੀ ਕੁ ਰਾਖੀ ਹੋ ਰਹੀ ਹੈ? ਇਹ ਇਕ ਵੱਡਾ ਸਵਾਲ ਹੈ। ਉਨ੍ਹਾਂ ਸ਼ਹੀਦ ਭਗਤ ਸਿੰਘ ਦੀਆਂ ਗਦਰ ਲਹਿਰ ਬਾਰੇ ਸਤਰਾਂ ਦਾ ਜ਼ਿਕਰ ਕੀਤਾ ਕਿ ਉਹ ਕਿਤਿਓਂ ਆਏ, ਆਜ਼ਾਦੀ ਦੀ ਅੱਗ ਭੜਕਾਈ ਅਤੇ ਬਗਾਵਤ ਦੀ ਅੱਗ ਵਿਚ ਆਪ ਭਸਮ ਹੋ ਗਏ। ਦੁੱਖ ਹੈ ਕਿ ਦੇਸ਼ ਤਾਂ ਆਜ਼ਾਦ ਹੋ ਗਿਆ ਪਰ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਬਣ ਹੀ ਨਹੀਂ ਸਕਿਆ।

ਗਦਰ ਕਾਨਫਰੰਸ ਦੇ ਪ੍ਰਧਾਨਗੀ ਮੰਡਲ ਵਿਚ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਡਾ. ਜਸਵਿੰਦਰ ਸਿੰਘ, ਪ੍ਰਿੰਸੀਪਲ ਬੀਰ ਸਿੰਘ ਰੰਧਾਵਾ, ਡਾ. ਰਘਵੀਰ ਸਿੰਘ ਸਿਰਜਣਾ, ਡਾ. ਧਨਵੰਤ ਕੌਰ, ਡਾ. ਸਾਧੂ ਸਿੰਘ, ਕੁਲਦੀਪ ਸਿੰਘ ਅਟਵਾਲ, ਡਾ. ਗੁਰੂਮੇਲ ਸਿੰਘ ਸਿੱਧੂ, ਡਾ. ਗੁਰਦੇਵ ਸਿੰਘ ਖੁਸ਼, ਮੁਲਖ ਰਾਜ ਸ਼ਰਮਾ ਅਤੇ ਸੁੱਚਾ ਸਿੰਘ ਕੰਬੋਜ ਸੁਸ਼ੋਭਿਤ ਸਨ।

ਇਸ ਤੋਂ ਪਹਿਲਾਂ ਪ੍ਰੋਗਰਾਮ ਦੇ ਸ਼ੁਰੂ ਵਿਚ ਛੋਟੇ ਬੱਚਿਆਂ ਗੁਰਦੀਪ ਕੌਰ, ਜਸਮੀਤ ਸਿੰਘ ਤੇ ਸਿਮਰਨ ਕੌਰ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਇਸ ਤੋਂ ਬਾਅਦ ਸ਼ਾਇਰੀ ਦਾ ਦੌਰ ਚੱਲਿਆ ਜਿਸ ਵਿਚ ਜਿੱਥੇ ਸ. ਸੁਰਿੰਦਰ ਸਿੰਘ ਸੀਰਤ ਨੇ ਅੱਜ ਦੇ ਦੌਰ ਵਿਚ ਖਤਮ ਹੋ ਰਹੀ ਪਛਾਣ ਬਾਰੇ ਜਾਗਰੂਕ ਰਹਿਣ ਦਾ ਸੁਨੇਹਾ ਦਿੱਤਾ, ਉਥੇ ਦਲਵੀਰ ਨਿੱਝਰ ਨੇ ਸ਼ਹੀਦਾਂ ਤੇ ਗ਼ਦਰੀ ਸੂਰਬੀਰਾਂ ਦੀ ਤੁਲਨਾ ਸ਼ੇਰਾਂ ਨਾਲ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ। ਇਨ੍ਹਾਂ ਤੋਂ ਇਲਾਵਾ ਡਾ. ਗੁਰਦੇਵ ਸਿੰਘ ਘਣਗੱਸ, ਇੰਦਰਜੀਤ ਗਰੇਵਾਲ, ਸ਼ਸ਼ੀ ਸਮੁੰਦਰਾ, ਜਸਵੀਰ ਕੌਰ, ਕਮਲ ਬੰਗਾ, ਹਰਜਿੰਦਰ ਮੱਟੂ, ਸੁਰਜੀਤ ਕੌਰ, ਹਰਜਿੰਦਰ ਕੰਗ, ਤਾਰਾ ਸਾਗਰ, ਸੁਖਵਿੰਦਰ ਕੰਬੋਜ, ਇਕਵਿੰਦਰ ਪੁਰਹੀਰਾਂ, ਗੁਰਪਾਲ ਖਹਿਰਾ ਅਤੇ ਹੋਰ ਕਵੀਆਂ ਨੇ ਵੱਖ-ਵੱਖ ਵਿਸ਼ਿਆਂ ‘ਤੇ ਕਵਿਤਾਵਾਂ ਰਾਹੀਂ ਆਜ਼ਾਦੀ ਦੀ ਲੜਾਈ ਵਿਚ ਅਥਾਹ ਕੁਰਬਾਨੀਆਂ ਕਰਨ ਵਾਲੇ ਗਦਰੀ ਬਾਬਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਟੇਜ ਦੀ ਕਾਰਵਾਈ ਜੋਤੀ ਸਿੰਘ ਨੇ ਬਾਖੂਬੀ ਚਲਾਈ। ਗਾਇਕੀ ਦੇ ਦੌਰ ਵਿਚ ਅਨੂਪ ਸਿੰਘ ਚੀਮਾ, ਤਰਲੋਕ ਸਿੰਘ ਅਤੇ ਸੁਲਤਾਨ ਅਖਤਰ ਨੇ ਗੀਤ ਪੇਸ਼ ਕਰਕੇ ਆਪਣੀ ਹਾਜ਼ਰੀ ਲਵਾਈ। ਸੁਲਤਾਨ ਅਖਤਰ ਨੇ ਮੁੰਬਈ ਵਿਚ ਹੋਏ ਬੰਬ ਧਮਾਕਿਆਂ ਤੋਂ ਉਪਜੀ ਤ੍ਰਾਸਦੀ ਬਾਰੇ ਗੀਤ ਪੇਸ਼ ਕਰਕੇ ਸਰੋਤਿਆਂ ਦੇ ਲੂੰ-ਕੰਡੇ ਖੜ੍ਹੇ ਕਰ ਦਿੱਤੇ।

ਮੇਲੇ ਦੀ ਇਕ ਹੋਰ ਗੱਲ ਬੜੀ ਸ਼ਲਾਘਾਯੋਗ ਰਹੀ, ਉਹ ਸੀ ਔਰਤ ਦੀ ਮਹਾਨਤਾ ਬਾਰੇ ਕੀਤੀ ਗਈ ਵਿਸ਼ੇਸ਼ ਚਰਚਾ। ਅੱਜ ਦੇ ਜੁੱਗ ਵਿਚ ਜਦੋਂ ਨਾਰੀ ਦੀ ਹਾਲਤ ਇੰਨੀ ਤਰਸਯੋਗ ਹੈ ਅਤੇ ਧੀਆਂ ਨੂੰ ਕੁੱਖਾਂ ਵਿਚ ਹੀ ਮਾਰਿਆ ਜਾ ਰਿਹਾ ਹੈ, ਤਾਂ ਇਨ੍ਹਾਂ ਮਸਲਿਆਂ ਬਾਰੇ ਸਰੋਤਿਆਂ ਨੂੰ ਜਾਗਰੂਕ ਕਰਨਾ ਸਹੀ ਦਿਸ਼ਾ ਵਿਚ ਕਦਮ ਸੀ। ਨਾਲ ਹੀ ਸਮਾਜ ਦੀ ਔਰਤ ਪ੍ਰਤੀ ਸੌੜੀ ਸੋਚ ਉਪਰ ਕਰਾਰੀ ਚੋਟ ਕੀਤੀ ਗਈ।

ਸਮਾਗਮ ਦੇ ਅੰਤ ਵਿਚ ਨਾਟਕ “ਪੱਤਣਾਂ ’ਤੇ ਰੋਣ ਖੜ੍ਹੀਆਂ” ਸ. ਸੁਰਿੰਦਰ ਸਿੰਘ ਧਨੋਆ ਦੀ ਅਗਵਾਈ ਹੇਠ ਖੇਡਿਆ ਗਿਆ। ਇਸ ਨਾਟਕ ਨਾਲ ਮੇਲਾ ਸਿਖਰ ’ਤੇ ਪੁੱਜ ਗਿਆ। ਸਰੋਤਿਆਂ ਨੇ ਇਸ ਨਾਟਕ ਦਾ ਆਨੰਦ ਤਾਂ ਮਾਣਿਆ ਹੀ, ਇਸ ਨਾਟਕ ਵਿਚ ਲਾਈ ਸਮਾਜਕ ਚੋਟ ਨੂੰ ਸਮਝਿਆ ਤੇ ਗੁੜ੍ਹਿਆ ਵੀ। ਕੁੱਲ ਮਿਲਾ ਕੇ ਗ਼ਦਰੀ ਬਾਬਿਆਂ ਦਾ ਇਹ ਮੇਲਾ ਮਿੱਠੀ ਯਾਦ ਛੱਡਦਾ ਹੋਇਆ ਆਪਣੇ ਅੰਜ਼ਾਮ ਨੂੰ ਪਹੁੰਚ ਗਿਆ। ਮੇਲੇ ਵਿਚ ਅਤੁੱਟ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ। ਵੱਡੀ ਗਿਣਤੀ ਵਿਚ ਲੋਕਾਂ ਨੇ ਤਿੱਖੀ ਗਰਮੀ ਵਿਚ ਵੀ ਇਸ ਯਾਦਗਾਰੀ ਮੇਲੇ ਵਿਚ ਹਾਜ਼ਰੀ ਲਵਾਈ। ਅਮਰੀਕੀ ਫੌਜ ਵਿਚ ਤਾਲਿਬਾਨ ਵਿਰੁਧ ਅਫਗਾਨਿਸਤਾਨ ਵਿਚ ਲੜਦਿਆਂ ਸ਼ਹੀਦੀ ਪਾ ਗਏ 21 ਸਾਲਾ ਨੌਜਵਾਨ ਗੁਰਪ੍ਰੀਤ ਸਿੰਘ ਨਮਿਤ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਯਾਦਗਾਰੀ ਕਾਨਫਰੰਸ ਵਿਚ ਨਾ ਸਿਰਫ ਪੰਜਾਬ ਅਤੇ ਕੈਨੇਡਾ ਤੋਂ ਆਏ ਬੁੱਧੀਜੀਵੀਆਂ ਅਤੇ ਗ਼ਦਰੀ ਬਾਬਿਆਂ ਦੀ ਸੋਚ ‘ਤੇ ਪਹਿਰਾ ਦੇਣ ਵਾਲਿਆਂ ਨੇ ਸ਼ਿਰਕਤ ਕੀਤੀ ਸਗੋਂ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ ਪਹੁੰਚੇ ਸ਼ਾਇਰਾਂ, ਸਾਇੰਸਦਾਨਾਂ ਅਤੇ ਬੁੱਧੀਜੀਵੀਆਂ ਨੇ ਵੀ ਗਦਰੀ ਬਾਬਿਆਂ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਕੈਲੀਫੋਰਨੀਆ ਦੀਆਂ ਵੱਖ ਵੱਖ ਸਾਹਿਤ ਸਭਾਵਾਂ, ਗਦਰੀ ਮੇਲੇ ਲਾਉਣ ਵਾਲੀਆਂ ਸੰਸਥਾਵਾਂ ਦੇ ਨੁਮਾਇੰਦੇ ਵੀ ਹੁਮ ਹੁਮਾ ਕੇ ਪਹੁੰਚੇ। ਇਨ੍ਹਾਂ ਨੁਮਾਇੰਦਿਆਂ ਵਿਚ ਸੁੱਚਾ ਸਿੰਘ, ਦਰਸ਼ਨ ਸਿੰਘ ਧੂਤ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਸੁਰਿੰਦਰ ਮੰਢਾਲੀ, ਮਹਿੰਦਰ ਸਿੰਘ ਅਣਖੀ, ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਹਾਰ, ਕੁਲਦੀਪ ਸਿੰਘ ਸੰਘੇੜਾ, ਸਤਿਵੀਰ ਸਿੰਘ, ਯਾਦਵਿੰਦਰ ਸਿੰਘ, ਮਾਸਟਰ ਮਹਿੰਦਰ ਦੋਸਾਂਝ, ਦਵਿੰਦਰ ਸਿੰਘ ਧੂਤ, ਸੰਤੋਖ ਸਿੰਘ ਜੱਜ, ਪਵਿਤਰ ਨਾਹਲ, ਅਵਤਾਰ ਸਿੰਘ ਡੋਡ ਤੇ ਹਰਪਾਲ ਸਿੰਘ ਮਾਨ ਹਾਜ਼ਰ ਸਨ।

ਸ. ਚਰਨ ਸਿੰਘ ਜੱਜ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਸੁਰਜੀਤ ਅਟਵਾਲ, ਕੁਲਦੀਪ ਅਟਵਾਲ, ਜਨਕ ਸਿਪਰਾ, ਬਲਕਾਰ ਸਿੰਘ, ਜਗਜੀਤ ਕੰਦੋਲਾ, ਜਰਨੈਲ ਸਿੰਘ ਮੰਡੇਰ, ਕੰਵਰ ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ ਤੇ ਬਲਬੀਰ ਸਿੰਘ ਦੀ ਭੱਜ-ਨੱਸ ਸ਼ਲਾਘਾਯੋਗ ਸੀ। ਸ. ਜੱਜ ਨੇ ਇਤਿਹਾਸ ਪੁਸਤਕ ਪ੍ਰਕਾਸ਼ਤ ਕਰਵਾਉਣ ਲਈ ਸੁਰਜੀਤ ਸਿੰਘ ਅਟਵਾਲ ਅਤੇ ਕੁਲਦੀਪ ਸਿੰਘ ਅਟਵਾਲ ਵਲੋਂ ਦਿੱਤੀ ਗਈ 5 ਹਜ਼ਾਰ ਡਾਲਰ ਦੀ ਮਦਦ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਗ਼ਦਰ ਵੈਬਸਾਈਟ www.ghadarmemorial.org ਬਾਰੇ ਵੀ ਦੱਸਿਆ ਗਿਆ।

Visit us on the web:
punjabtimesusa.com
To Advertise with us
Call:847-359-0746
Fax:847-705-9388






# Dhillon Truck Stop
## Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776



# ਘਰ ਖਰੀਦਣਾ ਹੈ ਜਾਂ ਵੇਚਣਾ!

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Century 21
M&M AND ASSOCIATES
Each office is independently owned and operated.

REALTOR MLS

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334



# ਨਵੀਂ ਉਮੀਦ ਨਵਾਂ ਇਨਕਲਾਬ ਆਓ ਸਿਰਜੀਏ ਨਵਾਂ ਪੰਜਾਬ

ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉੱਜੜੇ ਘਰਾਂ ਨੂੰ ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ

ਪਰਵਾਸੀ ਪੰਜਾਬੀਆਂ ਨੂੰ ਸਾਡਾ ਨਿੱਘਾ ਸੱਦਾ ਹੈ

# PEOPLE'S PARTY OF PUNJAB

ਨਵੇਂ ਇਨਕਲਾਬ ਦੇ ਮੋਢੀ ਸ. ਮਨਪ੍ਰੀਤ ਸਿੰਘ ਬਾਦਲ ਦੇ ਵਿਚਾਰ ਸੁਣਨ ਲਈ ਪਹੁੰਚੋ

**Friday, 29th July, 2011**
SACRAMENTO (CA)
Performing Arts Center (Sheldon High School)
Timing : 6.00 P.M.
Contact : Gulinder Gill 916-844-5310
Kuldeep Dhaliwal 510-859-5964

**Saturday, 30th July, 2011**
HAYWARD BAY AREA (CA)
Golden Peacock Palace,
Timing : 11.00 A.M.
Contact : Balwinder S. (LALI) Dhanoa 510-224-7380
Dr. Jagtar Singh Sandhu 408-489-4559

**Saturday, 30th July, 2011**
BAKERSFIELD (CA)
Kern County Fairgrounds
Timing : 6.00 P.M.
Contact : Paramjit Dosanjh 661-333-2005
Amrik Dhaliwal 661-978-1184 Balwinder Brar 661-703-8452

**Sunday, 31st July, 2011**
FRESNO (CA)
Fresno County Peace Officers Park
Timing : 5.00 P.M.
Contact : Hakam S Dhillon 559-304-8696
Ranjit S Gill 559-709-9599

**Tuesday, 9th August, 2011**
SEATTLE (WA)
IKEA Performing Arts Centre, Renton Timing : 6.30 P.M.
Contact : Ranjit Pamma 206-769-4927 Rajinder Rai 425-876-9770



Manpreet Singh Badal

Party Co-ordinator : Bhagwant Mann
Tel.: 011-91-9815923450 email : bhagwantmann@gmail.com

Media Co-ordinator (Punjab): Arunjot Singh Sodhi Tel. : 011-91-9814100400, 9780900400 email : arunjotsodhi@manpreetbadal.com
Head Office : # MLA Flat No. 9, Sector 3, Chandigarh (INDIA) Website : www.manpreetbadal.com email : ppp@manpreetbadal.com

# ਸਰਕਾਰੀ ਨਾਲਾਇਕੀ ਕਾਰਨ ਰੁਲੀ ਸ਼ੇਰ-ਏ-ਪੰਜਾਬ ਦੀ ਯਾਦਗਾਰ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 172ਵੀਂ ਬਰਸੀ ਮੌਕੇ ਪੰਜਾਬ ਸਰਕਾਰ ਵੱਲੋਂ ਅਖ਼ਬਾਰਾਂ ਵਿਚ ਤਾਂ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਵਾਹ-ਵਾਹ ਖੱਟਣ ਦਾ ਯਤਨ ਤਾਂ ਕੀਤਾ ਪਰ ਇਤਿਹਾਸਕ ਰਾਮ ਬਾਗ ਵਿਚ ਬਣੀਆਂ ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਗਾਰਾਂ ਨੂੰ ਸੰਭਾਲਣ ਤੇ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਇਥੇ ਬਣੇ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਨੂੰ ਲੋਕਾਂ ਦੀ ਖਿੱਚ ਦਾ ਕੇਂਦਰ ਬਣਾਉਣ ਲਈ ਕੁਝ ਖਾਸ ਨਹੀਂ ਕੀਤਾ ਗਿਆ। ਇਹ ਪੈਨੋਰਮਾ ਪੰਜ ਸਾਲ ਪਹਿਲਾਂ ਇਥੇ ਰਾਮ ਬਾਗ (ਜਿਥੇ ਮਹਾਰਾਜਾ ਰਣਜੀਤ ਸਿੰਘ ਦਾ ਗਰਮੀਆਂ ਦਾ ਮਹੱਲ ਹੈ) ਵਿਖੇ ਕਾਇਮ ਕੀਤਾ ਗਿਆ ਸੀ। ਇਸ ਪੈਨੋਰਮਾ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨੂੰ ਦਰਸਾਇਆ ਗਿਆ ਹੈ। ਇਹ ਪੈਨੋਰਮਾ ਹੁਣ ਤਕ ਗੁਰੂ ਨਗਰੀ ਵਿਚ ਮੱਥਾ ਟੇਕਣ ਲਈ ਨਿੱਤ ਆਉਂਦੇ ਹਜ਼ਾਰਾਂ ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਨਹੀਂ ਬਣ ਸਕਿਆ ਹੈ। ਇਥੇ ਆਉਂਦੇ ਯਾਤਰੂਆਂ ਨੂੰ ਇਸ ਵਿਸ਼ੇਸ਼ ਸਥਾਨ ਬਾਰੇ ਜਾਣਕਾਰੀ ਦੇਣ ਲਈ ਹੁਣ ਤਕ ਬੋਰਡ ਆਦਿ ਲਾਉਣ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਕੋਈ ਯਤਨ ਨਹੀਂ ਕੀਤਾ ਗਿਆ।



ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਮਾਗਮ ਦਾ ਦ੍ਰਿਸ਼।

ਇਸ ਵੇਲੇ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਕਾਰਨ ਗੁਰੂ ਨਗਰੀ ਵਿਚ ਯਾਤਰੂਆਂ ਦੀ ਆਮਦ ਵਧੇਰੇ ਹੈ ਪਰ ਇਸ ਪੈਨੋਰਮਾ ਨੂੰ ਦੇਖਣ ਵਾਲਿਆਂ ਦੀ ਗਿਣਤੀ ਸਿਰਫ 300 ਤੋਂ 400 ਹੀ ਹੈ। ਐਤਵਾਰ ਨੂੰ ਇਹ ਗਿਣਤੀ ਇਕ ਹਜ਼ਾਰ ਤਕ ਪੁੱਜ ਜਾਂਦੀ ਹੈ। ਪੈਨੋਰਮਾ ਦੇ ਸੁਪਰਵਾਈਜ਼ਰ ਰਮਨ ਨੇ ਦੱਸਿਆ ਕਿ ਇਸ ਵੇਲੇ ਪੈਨੋਰਮਾ ਦੇਖਣ ਲਈ 10 ਰੁਪਏ ਪ੍ਰਤੀ ਵਿਅਕਤੀ ਟਿਕਟ ਰੱਖੀ ਹੋਈ ਹੈ ਤੇ ਬੱਚਿਆਂ ਲਈ ਟਿਕਟ ਸਿਰਫ ਪੰਜ ਰੁਪਏ ਹੈ। ਨਗਰ ਨਿਗਮ ਦੀ ਦੇਖ-ਰੇਖ ਹੇਠ ਚਲ ਰਹੇ ਪੈਨੋਰਮਾ ਬਾਰੇ ਯਾਤਰੂਆਂ ਨੂੰ ਜਾਣਕਾਰੀ ਦੇਣ ਲਈ ਪਹਿਲਾਂ ਕੁਝ ਥਾਵਾਂ 'ਤੇ ਬੋਰਡ ਲਾਏ ਗਏ ਹਨ ਪਰ ਹੁਣ ਇਹ ਬੋਰਡ ਵੀ ਦਿਖਾਈ ਨਹੀਂ ਦਿੰਦੇ। ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ ਤੋਂ ਪਰਿਵਾਰ ਸਮੇਤ ਇਥੇ ਆਏ ਯੋਗੇਂਦਰ ਸ੍ਰੀਵਾਸਤਵ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਪੈਨੋਰਮਾ ਬਾਰੇ ਜਾਣਕਾਰੀ ਜਿਸ ਹੋਟਲ ਵਿਚ ਉਹ ਠਹਿਰੇ ਹਨ, ਦੇ ਕਰਮਚਾਰੀਆਂ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪੈਨੋਰਮਾ ਨੂੰ ਦੇਖ ਕੇ ਉਹ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਤੋਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਪਰ ਪ੍ਰਸ਼ਾਸਨ ਇਸ ਬਾਰੇ ਯਾਤਰੂਆਂ ਨੂੰ ਜਾਣਕਾਰੀ ਦੇਣ ਲਈ ਢੁੱਕਵੇਂ ਪ੍ਰਬੰਧ ਕਰੇ।

ਜ਼ਿਕਰਯੋਗ ਹੈ ਕਿ ਇਥੇ ਇਕ ਕੈਫੇਟੇਰੀਆ ਬਣਾਉਣ ਦੀ ਯੋਜਨਾ ਸੀ ਤੇ ਬਾਅਦ ਵਿਚ ਲਾਹੌਰ ਦੀ ਤਰਜ਼ 'ਤੇ ਫੂਡ ਸਟਰੀਟ ਬਣਾਉਣ ਦੀ ਯੋਜਨਾ ਵੀ ਉਲੀਕੀ ਗਈ ਸੀ ਪਰ ਇਸ ਇਤਿਹਾਸਕ ਬਾਗ ਦੀ ਸਾਂਭ ਸੰਭਾਲ ਲਈ ਜ਼ਿੰਮੇਵਾਰ ਪੁਰਾਤੱਤਵ ਵਿਭਾਗ ਨੇ ਇਸ ਦੀ ਆਗਿਆ ਨਹੀਂ ਦਿੱਤੀ। ਪੁਰਾਤੱਤਵ ਵਿਭਾਗ ਵੱਲੋਂ ਰਾਮ ਬਾਗ ਤੇ ਇਸ ਵਿਚ ਸਥਾਪਤ ਮਹਾਰਾਜਾ ਰਣਜੀਤ ਸਿੰਘ ਦੇ ਗਰਮੀਆਂ ਦੇ ਮਹੱਲ ਜਿਥੇ ਹੁਣ ਮਹਾਰਾਜਾ ਰਣਜੀਤ ਸਿੰਘ ਦੀ ਯਾਦ 'ਚ ਅਜਾਇਬ ਘਰ ਸਥਾਪਤ ਹੈ, ਦੀ ਮੁਰੰਮਤ ਦਾ ਕਾਰਜ ਵੀ ਪਿਛਲੇ ਤਿੰਨ-ਚਾਰ ਸਾਲ ਤੋਂ ਮੱਠੀ ਚਾਲ ਕਰਾਇਆ ਜਾ ਰਿਹਾ ਹੈ। ਮੁਰੰਮਤ ਕਾਰਨ ਅਜਾਇਬ ਘਰ ਦਾ ਬੇਸ਼ਕੀਮਤੀ ਸਾਮਾਨ ਕਿੰਨੇ ਸਾਲਾਂ ਤੋਂ ਡੱਬਿਆਂ ਵਿਚ ਬੰਦ ਪਿਆ ਹੈ। ਇਥੇ ਚਲ ਰਹੇ ਮੁਰੰਮਤ ਕਾਰਜਾਂ ਕਾਰਨ ਇਤਿਹਾਸਕ ਬਾਗ ਦੀ ਦਿੱਖ ਵੀ ਵਿਗੜੀ ਹੋਈ ਹੈ।

ਜ਼ਿਕਰਯੋਗ ਹੈ ਕਿ ਵੀਹ ਕਨਾਲ ਰਕਬੇ ਵਿਚ ਬਣੇ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵਿਚ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਲਾਹੌਰ ਦਰਬਾਰ ਤੇ ਜੰਗਾਂ ਦੇ ਦ੍ਰਿਸ਼ਾਂ ਨੂੰ ਬੁੱਤਾਂ ਦੇ ਰੂਪ ਵਿਚ ਦਰਸਾਇਆ ਗਿਆ ਹੈ। ਰੌਸ਼ਨੀ ਤੇ ਆਵਾਜ਼ ਦੇ ਆਧਾਰ 'ਤੇ ਜੰਗਾਂ ਨੂੰ ਰੂਪਮਾਨ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਟੱਚ ਸਕਰੀਨ ਕੰਪਿਊਟਰ ਵੀ ਰੱਖੇ ਹੋਏ ਹਨ ਪਰ ਇਸ ਬਾਰੇ ਸੰਚਾਰ ਨਾ ਹੋਣ ਕਾਰਨ ਇਹ ਪੈਨੋਰਮਾ ਹੁਣ ਤਕ ਲੋਕਾਂ ਦੀ ਖਿੱਚ ਦਾ ਕੇਂਦਰ ਨਹੀਂ ਬਣ ਸਕਿਆ।

## ਮਹਾਰਾਜਾ ਦੇ ਜਨਮ ਸਥਾਨ ਵਾਲੀ ਹਵੇਲੀ ਸਿੱਖ ਭਾਈਚਾਰੇ ਨੂੰ ਸੌਂਪਣ ਦੀ ਮੰਗ

**ਅੰਮ੍ਰਿਤਸਰ:** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 172ਵੀਂ ਬਰਸੀ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਸਿੱਖ ਆਗੂਆਂ ਨੇ ਮੰਗ ਕੀਤੀ ਕਿ ਗੁਜਰਾਂਵਾਲਾ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਅਸਥਾਨ ਵਾਲੀ ਹਵੇਲੀ ਦੀ ਸਾਂਭ ਸੰਭਾਲ ਕੀਤੀ ਜਾਵੇ ਤੇ ਇਹ ਸਥਾਨ ਸਿੱਖ ਭਾਈਚਾਰੇ ਨੂੰ ਸੌਂਪਿਆ ਜਾਵੇ।

ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਤੇ ਹੋਰ ਮੁਲਕਾਂ ਦੇ ਸਿੱਖ ਸ਼ਰਧਾਲੂ ਵੀ ਲਾਹੌਰ ਪੁੱਜੇ ਹੋਏ ਹਨ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕਰਵਾਏ ਸਮਾਗਮ ਬਾਰੇ ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਗੁਰਪ੍ਰੀਤ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਇਸ ਮੌਕੇ ਵਿਸ਼ਵ ਭਰ ਦੇ ਸਿੱਖਾਂ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਸਤਾਨ ਸਿੰਘ ਨੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਦਿੱਤੇ ਸਹਿਯੋਗ ਲਈ ਪਾਕਿ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਮੰਗ ਕੀਤੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਗੁਜਰਾਂਵਾਲਾ ਸਥਿਤ ਹਵੇਲੀ ਜਿਥੇ ਉਨ੍ਹਾਂ ਦਾ ਜਨਮ ਹੋਇਆ ਸੀ, ਦੀ ਸਾਂਭ-ਸੰਭਾਲ ਕੀਤੀ ਜਾਵੇ ਤੇ ਇਸ ਦਾ ਪ੍ਰਬੰਧ ਸਿੱਖ ਭਾਈਚਾਰੇ ਨੂੰ ਸੌਂਪਿਆ ਜਾਵੇ। ਸ. ਬਿਸ਼ਨ ਸਿੰਘ ਨੇ ਬਰਸੀ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਓਕਾਫ਼ ਬੋਰਡ ਦੇ ਮੀਤ ਚੇਅਰਮੈਨ ਮੁਹੰਮਦ ਅਲੀ ਨੇ ਵੀ ਇਸ ਸਮਾਗਮ ਵਿਚ ਸ਼ਿਰਕਤ ਕਰਨ ਵਾਲਿਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਮਾਜ ਸੁਧਾਰ ਲਈ ਅਰੰਭੇ ਯਤਨਾਂ ਕਾਰਨ ਉਸ ਵੇਲੇ ਦੱਖਣੀ ਏਸ਼ੀਆ ਦੇ ਖਿੱਤੇ ਵਿਚ ਵੱਡੇ ਸਮਾਜਿਕ ਸੁਧਾਰ ਹੋਏ ਸਨ। ਸਮਾਜ ਸੁਧਾਰ ਦੀ ਇਹ ਪ੍ਰਕਿਰਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਤਕ ਜਾਰੀ ਰਹੀ। ਉਸ ਸਮੇਂ ਵਿਚ ਖ਼ਾਲਸਾ ਰਾਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਵੱਡੀ ਪ੍ਰਾਪਤੀ ਹੈ। ਉਸ ਸਮੇਂ ਕਾਇਮ ਹੋਏ ਖ਼ਾਲਸਾ ਰਾਜ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇਕ ਨਿਵੇਕਲੇ ਧਰਮ ਨਿਰਪੱਖ ਰਾਜ ਦੀ ਦਿੱਖ ਪ੍ਰਦਾਨ ਕੀਤੀ। ਉਸ ਵੇਲੇ ਸਿੱਖਾਂ ਦੀ ਗਿਣਤੀ ਭਾਵੇਂ ਘੱਟ ਸੀ ਪਰ ਉਨ੍ਹਾਂ ਦੇ ਰਾਜ ਵਿਚ ਹਰ ਧਰਮ ਦਾ ਵਿਅਕਤੀ ਸਦਭਾਵਨਾ ਵਾਲੇ ਮਾਹੌਲ ਵਿਚ ਰਹਿੰਦਾ ਸੀ। ਉਨ੍ਹਾਂ ਨੇ ਲੋਕਾਂ ਨੂੰ ਸਾਫ਼ ਸੁਥਰਾ ਪ੍ਰਸ਼ਾਸਨ ਮੁਹੱਈਆ ਕੀਤਾ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖ਼ਾਤਮੇ ਲਈ ਜ਼ਿੰਮੇਵਾਰ ਤਾਕਤਾਂ ਅੱਜ ਵੀ ਸਿੱਖ ਸਮਾਜ ਨੂੰ ਢਾਹ ਲਾ ਰਹੀਆਂ ਹਨ। ਉਨ੍ਹਾਂ ਸੱਦਾ ਦਿੱਤਾ ਕਿ ਸਿੱਖ ਵਿਰੋਧੀ ਤਾਕਤਾਂ ਦੀ ਸ਼ਨਾਖਤ ਕੀਤੀ ਜਾਵੇ ਤੇ ਖ਼ਾਲਸਾ ਰਾਜ ਦੀ ਮੁੜ ਸਥਾਪਨਾ ਲਈ ਇਕਜੁੱਟ ਹੋ ਕੇ ਯਤਨ ਕੀਤੇ ਜਾਣ।

# ਸ਼ਰਧਾਲੂਆਂ ਨੇ ਹੇਮਕੁੰਟ ਸਾਹਿਬ ਵੱਲ ਵਹੀਰਾਂ ਘੱਤੀਆਂ

## *ਪੰਜ ਲੱਖ ਸ਼ਰਧਾਲੂ ਨਤਮਸਤਕ ਹੋਏ*

**ਸ੍ਰੀ ਹੇਮਕੁੰਟ ਸਾਹਿਬ (ਚਮੌਲੀ):** ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਇਸ ਵਾਰ ਰਿਕਾਰਡ ਤੋੜ ਵਾਧਾ ਹੋਇਆ ਹੈ। ਇਸ ਯਾਤਰਾ ਦੇ ਪ੍ਰਬੰਧ ਕਰਨ ਵਿਚ ਵੀ ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਬੰਧਕਾਂ ਨੂੰ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲੀ ਜੂਨ ਤੋਂ ਪੰਜ ਅਕਤੂਬਰ ਤੱਕ ਚੱਲਣ ਵਾਲੀ ਇਸ ਯਾਤਰਾ ਦੌਰਾਨ 30 ਜੂਨ ਤੱਕ ਤਕਰੀਬਨ ਪੰਜ ਲੱਖ ਸ਼ਰਧਾਲੂ ਇਸ ਸਥਾਨ ਦੇ ਦਰਸ਼ਨ ਕਰ ਚੁੱਕੇ ਹਨ ਜਦਕਿ ਪਿਛਲੇ ਸਾਲ ਇਹ ਗਿਣਤੀ ਤਕਰੀਬਨ ਦੋ ਲੱਖ ਸੀ। ਹਰ ਰੋਜ਼ ਪੰਦਰਾਂ ਹਜ਼ਾਰ ਤੋਂ ਵੱਧ ਸ਼ਰਧਾਲੂ ਆ ਰਹੇ ਹਨ।

ਇੱਥੇ ਟਰੱਸਟ ਵੱਲੋਂ ਚਾਹ ਤੇ ਖਿਚੜੀ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ। ਰਿਸ਼ੀਕੇਸ਼, ਸ੍ਰੀਨਗਰ ਗੜ੍ਹਵਾਲ, ਜੋਸ਼ੀਮੱਠ, ਗੋਬਿੰਦ ਘਾਟ ਤੇ ਗੋਬਿੰਦ ਧਾਮ ਵਿਚ ਸ਼ਰਧਾਲੂਆਂ ਦੇ ਪੜਾਅ ਲਈ ਉਸਾਰੇ ਗਏ ਰਿਹਾਇਸ਼ੀ ਕਮਰੇ ਤੇ ਹਾਲ ਹਰ ਰੋਜ਼ ਭਰ ਜਾਂਦੇ ਹਨ ਤੇ ਬਹੁਤ ਸਾਰੇ ਸਰਧਾਲੂਆ ਨੂੰ ਤਾਂ ਇੱਥੇ ਕਮਰੇ ਨਾ ਮਿਲਣ ਕਾਰਨ ਪ੍ਰਾਈਵੇਟ ਹੋਟਲਾਂ ਵਿਚ ਰਹਿਣਾ ਪੈ ਰਿਹਾ ਹੈ। ਰਿਸ਼ੀਕੇਸ਼-ਗੋਬਿੰਦ ਘਾਟ ਦੇ ਰਸਤੇ ਵਿਚ ਪੈਂਦੇ ਨਗਰਾਸੂ ਵਿਚ ਬਾਬਾ ਬੇਅੰਤ ਸਿੰਘ ਬੇਰ ਸਾਹਿਬ ਵਾਲਿਆਂ ਵੱਲੋਂ ਉਸਾਰੀ ਗਈ ਰਿਹਾਇਸ਼ ਵਿਚ ਹਰ ਰੋਜ਼ ਵੱਡੀ ਗਿਣਤੀ ਵਿਚ ਸੰਗਤਾਂ ਠਹਿਰਾਅ ਕਰਦੀਆਂ ਹਨ।

ਖਰਾਬ ਮੌਸਮ ਦੇ ਬਾਵਜੂਦ ਸੰਗਤਾਂ ਦੇ ਜੋਸ਼ ਵਿਚ ਕੋਈ ਕਮੀ ਨਜ਼ਰ ਨਹੀਂ ਆ ਰਹੀ। ਇਸ ਔਖੇ ਰਸਤੇ 'ਤੇ ਪੈਦਲ ਨਾ ਚੱਲ ਸਕਣ ਵਾਲਿਆਂ ਤੋਂ ਘੋੜਿਆਂ ਵਾਲੇ ਤੇ ਕਾਂਡੀ ਮਨ ਮਰਜ਼ੀ ਦੇ ਪੈਸੇ ਵਸੂਲ ਰਹੇ ਹਨ। ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਤੱਕ ਦੇ 272 ਕਿਲੋਮੀਟਰ ਲੰਮੇ ਸਫਰ 'ਤੇ ਕਾਰਾਂ, ਬੱਸਾਂ, ਗੱਡੀਆ, ਮੋਟਰਸਾਈਕਲਾਂ 'ਤੇ ਅਤੇ ਪੈਦਲ ਜਾ ਰਹੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਟਰੱਸਟੀ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਵਾਰ ਸੰਗਤਾਂ ਦੀ ਵਧੇਰੇ ਆਮਦ ਕਾਰਨ ਸ਼ਰਧਾਲੂਆਂ ਨੂੰ ਦਿੱਕਤਾਂ ਆ ਰਹੀਆਂ ਹਨ ਪਰ ਫੇਰ ਵੀ ਟਰੱਸਟ ਵੱਲੋਂ ਸ਼ਰਧਾਲੂਆਂ ਨੂੰ ਰਿਹਾਇਸ਼, ਲੰਗਰ ਤੇ ਮੈਡੀਕਲ ਸਹੂਲਤਾਂ ਦੇਣ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸ. ਬਿੰਦਰਾ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਗੋਬਿੰਦ ਘਾਟ ਤੇ ਗੋਬਿੰਦ ਧਾਮ ਵਿਚ ਤਿੰਨ ਟਾਇਰ ਬੈਡਿੰਗ ਸਿਸਟਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਿਸ ਨਾਲ ਹਾਲ ਕਮਰਿਆ ਵਿਚ ਵਧੇਰੇ ਸੰਗਤ ਦੀ ਰਿਹਾਇਸ਼ ਦਾ ਪ੍ਰਬੰਧ ਹੋ ਸਕੇਗਾ।



ਸ੍ਰੀ ਹੇਮਕੁੰਟ ਸਾਹਿਬ ਵਿਖੇ ਦੇ ਸ਼ਰਧਾਲੂਆਂ ਦੀ ਚਹਿਲ-ਪਹਿਲ ਦਾ ਦ੍ਰਿਸ਼।

# ਪੰਜਾਬ ਦੀਆਂ ਜੇਲ੍ਹਾਂ 'ਚ ਪੜ੍ਹੇ-ਲਿਖੇ ਕੈਦੀਆਂ ਦੀ ਬਹੁਤਾਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀਆਂ ਜੇਲ੍ਹਾਂ 'ਚ ਪੜ੍ਹੇ-ਲਿਖੇ ਲੋਕਾਂ ਦੀ ਗਿਮਤੀ ਲਗਾਤਾਰ ਵਧਦੀ ਜਾ ਰਹੀ ਹੈ ਜੋ ਖ਼ਤਰਨਾਕ ਰੁਝਾਨ ਹੈ। ਇਸ ਗੱਲ ਦੀ ਪੁਸ਼ਟੀ ਪਿਛਲੇ ਪੰਜ ਵਰ੍ਹਿਆਂ ਦੇ ਸਰਕਾਰੀ ਅੰਕੜਿਆਂ ਤੋਂ ਹੁੰਦੀ ਹੈ। ਇਨ੍ਹਾਂ ਅੰਕੜਿਆਂ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਤੇ ਮਰਦ ਅਪਰਾਧਿਕ ਸਰਗਰਮੀਆਂ ਦੇ ਦੋਸ਼ 'ਚ ਜੇਲ੍ਹ ਯਾਤਰਾ ਕਰਨ ਵਿਚ ਰਾਜ ਦੇ ਅਨਪੜ੍ਹ ਮਰਦ ਤੇ ਔਰਤਾਂ ਤੋਂ ਅਗਾਂਹ ਲੰਘ ਗਏ ਹਨ। ਅੰਕੜੇ ਦੱਸਦੇ ਹਨ ਕਿ ਰਾਜ ਦੇ ਪੜ੍ਹੇ-ਲਿਖੇ ਲੋਕਾਂ ਵੱਲੋਂ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਲ ਹੋਣ ਦਾ ਗਰਾਫ਼ ਹਰ ਸਾਲ ਵਧਦਾ ਹੀ ਜਾ ਰਿਹਾ ਹੈ। ਸਾਲ 2009-10 ਦੌਰਾਨ ਪੰਜਾਬ ਦੇ 10 ਹਜ਼ਾਰ 611 ਪੜ੍ਹੇ-ਲਿਖੇ ਮਰਦ ਕਿਸੇ ਨਾ ਕਿਸੇ ਅਪਰਾਧ ਵਿਚ ਦੋਸ਼ੀ ਸਿੱਧ ਹੋਣ ਮਗਰੋਂ ਜੇਲ੍ਹ ਗਏ ਜਦਕਿ ਇਸ ਸਮੇਂ ਦੌਰਾਨ ਰਾਜ ਦੇ ਸਿਰਫ 5921 ਅਨਪੜ੍ਹ ਮਰਦ ਹੀ ਦੋਸ਼ੀ ਸਿੱਧ ਹੋ ਜਾਣ ਮਗਰੋਂ ਜੇਲ੍ਹ ਭੇਜੇ ਗਏ ਸਨ।



ਜ਼ਿਕਰਯੋਗ ਹੈ ਕਿ ਸਰਕਾਰੀ ਅੰਕੜੇ ਹੋਣ ਕਾਰਨ ਇਨ੍ਹਾਂ ਵਿਚ ਅਪਰਾਧੀਆਂ ਦੀ ਘੱਟ ਤੋਂ ਘੱਟ ਗਿਣਤੀ ਦੱਸੀ ਗਈ ਹੈ ਪਰ ਫਿਰ ਵੀ ਇਹ ਅੰਕੜੇ ਅਪਰਾਧਿਕ ਵਰਤਾਰੇ ਦੀ ਝਲਕ ਜ਼ਰੂਰ ਪੇਸ਼ ਕਰਦੇ ਹਨ। ਅੰਕੜਿਆਂ ਅਨੁਸਾਰ ਸਾਲ 2009-10 ਦੌਰਾਨ ਰਾਜ ਦੀਆਂ 849 ਪੜ੍ਹੀਆਂ ਲਿਖੀਆਂ ਔਰਤਾਂ ਵੱਖ-ਵੱਖ ਅਪਰਾਧਾਂ ਵਿਚ ਦੋਸ਼ੀ ਸਿੱਧ ਹੋਣ ਮਗਰੋਂ ਜੇਲ੍ਹ ਭੇਜੀਆਂ ਗਈਆਂ ਜਦਕਿ ਇਸ ਸਮੇਂ ਦੌਰਾਨ ਰਾਜ ਦੀਆਂ ਸਿਰਫ਼ 129 ਅਨਪੜ੍ਹ ਔਰਤਾਂ ਹੀ ਜੇਲ੍ਹ ਗਈਆਂ ਸਨ। ਸਾਲ 2005-06 ਦੌਰਾਨ ਅਪਰਾਧ ਕਰਕੇ ਜੇਲ੍ਹ ਜਾਣ ਵਾਲੇ ਰਾਜ ਦੇ ਪੜ੍ਹੇ ਲਿਖੇ ਮਰਦਾਂ ਦੀਆਂ ਗਿਮਤੀ ਜਿਥੇ 9 ਹਜ਼ਾਰ 878 ਸੀ ਉੱਥੇ ਅਨਪੜ੍ਹ ਮਰਦਾਂ ਦੀ ਸੰਖਿਆ ਇਸ ਤੋਂ ਅੱਧੀ 4434 ਸੀ। ਇਸੇ ਤਰ੍ਹਾਂ ਇਸ ਵਰ੍ਹੇ ਦੌਰਾਨ 805 ਪੜ੍ਹੀਆਂ ਲਿਖੀਆਂ ਔਰਤਾਂ ਜੇਲ੍ਹ ਗਈਆਂ ਜਦਕਿ ਜੇਲ੍ਹ ਜਾਣ ਵਾਲੀਆਂ ਅਨਪੜ੍ਹ ਔਰਤਾਂ ਸਿਰਫ 87 ਸਨ।

ਅਗਲੇ ਵਰ੍ਹੇ ਪੜ੍ਹਿਆਂ-ਲਿਖਿਆਂ ਨੇ ਅਪਰਾਧ ਵਿਚ ਹੋਰ ਵਾਧਾ ਕਰ ਦਿੱਤਾ। ਸਾਲ 2006-07 ਦੌਰਾਨ 9377 ਪੜ੍ਹੇ ਲਿਖੇ ਮਰਦ ਜੇਲ੍ਹ ਗਏ ਜਦਕਿ ਜੇਲ੍ਹ ਜਾਣ ਵਾਲੇ ਅਨਪੜ੍ਹ ਮਰਦ ਸਿਰਫ 4286 ਸਨ। ਇਸ ਵਰ੍ਹੇ ਜੇਲ੍ਹ ਜਾਣ ਵਾਲੀਆਂ ਪੜ੍ਹੀਆਂ-ਲਿਖੀਆਂ ਬੀਬੀਆਂ 671 ਜਦਕਿ ਅਨਪੜ੍ਹ ਬੀਬੀਆਂ ਸਿਰਫ 93 ਸਨ। ਅਗਲੇ ਵਰ੍ਹੇ ਪੜ੍ਹਿਆਂ ਲਿਖਿਆਂ ਨੇ ਅਪਰਾਧ ਦਾ ਗਰਾਫ਼ ਹੋਰ ਵਧਾ ਦਿੱਤਾ। ਅੰਕੜਿਆਂ ਅਨੁਸਾਰ ਸਾਲ 2007-08 ਵਿਚ 9620 ਪੜ੍ਹੇ ਲਿਖੇ ਮਰਦ ਜਦਕਿ 4658 ਅਨਪੜ੍ਹ ਮਰਦ ਜੇਲ੍ਹ ਗਏ। ਇਸ ਵਰ੍ਹੇ 670 ਪੜ੍ਹੀਆਂ ਲਿਖੀਆਂ ਔਰਤਾਂ ਜਦਕਿ 110 ਅਨਪੜ੍ਹ ਔਰਤਾਂ ਜੇਲ੍ਹ ਗਈਆਂ।

ਸਾਲ 2008-09 ਦੌਰਾਨ ਦੋਸ਼ੀ ਸਿੱਧ ਹੋਣ ਮਗਰੋਂ ਜੇਲ੍ਹ ਜਾਣ ਵਾਲੇ ਪੜ੍ਹੇ-ਲਿਖੇ ਮਰਦਾਂ ਦੀ ਗਿਣਤੀ 10 ਹਜ਼ਾਰ 212 ਸੀ ਜਦਕਿ ਜੇਲ੍ਹ ਜਾਣ ਵਾਲੇ ਅਨਪੜ੍ਹ ਮਰਦਾਂ ਦੀ ਗਿਮਤੀ 4980 ਸੀ। ਇਸੇ ਤਰ੍ਹਾਂ ਉਕਤ ਸਾਲ ਦੌਰਾਨ 670 ਪੜ੍ਹੀਆਂ-ਲਿਖੀਆਂ ਔਰਤਾਂ ਤੇ 111 ਅਨਪੜ੍ਹ ਔਰਤਾਂ ਨੇ ਜੇਲ੍ਹ ਯਾਤਰਾ ਕੀਤੀ। ਅੰਕੜੇ ਦੱਸਦੇ ਹਨ ਕਿ ਪਿਛਲੇ ਪੰਜ ਵਰ੍ਹਿਆਂ ਦੌਰਾਨ 50 ਹਜ਼ਾਰ ਦੇ ਕਰੀਬ ਪੜ੍ਹੇ-ਲਿਖੇ ਮਰਦਾਂ ਨੇ ਜੇਲ੍ਹ ਯਾਤਰਾ ਕੀਤੀ ਜਦਕਿ ਜੇਲ੍ਹ ਜਾਣ ਵਾਲੇ ਅਨਪੜ੍ਹ ਮਰਦਾਂ ਦੀ ਗਿਣਤੀ 24 ਹਜ਼ਾਰ 279 ਸੀ। ਪੰਜ ਵਰ੍ਹਿਆਂ ਦੌਰਾਨ 2860 ਪੜ੍ਹੀਆਂ-ਲਿਖੀਆਂ ਔਰਤਾਂ ਜੇਲ੍ਹ ਗਈਆਂ ਜਦਕਿ ਇਨ੍ਹਾਂ ਸਾਲਾਂ ਵਿਚ ਜੇਲ੍ਹ ਜਾਣ ਵਾਲੀਆਂ ਅਨਪੜ੍ਹ ਔਰਤਾਂ ਦੀ ਗਿਣਤੀ ਸਿਰਫ 530 ਦਰਜ ਕੀਤੀ ਗਈ।

# ਯੂਨਾਨ ਵਿਚੋਂ ਭਾਰਤੀ ਕਾਮੇ ਖਿਸਕਣ ਲੱਗੇ

**ਲੰਡਨ:** ਯੂਨਾਨ 'ਚ ਦੰਗੇ ਹੋਣ ਤੇ ਵੱਡੇ ਪੱਧਰ 'ਤੇ ਨੌਕਰੀਆਂ ਖੁੱਸਣ ਕਾਰਨ ਉਥੇ ਵੱਖ-ਵੱਖ ਸੈਕਟਰਾਂ 'ਚ ਕੰਮ ਕਰਦੇ 2000 ਦੇ ਕਰੀਬ ਭਾਰਤੀ ਚੁਫੇਰਿਓਂ ਕਰਜ਼ੇ 'ਚ ਘਿਰੇ ਇਸ ਦੇਸ਼ ਨੂੰ ਛੱਡ ਚੁੱਕੇ ਹਨ। ਯੂਨਾਨ ਦੀ ਪਾਰਲੀਮੈਂਟ ਵੱਲੋਂ ਕਈ ਅਰਬ ਯੂਰੋ ਦੀ ਸੰਪਤੀ 'ਸੇਲ' 'ਤੇ ਲਾਉਣ ਨੂੰ ਪ੍ਰਵਾਨਗੀ ਦਿੱਤੇ ਜਾਣ 'ਤੇ ਇਹ ਵੀ ਕਿਹਾ ਜਾਣ ਲੱਗਿਆ ਹੈ ਕਿ ਯੂਨਾਨ ਦੇਸ਼ ਸੇਲ 'ਤੇ ਹੈ। ਜਿਹੜੀਆਂ-ਜਿਹੜੀਆਂ ਜਾਇਦਾਦਾਂ ਇਸ ਮੁਲਕ ਨੇ ਸੇਲ 'ਤੇ ਲਾਈਆਂ ਹਨ, ਉਨ੍ਹਾਂ 'ਚ 39 ਹਵਾਈ ਅੱਡੇ, 850 ਬੰਦਰਗਾਹਾਂ, ਰੇਲਵੇ, ਮੋਟਰਵੇਜ਼, ਸਿਊਏਜ ਦਾ ਕੰਮ, ਦੋ ਊਰਜਾ ਕੰਪਨੀਆਂ, ਬੈਂਕਾਂ, ਹਜ਼ਾਰਾਂ ਏਕੜ ਜ਼ਮੀਨ, ਜੂਆ ਘਰ ਤੇ ਕੌਮੀ ਲਾਟਰੀ ਸ਼ਾਮਲ ਹਨ।ਇਹ ਸੇਲ 50 ਅਰਬ ਯੂਰੋ ਇਕੱਠੇ ਕਰਨ ਲਈ ਲਾਈ ਗਈ ਹੈ ਤਾਂ ਕਿ ਦੇਸ਼ ਨੂੰ ਸੰਕਟ 'ਚੋਂ ਕੱਢਣ ਲਈ ਲਾਏ 110 ਅਰਬ ਯੂਰੋ ਦੇ ਕਰਜ਼ੇ ਦੀ ਪੰਡ ਹੌਲੀ ਕੀਤੀ ਜਾ ਸਕੇ।



ਪਿਛਲੇ ਹਫਤਿਆਂ 'ਚ 2000 ਦੇ ਕਰੀਬ ਭਾਰਤੀ ਯੂਨਾਨ 'ਚੋਂ ਨਿਕਲ ਚੁੱਕੇ ਹਨ। ਏਥਨਜ਼ ਵਿਚ ਜਹਾਜ਼ਰਾਨੀ ਦੇ ਕਾਰੋਬਾਰੀ ਮਧੁਰ ਗਾਂਧੀ ਨੇ ਇਹ ਜਾਣਕਾਰੀ ਦਿੱਤੀ। ਉਹ ਭਾਰਤੀ ਭਾਈਚਾਰੇ ਦੇ ਇਕ ਸੰਗਠਨ ਦਾ ਪ੍ਰਧਾਨ ਵੀ ਹੈ। ਵੱਡੇ ਪੱਧਰ 'ਤੇ ਨੌਕਰੀਆਂ ਖੁੱਸਣ ਤੇ ਦੰਗੇ ਹੋਣ ਮਗਰੋਂ ਦੱਖਣੀ ਏਸ਼ੀਆਈਆਂ ਦੇ ਨਾਲ-ਨਾਲ ਭਾਰਤੀ ਵੀ ਯੂਨਾਨ 'ਚੋਂ ਨਿਕਲ ਰਹੇ ਹਨ। ਗਾਂਧੀ ਨੇ ਬੀ.ਬੀ.ਸੀ. ਹਿੰਦੀ ਨੂੰ ਦੱਸਿਆ ਕਿ ਯੂਨਾਨ 'ਚ ਬਹੁਤ ਸਾਰੀਆਂ ਫੈਕਟਰੀਆਂ ਤੇ ਦੁਕਾਨਾਂ ਬੰਦ ਹੋਣ ਕਾਰਨ ਸਾਡੇ ਲੋਕ ਨੌਕਰੀਆਂ ਗੁਆ ਬੈਠੇ ਸਨ। ਖੇਤੀ ਕਾਮੇ ਵਿਹਲੇ ਹੋ ਗਏ ਪਰ ਸਭ ਤੋਂ ਵੱਧ ਮਾੜਾ ਅਸਰ ਉਸਾਰੀ ਕਾਮਿਆਂ 'ਤੇ ਪਿਆ। 1000-2000 ਦੇ ਕਰੀਬ ਭਾਰਤੀ ਯੂਨਾਨ 'ਚੋਂ ਨਿਕਲ ਚੁੱਕੇ ਹਨ ਤੇ ਇਨ੍ਹਾਂ 'ਚੋਂ ਬਹੁਤੇ ਉਸਾਰੀ ਸਨਅਤ 'ਚ ਸਨ।

ਉਨ੍ਹਾਂ ਨੇ ਦੱਸਿਆ ਕਿ ਯੂਨਾਨ 'ਚ 30,000 ਦੇ ਕਰੀਬ ਭਾਰਤੀ ਕਾਮੇ ਹਨ ਜਿਨ੍ਹਾਂ 'ਚੋਂ ਸਿਰਫ 18000 ਕਾਨੂੰਨੀ ਵਾਸੀ ਹਨ। ਵੱਡੀ ਗਿਣਤੀ ਭਾਰਤੀ ਲੋਕ ਖੇਤੀ ਕਾਮੇ ਸਨ ਜੋ ਯੂਨਾਨ ਦੇ ਵੱਖ-ਵੱਖ ਟਾਪੂਆਂ 'ਤੇ ਕੰਮ ਕਰ ਰਹੇ ਸਨ ਤੇ ਕੁਝ ਕੁ ਕਾਮੇ ਹੀ ਏਥਨਜ਼ ਰਹਿੰਦੇ ਹਨ। ਸ੍ਰੀ ਗਾਂਧੀ ਅਨੁਸਾਰ ਏਥਨਜ਼ 'ਚ ਹੋਏ ਦੰਗਿਆਂ ਦਾ ਭਾਰਤੀ ਖੇਤੀ ਕਾਮਿਆਂ 'ਤੇ ਘੱਟ ਅਸਰ ਪਿਆ ਕਿਉਂਕਿ ਉਨ੍ਹਾਂ 'ਚੋਂ ਬਹੁਤੇ ਰਾਜਧਾਨੀ ਤੋਂ ਬਾਹਰ ਕੰਮ ਕਰਦੇ ਸਨ ਤੇ ਇਸ ਤੋਂ ਇਲਾਵਾ ਸਥਾਨਕ ਲੋਕੀਂ ਭਾਰਤੀਆਂ ਦਾ ਮਾਣ ਤੇ ਸਤਿਕਾਰ ਵੀ ਕਰਦੇ ਹਨ।

ਗਾਂਧੀ ਦਾ ਕਹਿਣਾ ਹੈ ਕਿ ਸਪੇਨ ਤੇ ਫਰਾਂਸ ਤੋਂ ਵੀ ਭਾਰਤੀ ਕਾਮੇ ਨਿਕਲ ਰਹੇ ਹਨ ਕਿਉਂਕਿ ਮੰਦੇ ਨੇ ਉਥੇ ਵੀ ਨੌਕਰੀਆਂ 'ਤੇ ਕਾਫੀ ਮਾੜਾ ਅਸਰ ਪਾਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਭਾਰਤੀ ਯੂਰਪ 'ਚ ਕਿਧਰੇ ਹੋਰ ਨਾ ਜਾ ਕੇ ਸਿੱਧੇ ਭਾਰਤ ਵੱਲ ਮੂੰਹ ਕਰ ਰਹੇ ਹਨ। ਯੂਨਾਨ ਦੇ ਆਰਥਿਕ ਮਾਹਰਾਂ ਨੂੰ ਆਸ ਹੈ ਕਿ ਚੀਨ ਦਾ ਨਿਵੇਸ਼ ਦੇਸ਼ ਨੂੰ ਸੰਕਟ 'ਚੋਂ ਕੱਢ ਲਏਗਾ।

## ਪਾਕਿਸਤਾਨ ਵੱਲੋਂ ਘੱਟ ਗਿਣਤੀਆਂ ਬਾਰੇ ਮੰਤਰਾਲਾ ਖ਼ਤਮ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਘੱਟ ਗਿਣਤੀਆਂ ਬਾਰੇ ਮੰਤਰਾਲਾ ਖ਼ਤਮ ਕਰ ਦਿੱਤਾ ਹੈ ਜਿਸ ਨਾਲ ਸਿੱਖਾਂ ਸਣੇ ਹੋਰਾਂ ਘੱਟ ਗਿਣਤੀ ਲੋਕਾਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਹੁਣ ਉਨ੍ਹਾਂ ਕੋਲ ਅਪਣੀ ਗੱਲ ਰਖਣ ਦਾ ਕੋਈ ਮੰਚ ਨਹੀਂ ਰਹਿ ਗਿਆ। ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਨੇ 2008 ਵਿਚ ਇਹ ਮੰਤਰਾਲਾ ਕਾਇਮ ਕੀਤਾ ਸੀ ਤੇ ਇਸ ਦੀ ਵਾਗਡੋਰ ਕੈਥੋਲਿਕ ਈਸਾਈ ਸ਼ਾਹਬਾਜ਼ ਭੱਟੀ ਦੇ ਹੱਥਾਂ ਵਿਚ ਸੀ ਜਿਨ੍ਹਾਂ ਦੀ 2 ਮਾਰਚ 2011 ਨੂੰ ਹੱਤਿਆ ਕਰ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਪਾਕਿ ਸਰਕਾਰ ਨੇ ਖੇਤਰੀ ਪੱਧਰ 'ਤੇ ਤਾਕਤਾਂ ਤਬਦੀਲ ਕਰਨ ਲਈ 7 ਮੰਤਰਾਲੇ ਖ਼ਤਮ ਕੀਤੇ ਹਨ ਜਿਨ੍ਹਾਂ ਵਿਚ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰਾਲੇ ਤੋਂ ਇਲਾਵਾ ਖ਼ੁਰਾਕ ਤੇ ਖੇਤੀਬਾੜੀ, ਸਿਹਤ, ਵਾਤਾਵਰਣ, ਕਿਰਤ, ਮਹਿਲਾ ਵਿਕਾਸ ਤੇ ਖੇਡਾਂ ਸ਼ਾਮਿਲ ਹਨ। ਪਾਕਿਸਤਾਨ ਦੀ ਸੰਸਦ ਸਰਕਾਰੀ ਢਾਂਚੇ ਵਿਚ 18ਵੀਂ ਸੋਧ ਨੂੰ ਪ੍ਰਵਾਨਗੀ ਦੇ ਚੁੱਕੀ ਹੈ। ਸਰਕਾਰ ਇਸ ਕਦਮ ਨੂੰ ਇਤਿਹਾਸਕ ਕਰਾਰ ਦੇ ਰਹੀ ਹੈ। ਉਸ ਦਾ ਕਹਿਣਾ ਹੈ ਕਿ ਦੇਸ਼ ਦੇ ਸੂਬਿਆਂ ਨੂੰ ਖ਼ੁਦਮੁਖਤਿਆਰੀ ਦੇਣ ਤਹਿਤ ਇਹ ਕਦਮ ਚੁੱਕਿਆ ਗਿਆ ਹੈ।

# ਲਸ਼ਕਰ-ਏ-ਤੋਇਬਾ ਅਮਰੀਕਾ ਤੇ ਭਾਰਤ ਲਈ ਸਭ ਤੋਂ ਵੱਡਾ ਖਤਰਾ

**ਵਾਸ਼ਿੰਗਟਨ:** ਲਸ਼ਕਰ-ਏ-ਤੋਇਬਾ ਅਮਰੀਕਾ ਤੇ ਭਾਰਤ ਲਈ ਸਭ ਤੋਂ ਵੱਡਾ ਖਤਰਾ ਹੈ। ਵ੍ਹਾਈਟ ਹਾਊਸ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨੀ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਭਾਰਤੀ ਤੇ ਪੱਛਮੀ ਹਿੱਤਾਂ ਲਈ ਖਤਰਾ ਹੈ। ਵ੍ਹਾਈਟ ਹਾਊਸ ਵੱਲੋਂ ਜਾਰੀ 'ਨੈਸ਼ਨਲ ਸਟਰੈਟਜੀ ਫਾਰ ਕਾਊਂਟਰ ਟੈਰਰਿਜ਼ਮ' (ਅਤਿਵਾਦ ਵਿਰੋਧੀ ਕੌਮੀ ਨੀਤੀ) ਮੁਤਾਬਕ ਸਾਲ 2008 ਵਿਚ ਹੋਏ ਮੁੰਬਈ ਹਮਲੇ ਲਈ ਜ਼ਿੰਮੇਵਾਰ ਸਮੂਹ ਦੱਖਣੀ ਏਸ਼ੀਆ ਲਸ਼ਕਰ-ਏ-ਤੋਇਬਾ ਦੱਖਣੀ ਏਸ਼ੀਆ ਤੇ ਹੋਰ ਥਾਵਾਂ ਉਪਰ ਭਾਰਤੀ, ਅਮਰੀਕੀ ਤੇ ਹੋਰ ਪੱਛਮੀ ਦੇਸ਼ਾਂ ਦੇ ਹਿੱਤਾਂ ਲਈ ਬਹੁਤ ਗੰਭੀਰ ਖਤਰਾ ਹੈ।

ਮੁੰਬਈ ਹਮਲੇ ਵਿਚ ਛੇ ਅਮਰੀਕੀ ਨਾਗਰਿਕਾਂ ਸਣੇ 100 ਤੋਂ ਵੱਧ ਲੋਕ ਮਾਰੇ ਗਏ ਸਨ। ਵ੍ਹਾਈਟ ਹਾਊਸ ਨੇ 19 ਸਫ਼ਿਆਂ ਦੀ ਇਸ ਰਿਪੋਰਟ ਵਿੱਚ ਕਿਹਾ ਹੈ ਕਿ ਲਸ਼ਕਰ-ਏ-ਤੋਇਬਾ ਖ਼ਿਲਾਫ਼ ਅਮਰੀਕਾ ਦੀਆਂ ਅਤਿਵਾਦ ਵਿਰੋਧੀ ਕੋਸ਼ਿਸ਼ਾਂ ਲਗਾਤਾਰ ਜਾਰੀ ਰਹਿਣਗੀਆਂ। ਇਸ ਰਿਪੋਰਟ ਰਾਹੀਂ ਵ੍ਹਾਈਟ ਹਾਊਸ ਨੇ ਪਹਿਲੀ ਵਾਰ ਅਤਿਵਾਦ ਨਾਲ ਲੜਨ ਦੀਆਂ ਆਪਣੀਆਂ ਯੋਜਨਾਵਾਂ ਨੂੰ ਜਨਤਕ ਕੀਤਾ ਹੈ।

ਉਧਰ ਅਮਰੀਕਾ ਦੀ ਫੌਜ ਦੇ ਇਕ ਸਾਬਕਾ ਜਨਰਲ ਜੈਕ ਕੀਏਨੇ ਨੇ ਕਿਹਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨਾ ਸਿਰਫ਼ ਅਤਿਵਾਦੀਆਂ ਦੀ ਮਦਦ ਕਰ ਰਹੀ ਹੈ ਸਗੋਂ ਉਨ੍ਹਾਂ ਨੂੰ ਸਿਖਲਾਈ ਤੇ ਖੁਫੀਆ ਜਾਣਕਾਰੀ ਵੀ ਦੇ ਰਹੀ ਹੈ।

ਸਾਬਕਾ ਫੌਜ ਮੁਖੀ ਨੇ ਦੋਸ਼ ਲਾਇਆ ਕਿ ਪਾਕਿ ਫੌਜ ਦਾ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਜੋ ਕਦੇ ਆਈ.ਐਸ.ਆਈ. ਦਾ ਮੁਖੀ ਸੀ, ਨੇ ਹਮੇਸ਼ਾ ਇਸ ਬਾਰੇ ਅਮਰੀਕਾ ਨੂੰ ਗੁੰਮਰਾਹ ਕੀਤਾ ਹੈ। ਅਮਰੀਕਾ ਕੋਲ ਪਾਕਿ ਨੂੰ ਅਤਿਵਾਦ ਖ਼ਿਲਾਫ਼ ਲੜਾਈ ਲਈ ਮਦਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਇਸ ਦੇ ਨਾਲ ਹੀ ਅਮਰੀਕਾ ਦੇ ਉੱਘੇ ਰਿਪਬਲਿਕਨ ਸੈਨੇਟਰ ਜੋਹਨ ਮੈਕੇਨ ਨੇ ਕਿਹਾ ਹੈ ਕਿ ਆਈ.ਐਸ.ਆਈ. ਨੇ ਪਾਕਿ ਦੇ ਕਬਾਇਲੀ ਇਲਾਕੇ ਵਿਚਲੀਆਂ ਬੰਬ ਬਣਾਉਣ ਵਾਲੀਆਂ ਦੋ ਫੈਕਟਰੀਆਂ ਉਪਰ ਹਮਲਾ ਕੀਤੇ ਜਾਣ ਤੋਂ ਪਹਿਲਾਂ ਇਹ ਜਾਣਕਾਰੀ ਅਤਿਵਾਦੀਆਂ ਨੂੰ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੀ.ਆਈ.ਏ. ਦੇ ਮੁਖੀ ਲਿਓਨ ਪਨੇਟਾ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਹਮਲੇ ਤੋਂ ਪਹਿਲਾਂ ਆਈ.ਐਸ.ਆਈ. ਨੇ ਅਤਿਵਾਦੀਆਂ ਨੂੰ ਦੱਸ ਦਿੱਤਾ ਸੀ ਜਿਸ ਕਾਰਨ ਅਤਿਵਾਦੀ ਹਮਲੇ ਵਿਚ ਬਚ ਗਏ। ਅਲ-ਕਾਇਦਾ ਦੇ ਮੁਖੀ ਉਸਾਮਾ ਬਿਨ-ਲਾਦਿਨ ਖ਼ਿਲਾਫ਼ ਕਾਰਵਾਈ ਵੇਲੇ ਇਸੇ ਕਰਕੇ ਹੀ ਭਾਫ ਨਹੀਂ ਸੀ ਕੱਢੀ ਗਈ।

## ਨਿੱਕੀ ਰੰਧਾਵਾ ਹੈਲੇ ਦੀ ਸਵੈ ਜੀਵਨੀ ਮੁਕੰਮਲ

**ਵਾਸ਼ਿੰਗਟਨ:** ਦੱਖਣੀ ਕੈਰੋਲੀਨਾ ਸੂਬੇ ਦੀ ਭਾਰਤੀ ਮੂਲ ਦੀ ਅਮਰੀਕੀ ਗਵਰਨਰ ਨਿੱਕੀ ਰੰਧਾਵਾ ਹੈਲੇ ਦੀ ਸਵੈ ਜੀਵਨੀ ਦੇ ਪ੍ਰਕਾਸ਼ਨ ਦੀਆਂ ਤਿਆਰ ਹੈ। ਉਸ ਦੀ ਸਵੈ ਜੀਵਨੀ ਉਸ ਦੇ 40ਵੇਂ ਜਨਮ ਦਿਨ ਦੇ ਨੇੜੇ ਜਨਵਰੀ 2012 ਤੱਕ ਰਿਲੀਜ਼ ਹੋਵੇਗੀ। ਉਸ ਦੀ ਕਿਤਾਬ 'ਕਾਂਟ ਇਜ਼ ਨਾਟ ਐਨ ਆਪਸ਼ਨ' ਨੂੰ ਸੈਂਟੀਨਲ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾਵੇਗਾ। ਅਮਰੀਕਾ ਦੀ ਸਭ ਤੋਂ ਘੱਟ ਉਮਰ ਦੀ ਗਵਰਨਰ ਨਿੱਕੀ ਹੈਲੇ ਉਰਫ ਨਮਰਤਾ ਨਿੱਕੀ ਰੰਧਾਵਾ ਪੰਜਾਬ ਤੋਂ 1972 ਵਿਚ ਅਮਰੀਕਾ ਆਏ ਸਿੱਖ ਮਾਪਿਆਂ ਦੀ ਧੀ ਹੈ।



ਇਸ ਸਾਲ ਮਾਰਚ ਵਿਚ ਪ੍ਰਕਾਸ਼ਿਤ ਹੋਈ ਇੰਟਰਵਿਊ ਵਿਚ ਉਸ ਹੈਲੇ ਨੇ ਸਵੈ ਜੀਵਨੀ ਬਾਰੇ ਦੱਸਦੇ ਹੋਏ ਕਿਹਾ ਸੀ ਕਿ ਇਸ ਵਿਚ ਉਸ ਵੱਲੋਂ ਦੱਖਣੀ ਕੈਰੋਲੀਨਾ ਦੇ ਪੇਂਡੂ ਖੇਤਰ ਵਿਚ ਬਿਤਾਏ ਬਚਪਨ ਤੋਂ ਲੈ ਕੇ 2010 ਦੀ ਚੋਣ ਮੁਹਿੰਮ ਤੱਕ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਉਸ ਨੇ ਕਿਹਾ ਸੀ ਕਿ ਕਿਸ ਤਰ੍ਹਾਂ ਉਸ ਨੇ ਧਰਮ ਪਰਿਵਰਤਨ ਦੇ ਦੋਸ਼ਾਂ ਦਾ ਸਾਹਮਣਾ ਕੀਤਾ ਤੇ ਉਨ੍ਹਾਂ ਨੂੰ ਨਕਾਰਿਆ, ਇਸ ਬਾਰੇ ਵਿਸਥਾਰ ਨਾਲ ਕਿਤਾਬ ਵਿਚ ਜਾਣਕਾਰੀ ਦਿੱਤੀ ਗਈ ਹੈ।

# ਪਰਮਾਣੂ ਸੰਧੀ ਨਾਲ ਭਾਰਤ-ਅਮਰੀਕਾ ਦੇ ਰਿਸ਼ਤਿਆਂ 'ਚ 'ਨਿੱਘ'

**ਨਵੀਂ ਦਿੱਲੀ:** ਅਮਰੀਕਾ ਨੇ ਕਿਹਾ ਹੈ ਕਿ ਭਾਰਤ ਨਾਲ ਹੋਈ ਉਸ ਦੀ ਗੈਰ-ਫੌਜੀ ਪ੍ਰਮਾਣੂ ਸੰਧੀ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਇਤਿਹਾਸਕ ਮੋੜ ਲੈ ਕੇ ਆਈ ਹੈ ਤੇ ਆਸ ਪ੍ਰਗਟਾਈ ਹੈ ਕਿ ਦੋਵਾਂ ਮੁਲਕਾਂ ਦੇ ਇਹ ਸਬੰਧ ਅੱਗੇ ਵੀ ਸਾਕਾਰਾਤਮਕ ਰਹਿਣਗੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਰਾਜਦੂਤ ਵਜੋਂ ਕਾਰਜਕਾਲ ਦੌਰਾਨ ਦੋਵਾਂ ਦੇਸ਼ਾਂ ਦੇ ਸਬੰਧਾਂ 'ਚ ਵੱਡਾ ਸੁਧਾਰ ਆਇਆ ਹੈ ਤੇ ਪਹਿਲਾਂ ਕਦੇ ਵੀ ਇੰਨੇ ਵਧੀਆ ਸਬੰਧ ਨਹੀਂ ਸਨ। ਅਮਰੀਕਾ ਨੇ ਕਿਹਾ ਹੈ ਕਿ ਉਹ ਪ੍ਰਮਾਣੂ ਸਮਗਰੀ ਮੁਹੱਈਆ ਕਰਨ ਵਾਲੇ ਸਮੂਹ (ਐਨ.ਐਸ.ਜੀ.) ਵੱਲੋਂ ਭਾਰਤ ਨੂੰ ਛੋਟ ਦਿੱਤੇ ਜਾਣ ਦਾ ਮਜ਼ਬੂਤੀ ਤੇ ਪੁਰਜ਼ੋਰ ਢੰਗ ਨਾਲ ਸਮਰਥਨ ਕਰਦਾ ਹੈ। ਉਸ ਨੇ ਨਾਲ ਹੀ ਇਹ ਆਸ ਵੀ ਪ੍ਰਗਟਾਈ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਹੋਇਆ ਗੈਰ ਫ਼ੌਜੀ ਪ੍ਰਮਾਣੂ ਊਰਜਾ ਸਮਝੌਤਾ ਸਾਰਥਕ ਤੌਰ 'ਤੇ ਅੱਗੇ ਵਧਦਾ ਰਹੇਗਾ।

ਅਮਰੀਕਾ ਦੇ ਭਾਰਤ ਵਿਚਲੇ ਰਾਜਦੂਤ ਟਿਮੋਥੀ ਜੇ. ਰੋਇਮਰ ਨੇ ਆਪਣੇ ਕਾਰਜਕਾਲ ਦੇ ਆਖਰੀ ਦਿਨ ਗੱਲਬਾਤ ਕਰਦਿਆਂ ਕਿਹਾ ਕਿ "ਹਾਲ ਹੀ ਦੌਰਾਨ ਪਰਮਾਣੂ ਸਪਲਾਇਰ ਗਰੁੱਪ ਵੱਲੋਂ ਪਰਮਾਣੂ ਈਂਧਣ ਸਪਲਾਈ ਕਰਨ ਦੇ ਮਾਮਲੇ ਵਿਚ ਨਿਯਮ ਸਖ਼ਤ ਕਰਨ ਬਾਰੇ ਕੀਤੀ ਜਾ ਰਹੀ ਕਾਰਵਾਈ ਦੇ ਬਾਵਜੂਦ ਭਾਰਤ-ਅਮਰੀਕਾ ਪਰਮਾਣੂ ਸਬੰਧਾਂ ਉਪਰ ਕੋਈ ਅਸਰ ਨਹੀਂ ਪਵੇਗਾ।

ਅਮਰੀਕਾ ਦੇ ਹਵਾਈ ਅੱਡਿਆਂ ਉਪਰ ਭਾਰਤੀ ਹਸਤੀਆਂ ਦੀ ਜਾਂਚ ਦੇ ਨਾਂ ਉੱਪਰ ਕੀਤੀ ਜਾ ਰਹੀ 'ਬੇਇੱਜ਼ਤੀ' ਬਾਰੇ ਉਨ੍ਹਾਂ ਕਿਹਾ ਕਿ ਅਮਰੀਕਾ ਅਜਿਹੀਆਂ ਘਟਨਾਵਾਂ ਰੋਕਣ ਲਈ ਕਾਰਵਾਈ ਕਰ ਰਿਹਾ ਹੈ। ਸ੍ਰੀ ਰੋਇਮਰ ਨੇ ਕਿਹਾ ਕਿ "ਜਦੋਂ ਜੈਨੇਟ ਨਪੋਲੀਟਾਨੋ (ਅਮਰੀਕੀ ਗ੍ਰਹਿ ਮੰਤਰੀ) ਇੱਥੇ ਆਏ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਓਬਾਮਾ ਪ੍ਰਸ਼ਾਸਨ ਅਜਿਹੀ ਨੀਤੀ 'ਤੇ ਵਿਚਾਰ ਕਰ ਰਿਹਾ ਹੈ ਜਿਸ ਨਾਲ ਭਾਰਤੀ ਮੰਤਰੀਆਂ ਤੇ ਹੋਰ ਅਹਿਮ ਸ਼ਖ਼ਸੀਅਤਾਂ ਨੂੰ ਅਜਿਹੇ ਹਾਲਾਤ ਵਿਚੋਂ ਨਾ ਲੰਘਣਾ ਪਏ ਜਿਸ ਨਾਲ ਉਨ੍ਹਾਂ ਦੇ ਸਨਮਾਨ ਨੂੰ ਸੱਟ ਵੱਜੇ।

ਜ਼ਿਕਰਯੋਗ ਹੈ ਕਿ ਹਾਲ ਹੀ ਦੌਰਾਨ ਅਮਰੀਕਾ ਵਿਚਲੀ ਭਾਰਤੀ ਸਫ਼ੀਰ ਮੀਰਾ ਸ਼ੰਕਰ ਤੇ ਕੁਝ ਹੋਰ ਡਿਪਲੋਮੈਟਾਂ ਦਾ ਹਵਾਈ ਅੱਡਿਆਂ 'ਤੇ ਜਾਂਚ ਦੇ ਨਾਂ ਉਪਰ 'ਅਪਮਾਨ' ਕੀਤਾ ਗਿਆ।ਅਮਰੀਕੀ ਸਫ਼ੀਰ ਨੇ ਕਿਹਾ ਕਿ ਪਿਛਲੇ ਦਸ ਸਾਲਾਂ ਵਿਚ ਭਾਰਤ ਤੇ ਅਮਰੀਕਾ ਇਕ-ਦੂਜੇ ਦੇ ਕਾਫ਼ੀ ਨੇੜੇ ਆਏ ਸਨ। ਦੋਵਾਂ ਨੇ ਅਤਿਵਾਦ ਬਾਰੇ ਖ਼ੁਫ਼ੀਆ ਸੂਚਨਾਵਾਂ ਸਾਂਝੀਆਂ ਕਰਨ ਦੇ ਮਾਮਲੇ ਵਿਚ ਅਹਿਮ ਕਦਮ ਪੁੱਟੇ ਹਨ। ਦੋਵੇਂ ਮੁਲਕ ਸ਼ਾਂਤਮਈ ਅਫ਼ਗਾਨਿਸਤਾਨ ਚਾਹੁੰਦੇ ਹਨ।

# ਆਸਟਰੇਲੀਆ 'ਚ ਸਖ਼ਤ ਪਰਵਾਸ ਨਿਯਮ ਲਾਗੂ

**ਮੈਲਬਰਨ:** ਆਸਟਰੇਲੀਆ ਵਿਚ ਨਵੇਂ ਪਰਵਾਸ ਨਿਯਮ ਲਾਗੂ ਹੋ ਗਏ ਹਨ ਜਿਨ੍ਹਾਂ ਨਾਲ ਦੇਸ਼ ਵਿਚ ਪਰਵਾਸ ਦੇ ਇੱਛੁਕ ਲੋਕਾਂ ਲਈ ਉੱਚ ਵਿਦਿਆ ਤੇ ਆਧੁਨਿਕ ਅੰਗਰੇਜ਼ੀ ਭਾਸ਼ਾ ਦੇ ਗਿਆਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ।




ਆਸਟਰੇਲੀਆ ਦੇ ਅਧਿਕਾਰੀਆਂ ਨੇ ਦੱਸਿਆ ਕਿ ਨਵੇਂ ਨਿਯਮਾਂ ਦਾ ਉਦੇਸ਼ ਉਮੀਦਵਾਰਾਂ ਦੀ ਭੀੜ ਵਿਚੋਂ ਸਰਵੋਤਮ ਤੇ ਪ੍ਰਤਿਭਾਸ਼ਾਲੀ ਉਮੀਦਵਾਰਾਂ ਦੀ ਚੋਣ ਕਰਨਾ ਹੈ। ਇਸ ਦੌਰਾਨ ਇਥੋਂ ਦੇ ਭਾਰਤੀ ਸਮੂਹਾਂ ਨੇ ਇਨ੍ਹਾਂ ਨਿਯਮਾਂ ਦੀ ਆਲੋਚਨਾ ਕੀਤੀ ਹੈ। ਆਸਟਰੇਲੀਆ ਸਰਕਾਰ ਨੇ ਆਪਣੀ ਸੁਤੰਤਰ ਹੁਨਰਮੰਦ ਪਰਵਾਸੀ ਜਾਂਚ ਪ੍ਰਣਾਲੀ ਵਿਚ ਤਬਦੀਲੀ ਕਰਕੇ ਨਵੀਂ ਪਰਵਾਸ ਨੀਤੀ ਲਾਗੂ ਕੀਤੀ ਹੈ ਤਾਂ ਜੋ ਕੰਮ ਦੇ ਤਜਰਬੇ ਤੇ ਅੰਗਰੇਜ਼ੀ ਵਿਚ ਪੜ੍ਹਨ ਸਣੇ ਉੱਚ ਵਿਦਿਅਕ ਯੋਗਤਾ ਉਪਰ ਜ਼ੋਰ ਦਿੱਤਾ ਜਾ ਸਕੇ। ਪਰਵਾਸ ਮੰਤਰੀ ਕ੍ਰਿਸ ਬੋਵੇਨ ਨੇ ਕਿਹਾ ਹੈ ਕਿ ਇਹ ਤਬਦੀਲੀ ਸਰਕਾਰ ਵੱਲੋਂ ਇਸ ਸਾਲ ਫਰਵਰੀ ਵਿਚ ਐਲਾਨੀ ਹੁਨਰਮੰਦ ਪਰਵਾਸ ਪ੍ਰੋਗਰਾਮ ਵਿਚ ਸੁਧਾਰਾਂ ਦੀ ਲੜੀ ਤਹਿਤ ਅਹਿਮ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੁਧਾਰਾਂ ਨਾਲ ਹੁਨਰਮੰਦ ਪਰਵਾਸੀ ਪ੍ਰੋਗਰਾਮ ਦੀ ਨੀਂਹ ਤਿਆਰ ਹੋਵੇਗੀ ਜੋ ਸਾਡੀ ਆਰਥਿਕ ਜ਼ਰੂਰਤ ਤੇ ਲੰਮੇ ਸਮੇਂ ਵਿਚ ਆਸਟਰੇਲੀਆ ਦੇ ਹਿੱਤਾਂ ਦੀ ਪੂਰਤੀ ਕਰੇਗੀ।

ਉਧਰ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਆਫ ਵਿਕਟੋਰੀਆ ਨੇ ਨਵੇਂ ਸਿਸਟਮ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਅੰਗਰੇਜ਼ੀ ਭਾਸ਼ਾ ਵਿਚ ਚੰਗੀ ਪਕੜ ਵਰਗੀ ਗੱਲ ਬਹੁਤ ਗਲਤ ਹੈ। ਜਥੇਬੰਦੀ ਦੇ ਪ੍ਰਧਾਨ ਵਾਸਨ ਸ੍ਰੀਨਿਵਾਸਨ ਨੇ ਕਿਹਾ ਕਿ ਅੰਗਰੇਜ਼ੀ ਵਾਲੀ ਗੱਲ ਨਾਲ ਹੁਨਰਮੰਦ ਲੋਕਾਂ ਦਾ ਇਥੇ ਆਉਣਾ ਔਖਾ ਹੋ ਜਾਵੇਗਾ।

# ਮੋਦੀ ਸਰਕਾਰ ਵੱਲੋਂ ਦੰਗਿਆਂ ਸਬੰਧੀ ਰਿਕਾਰਡ ਨਸ਼ਟ

**ਅਹਿਮਦਾਬਾਦ:** ਗੁਜਰਾਤ ਦੰਗਿਆਂ ਦੇ ਸ਼ਿਕਾਰ ਲੋਕਾਂ ਦਾ ਪੱਖ ਪੇਸ਼ ਕਰਨ ਵਾਲੇ ਵਕੀਲਾਂ ਤੇ ਕਾਂਗਰਸ ਨੇ ਗੁਜਰਾਤ ਸਰਕਾਰ ਦੀ 2002 ਦੇ ਗੁਜਰਾਤ ਦੰਗਿਆਂ ਦੇ ਸਮੇਂ ਸਬੰਧੀ ਰਿਕਾਰਡ ਨਸ਼ਟ ਕੀਤੇ ਜਾਣ 'ਤੇ ਗੁਜਰਾਤ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ। ਇਹ ਰਿਕਾਰਡ ਸੂਬਾ ਸਰਕਾਰ ਦੇ ਖੁਫ਼ੀਆ ਬਿਊਰੋ ਵੱਲੋਂ ਇਕੱਠੇ ਕੀਤੇ ਗਏ ਸਨ।



ਗੁਜਰਾਤ ਕਾਂਗਰਸ ਦੇ ਮੁਖੀ ਅਰਜੁਨ ਮੋਧਵਾਦੀਆ ਨੇ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਤੇ ਉਸ ਦੇ ਕੈਬਨਿਟ ਸਹਿਯੋਗੀਆਂ ਦੀ ਸ਼ਮੂਲੀਅਤ ਨਾਲ ਸਬੰਧਤ ਸਚਾਈ ਨੂੰ ਛੁਪਾਉਣ ਲਈ ਇਹ ਰਿਕਾਰਡ ਖਤਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਦਾਲਤ 'ਚ ਚੱਲ ਰਹੇ ਮਾਮਲੇ ਨਾਲ ਸਬੰਧਤ ਰਿਕਾਰਡ ਨੂੰ ਖ਼ਤਮ ਕਰਨਾ ਅਪਰਾਧਕ ਅਣਗਹਿਲੀ ਹੈ। ਇਸ ਸਬੰਧਤ ਕਮਿਸ਼ਨ ਵੱਲੋਂ ਹਾਲੇ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸੁਪਰੀਮ ਕੋਰਟ ਦੀ ਨਜ਼ਰਸਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ।

2002 ਦੰਗਿਆਂ ਦੀ ਜਾਂਚ ਕਰ ਰਹੇ ਨਾਨਾਵਤੀ ਕਮਿਸ਼ਨ ਦੇ ਸੂਬਾ ਸਰਕਾਰ ਦੇ ਪੱਖ ਤੋਂ ਵਕੀਲ ਦਾ ਕਹਿਣਾ ਹੈ ਕਿ ਟੈਲੀਫੋਨ ਕਾਲਾਂ ਦੇ ਰਿਕਾਰਡ, ਅਧਿਕਾਰੀਆਂ ਦੇ ਕਾਰਵਾਈ ਬਾਰੇ ਰਿਕਾਰਡ ਅਤੇ ਵਰਤੇ ਗਏ ਸਾਧਨਾਂ ਬਾਰੇ ਰਿਕਾਰਡ 2007 ਵਿਚ ਖ਼ਤਮ ਕਰ ਦਿੱਤੇ ਗਏ ਸਨ। ਉਨ੍ਹਾਂ ਬੀਤੇ ਦਿਨੀਂ ਦੱਸਿਆ ਕਿ ਇਹ ਰਿਕਾਰਡ ਸਰਕਾਰ ਦੇ ਕਾਨੂੰਨ ਮੁਤਾਬਕ ਨਸ਼ਟ ਕੀਤੇ ਗਏ ਹਨ। ਨਸ਼ਟ ਕੀਤੇ ਗਏ ਰਿਕਾਰਡ 2002 ਦੇ ਗੁਜਰਾਤ ਦੰਗਿਆਂ ਦੇ ਅਹਿਮ ਸਬੂਤ ਸਨ।

# ਜਬਰ ਜਨਾਹ ਦਾ ਮਾਮਲਾ: ਬੀਬੀ ਚਾਵਲਾ ਬ੍ਰਹਮਪੁਰਾ ਖ਼ਿਲਾਫ਼ ਡਟੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਤਰਨਤਾਰਨ ਦੀ 13 ਸਾਲਾ ਨਾਬਾਲਗ ਲੜਕੀ ਨਾਲ ਜਬਰ ਜਨਾਹ ਦੇ ਮਾਮਲੇ ਨੂੰ ਲੈ ਕੇ ਸਮਾਜਿਕ ਸੁਰੱਖਿਆ ਤੇ ਔਰਤਾਂ ਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਕੈਬਨਿਟ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਖ਼ਿਲਾਫ਼ ਝੰਡਾ ਚੁੱਕ ਲਿਆ ਹੈ। ਪੰਜਾਬ ਸਰਕਾਰ ਦੇ ਮੰਤਰੀਆਂ ਦੇ ਆਹਮੋ-ਸਾਹਮਣੇ ਹੋਣ ਨਾਲ ਇਹ ਮਾਮਲਾ ਅਕਾਲੀ-ਭਾਜਪਾ ਰਿਸਤਿਆਂ 'ਚ ਮੁੜ ਕੁੜੱਤਣ ਦਾ ਸਬੱਬ ਬਣ ਸਕਦਾ ਹੈ। ਇਸ ਮਾਮਲੇ ਵਿਚ ਪੀੜਤ ਲੜਕੀ ਨੂੰ ਨਿਆਂ ਦਿਵਾਉਣ ਲਈ ਭਾਜਪਾ ਨਾਲ ਸਬੰਧਤ ਮੰਤਰੀ ਬੀਬੀ ਚਾਵਲਾ ਇਹ ਮਾਮਲਾ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਲੈ ਗਏ ਹਨ ਜਦੋਂਕਿ ਦੂਜੇ ਪਾਸੇ ਇਹ ਮਾਮਲਾ ਸਿੱਧੇ-ਅਸਿੱਧੇ ਰੂਪ ਵਿਚ ਅਕਾਲੀ ਕੈਬਨਿਟ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਜੁੜਿਆ ਹੋਇਆ ਹੈ। ਪੀੜਤ ਲੜਕੀ ਨੇ ਜਬਰ ਜਨਾਹ ਕਰਨ ਦਾ ਦੋਸ਼ ਕੈਬਨਿਟ ਮੰਤਰੀ ਦੇ ਨੇੜਲੇ ਰਿਸ਼ਤੇਦਾਰ 'ਤੇ ਲਾਇਆ ਹੈ ਤੇ ਪੁਲੀਸ ਵੱਲੋਂ ਉਸ ਖ਼ਿਲਾਫ਼ ਕੇਸ ਵੀ ਦਰਜ ਕੀਤਾ ਗਿਆ ਹੈ ਪਰ ਹੁਣ ਤੱਕ ਮੁਲਜ਼ਮ ਨੂੰ ਪੁਲੀਸ ਨੇ ਕਾਬੂ ਨਹੀਂ ਕੀਤਾ।

## ਮਾਮਲਾ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਉਠਾਇਆ






ਇਹ ਘਟਨਾ ਇਕ ਜੂਨ ਨੂੰ ਸਾਹਮਣੇ ਆਈ ਸੀ ਜਦੋਂ ਨਾਬਾਲਗ ਲੜਕੀ ਦੀ ਮਾਤਾ ਸੁਖਪ੍ਰੀਤ ਕੌਰ ਨੇ ਤਰਨਤਾਰਨ ਦੇ ਪੁਲੀਸ ਥਾਣੇ 'ਚ ਇਸ ਬਾਰੇ ਸ਼ਿਕਾਇਤ ਦਰਜ ਕਰਾਈ। ਸ਼ਿਕਾਇਤ ਵਿਚ ਉਸ ਨੇ ਆਪਣੀ 13 ਸਾਲਾ ਨਾਬਾਲਗ ਧੀ ਨਾਲ ਜਬਰ ਜਨਾਹ ਕਰਨ ਦਾ ਦੋਸ਼ ਸਤਨਾਮ ਸਿੰਘ ਨਾਂ ਦੇ ਵਿਅਕਤੀ 'ਤੇ ਲਾਇਆ ਜੋ ਕੈਬਨਿਟ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਦੇ ਭਰਾ ਦਾ ਜਵਾਈ ਹੈ। ਨਾਬਾਲਗ ਲੜਕੀ ਨੇ ਪੁਲੀਸ ਨੂੰ ਦੱਸਿਆ ਸੀ ਕਿ ਉਹ ਇਥੇ ਤਰਨਤਾਰਨ ਵਿਖੇ ਆਪਣੀ ਨਾਨੀ ਕੋਲ ਰਹਿਣ ਲਈ ਆਈ ਹੋਈ ਸੀ ਕਿ ਇਸ ਦੌਰਾਨ ਉਕਤ ਵਿਅਕਤੀ ਨੇ ਉਸ ਨਾਲ ਜਬਰ ਜਨਾਹ ਕੀਤਾ। ਉਕਤ ਵਿਅਕਤੀ ਵੱਲੋਂ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ ਸੀ। ਪੁਲੀਸ ਵੱਲੋਂ ਬਿਆਨਾਂ ਦੇ ਆਧਾਰ 'ਤੇ ਸਤਨਾਮ ਸਿੰਘ ਖ਼ਿਲਾਫ਼ ਧਾਰਾ 376, 120 ਬੀ ਤੇ 506 ਤਹਿਤ ਕੇਸ ਦਰਜ ਕਰ ਲਿਆ ਗਿਆ ਸੀ ਪਰ ਹੁਣ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

ਇਹ ਮਾਮਲਾ ਜਗ ਜ਼ਾਹਰ ਹੋਣ 'ਤੇ ਬੀਬੀ ਚਾਵਲਾ ਪੀੜਤ ਲੜਕੀ ਨੂੰ ਮਿਲਣ ਲਈ ਵੀ ਗਏ ਸਨ। ਇਸ ਬਾਰੇ ਗੱਲਬਾਤ ਕਰਦਿਆਂ ਬੀਬੀ ਚਾਵਲਾ ਨੇ ਦੱਸਿਆ ਉਨ੍ਹਾਂ ਇਹ ਮਾਮਲਾ ਪਹਿਲਾਂ ਸੂਬੇ ਦੀ ਮਹਿਲਾ ਕਮਿਸ਼ਨ ਕੋਲ ਕਾਰਵਾਈ ਲਈ ਭੇਜਿਆ ਸੀ ਪਰ ਮਹਿਲਾ ਕਮਿਸ਼ਨ ਵੱਲੋਂ ਇਸ ਬਾਰੇ ਕੋਈ ਤਸੱਲੀਬਖਸ਼ ਕਾਰਵਾਈ ਨਹੀਂ ਕੀਤੀ ਗਈ। ਹੁਣ ਉਨ੍ਹਾਂ ਇਹ ਮਾਮਲਾ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਭੇਜਿਆ ਹੈ ਤਾਂ ਜੋ ਪੀੜਤ ਲੜਕੀ ਤੇ ਉਸ ਦੇ ਮਾਪਿਆਂ ਨੂੰ ਨਿਆਂ ਮਿਲ ਸਕੇ। ਇਸ ਮਾਮਲੇ ਵਿਚ ਉਨ੍ਹਾਂ ਪੁਲੀਸ ਕਾਰਵਾਈ 'ਤੇ ਵੀ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਸ਼ੰਕਾ ਪ੍ਰਗਟਾਈ ਹੈ ਕਿ ਪੀੜਤ ਲੜਕੀ ਦੇ ਮਾਪਿਆਂ 'ਤੇ ਦਬਾਅ ਪਾ ਕੇ ਮਾਮਲਾ ਰਫ਼ਾ ਦਫਾ ਵੀ ਕੀਤਾ ਜਾ ਸਕਦਾ ਹੈ।

ਉਧਰ ਸ. ਬ੍ਰਹਮਪੁਰਾ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਤਫਤੀਸ਼ ਜਾਰੀ ਹੈ ਤੇ ਜਾਂਚ ਤੋਂ ਬਾਅਦ ਹੀ ਦੋਸ਼ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਸਿਰਫ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਏ ਜਾਣ ਨਾਲ ਕੋਈ ਵਿਅਕਤੀ ਦੋਸ਼ੀ ਸਾਬਤ ਨਹੀਂ ਹੋ ਜਾਂਦਾ। ਜੇਕਰ ਦੋਸ਼ ਸਾਬਤ ਹੁੰਦਾ ਹੈ ਤਾਂ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ। ਇਸ ਮਾਮਲੇ ਵਿਚ ਅੰਮ੍ਰਿਤਸਰ ਸਰਹੱਦੀ ਰੇਂਜ ਦੇ ਆਈ.ਜੀ. ਆਈ.ਪੀ.ਐਸ. ਸਹੋਤਾ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਤਰਨ ਤਾਰਨ ਪੁਲੀਸ ਦੇ ਐਸ.ਪੀ. ਤੇਜਿੰਦਰ ਸਿੰਘ ਮੋੜ ਨੂੰ ਸੌਂਪੀ ਗਈ ਹੈ। ਸ੍ਰੀ ਮੋੜ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਾਂਚ ਦਾ ਕੰਮ ਆਖ਼ਰੀ ਪੜਾਅ 'ਤੇ ਹੈ। ਜਾਂਚ ਮੁਕੰਮਲ ਹੋਣ ਉਪਰੰਤ ਉਹ ਇਸ ਬਾਰੇ ਰਿਪੋਰਟ ਐਸ.ਐਸ.ਪੀ. ਨੂੰ ਸੌਂਪ ਦੇਣਗੇ ਤੇ ਇਸ ਅਨੁਸਾਰ ਹੀ ਅਗਲੀ ਕਾਰਵਾਈ ਹੋਵੇਗੀ। ਇਸ ਮਾਮਲੇ ਵਿਚ ਨਾਮਜ਼ਦ ਵਿਅਕਤੀ ਨੂੰ ਹੁਣ ਤੱਕ ਕਾਬੂ ਨਾ ਕੀਤੇ ਜਾਣ ਬਾਰੇ ਉਨ੍ਹਾਂ ਦੱਸਿਆ ਕਿ ਇਹ ਵਿਅਕਤੀ ਫਿਲਹਾਲ ਫਰਾਰ ਹੈ। ਇਹ ਮਾਮਲੇ ਵਿਚ ਅਕਾਲੀ ਭਾਜਪਾ ਭਾਈਵਾਲ ਸਰਕਾਰ ਦੇ ਕੈਬਨਿਟ ਮੰਤਰੀਆਂ ਦੇ ਆਹਮੋ-ਸਾਹਮਣੇ ਆ ਜਾਣ ਕਾਰਨ ਭਾਈਵਾਲ ਰਿਸ਼ਤੇ ਵਿਚ ਮੁੜ ਕੁੜੱਤਣ ਪੈਦਾ ਹੋ ਸਕਦੀ ਹੈ ਤੇ ਇਸ ਦਾ ਪ੍ਰਭਾਵ ਆਉਂਦੀਆਂ ਚੋਣਾਂ 'ਤੇ ਵੀ ਪਵੇਗਾ।

# ਮੁੱਖ ਮੰਤਰੀ ਬਾਦਲ ਨੇ ਸੰਤ ਦੇ ਡੇਰੇ 'ਚ ਚੌਂਕੀ ਭਰੀ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋਆਬੇ ਦੀਆਂ ਵਿਧਾਨ ਸਭਾ ਸੀਟਾਂ 'ਤੇ ਮੁੜ ਅੱਖ ਰੱਖਦਿਆਂ ਦੱਬੇ ਪੈਰੀਂ ਸਿਆਸੀ ਚਾਲਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਗੜ੍ਹਦੀਵਾਲ ਵਿਖੇ ਪਹਿਲੀ ਜੁਲਾਈ ਨੂੰ ਕੀਤੇ ਸੰਗਤ ਦਰਸ਼ਨ ਤੋਂ ਬਾਅਦ ਸ. ਬਾਦਲ ਨੇ ਇੱਛਾ ਜ਼ਾਹਰ ਕੀਤੀ ਕਿ ਉਹ ਸੰਤ ਹਰਨਾਮ ਸਿੰਘ ਦੇ ਡੇਰੇ 'ਤੇ ਰਾਤ ਗੁਜ਼ਾਰਨਗੇ। ਇਹ ਡੇਰਾ ਗੜ੍ਹਦੀਵਾਲ ਨੇੜੇ ਰਾਮਪੁਰ ਖੇੜਾ ਪਿੰਡ ਵਿਚ ਸਥਿਤ ਹੈ। ਪ੍ਰਕਾਸ਼ ਸਿੰਘ ਬਾਦਲ ਪਹਿਲੇ ਅਜਿਹੇ ਮੁੱਖ ਮੰਤਰੀ ਬਣ ਗਏ ਹਨ ਜਿਨ੍ਹਾਂ ਨੇ ਕਿਸੇ ਧਾਰਮਿਕ ਡੇਰੇ 'ਚ ਰਾਤ ਗੁਜ਼ਾਰੀ ਹੋਵੇ।



ਡੇਰਾ ਬਾਬਾ ਹਰਨਾਮ ਸਿੰਘ ਰਾਮਪੁਰ ਖੇੜਾ ਦੇ ਦੋਆਬੇ ਵਿਚ ਵੱਡੀ ਗਿਣਤੀ 'ਚ ਸ਼ਰਧਾਲੂ ਹਨ। ਮੱਸਿਆ ਵਾਲੇ ਦਿਨ ਇਸ ਡੇਰੇ 'ਤੇ ਕਾਫੀ ਸੰਗਤਾਂ ਆਉਂਦੀਆਂ ਹਨ। ਸ. ਬਾਦਲ ਨੇ ਵੀ ਮੱਸਿਆ ਵਾਲੀ ਰਾਤ ਇਸ ਡੇਰੇ ਵਿਚ 'ਚੌਂਕੀ ਭਰੀ'। ਸੰਗਤ ਦਰਸ਼ਨ ਤੋਂ ਸ਼ਾਮੀਂ ਸਾਢੇ 5 ਵਜੇ ਵਿਹਲੇ ਹੋਣ ਬਾਅਦ ਮੁੱਖ ਮੰਤਰੀ ਸਾਢੇ 7 ਵਜੇ ਦੇ ਕਰੀਬ ਡੇਰੇ ਵਿਚ ਪਹੁੰਚ ਗਏ ਤੇ ਫਿਰ ਸਾਰੀ ਰਾਤ ਇਥੇ ਹੀ ਰਹੇ। ਦੋਆਬੇ ਦੇ ਚਾਰ ਜ਼ਿਲ੍ਹਿਆਂ ਦੀਆਂ ਕੁੱਲ 25 ਵਿਧਾਨ ਸਭਾ ਸੀਟਾਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ-ਭਾਜਪਾ ਗੱਠਜੋੜ ਨੇ ਦੋਆਬੇ ਵਿਚ ਹੂੰਝਾ ਫੇਰ ਜਿੱਤ ਹਾਸਲ ਕਰਕੇ ਦੋਆਬੇ ਦੀਆਂ 21 ਸੀਟਾਂ 'ਤੇ ਕਬਜ਼ਾ ਕਰ ਲਿਆ ਸੀ। ਏਨੀ ਵੱਡੀ ਗਿਣਤੀ ਵਿਚ ਦੋਆਬੇ 'ਚੋਂ ਸੀਟਾਂ ਜਿੱਤਣ ਕਾਰਨ ਹੀ ਮੌਜੂਦਾ ਸਰਕਾਰ ਦੇ ਸੱਤਾ ਵਿਚ ਆਉਣ ਦਾ ਰਾਹ ਪੱਧਰ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਮਾਲਵੇ ਵਿਚ ਬਹੁਤ ਬੁਰੀ ਤਰ੍ਹਾਂ ਸਿਆਸੀ ਮਾਰ ਪਈ ਸੀ ਕਿਉਂਕਿ ਮਾਲਵੇ ਵਿਚ ਸਿਰਸਾ ਦੇ ਡੇਰਾ ਮੁਖੀ ਨੇ ਕਾਂਗਰਸ ਦੀ ਖੁੱਲ੍ਹੇਆਮ ਹਮਾਇਤ ਕਰਨ ਦਾ ਐਲਾਨ ਕੀਤਾ ਸੀ।

ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਆਮ ਤੌਰ 'ਤੇ ਦੋਆਬਾ ਫੇਰੀ ਸਮੇਂ ਜਲੰਧਰ ਵਿਚ ਰਾਤ ਰੁਕਣ ਨੂੰ ਪਹਿਲ ਦਿੰਦੇ ਹਨ। ਉਹ ਆਮ ਤੌਰ 'ਤੇ ਸਰਕਟ ਹਾਊਸ ਜਾਂ ਪੀ.ਏ.ਪੀ. ਦੇ ਰੈਸਟ ਹਾਊਸ ਵਿਚ ਹੀ ਠਹਿਰਦੇ ਹਨ। ਸ. ਬਾਦਲ ਵੱਲੋਂ ਡੇਰੇ ਵਿਚ ਰਾਤ ਗੁਜ਼ਾਰ ਕੇ ਆਪਣੇ ਆਪ ਨੂੰ ਸਧਾਰਨ ਵਿਅਕਤੀ ਵਜੋਂ ਪੇਸ਼ ਕੀਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਪੈਂਤੜੇ ਨੂੰ ਸਮਝਣਾ ਬਹੁਤ ਹੀ ਔਖਾ ਹੈ।

ਬਾਦਲ ਦੇ ਇਸ ਪੈਂਤੜੇ ਨੇ ਉਨ੍ਹਾਂ ਦੇ ਸਿਆਸੀ ਵਿਰੋਧੀ ਤੇ ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਲਈ ਇਕ ਤਰ੍ਹਾਂ ਨਾਲ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਸੂਤਰਾਂ ਅਨੁਸਾਰ ਬਾਦਲ ਦੇ ਇਸ ਸਿਆਸੀ ਪੈਂਤੜੇ ਦਾ ਬਦਲ ਲੱਭਣ ਲਈ ਉਨ੍ਹਾਂ ਦੇ ਵਿਰੋਧੀ ਸਿਆਸੀ ਆਗੂ ਸਿਰ ਫੜ ਕੇ ਬਹਿ ਗਏ ਹਨ।

ਯਾਦ ਰਹੇ ਕਿ ਕਈ ਦਹਾਕੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਢਾਈ ਦਹਾਕਿਆਂ ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਗੁਰਚਰਨ ਸਿੰਘ ਟੌਹੜਾ ਵਰਗੇ ਟਕਸਾਲੀ ਅਕਾਲੀ ਆਗੂ ਹੀ ਗੁਰਦੁਆਰਿਆਂ 'ਚ ਰਾਤ ਰਹਿਣ ਨੂੰ ਤਰਜੀਹ ਦਿੰਦੇ ਸਨ।

# ਕਾਂਗਰਸ ਦੀ ਖਾਨਾਜੰਗੀ ਸਿਖਰਾਂ 'ਤੇ

## ਕੈਪਟਨ ਦੀ ਹਾਜ਼ਰੀ 'ਚ ਸੰਤੋਸ਼ ਚੌਧਰੀ ਵਿਰੁੱਧ ਨਾਅਰੇ

**ਕਪੂਰਥਲਾ:** ਹਾਈ ਕਮਾਨ ਦੀਆਂ ਘੁਰਕੀਆਂ ਦੇ ਬਾਵਜੂਦ ਕਾਂਗਰਸ ਅੰਦਰਲੀ ਖਾਨਾਜੰਗੀ ਸਿਖਰਾਂ 'ਤੇ ਪਹੁੰਚ ਗਈ ਹੈ ਤੇ ਇਸ ਦਾ ਪਾਰਟੀ ਨੂੰ ਲਗਾਤਾਰ ਨੁਕਸਾਨ ਹੋ ਰਿਹਾ ਹੈ। ਬੀਤੇ ਦਿਨ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਪੂਰਥਲਾ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ ਹਲਕਿਆਂ ਭੁਲੱਥ, ਕਪੂਰਥਲਾ, ਸੁਲਤਾਨਪੁਰ ਲੋਧੀ ਤੇ ਫਗਵਾੜਾ ਤੋਂ ਉਮੀਦਵਾਰ ਤਲਾਸ਼ਣ ਦੀ ਦੂਜੀ ਵਾਰ ਸੱਦੀ ਗਈ ਮੀਟਿੰਗ ਰੌਲੇ-ਰੱਪੇ ਤੇ ਕੁਪ੍ਰਬੰਧ ਦੀ ਭੇਟ ਚੜ੍ਹ ਗਈ। ਇਸ ਮੀਟਿੰਗ ਦਾ ਪ੍ਰਬੰਧ ਕੋਆਰਡੀਨੇਟਰ ਵਿਧਾਇਕ ਅਮਰਜੀਤ ਸਿੰਘ ਸਮਰਾ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਪਰਮਾਰ ਨੇ ਕੀਤਾ ਸੀ।

ਇਸ ਮੀਟਿੰਗ 'ਚ ਪਾਰਲੀਮੈਂਟ ਸੰਤੋਸ਼ ਚੌਧਰੀ ਵਿਰੁੱਧ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਨਾਅਰੇਬਾਜ਼ੀ ਕੀਤੀ ਗਈ। ਰੌਲੇ ਰੱਪੇ ਕਾਰਨ ਮੰਚ 'ਤੇ ਬੈਠੇ ਕੈਪਟਨ ਅਮਰਿੰਦਰ ਸਿੰਘ ਖਿਝ ਕੇ ਦੋ ਵਾਰ ਉੱਠ ਕੇ ਚਲੇ ਗਏ। ਇਸ ਮੀਟਿੰਗ ਦੌਰਾਨ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਸੰਤੋਸ਼ ਚੌਧਰੀ ਵਿਰੁੱਧ ਫਗਵਾੜਾ ਤੇ ਭੁਲੱਥ ਤੋਂ ਆਏ ਕਾਂਗਰਸੀ ਵਰਕਰਾਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਕਾਂਗਰਸੀ ਵਰਕਰਾਂ ਦਾ ਕਹਿਣਾ ਸੀ ਕਿ ਸੰਤੋਸ਼ ਚੌਧਰੀ ਵੱਲੋਂ ਉਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਨੂੰ ਐਮ.ਪੀ. ਫੰਡ ਵਜੋਂ ਮਿਲਦੀਆਂ ਗਰਾਂਟਾਂ 'ਚ ਵਿਤਕਰੇਬਾਜ਼ੀ ਕੀਤੀ ਜਾ ਰਹੀ ਹੈ।

ਮੀਟਿੰਗ ਵਿਚ ਸ਼ਾਮਲ ਹੋਣ ਲਈ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਮਾਪਦੰਡ ਤੈਅ ਕੀਤੇ ਗਏ ਸਨ ਤੇ ਇਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲੇ ਲੀਡਰਾਂ ਨੂੰ 30 ਤੋਂ ਵੱਧ ਕਾਂਗਰਸੀ ਵਰਕਰ ਲਿਆਉਣ ਦੀ ਮਨਾਹੀ ਕੀਤੀ ਗਈ ਸੀ। ਇਹ ਮਾਪਦੰਡ ਜਿੱਤੇ ਤੇ ਹਾਰੇ ਕਾਂਗਰਸੀ ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਤੇ ਬਲਾਕ ਸੰਮਤੀ ਪੱਧਰ ਤੱਕ 'ਤੇ ਆਗੂਆਂ ਤੱਕ ਲਾਗੂ ਹੁੰਦੇ ਸਨ। ਪੰਜਾਬ ਕਾਂਗਰਸ ਵੱਲੋਂ ਤੈਅ ਕੀਤੇ ਮਾਪਦੰਡਾਂ ਦੀ ਪ੍ਰਵਾਹ ਨਾ ਕਰਦਿਆਂ ਵੱਧ ਤੋਂ ਵੱਧ ਕਾਂਗਰਸੀ ਵਰਕਰ ਲੈ ਕੇ ਆਏ ਹੋਏ ਸਨ। ਉਹ ਕਾਂਗਰਸੀ ਆਗੂ ਵੀ ਮੀਟਿੰਗ ਵਿਚ ਆਏ ਹੋਏ ਸਨ ਜਿਹੜੇ ਕਿਸੇ ਵੀ ਪੱਖ ਤੋਂ ਮੀਟਿੰਗ ਵਿਚ ਹਾਜ਼ਰ ਹੋਣ ਲਈ ਤੈਅ ਕੀਤੇ ਗਏ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ ਸਨ। ਜਦਕਿ ਕੈਪਟਨ ਅਮਰਿੰਦਰ ਸਿੰਘ ਵਾਰ-ਵਾਰ ਇਹ ਗੱਲ ਦੁਹਰਾ ਚੁੱਕੇ ਹਨ ਕਿ ਉਹ ਇਨ੍ਹਾਂ ਮੀਟਿੰਗਾਂ ਵਿਚ ਕਾਂਗਰਸੀ ਵਰਕਰਾਂ ਦਾ ਵਿਖਾਵਾ ਦੇਖਣ ਤੇ ਟਿਕਟਾਂ ਦੀ ਵੰਡ ਦਾ ਫੈਸਲਾ ਕਰਨ ਨਹੀਂ ਆਉਂਦੇ ਸਗੋਂ ਉਹ ਮੀਟਿੰਗਾਂ 'ਚ ਵਰਕਰਾਂ ਦੀਆਂ ਭਾਵਨਾਵਾਂ ਨੂੰ ਜਾਣਨ ਲਈ ਆਏ ਹਨ।


Global Multi Services

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਜ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh


ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997



# ਡੋਪਿੰਗ ਦਾ ਡੰਗ

## ਭਾਰਤ ਫਿਰ ਹੋਇਆ ਸ਼ਰਮਸ਼ਾਰ

ਮਨਦੀਪ ਕੌਰ ਅਤੇ ਹੋਰ ਅਥਲੀਟਾਂ ਦਾ ਡੋਪ ਟੈਸਟ ਫੇਲ੍ਹ ਹੋਣ ਕਾਰਨ ਭਾਰਤੀ ਅਥਲੈਟਿਕਸ ਇਕ ਵਾਰ ਫਿਰ ਵਿਵਾਦਾਂ ਦੇ ਘੇਰੇ ਵਿਚ ਆ ਗਈ ਹੈ। ਇਹ ਪਹਿਲਾ ਮੌਕਾ ਨਹੀਂ, ਜਦੋਂ ਖਿਡਾਰੀਆਂ ਦੇ ਅਜਿਹੇ ਕੰਮ ਤੋਂ ਭਾਰਤ ਨੂੰ ਕੌਮਾਂਤਰੀ ਪਿੜ ਵਿਚ ਸ਼ਰਮਿੰਦਾ ਹੋਣਾ ਪਿਆ ਹੋਵੇ। ਹੁਣ ਇਕ ਵਾਰ ਫਿਰ ਮੀਡੀਆ ਅਤੇ ਸਬੰਧਤ ਮਹਿਕਮਿਆਂ ਵਿਚ ਇਸ ਮੁੱਦੇ 'ਤੇ ਚਰਚਾ ਦੇ ਹੜ੍ਹ ਆ ਗਏ ਹਨ। ਅਸਲ ਵਿਚ ਭਾਰਤੀ ਖੇਡ ਪ੍ਰਬੰਧਕ ਇਸ ਮਰਜ਼ ਦੀ ਜੜ੍ਹ ਵੱਲ ਜਾਣ ਦੀ ਥਾਂ ਹਰ ਵਾਰ ਸਿਰਫ ਬਿਆਨਬਾਜ਼ੀ ਕਰਕੇ ਹੀ ਸਾਰ ਲੈਂਦੇ ਹਨ। ਖੇਡਾਂ ਉਤੇ ਸਿਆਸਤ ਅਤੇ ਸਿਫਾਰਿਸ਼ ਇਸ ਕਦਰ ਭਾਰੂ ਹੈ ਕਿ ਹਰ ਅਥਲੀਟ ਆਪਣੇ ਆਪ ਨੂੰ ਹਰ ਵਾਰ ਹੀ ਚੁਰਸਤੇ ਵਿਚ ਖੜ੍ਹਾ ਮਹਿਸੂਸ ਕਰਦਾ ਹੈ। ਸਰਕਾਰ, ਪ੍ਰਬੰਧਕਾਂ ਜਾਂ ਖਿਡਾਰੀਆਂ ਦੀ ਕੋਈ ਨੀਤੀ-ਰਣਨੀਤੀ ਇਸ ਮਾਮਲੇ ਵਿਚ ਕਾਰਗਰ ਸਾਬਤ ਨਹੀਂ ਹੋ ਸਕੀ। ਇਹ ਮੁੱਦਾ ਵੀ ਵਿਚਾਰਨ ਵਾਲਾ ਹੈ ਕਿ ਕਈ ਵਾਰ ਕਿਸੇ ਖਿਡਾਰੀ ਨੂੰ ਲਾਂਭੇ ਕਰਨ ਲਈ ਵੀ ਅਜਿਹੇ ਪੈਂਤੜੇ ਮੱਲੇ ਜਾਂਦੇ ਹਨ। ਖੇਡਾਂ ਤੋਂ ਬਾਹਰੇ ਇਹੀ ਉਹ ਪੈਂਤੜੇ ਹਨ ਜਿਨ੍ਹਾਂ ਕਾਰਨ ਅਜੇ ਤੱਕ ਭਾਰਤ ਖੇਡਾਂ ਦੇ ਅੰਬਰ ਵਿਚ ਭਰਪੂਰ ਪਰਵਾਜ਼ ਨਹੀਂ ਭਰ ਸਕਿਆ ਹੈ।




ਮਨਦੀਪ ਕੌਰ

# ਮਨਦੀਪ ਕੌਰ ਸਣੇ ਸੱਤ ਖਿਡਾਰੀ ਡੋਪਿੰਗ 'ਚ ਫਸੇ

**ਚੰਡੀਗੜ੍ਹ:** ਭਾਰਤ ਦੀਆਂ ਸੱਤ ਕੌਮੀ ਖਿਡਾਰੀਆਂ ਦੇ ਡੋਪ ਟੈਸਟ 'ਚ ਫੜੇ ਜਾਣ ਕਾਰਨ ਇਕ ਵਾਰ ਫਿਰ ਦੇਸ਼ ਨੂੰ ਪੂਰੀ ਦੁਨੀਆ ਸਾਹਮਣੇ ਸ਼ਰਮਸਾਰ ਹੋਣਾ ਪਿਆ ਹੈ। ਕੌਮੀ ਡੋਪਿੰਗ ਵਿਰੋਧੀ ਏਜੰਸੀ ਵੱਲੋਂ ਲੰਬੇ ਅਰਸੇ ਤੋਂ 400 ਮੀਟਰ ਤੇ 4 ਗੁਣਾ 400 ਮੀਟਰ ਦੌੜ 'ਚ ਦੇਸ਼ ਦੀ ਕੌਮਾਂਤਰੀ ਖੇਡ ਮੁਕਾਬਲਿਆਂ 'ਚ ਨਮਾਇੰਦਗੀ ਕਰ ਰਹੀਆਂ ਮਨਦੀਪ ਕੌਰ, ਜੌਨਾ ਮੁਰਮੂ ਤੇ ਰਾਸ਼ਟਰ ਮੰਡਲ ਖੇਡਾਂ ਤੇ ਏਸ਼ੀਆਈ ਖੇਡਾਂ ਦੀ ਸੋਨ ਤਗਮਾ ਜੇਤੂ ਸਿਨੀ ਜੋਸ ਸਮੇਤ ਚਾਰ ਹੋਰ ਐਥਲੀਟ ਡੋਪਿੰਗ ਦੇ ਦੋਸ਼ੀ ਕਰਾਰ ਦਿੱਤੇ ਗਏ ਹਨ ਜਿਨ੍ਹਾਂ 'ਚ 400 ਮੀਟਰ ਦੌੜਾਕ ਟਿਆਨਾ ਮੈਰੀ ਥੋਮਸ, ਲੌਂਗ ਜੰਪਰ ਹਰੀ ਕ੍ਰਿਸ਼ਨ ਤੇ ਸ਼ਾਟ ਪੁੱਟਰ ਸੋਨੀਆ ਸ਼ਾਮਲ ਹਨ।

ਕੌਮਾਂਤਰੀ ਐਥਲੈਟਿਕਸ ਫ਼ੈਡਰੇਸ਼ਨ ਵੱਲੋਂ ਚੋਟੀ ਦੇ ਖਿਡਾਰੀਆਂ ਦੇ ਵਿਸ਼ੇਸ਼ ਡੋਪ ਟੈਸਟਾਂ ਤਹਿਤ ਇਨ੍ਹਾਂ ਐਥਲੀਟਾਂ ਦੇ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਦੁਆਰਾ ਟੈਸਟ ਲਏ ਗਏ ਸਨ ਜਿਸ ਦੇ ਨਤੀਜੇ ਅਨੁਸਾਰ ਇਨ੍ਹਾਂ ਦੇ ਸਰੀਰ 'ਚ ਪਾਬੰਦੀਸ਼ੁਦਾ ਸਟੈਂਜੋਲੋਲ ਨਾਂ ਦਾ ਤੱਤ ਪਾਇਆ ਗਿਆ ਹੈ।

ਸਿਖਰਾਂ ਨੂੰ ਛੂਹ ਰਹੀ ਮਨਦੀਪ ਕੌਰ ਨੇ ਇਸ ਘਟਨਾਕ੍ਰਮ ਬਾਰੇ ਕਿਹਾ ਕਿਹਾ ਕਿ ਉਹ ਚੋਟੀ ਦੇ ਖਿਡਾਰੀਆਂ ਵਾਲੀ ਵਰਲਡ ਐਂਟੀ ਡੋਪਿੰਗ ਏਜੰਸੀ (ਵਾਡਾ) ਦੀ ਸੂਚੀ 'ਚ ਸ਼ਾਮਲ ਸੀ ਇਸ ਕਰਕੇ ਉਹ ਹਰੇਕ ਵਸਤੂ ਦਾ ਇਸਤੇਮਾਲ ਵਾਡਾ ਦੇ ਦਾਇਰੇ 'ਚ ਰਹਿ ਕੇ ਕਰਦੀ ਸੀ। ਉਸ ਨੇ ਪੂਰੇ ਖੇਡ ਜੀਵਨ ਦੌਰਾਨ ਕਦੇ ਵੀ ਕਿਸੇ ਪਾਬੰਦੀਸ਼ੁਦਾ ਪਦਾਰਥ ਦੀ ਵਰਤੋਂ ਨਹੀਂ ਕੀਤੀ ਸੀ। ਇਸ ਕਰਕੇ ਇਹ ਇਕ ਸਾਜਿਸ਼ ਦਾ ਨਤੀਜਾ ਹੈ। ਮਨਦੀਪ ਨੇ ਕਿਹਾ ਕਿ ਉਹ ਨਾਡਾ ਦੇ ਨਿਯਮਾਂ ਅਨੁਸਾਰ ਦੂਸਰਾ ਟੈਸਟ ਜਲਦੀ ਹੀ ਕਰਵਾ ਰਹੀਆਂ ਹਨ ਤੇ ਨਾਲ ਹੀ ਉਨ੍ਹਾਂ ਵੱਲੋਂ ਵਰਤੇ ਜਾਂਦੇ ਵਿਟਾਮਿਨਾਂ ਦੀ ਜਾਂਚ ਲਈ ਵੀ ਨਾਡਾ ਨੂੰ ਬੇਨਤੀ ਕਰ ਚੁੱਕੀਆਂ ਹਨ।

ਡੋਪਿੰਗ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਇਨ੍ਹਾਂ ਸਾਰੇ ਖਿਡਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਐਥਲੈਟਿਕਸ ਫੈਡਰੇਸ਼ਨ ਆਫ਼ ਇੰਡੀਆ ਦੇ ਡਾਇਰੈਕਟਰ ਐਮ.ਐਲ. ਡੋਗਰਾ ਨੇ ਇਸ ਸੰਦਰਭ ਵਿਚ ਆਖਿਆ ਕਿ ਏਨੇ ਐਥਲੀਟਾਂ ਦਾ ਡੋਪਿੰਗ ਵਿਚ ਦੋਸ਼ੀ ਪਾਇਆ ਜਾਣਾ ਅਤਿ ਸ਼ਰਮਨਾਕ ਘਟਨਾ ਹੈ ਪਰ ਇਸ ਦੀ ਗਹਿਰਾਈ ਨਾਲ ਜਾਂਚ ਕੀਤੀ ਜਾਵੇਗੀ ਕਿ ਬਾਹਰਲੇ ਕੈਂਪਾਂ ਦੌਰਾਨ ਖਾਣੇ ਵਿਚ ਤਾਂ ਕੋਈ ਅਜਿਹੀ ਵਸਤੂ ਸ਼ਾਮਲ ਸੀ ਜਿਸ ਕਾਰਨ ਇਨ੍ਹਾਂ ਖਿਡਾਰੀਆਂ ਦੇ ਖੂਨ ਵਿਚ ਨਸ਼ੇ ਵਾਲੇ ਤੱਤ ਰਲ ਗਏ ਹੋਣ।

ਨਾਡਾ ਵੱਲੋਂ ਇਨ੍ਹਾਂ ਐਥਲੀਟਾਂ ਦੇ ਖੂਨ ਦੇ ਨਮੂਨੇ ਬੰਗਲੂਰੂ ਵਿਖੇ ਹੋਈ ਅੰਤਰਰਾਜੀ ਐਥਲੈਟਿਕ ਮੀਟ ਦੌਰਾਨ ਲਏ ਗਏ ਸਨ।

### ਨਿਆਂਇਕ ਜਾਂਚ ਮੰਗੀ

**ਨਵੀਂ ਦਿੱਲੀ:** ਇੰਡੀਅਨ ਓਲੰਪਿਕ ਐਸੋਸੀਏਸ਼ਨ ਨੇ ਇਸ ਗੱਲ ਨੂੰ ਲੈ ਕੇ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਦੀ ਸਖਤ ਆਲੋਚਨਾ ਕੀਤੀ ਹੈ ਕਿ ਉਹ ਦੌੜਾਕ ਮਨਦੀਪ ਕੌਰ ਤੇ ਜੌਨਾ ਮੁਰਮੂ ਦੇ ਪਾਜ਼ੇਟਿਵ ਡੋਪਿੰਗ ਟੈਸਟਾਂ ਨੂੰ ਫੜਨ 'ਚ ਨਾਕਾਮ ਰਹੀ ਹੈ। ਇਨ੍ਹਾਂ ਅਥਲੀਟਾਂ ਬਾਰੇ ਪ੍ਰਗਟਾਵਾ ਉਦੋਂ ਹੀ ਹੋਇਆ ਜਦੋਂ ਪਟਿਆਲਾ ਵਿਚ ਕੌਮੀ ਟੈਸਟ ਦੌਰਾਨ ਮਈ ਮਹੀਨੇ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਅਥਲੈਟਿਕਸ ਫੈਡਰੇਸ਼ਨਜ਼ ਨੇ ਮੁਕਾਬਲੇ ਤੋਂ ਬਾਹਰ ਇਹ ਟੈਸਟ ਕੀਤੇ ਗਏ। ਨੈਸ਼ਨਲ ਡੋਪ ਟੈਸਟਿੰਗ ਲੈਬਾਰਟਰੀ ਵੱਲੋਂ ਕੁਝ ਹੋਰ ਅਥਲੀਟਾਂ ਦੇ ਟੈਸਟ ਪਾਜ਼ੇਟਿਵ ਪਾਏ ਜਾਣ ਬਾਅਦ ਆਈ.ਓ.ਏ. ਨੇ ਇਸ ਸਮੁੱਚੇ ਮਾਮਲੇ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ।

### ਮੈਂ ਬੇਕਸੂਰ: ਮਨਦੀਪ

**ਨਵੀਂ ਦਿੱਲੀ:** ਮਨਦੀਪ ਕੌਰ ਨੇ ਕਿਹਾ ਹੈ ਕਿ ਉਹ ਬੇਕਸੂਰ ਹੈ। ਉਹ ਏਸ਼ਿਆਈ ਖੇਡਾਂ ਤੋਂ ਬਾਅਦ ਵਾਡਾ ਦੇ ਕੌਮਾਂਤਰੀ ਰਜਿਸਟਰਡ ਟੈਸਟਿੰਗ ਪੂਲ 'ਚ ਹੈ। ਇਸ ਲਈ ਉਹ ਪਾਗਲ ਨਹੀਂ ਕਿ ਪ੍ਰਦਰਸ਼ਨ ਬਿਹਤਰ ਕਰਨ ਲਈ ਦਵਾਈਆਂ ਦਾ ਸੇਵਨ ਕਰੇਗੀ। ਸਟੀਰਾਡ ਸਰੀਰ 'ਚ ਤਿੰਨ ਮਹੀਨੇ ਤੱਕ ਰਹਿੰਦੀ ਹੈ। ਇਸ ਲਈ ਇਹ ਕਿਵੇਂ ਹੋ ਸਕਦਾ ਹੈ ਕਿ ਇੰਟਰਨੈਸ਼ਨਲ ਟੈਸਟਿੰਗ ਪੂਲ 'ਚ ਸ਼ਾਮਲ ਖਿਡਾਰੀ ਦਵਾਈਆਂ ਦਾ ਸੇਵਨ ਕਰੇ। ਉਸ ਨੇ ਸ਼ੱਕ ਪ੍ਰਗਟਾਇਆ ਕਿ ਪਾਬੰਦੀਸ਼ੁਦਾ ਪਦਾਰਥ ਉਸ ਫੂਡ ਸਪਲੀਮੈਂਟ ਤੇ ਵਿਟਾਮਿਨ 'ਚ ਮੌਜੂਦ ਸਨ ਜੋ ਅਭਿਆਸ ਦੌਰਾਨ ਉਸ ਨੇ ਐਨ.ਆਈ.ਐਸ. ਪਟਿਆਲਾ ਦੇ ਬਾਹਰੋਂ ਲਏ ਸਨ।

# ਹੁਣ ਖੇਡ ਮੈਦਾਨਾਂ ਵਿਚ ਹੀ ਚੱਲਣਗੇ ਸ਼ਰਾਬ ਦੇ ਦੌਰ

**ਚੰਡੀਗੜ੍ਹ:** ਕ੍ਰਿਕਟ 'ਚ ਆ ਰਹੇ ਬਦਲਾਅ ਤਹਿਤ ਹੁਣ ਇਸ ਖੇਡ ਦੇ ਮੈਦਾਨਾਂ 'ਚ ਸ਼ਰਾਬ ਦੀਆਂ ਖੁੱਲ੍ਹੇਆਮ ਨਦੀਆਂ ਵਗਣਗੀਆਂ। ਇਹ ਸ਼ੁਰੂਆਤ ਇਸ ਖੇਡ ਦੇ ਜਨਮਦਾਤਾ ਦੇਸ਼ ਇੰਗਲੈਂਡ ਤੋਂ ਹੀ ਹੋ ਰਹੀ ਹੈ। 2003 ਤੋਂ ਕ੍ਰਿਕਟ ਦੇ ਤੀਸਰੇ ਰੂਪ ਟਵੰਟੀ-20 ਦੀ ਬਦੌਲਤ ਇਸ ਖੇਡ 'ਚ ਸ਼ੁਰੂ ਹੋਇਆ ਮਾੜੀਆਂ ਰਵਾਇਤਾਂ ਦੀ ਲੜੀ 'ਚ ਇੰਗਲੈਂਡ ਦੀ ਧਰਤੀ 'ਤੇ ਅਗਲੇ ਮਹੀਨੇ ਹੋਣ ਵਾਲੇ ਅੰਤਰ ਕਲੱਬ ਫਰੈਂਡਜ਼ ਲਾਈਫ ਟਵੰਟੀ-20 ਟੂਰਨਾਮੈਂਟ ਰਾਹੀਂ ਬੀਅਰ ਗਰਲਜ਼ ਕ੍ਰਿਕਟ ਜਗਤ 'ਚ ਪ੍ਰਵੇਸ਼ ਕਰ ਰਹੀਆਂ ਹਨ।

ਇਹ ਮੁਟਿਆਰਾਂ ਕ੍ਰਿਕਟ ਮੈਦਾਨਾਂ 'ਚ ਹੁਸਨ ਦੇ ਜਲਵੇ ਬਿਖੇਰਨ ਦੇ ਨਾਲ ਬੀਅਰ ਤੇ ਸ਼ਰਾਬ ਵਰਤਾਉਣਗੀਆਂ। ਭਾਵੇਂ ਕਿ ਇੰਗਲੈਂਡ, ਆਸਟਰੇਲੀਆ, ਦੱਖਣੀ ਅਫ਼ਰੀਕਾ ਤੇ ਨਿਊਜ਼ੀਲੈਂਡ 'ਚ ਪਹਿਲਾ ਤੋਂ ਖੁਦ ਹੀ ਖਰੀਦ ਕੇ ਸ਼ਰਾਬ ਪੀਣ ਦੀ ਖੁੱਲ੍ਹ ਸੀ ਪਰ ਹੁਣ ਦਰਸ਼ਕਾਂ ਨੂੰ ਸੀਟ 'ਤੇ ਬੈਠਿਆਂ ਨੂੰ ਹੀ ਸ਼ਰਾਬ ਪੀਣ ਨੂੰ ਮਿਲੇਗੀ। ਇਨ੍ਹਾਂ ਮੁਟਿਆਰਾਂ ਦੀ ਆਮਦ ਨਾਲ ਜਿਥੇ ਕ੍ਰਿਕਟ ਮੈਦਾਨਾਂ 'ਚ ਸ਼ਰਾਬ ਦੀ ਵਿਕਰੀ ਵਧੇਗੀ ਉਥੇ ਪਰਿਵਾਰ ਵਾਲੇ ਦਰਸ਼ਕਾਂ ਨੂੰ ਮੈਚ ਦੇਖਣ 'ਚ ਵੀ ਮੁਸ਼ਕਲ ਆਵੇਗੀ।

ਇੰਗਲੈਂਡ 'ਚ ਹੋ ਰਹੀ ਇਸ ਸ਼ੁਰੂਆਤ ਨੂੰ ਬੀਅਰ ਗਰਲਜ਼ ਦੇ ਚਿੱਤਰਾਂ ਵਾਲੇ ਵੱਡੇ-ਵੱਡੇ ਇਸ਼ਤਿਹਾਰਾਂ ਰਾਹੀਂ ਤੇ ਮੀਡੀਆ ਦੇ ਹੋਰਾਂ ਸਾਧਨਾਂ ਰਾਹੀਂ ਖੂਬ ਪ੍ਰਚਾਰਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਜਦੋਂ ਕ੍ਰਿਕਟ 'ਚ ਚੀਅਰ ਗਰਲਜ਼ ਦੀ ਆਮਦ ਸ਼ੁਰੂ ਹੋਈ ਸੀ ਤਾਂ ਸਭ ਪਾਸਿਓ ਇਸ ਨੂੰ ਖੇਡਾਂ ਦੇ ਨਾਂ 'ਤੇ ਕਲੰਕ ਤੱਕ ਕਿਹਾ ਗਿਆ ਸੀ ਪਰ ਹੁਣ ਚੀਅਰ ਗਰਲਜ਼ ਤੋਂ ਬਿਨਾਂ ਕ੍ਰਿਕਟ ਅਧੂਰੀ ਲਗਦੀ ਹੈ। ਇਹ ਰਵਾਇਤ ਹੋਰ ਖੇਡਾਂ ਵਾਲਿਆਂ ਨੇ ਵੀ ਅੱਗੇ ਤੋਰੀ ਹੈ। ਇਸੇ ਤਰ੍ਹਾਂ ਹੁਣ ਬੀਅਰ ਗਰਲਜ਼ ਦੇ ਖਿਲਾਫ ਵੀ ਭਾਵੇਂ ਆਵਾਜ਼ਾਂ ਉੱਠ ਰਹੀਆਂ ਹਨ ਪਰ ਇਹ ਪਰੰਪਰਾ ਹੁਣ ਦੂਸਰੇ ਦੇਸ਼ਾਂ ਵੱਲ ਵੀ ਵਧੇਗੀ ਜਿਸ ਨਾਲ ਕ੍ਰਿਕਟ ਖੇਡ ਦੀ ਸ਼ਰਾਫਤ ਨੂੰ ਹੋਰ ਵੀ ਧੱਕਾ ਲੱਗੇਗਾ।



ਖੇਡ ਮੈਦਾਨਾਂ 'ਚ ਚੀਅਰਲੀਡਰਜ਼ ਦੇ ਜਲਵੇ

## ਕੋਚਾਂ ਖ਼ਿਲਾਫ਼ ਵੀ ਕਾਰਵਾਈ ਹੋਵੇ: ਮਿਲਖਾ ਸਿੰਘ

**ਨਵੀਂ ਦਿੱਲੀ:** 'ਉਡਣੇ ਸਿੱਖ' ਦੇ ਖਿਤਾਬ ਨਾਲ ਮਸ਼ਹੂਰ ਭਾਰਤ ਦੇ ਸਾਬਕਾ ਅਥਲੀਟ ਮਿਲਖਾ ਸਿੰਘ ਨੇ ਸੱਤ ਭਾਰਤੀ ਅਥਲੀਟਾਂ ਦੇ ਡੋਪ ਟੈਸਟ 'ਚ ਫਸਣ ਦੇ ਮਾਮਲੇ ਬਾਰੇ ਕਿਹਾ ਹੈ ਕਿ ਇਸ ਸਬੰਧੀ ਅਥਲੀਟਾਂ ਦੇ ਨਾਲ-ਨਾਲ ਕੋਚ ਦੀ ਭੂਮਿਕਾ ਨੂੰ ਵੀ ਜਾਂਚ ਦੇ ਘੇਰੇ 'ਚ ਲਿਆਉਣ ਦੀ ਲੋੜ ਹੈ।



ਮਿਲਖਾ ਸਿੰਘ ਨੇ ਕਿਹਾ ਹੈ ਕਿ ਰਾਸ਼ਟਰਮੰਡਲ ਖੇਡਾਂ 'ਚ ਤਮਗੇ ਜਿੱਤ ਕੇ ਇਨ੍ਹਾਂ ਅਥਲੀਟਾਂ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ ਪਰ ਹੁਣ ਇਨ੍ਹਾਂ ਹੀ ਖਿਡਾਰੀਆਂ ਕਾਰਨ ਪੂਰੀ ਦੁਨੀਆ ਸਾਹਮਣੇ ਭਾਰਤ ਨੂੰ ਸ਼ਰਮਿੰਦਾ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਅਥਲੀਟ ਕੋਚ, ਡਾਕਟਰਾਂ ਤੇ ਫੈਡਰੇਸ਼ਨ ਦੇ ਅਧਿਕਾਰੀਆਂ ਦੀ ਹਮਾਇਤ ਤੋਂ ਬਿਨਾਂ ਪਾਬੰਦੀਸ਼ੁਦਾ ਦਵਾਈਆਂ ਦਾ ਸੇਵਨ ਨਹੀਂ ਕਰ ਸਕਦਾ। ਇਸ ਲਈ ਉਨ੍ਹਾਂ ਕੋਚਾਂ ਤੇ ਡਾਕਟਰਾਂ ਖਿਲਾਫ਼ ਵੀ ਸਖ਼ਤ ਕਦਮ ਉਠਾਉਣ ਦੀ ਲੋੜ ਹੈ ਜਿਸ ਕਾਰਨ ਦੇਸ਼ ਨੂੰ ਸ਼ਰਮਿੰਦਗੀ ਸਹਿਣੀ ਪਈ ਹੈ। ਉਨ੍ਹਾਂ ਕਿਹਾ ਕਿ ਡੋਪਿੰਗ ਦੇ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤਾਂ ਕਿ ਦੇਸ਼ ਨੂੰ ਭਵਿੱਖ 'ਚ ਅਜਿਹੀ ਸ਼ਰਮਿੰਦਗੀ ਨਾ ਝੱਲਣੀ ਪਵੇ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦੇ ਨਾਲ-ਨਾਲ ਕੋਚਾਂ ਖਿਲਾਫ਼ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਪੰਜਾਬ ਸਰਕਾਰ ਨੇ ਪਾਈਆਂ ਪੁੱਠੀਆਂ ਪਿਰਤਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਿਛਲੇ ਸਾਲ ਪਹਿਲਾ ਵਿਸ਼ਵ ਕਬੱਡੀ ਕੱਪ ਲਈ ਸਾਰਾ ਪੈਸਾ ਸ਼ਰਾਬ ਕਾਰੋਬਾਰੀਆਂ ਤੋਂ ਲਿਆ ਸੀ। ਯਾਦ ਰਹੇ ਕਿ ਇਸ ਕੱਪ ਬਾਰੇ ਪ੍ਰਚਾਰ ਇਹ ਕੀਤਾ ਗਿਆ ਸੀ ਕਿ ਇਸ ਨਾਲ ਨੌਜਵਾਨਾਂ ਨੂੰ ਨਸ਼ਿਆਂ ਵੱਲੋਂ ਹਟਾ ਕੇ ਖੇਡਾਂ ਲਈ ਉਤਸ਼ਾਹਤ ਕੀਤਾ ਜਾਵੇਗਾ।

ਖੇਡ ਵਿਭਾਗ ਵੱਲੋਂ ਪਹਿਲੇ ਵਿਸ਼ਵ ਕਬੱਡੀ ਕੱਪ ਲਈ ਸਪੌਂਸਰਸ਼ਿਪ ਦੇ ਨਾਮ ਹੇਠ 24 ਘਰਾਣਿਆਂ ਤੋਂ 3.32 ਕਰੋੜ ਰੁਪਏ ਲਏ ਸਨ ਜਿਨ੍ਹਾਂ ਵਿਚ 17 ਘਰਾਣੇ ਸ਼ਰਾਬ ਸਨਅਤ ਅਤੇ ਰੀਅਲ ਅਸਟੇਟ ਨਾਲ ਸਬੰਧਿਤ ਹਨ। ਸ਼ਰਾਬ ਤੇ ਰੀਅਲ ਅਸਟੇਟ ਦੇ ਕਾਰੋਬਾਰੀ ਮਾਲਕਾਂ ਨੇ ਕਬੱਡੀ ਕੱਪ ਲਈ 2.32 ਕਰੋੜ ਰੁਪਏ ਦਾ ਯੋਗਦਾਨ ਪਾਇਆ। ਪੰਜਾਬ ਦੀਆਂ 9 ਸ਼ਰਾਬ ਫੈਕਟਰੀਆਂ ਦੇ ਮਾਲਕਾਂ ਤੋਂ ਸਰਕਾਰ ਨੇ 62.45 ਲੱਖ ਰੁਪਏ ਕਬੱਡੀ ਕੱਪ ਲਈ ਲਏ। ਰੀਅਲ ਅਸਟੇਟ ਦੀਆਂ ਅੱਠ ਕੰਪਨੀਆਂ ਤੋਂ 1.69 ਕਰੋੜ ਰੁਪਏ ਦੀ ਰਾਸ਼ੀ ਸਪਾਂਸਰਸ਼ਿਪ ਦੇ ਰੂਪ ਵਿਚ ਦਿੱਤੀ। ਬਾਕੀ ਇਕ ਕਰੋੜ ਦਾ ਮਾਲੀ ਸਹਿਯੋਗ ਪੰਜਾਬ ਦੇ ਹੋਰ ਵੱਡੇ ਸੱਤ ਉਦਯੋਗ ਮਾਲਕਾਂ ਨੇ ਕੀਤਾ। ਪੰਜਾਬ ਸਰਕਾਰ ਵਲੋਂ 3 ਅਪ੍ਰੈਲ ਤੋਂ 12 ਅਪ੍ਰੈਲ 2010 ਤੱਕ ਪਹਿਲਾ ਵਿਸ਼ਵ ਕਬੱਡੀ ਕੱਪ ਕਰਾਇਆ ਗਿਆ ਸੀ। ਵਿਸ਼ਵ ਕਬੱਡੀ ਕੱਪ 'ਤੇ ਕੁੱਲ 5.66 ਕਰੋੜ ਰੁਪਏ ਖਰਚ ਆਇਆ ਸੀ।

ਜਿਨ੍ਹਾਂ ਸ਼ਰਾਬ ਫੈਕਟਰੀਆਂ ਤੋਂ ਕਬੱਡੀ ਕੱਪ ਲਈ ਪੈਸਾ ਲਿਆ, ਉਨ੍ਹਾਂ ਵਿਚੋਂ ਖਾਸਾ ਡਿਸਟਿਲਰੀ ਨੇ 12.50 ਲੱਖ ਰੁਪਏ, ਚੰਡੀਗੜ੍ਹ ਡਿਸਟਿਲਰੀ ਨੇ 12.50 ਲੱਖ ਰੁਪਏ, ਪਾਇਨੀਅਰ ਇੰਡਸਟਰੀਜ਼ ਪਠਾਨਕੋਟ ਨੇ 7.50 ਲੱਖ ਰੁਪਏ, ਜਗਜੀਤ ਇੰਡਸਟਰੀ ਨੇ 7.50 ਲੱਖ ਰੁਪਏ, ਪਟਿਆਲਾ ਡਿਸਟਿਲਰੀ ਨੇ 7.50 ਲੱਖ ਰੁਪਏ, ਮਾਲਬਰੋਜ਼ ਇੰਟਰਨੈਸ਼ਨਲ ਨੇ 7.50 ਲੱਖ ਰੁਪਏ, ਮਾਊਂਟ ਸ਼ਿਵਾਲਿਕ ਨੇ 4.95 ਲੱਖ ਰੁਪਏ, ਐਨ.ਵੀ ਡਿਸਟਿਲਰੀ ਨੇ 1.25 ਲੱਖ ਰੁਪਏ, ਅਤੇ ਨੇਵੇ ਆਰਗੈਨਿਕ ਨੈਚੁਰਲ ਨੇ 1.25 ਲੱਖ ਰੁਪਏ ਦਿੱਤੇ। ਪਿੱਛੋਂ ਸੁਪਰੀਮ ਕੋਰਟ ਦੇ ਦਾਖਲ ਮਗਰੋਂ ਕੇਂਦਰ ਸਰਕਾਰ ਵਲੋਂ ਵੀ ਇਹ ਗਾਈਡਲਾਈਨਜ਼ ਬਣਾਈਆਂ ਗਈਆਂ ਹਨ ਕਿ ਸਪੋਰਟਸ ਅਤੇ ਕਲਚਰਲ ਈਵੈਂਟਸ ਨੂੰ ਸ਼ਰਾਬ ਕੰਪਨੀਆਂ ਸਪੌਂਸਰ ਨਹੀਂ ਕਰ ਸਕਦੀਆਂ।

ਖੇਡਾਂ ਵਿਚ ਇੰਦਾਂ ਈ ਹੁੰਦਾ-ਮਲੂਕਾ: ਵਿਸ਼ਵ ਕਬੱਡੀ ਕੱਪ ਕਰਾਉਣ ਵਿਚ ਸਹਿਯੋਗੀ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਮਲੂਕਾ ਨੇ ਇਸ ਬਾਰੇ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਪਹਿਲੇ ਵਿਸ਼ਵ ਕਬੱਡੀ ਕੱਪ 'ਤੇ ਤਿੰਨ ਕਰੋੜ ਰੁਪਏ ਖਰਚੇ ਗਏ ਹਨ। ਜਿਨ੍ਹਾਂ ਵਲੋਂ ਕਬੱਡੀ ਕੱਪ ਸਪੌਂਸਰ ਕੀਤਾ ਗਿਆ, ਉਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ, ਇਹ ਕੰਮ ਸਰਕਾਰ ਪੱਧਰ 'ਤੇ ਹੋਇਆ ਹੈ। ਨਾਲ ਹੀ ਉਨ੍ਹਾਂ ਆਖਿਆ ਕਿ ਸਾਰੀਆਂ ਖੇਡਾਂ ਹੀ ਇਸ਼ਤਿਹਾਰਬਾਜ਼ੀ ਨਾਲ ਚੱਲਦੀਆਂ ਹਨ। ਅਗਰ ਕਿਸੇ ਡਿਸਟਿਲਰੀ ਮਾਲਕ ਨੇ ਸਪਾਂਸਰ ਕੀਤਾ ਵੀ ਹੈ ਤਾਂ ਇਸ ਦਾ ਖਿਡਾਰੀਆਂ ਨਾਲ ਤਾਂ ਕੋਈ ਸਬੰਧ ਨਹੀਂ ਹੈ।

# ਸੱਤ ਸਮੁੰਦਰ ਤੈਰਦੀ ਹੋਈ ਯਾਦ ਅੰਮ੍ਰਿਤਾ ਪ੍ਰੀਤਮ ਦੀ

**ਗੁਲਜ਼ਾਰ ਸਿੰਘ ਸੰਧੂ**

ਪਰਦੇਸ ਬੈਠਿਆਂ ਦੇਸ਼ ਦੀ ਛੋਟੀ ਗੱਲ ਵੀ ਬਹੁਤ ਵੱਡੀ ਹੋ ਜਾਂਦੀ ਹੈ। ਟੈਲੀਫੋਨ 'ਤੇ ਮਿਲੀ ਸੱਜਰੀ ਜਾਣਕਾਰੀ ਏਸ ਤਰ੍ਹਾਂ ਦੀ ਹੈ। ਪੰਜਾਬੀ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਦੇ ਬੇਟੇ ਨਵਰਾਜ ਨੇ ਅੰਮ੍ਰਿਤਾ ਵਾਲਾ ਘਰ ਵੇਚ ਦਿੱਤਾ ਹੈ। ਨਿਸਚੇ ਹੀ ਖਰੀਦਣ ਵਾਲਿਆਂ ਨੇ ਇਸ ਦਾ ਭਾਰਾ ਮੁੱਲ



*ਅੰਮ੍ਰਿਤਾ ਪ੍ਰੀਤਮ ਆਪਣੀ ਕਵਿਤਾ ਦੇ ਸਨਮੁਖ ਆਪਣੇ ਹੀ ਘਰ ਵਿਚ*

ਪਾਇਆ ਹੋਵੇਗਾ। 1947 ਦੀ ਦੇਸ਼ ਵੰਡ ਤੋਂ ਪਿੱਛੋਂ ਹੌਜ਼ ਖਾਸ ਦੇ ਨੇੜਲੀ ਇਸ ਉਜਾੜ ਨੂੰ ਵਸਾਉਣ ਵਾਲਾ ਸੁਤੰਤਰ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦਾ ਪ੍ਰਥਮ ਡਿਪਟੀ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ ਸੀ। ਜਦੋਂ ਏਥੇ ਆਮ ਜਨਤਾ ਲਈ ਪਲਾਟ ਕੱਟੇ ਜਾ ਰਹੇ ਸਨ ਤਾਂ ਰੰਧਾਵਾ ਸਾਹਿਬ ਨੇ ਦਿੱਲੀ ਵਿਚ ਰਹਿੰਦੇ ਲੇਖਕਾਂ ਤੇ ਕਲਾਕਾਰਾਂ ਨੂੰ ਕੁਝ ਪਲਾਟ ਸਸਤੀਆਂ ਦਰਾਂ ਤੇ ਦੇ ਦਿੱਤੇ ਸਨ। ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਭਾਪਾ ਪ੍ਰੀਤਮ ਸਿੰਘ, ਕਲਾਕਾਰ ਐਨ.ਐਸ. ਬਿਸ਼ਟ ਤੇ ਰੰਧਾਵਾ ਸਾਹਿਬ ਖੁਦ ਇਨ੍ਹਾਂ ਨੂੰ ਖਰੀਦਣ ਵਾਲਿਆਂ ਵਿਚ ਸ਼ਾਮਲ ਸਨ। ਅੰਮ੍ਰਿਤਾ ਨੇ ਆਪਣਾ ਪਲਾਟ ਦੇਸ਼ ਦੇ ਪ੍ਰਥਮ ਰਾਸ਼ਟਰਪਤੀ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਸਵੈ-ਜੀਵਨੀ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੇ ਪੈਸਿਆਂ ਨਾਲ ਖਰੀਦਿਆ ਸੀ। ਰੰਧਾਵਾ ਖੁਦ ਸੇਵਾ ਮੁਕਤੀ 'ਤੇ ਇਨ੍ਹਾਂ ਮਿੱਤਰਾਂ ਦੀ ਸੰਗਤ ਵਿਚ ਰਹਿਣ ਦਾ ਚਾਹਵਾਨ ਸੀ। ਹੁਣ ਉਸ ਦੇ ਘਰ ਉਤੇ ਕਿਰਾਏਦਾਰ ਨੇ ਕਬਜ਼ਾ ਕਰ ਲਿਆ ਹੈ ਤੇ ਉਹ ਰੰਧਾਵਾ ਪਰਿਵਾਰ ਨੂੰ ਦੋ ਕਰੋੜ ਰੁਪਏ ਦੇ ਕੇ ਉਸ ਦਾ ਮਾਲਕ ਬਣ ਬੈਠਾ ਹੈ। ਅੰਮ੍ਰਿਤਾ ਵਾਲਾ ਘਰ ਉਸ ਦੇ ਪੁੱਤਰ ਨੇ ਵੇਚ ਛੱਡਿਆ ਹੈ। ਕੇਵਲ ਦੁੱਗਲ, ਬਿਸ਼ਟ ਤੇ ਭਾਪਾ ਪ੍ਰੀਤਮ ਸਿੰਘ ਵਾਲੇ ਘਰ ਉਨ੍ਹਾਂ ਦੇ ਵਾਰਸਾਂ ਕੋਲ ਰਹਿ ਗਏ ਹਨ।

ਪਤਾ ਲੱਗਿਆ ਹੈ ਕਿ ਹੌਜ਼ ਖਾਸ ਦੇ ਇਨ੍ਹਾਂ ਪਲਾਟਾਂ ਦੀ ਕੀਮਤ ਦਿੱਲੀ ਦੇ ਬਿਲਡਰ 25-30 ਕਰੋੜ ਪ੍ਰਤੀ ਪਲਾਟ ਦੇ ਦਿੰਦੇ ਹਨ ਤੇ ਪੁਰਾਣੇ ਮਕਾਨਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਬਹੁਮੰਜਲੀ ਇਮਾਰਤ ਉਸਾਰ ਕੇ ਆਪਣੇ ਪੈਸੇ ਦੁੱਗਣੇ ਤਿੱਗਣੇ ਕਰ ਲੈਂਦੇ ਹਨ। ਰੰਧਾਵਾ ਤੇ ਅੰਮ੍ਰਿਤਾ ਦੇ ਘਰਾਂ ਦੀ ਕਿਸਮਤ ਵਿਚ ਵੀ ਇਹੀਓ ਲਿਖਿਆ ਹੈ। ਅੰਮ੍ਰਿਤਾ ਦੇ ਘਰ ਦੀਆਂ ਕੰਧਾਂ ਅਤੇ ਦਰਵਾਜ਼ਿਆਂ ਦੇ ਫੱਟਿਆਂ ਉਤੇ ਉਸ ਦੇ ਕਲਾਕਾਰ ਸਾਥੀ ਇਮਰੋਜ਼ ਨੇ ਅੰਮ੍ਰਿਤਾ ਦੀਆਂ ਕਵਿਤਾਵਾਂ ਵਿਚੋਂ ਚੋਣਵੀਆਂ ਤੁਕਾਂ ਲਿਖ ਰੱਖੀਆਂ ਸਨ। ਅੰਮ੍ਰਿਤਾ ਦੇ ਤੁਰ ਜਾਣ ਤੋਂ ਪਿੱਛੋਂ ਇਨ੍ਹਾਂ ਤੁਕਾਂ ਵਿਚ ਅੰਮ੍ਰਿਤਾ ਦੀ ਆਤਮਾ ਸਾਹ ਲੈਂਦੀ ਸੀ। ਇਮਰੋਜ਼ ਨੇ ਚੋਣਵੇਂ ਸ਼ਿਅਰ ਲਿਖਦੇ ਸਮੇਂ ਆਪਣੇ ਹੱਥ ਦੀ ਸਫਾਈ ਤੇ ਕਲਾ ਦਾ ਜਿਹੜਾ ਨਮੂਨਾ ਪੇਸ਼ ਕੀਤਾ ਸੀ ਉਹ ਰਸੀਆ ਦਿਲਾਂ ਦੇ ਧੁਰ ਅੰਦਰ ਤੱਕ ਧੱਸ ਜਾਣ ਵਾਲਾ ਸੀ। ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਗਿਆ ਹਰ ਵਿਅਕਤੀ ਇਨ੍ਹਾਂ ਨੂੰ ਦੇਖ ਕੇ ਤੇ ਪੜ੍ਹ ਕੇ ਆਨੰਦ ਮਾਣਦਾ ਸੀ। ਉਸ ਦੇ ਤੁਰ ਜਾਣ ਤੋਂ ਪਿੱਛੋਂ ਵੀ ਅੰਮ੍ਰਿਤਾ ਦੇ ਘਰ ਗਿਆਂ, ਉਸ ਦੀ ਆਤਮਾ ਇਨ੍ਹਾਂ ਬੂਹੇ ਬਾਰੀਆਂ ਤੇ ਕੰਧਾਂ ਵਿਚ ਘੁੰਮਦੀ ਵਿਖਾਈ ਦਿੰਦੀ ਸੀ। ਅੰਮ੍ਰਿਤਾ ਵਲੋਂ ਲਿਖੀ ਗਈ ਵਸੀਅਤ ਅਨੁਸਾਰ ਉਸ ਦਾ ਕਲਾਕਾਰ ਸਾਥੀ ਇਮਰੋਜ਼ ਇਨ੍ਹਾਂ ਦਾ ਰਖਵਾਲਾ ਸੀ। ਕਹਿੰਦੇ ਹਨ ਕਿ ਵਸੀਅਤ ਅਨੁਸਾਰ ਉਸ ਨੂੰ ਇਹ ਪਿਆਰ ਭਰੀ ਜ਼ਿੰਮੇਵਾਰੀ ਨਿਭਾਉਣ ਤੋਂ ਰੋਕਣ ਵਾਲਾ ਕੋਈ ਨਹੀਂ ਸੀ। ਬਿਲਡਰ ਪਾਤਸ਼ਾਹ ਨੇ ਅੰਮ੍ਰਿਤਾ ਦੇ ਪਰਿਵਾਰ ਤੇ ਪ੍ਰੇਮੀ ਨੂੰ ਕਿਸ ਤਰ੍ਹਾਂ ਦੇ ਸਬਜ਼ ਬਾਗ ਦਿਖਾਏ ਹੋਣਗੇ, ਇਸ ਗੱਲ ਦਾ ਖੁਲਾਸਾ ਤਾਂ ਸਮੇਂ ਨਾਲ ਹੀ ਹੋਵੇਗਾ ਪਰ ਅੰਮ੍ਰਿਤਾ ਪ੍ਰੀਤਮ ਦੇ ਮੱਦਾਹਾਂ ਨੂੰ ਘਰ ਵਿਕਣ ਦਾ ਡਾਢਾ ਦੁੱਖ ਹੈ। ਅੰਮ੍ਰਿਤਾ ਦੀ ਆਤਮਾ ਆਪਣੇ ਆਪ ਨੂੰ ਸਮਝਾਉਣ ਲਈ ਏਨਾ ਹੀ ਕਹਿ ਸਕਦੀ ਹੈ ਕਿ ਇਸ ਤੋਂ ਪਹਿਲਾਂ ਮਹਿੰਦਰ ਸਿੰਘ ਰੰਧਾਵਾ ਦੇ ਆਪਣੇ ਘਰ ਨਾਲ ਏਸ ਤੋਂ ਵੀ ਭੈੜੀ ਬੀਤ ਚੁੱਕੀ ਹੈ।

ਪਰ ਸੱਤ ਸਮੁੰਦਰੋਂ ਪਾਰ ਬੈਠਾ ਮੇਰਾ ਮਨ ਏਸ ਤਰ੍ਹਾਂ ਦੀ ਢਾਰਸ ਨਾਲ ਰੀਝਣ ਵਾਲਾ ਨਹੀਂ। ਮੈਂ ਆਪਣੇ ਵਿਦੇਸ਼ੀ ਸਫਰਾਂ ਵਿਚ ਥਾਮਸ ਹਾਰਡੀ, ਵਿਲੀਅਮ ਸ਼ੇਕਸਪੀਅਰ, ਲਾਰਡ ਬਾਇਰਨ, ਸ਼ੈਲੇ ਤੇ ਕੀਟਸ ਵਰਗੇ ਸਾਹਿਤਕਾਰਾਂ ਦੇ ਦਰਜਨਾਂ ਟਿਕਾਣੇ ਵੇਖ ਚੁੱਕਾ ਹਾਂ। ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਵਿਰਾਸਤੀ ਪਦਵੀ ਦੇ ਕੇ ਸੰਭਾਲ ਰਖਿਆ ਹੈ। ਉਨ੍ਹਾਂ ਦੇ ਮੇਜ਼ ਕੁਰਸੀਆਂ ਤੇ ਮੰਜੇ ਪੀੜੀਆਂ ਹੀ ਨਹੀਂ ਕਲਮ ਦਵਾਤਾਂ ਤੇ ਹੱਥ ਘੜੀਆਂ ਤੱਕ ਸਾਂਭ ਰੱਖੀਆਂ ਹਨ। ਕਈ ਵਾਰ ਵੇਖਣ ਵਾਲੇ ਨੂੰ ਏਦਾਂ ਜਾਪਦਾ ਹੈ ਜਿਵੇਂ ਲੇਖਕ ਜਾਂ ਕਲਾਕਾਰ ਆਪਣੀ ਥਾਂ ਤੋਂ ਕੰਮ ਕਰਦਾ ਹੁਣੇ ਹੁਣੇ ਉਠ ਕੇ ਗਿਆ ਹੈ।

ਕੱਲ ਤੱਕ ਅਸੀਂ ਇਹ ਭੁਲੇਖਾ ਪਾਲਦੇ ਆਏ ਹਾਂ ਕਿ ਹੋਰ ਕਿਸੇ ਲੇਖਕ ਦੇ ਘਰ ਨੂੰ ਕੋਈ ਸਾਂਭੇ ਜਾਂ ਨਾਂ ਸਾਂਭੇ, ਅੰਮ੍ਰਿਤਾ ਪ੍ਰੀਤਮ ਦੇ ਘਰ ਨੂੰ ਸਾਂਭਣ ਵਾਲਾ ਇਮਰੋਜ਼ ਤਾਂ ਕਾਇਮ ਹੈ ਅਤੇ ਉਸਦੀ ਯਾਦ ਇਮਰੋਜ਼ ਦੇ ਦਮਾ ਤੱਕ ਤਾਂ ਓਸੇ ਤਰ੍ਹਾਂ ਬਣੀ ਰਹੇਗੀ। ਟੈਲੀਫੋਨ ਉੱਤੇ ਮਿਲੀ ਖਬਰ ਨੇ ਇਨ੍ਹਾਂ ਭਰਮ ਭੁਲੇਖਿਆਂ ਤੇ ਸੁੱਚੀਆਂ ਸੋਚਾਂ ਉਤੇ ਪਾਣੀ ਫੇਰ ਛੱਡਿਆ ਹੈ। ਮੈਂ ਇਹ ਖਬਰ ਮਿਲਦੇ ਸਾਰ ਆਪਣੇ ਮੇਜ਼ਬਾਨ ਮਿੱਤਰ ਰਵਿੰਦਰ ਰਵੀ ਦੀਆਂ ਖਿੱਚੀਆਂ ਉਹ ਤਸਵੀਰਾਂ ਦੇਖਣ ਲੱਗ ਜਾਂਦਾ ਹਾਂ ਜੋ ਉਸ ਘਰ ਦੀਆਂ ਹਨ।

ਪਰ ਦੇਸ਼ ਤੋਂ ਦੂਰ ਬੈਠਿਆਂ ਇਸ ਗੱਲ ਦਾ ਦੁਖ ਏਸ ਲਈ ਵੀ ਵਧ ਜਾਂਦਾ ਹੈ ਕਿ ਮੇਰੇ ਵਰਗੇ ਪੰਜਾਬੀ ਲੇਖਕ ਨੂੰ ਬਾਹਰਲੇ ਦੇਸ਼ਾਂ ਵਿਚ ਕੋਈ ਲੇਖਕ ਮਿਲਦਾ ਹੈ ਤਾਂ ਮੇਰੀ ਪਛਾਣ ਆਪਣੇ ਮਨ ਵਿਚ ਪੱਕੀ ਕਰਨ ਲਈ ਇਕ ਹੀ ਵਾਕ ਬੋਲਦਾ ਹੈ। 'ਮੈਂ ਜਾਣਦਾ ਹਾਂ ਤੁਸੀਂ ਓਸ ਦੇਸ਼ ਤੋਂ ਆਏ ਹੋ ਜਿਥੋਂ ਦੀ ਜੰਮ ਪਲ ਅੰਮ੍ਰਿਤਾ ਪ੍ਰੀਤਮ ਸੀ।' ਪਾਕਿਸਤਾਨ, ਬੰਗਲਾਦੇਸ਼ ਜਾਂ ਸ੍ਰੀ ਲੰਕਾ ਜਾਈਏ ਤਾਂ ਇਸ ਵਾਕ ਦਾ ਉਚਾਰਨ ਤੇ ਅਰਥ ਹੋਰ ਵੀ ਡੂੰਘਾ ਹੋ ਜਾਂਦਾ ਹੈ। ਹੁਣ ਤੱਕ ਅਸੀਂ ਇਹ ਕਹਿੰਦੇ ਆਏ ਹਾਂ, 'ਤੁਸੀਂ ਭਾਰਤ ਆਓ ਅਸੀਂ ਤੁਹਾਨੂੰ ਅੰਮ੍ਰਿਤਾ ਪ੍ਰੀਤਮ ਦਾ ਘਰ ਦਿਖਾ ਸਕਦੇ ਹਾਂ।' ਖਰੀਦਣ ਤੇ ਵੇਚਣ ਵਾਲਿਆਂ ਨੇ ਸਾਡਾ ਇਹ ਵਾਕ ਸਾਥੋਂ ਖੋਹ ਲਿਆ ਹੈ।

**ਅੰਤਿਕਾ (ਅੰਮ੍ਰਿਤਾ ਪ੍ਰੀਤਮ)**

ਇਸ਼ਕ ਦੀ ਦਹਿਲੀਜ਼ 'ਤੇ
ਸਿਜਦਾ ਕਰੇਗਾ ਜਦ ਕੋਈ,
ਯਾਦ ਫਿਰ ਦਹਿਲੀਜ਼ ਨੂੰ
ਮੇਰਾ ਜ਼ਮਾਨਾ ਆਏਗਾ।



*ਆਪਣੇ ਸਾਥੀ ਇਮਰੋਜ਼ ਤੇ ਬੇਟੀ ਕੰਦਲਾ ਦੇ ਨਾਲ ਅੰਮ੍ਰਿਤਾ ਪ੍ਰੀਤਮ*

## ਨਿੱਕ-ਸੁੱਕ

# ਨਾ ਮਾਰੋ ਧੀਆਂ ਕੁੱਖਾਂ 'ਚ, ਨਹੀਂ ਮਾਸੀ ਕੌਣ ਕਹਾਊ

## ਮੂੰਹ ਆਈ ਬਾਤ



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**
www.boparaikalan.com

ਮਾਂ ਦੇ ਦੁੱਧ ਦਾ ਕਰਜ਼ ਕਦੇ ਉਤਰ ਹੀ ਨਹੀਂ ਸਕਦਾ ਪਰ ਮਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਉਸ ਦੇ ਮਨ ਨੂੰ ਠੰਢਕ ਪਾ ਦੇਣਾ, ਤੁੱਛ ਵਿਆਜ ਮੋੜਨ ਦਾ ਉਪਰਾਲਾ ਹੋ ਸਕਦਾ ਹੈ। ਜਿਨ੍ਹਾਂ ਨੇ ਸਰਬਣ ਪੁੱਤ ਬਣ ਕੇ ਮਾਪੇ ਅੱਖਾਂ ਦੀ ਵਹਿੰਗੀ ਵਿਚ ਬਿਠਾ ਕੇ ਸੰਸਾਰ ਦੇ ਸਾਰੇ ਦੁੱਖ ਆਪਣੀ ਝੋਲੀ ਪੁਆ ਕੇ ਮਾਪਿਆਂ ਨੂੰ ਸੁੱਖਾਂ ਦੀ ਸੇਜ ਵਿਛਾ ਕੇ ਦਿੱਤੀ ਹੈ, ਉਨ੍ਹਾਂ ਨੂੰ ਤੀਰਥਾਂ 'ਤੇ ਨਹਾਉਣ ਦੀ ਲੋੜ ਨਹੀਂ ਪਈ। ਅੰਮਾ ਜਾਏ ਨਾਨਕੇ ਸ਼ੱਕਾਂ ਪੂਰਦੇ ਹਨ। ਮਾਸੀਆਂ ਨੂੰ ਭਾਣਜੇ ਪੁੱਤਾਂ ਨਾਲੋ ਪਿਆਰੇ ਹੁੰਦੇ ਹਨ ਪਰ ਅੱਜ ਜੋ ਹਨੇਰੀ ਝੁਲ ਰਹੀ ਹੈ, ਇਥੇ ਮਾਸੀ ਦਾ ਬਚਣਾ ਮੁਸ਼ਕਲ ਹੈ। ਪਹਿਲੀ ਧੀ ਤਾਂ ਸਵੀਕਾਰ ਕਰ ਲਈ ਜਾਂਦੀ ਹੈ ਪਰ ਦੂਜੀ ਧੀ ਕੁੱਖ ਵਿਚ ਹੀ ਕੁੜੀ ਹੋਣ ਦਾ ਸੰਤਾਪ ਭੋਗ ਲੈਂਦੀ ਹੈ।

ਮੇਰਾ ਇਕ ਗੂੜ੍ਹਾ ਸੱਜਣ ਮਿੱਤਰ ਕਹਿਣ ਲੱਗਾ, ਬਾਈ ਇੰਡੀਆ ਤੋਂ ਇਕ ਨਵੀਂ ਫਲੈਟ ਉਤਰੀ ਹੈ, ਉਸ ਨੂੰ ਕੰਮ ਸਿਖਾ ਦੇ। ਹੋ ਸਕੇ ਕੰਮ 'ਤੇ ਵੀ ਆਪਣੇ ਨਾਲ ਹੀ ਰੱਖ ਲਵੀਂ। ਜਦੋਂ ਵੀ ਕੋਈ ਮੁੰਡਾ ਇੰਡੀਆ ਤੋਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਥੇ ਪਹੁੰਚਦਾ ਹੈ ਤਾਂ ਉਸ ਨੂੰ ਨਵੀਂ ਫਲੈਟ ਦੇ ਨਾਂ ਨਾਲ ਜਾਣੂ ਕਰਵਾਇਆ ਜਾਂਦਾ। ਮੈਂ ਵੀ ਇਕ ਦਿਨ ਨਵੀਂ ਫਲੈਟ ਬਣ ਕੇ ਪਰਾਣੀ ਫਲੈਟ ਹੋਇਆ ਸੀ ਪਰ ਮੇਰੀ ਫਲੈਟ ਤਰ ਕੇ ਆਈ ਸੀ, ਉਡ ਕੇ ਨਹੀਂ। ਖੈਰ ਨਵੀਂ ਫਲੈਟ ਮੇਰੇ ਕੋਲ ਪਹੁੰਚ ਗਈ ਜਿਸ ਦਾ ਨਾਂ ਰੂਪ ਸਿੰਘ ਹੈ।

ਰੂਪ ਕੋਲੋਂ ਨਾਂ ਤੇ ਗਰਾਂ ਪੁੱਛਣ ਤੋਂ ਬਾਅਦ ਪੰਜਾਬੀਆਂ ਦੇ ਸੁਭਾਅ ਮੁਤਾਬਕ ਮੈਂ ਪੁੱਛ ਲਿਆ, ਰੂਪ ਸਿਆਂ, ਬਾਈ ਕੱਚਾ ਆਇਐਂ ਕਿ ਪੱਕਾ?

ਬਾਈ ਪੱਕਾ ਆਇਆਂ, ਗਰੀਨ ਕਾਰਡ 'ਤੇ। ਰੂਪ ਨੇ ਖੁਸ਼ ਹੁੰਦਿਆਂ ਜਵਾਬ ਦਿੱਤਾ।

ਬਾਈ ਫਿਰ ਤਾਂ ਬਹੁਤ ਕਰਮਾਂ ਵਾਲਾ ਹੈ ਤੂੰ, ਵਿਆਹ ਕਰਵਾ ਕੇ ਆਇਐਂ ਜਾਂ ਖੂਨ ਦੇ ਰਿਸ਼ਤੇ ਨਾਲ? ਮੈਂ ਫਿਰ ਸਵਾਲ ਪੁੱਛ ਗਿਆ।

ਬਾਈ ਜੀ, ਵਿਆਹ ਕਰਵਾ ਕੇ ਆਇਆਂ। ਰੂਪ ਨੇ ਘੁੱਟਵੀਂ ਜਿਹੀ ਆਵਾਜ਼ ਵਿਚ ਜਵਾਬ ਦਿੱਤਾ।

ਇਸ ਤੋਂ ਬਾਅਦ ਮੈਂ ਰੂਪ ਨੂੰ ਸਟੋਰ ਦਾ ਕੰਮ ਸਿਖਾਉਣਾ ਸ਼ੁਰੂ ਕਰ ਦਿੱਤਾ। ਸਾਡੀ ਜਾਣ-ਪਛਾਣ ਤੋਂ ਬਾਅਦ ਹੋਰ ਨੇੜਤਾ ਹੋ ਗਈ। ਫਿਰ ਰੂਪ ਨੇ ਆਪਣੀ ਕਹਾਣੀ ਇਉਂ ਸੁਣਾਈ।

ਬਾਈ, ਮੇਰੀ ਨਾਨੀ ਦੇ ਦੋ ਧੀਆਂ ਹੀ ਹਨ, ਪੁੱਤ ਕੋਈ ਨਹੀਂ। ਮੇਰੀ ਮਾਂ ਵੱਡੀ ਹੈ ਤੇ ਮਾਸੀ ਛੋਟੀ। ਇਹ ਅਜੇ ਛੋਟੀਆਂ ਹੀ ਸਨ ਜਦੋਂ ਨਾਨਾ-ਨਾਨੀ ਥੋੜ੍ਹੇ ਜਿਹੇ ਫਰਕ ਨਾਲ ਸੁਰਗਵਾਸ ਹੋ ਗਏ। ਚਾਚੇ-ਤਾਇਆਂ ਦੇ ਇਕੱਠ ਵਿਚ ਮੇਰੀ ਮਾਂ ਨੇ ਮਾਸੀ ਨੂੰ ਪਾਲਿਆ ਤੇ ਪੜ੍ਹਨ ਤੋਰਿਆ। ਆਪ ਚਾਚੀਆਂ-ਤਾਈਆਂ ਨਾਲ ਕੰਮ ਕਰਵਾਉਂਦੀ। ਮਾਸੀ ਨੂੰ ਘਰ ਦਾ ਕੰਮ ਕਰਨ ਨਾ ਲਾਉਂਦੀ, ਬਸ ਉਸ ਨੂੰ ਪੜ੍ਹਾਈ ਕਰਵਾਉਂਦੀ। ਮਾਸੀ ਵੀ ਪੜ੍ਹਨ ਨੂੰ ਹੁਸ਼ਿਆਰ ਸੀ। ਉਹ ਪੜ੍ਹੀ ਗਈ। ਮਾਂ ਨੇ ਇਕ ਸੁਪਨਾ ਜੋ ਪੂਰਾ ਕਰਨਾ ਸੀ, ਮਾਸੀ ਨੂੰ ਪੜ੍ਹਾ ਕੇ ਕੈਨੇਡਾ-ਅਮਰੀਕਾ ਵਿਆਹੁਣ ਦਾ। ਜੇ ਚਾਚੇ-ਤਾਏ ਮਾਸੀ ਦੀ ਪੜ੍ਹਾਈ ਨੂੰ ਲੈ ਕੇ ਕੁਝ ਬੋਲਦੇ ਤਾਂ ਮਾਂ ਕਹਿ ਦਿੰਦੀ ਕਿ ਸਾਨੂੰ ਦਾਜ ਵਿਚ ਇਕ ਕੌਡੀ ਨਾ ਦਿਓ ਪਰ ਛੋਟੀ ਨੂੰ ਪੜ੍ਹ ਜਾਣ ਦਿਓ।

ਮਾਸੀ ਨੇ ਪੜ੍ਹਾਈ ਪੂਰੀ ਕਰ ਲਈ, ਹੁਣ ਮਾਂ ਦੇ ਵਿਆਹ ਦੀ ਤਿਆਰੀ ਹੋਣ ਲੱਗੀ ਪਰ ਮਾਂ ਕਹਿੰਦੀ ਪਹਿਲਾਂ ਛੋਟੀ ਦੀ ਡੋਲੀ ਤੋਰਨੀ ਹੈ। ਮਾਸੀ ਲਈ ਅਮਰੀਕਾ ਤੋਂ ਰਿਸ਼ਤਾ ਪੱਕਾ ਹੋ ਗਿਆ। ਮਾਸੜ ਨੇ ਬਿਨ ਦਹੇਜ ਤੋਂ ਵਿਆਹ ਕਰਵਾਇਆ ਪਰ ਮਾਂ ਨੇ ਆਪਣੇ ਹੱਥੀਂ ਬਣਾਇਆ ਦਾਜ ਮਾਸੀ ਦੀ ਪੇਟੀ ਪਾ ਦਿੱਤਾ। ਦਾਜ ਕਾਹਦਾ ਸੀ, ਦੁੱਖਾਂ ਨਾਲ ਹੰਢਾਏ ਦਿਨਾਂ ਦੀ ਦਾਸਤਾਨ ਧਾਗਿਆਂ ਵਿਚ ਪਰੋਈ ਹੋਈ ਸੀ। ਫਿਰ ਦੋ ਕੂੰਜਾਂ ਵਿਛੜ ਗਈਆਂ। ਇਕ ਕੂੰਜ ਆਜ਼ਾਦ ਹੋ ਕੇ ਅਮਰੀਕਾ ਆ ਗਈ ਤੇ ਦੂਜੀ ਆਪਣੇ ਮਾਪਿਆਂ ਨੂੰ ਯਾਦ ਕਰਦੀ, ਰੋਂਦੀ ਆਪਣਾ ਟਿਕਾਣਾ ਬਦਲ ਕੇ ਮੇਰੇ ਬਾਪ ਨਾਲ ਆ ਗਈ। ਚਾਚੇ-ਤਾਏ ਰੋਂਦੇ ਛੱਡ ਮਾਂ ਨੇ ਆਪਣਾ ਆਲ੍ਹਣਾ ਬਣਾ ਗਿਆ। ਬਾਪ ਮੇਰਾ ਵੀ ਇਕੱਲਾ ਪੁੱਤ ਸੀ।

ਮਾਸੀ ਨੇ ਅਮਰੀਕਾ ਪਹੁੰਚ ਕੇ ਹੋਰ ਪੜ੍ਹਾਈ ਕੀਤੀ ਤੇ ਕਾਇਜ਼ਰ ਹਸਪਤਾਲ ਵੱਡੀ ਨਰਸ ਲੱਗ ਗਈ। ਮੇਰੀ ਮਾਂ ਦੀ ਕੁੱਖੋਂ ਮੈਂ ਤੇ ਮੇਰੀ ਛੋਟੀ ਭੈਣ ਨੇ ਜਨਮ ਲਿਆ। ਅਸੀਂ ਅਜੇ ਪ੍ਰਾਇਮਰੀ ਸਕੂਲ ਵੀ ਨਹੀਂ ਸੀ ਟੱਪੇ ਜਦੋਂ ਮੇਰਾ ਬਾਪ ਸੱਪ ਲੜਨ ਕਰਕੇ ਤੁਰ ਗਿਆ। ਮਾਂ ਨੇ ਨਾ ਪੇਕੀਂ ਸੁੱਖ ਲਿਆ, ਨਾ ਸਹੁਰੀਂ। ਮਾਸੀ ਇਥੋਂ ਇੰਡੀਆ ਗਈ। ਮਾਂ ਨੂੰ ਦਿਲਾਸੇ ਦਿੱਤੇ। ਸਾਡੀ ਦੋਵਾਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਵਾਅਦਾ ਕੀਤਾ। ਜ਼ਮੀਨ ਦਾ ਮਾਮਲਾ ਆ ਜਾਂਦਾ, ਕੁਝ ਮਾਸੀ ਹੱਥ ਝਾੜੀ ਜਾਂਦੀ। ਸਾਡੀ ਪੜ੍ਹਾਈ ਵਧੀਆ ਚੱਲੀ ਜਾਂਦੀ। ਮੈਂ ਤਾਂ ਪੜ੍ਹਾਈ ਵਿਚ ਧੱਕਾ ਸਟਾਰਟ ਹੀ ਸੀ ਪਰ ਭੈਣ ਪੜ੍ਹਾਈ ਵਿਚ ਤੇਜ ਸੀ। ਪੜ੍ਹਾਈ ਕਰਕੇ ਹੀ ਆਸਟਰੇਲੀਆ ਦਾ ਵੀਜ਼ਾ ਮਿਲ ਗਿਆ। ਮਾਸੜ ਜੀ ਨੇ ਰਿਸ਼ਤੇਦਾਰੀ ਵਿਚ ਉਸ ਦਾ ਉਥੇ ਹੀ ਵਿਆਹ ਕਰ ਦਿੱਤਾ।

ਮਾਸੀ ਦੋ ਕੁ ਸਾਲ ਬਾਅਦ ਇੰਡੀਆ ਜਾ ਆਉਂਦੀ, ਦੋਵੇਂ ਭੈਣਾਂ ਬੈਠ ਕੇ ਦੁੱਖ ਸੁੱਖ ਫੋਲ ਲੈਂਦੀਆਂ। ਮਾਂ ਹੱਥ ਜੋੜ ਕੇ ਕਹਿੰਦੀ, ਛੋਟੀਏ, ਇਕ ਵਾਰ ਰੂਪੇ ਨੂੰ ਅਮਰੀਕਾ ਲੈ ਜਾ, ਮੈਂ ਤੇਰੇ ਕੋਲੋਂ ਹੋਰ ਕੁਝ ਨਹੀਂ ਮੰਗਦੀ। ਜਿਸ ਦਿਨ ਰੂਪਾ ਅਮਰੀਕਾ ਪਹੁੰਚ ਗਿਆ, ਉਸ ਦਿਨ ਮਨ ਨੂੰ ਸ਼ਾਂਤੀ ਆਉਣੀ ਹੈ। ਮਾਸੀ ਮਾਂ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਲੈ ਕੇ ਕਹਿੰਦੀ, ਭੈਣ ਜੀ ਤੁਸੀਂ ਤਾਂ ਮੇਰੇ ਮਾਤਾ ਜੀ ਹੋ, ਜਿਨ੍ਹਾਂ ਦੀ ਬਦੌਲਤ ਮੈਂ ਪੜ੍ਹ ਲਿਖ ਕੇ ਅਮਰੀਕਾ ਪਹੁੰਚ ਗਈ, ਨਹੀਂ ਤਾਂ ਚਾਚੀਆਂ ਨੇ ਨਰਮਾ ਚੁਗਾਈ ਜਾਣਾ ਸੀ, ਗੋਹੇ ਵਿਚੋਂ ਹੱਥ ਨਹੀਂ ਸੀ ਨਿਕਲਣੇ। ਮੈਂ ਜੋ ਕੁਝ ਹਾਂ ਤੁਹਾਡੇ ਕਰਕੇ। ਫਿਰ ਦੋਵੇਂ ਰੋਣ ਲੱਗ ਪਈਆਂ।

ਮਾਸੀ ਇਥੋਂ ਮੇਰੇ ਲਈ ਰਿਸ਼ਤਾ ਲੱਭਣ ਲੱਗੀ ਪਰ ਮੇਰੀ ਪੜ੍ਹਾਈ ਘੱਟ ਤੇ ਜ਼ਮੀਨ ਘੱਟ ਹੋਣ ਕਰਕੇ ਕੋਈ ਮਾਸੀ ਨੂੰ ਲੜ ਨਾ ਫੜਾਉਂਦਾ, ਨਾ ਪੰਜਾਬੀਆਂ ਵਾਂਗ ਵੱਟਾ-ਸੱਟਾ ਕਰ ਸਕਦੀ ਸੀ ਕਿਉਂਕਿ ਮਾਸੀ ਦੇ ਬੱਚੇ ਅਜੇ ਵਿਆਹੁਣਯੋਗ ਨਹੀਂ ਹੋਏ ਸਨ। ਰਿਸ਼ਤਾ ਲੱਭਣ ਵਿਚ ਹੋ ਰਹੀ ਦੇਰੀ ਮਾਂ ਦੀ ਜਾਨ ਘਟਾਈ ਜਾਂਦੀ ਸੀ। ਮੇਰੀ ਉਮਰ ਬੱਤੀ ਸਾਲ ਦੀ ਹੋ ਗਈ, ਮਾਂ ਦਾ ਫਿਕਰ ਸ਼ਾਹਾਂ ਦੇ ਵਿਆਜ ਵਾਂਗ ਰਾਤ-ਦਿਨ ਵਧਦਾ ਹੀ ਜਾਂਦਾ।

ਜਦੋਂ ਸਿਰ ਤੋਂ ਪਾਣੀ ਲੰਘਣ ਲੱਗਾ ਤਾਂ ਮਾਸੀ ਨੇ ਆਪਣੇ ਨਾਲ ਨਵੀਂ ਲੱਗੀ ਮੈਕਸੀਕਨ ਕੁੜੀ ਨਾਲ ਮੇਰੀ ਪੇਪਰ ਮੈਰਿਜ ਕਰਨ ਦੀ ਗੱਲ ਕੀਤੀ। ਮੈਨੂੰ ਪੰਜਾਬੀ ਤੋਂ ਸਿਵਾਏ ਹੋਰ ਕੁਝ ਆਉਂਦਾ ਨਹੀਂ ਸੀ ਤੇ ਉਹ ਕੁੜੀ ਆਪਣੀ ਬੋਲੀ ਤੇ ਅੰਗਰੇਜ਼ੀ ਬੋਲਦੀ ਸੀ। ਮਾਸੀ ਕਿਸੇ ਵੀ ਕੀਮਤ 'ਤੇ ਇਹ ਮੌਕਾ ਗਵਾਉਣਾ ਨਹੀਂ ਚਾਹੁੰਦੀ ਸੀ। ਮਾਸੀ ਨੇ ਕੁੜੀ ਨੂੰ ਪੰਜਾਬੀ ਸਿੱਖਣ ਲਾ ਦਿੱਤਾ ਤੇ ਮੈਨੂੰ ਅੰਗਰੇਜ਼ੀ ਸਿੱਖਣ।

ਜਦੋਂ ਉਹ ਕੁੜੀ ਪੰਜਾਬੀ ਪੂਰੀ ਬੋਲਣ ਲੱਗ ਗਈ ਤਾਂ ਮਾਸੀ ਉਸ ਨੂੰ ਲੈ ਕੇ ਇੰਡੀਆ ਗਈ। ਕੁੜੀ ਨੇ ਜਦੋਂ ਪੰਜਾਬੀ ਸੂਟ ਪਾਇਆ ਤਾਂ ਲੱਗੇ ਜਿਵੇਂ ਅਰਸ਼ਾਂ ਤੋਂ ਪਰੀ ਉਤਰੀ ਹੋਵੇ। ਕੋਈ ਪਛਾਣ ਨਾ ਸਕਿਆ ਕਿ ਇਹ ਕੁੜੀ ਪੰਜਾਬਣ ਨਹੀਂ ਹੈ। ਮੇਰਾ ਵਿਆਹ ਹੋ ਗਿਆ। ਮਾਂ ਦੀਆਂ ਅਰਦਾਸਾਂ/ਬੇਨਤੀਆਂ ਤੇ ਮਾਸੀ ਦਾ ਅੱਡੀ ਚੱਕ ਕੇ ਲਾਇਆ ਜ਼ੋਰ ਆਪਣਾ ਰੰਗ ਦਿਖਾ ਗਿਆ ਜਦੋਂ ਮੇਰੇ ਪਾਸਪੋਰਟ 'ਤੇ ਅਮਰੀਕਾ ਦਾ ਵੀਜ਼ਾ ਲੱਗ ਗਿਆ। ਮਾਂ ਨੇ ਲੋਕਾਂ ਤੋਂ ਡਰਦਿਆਂ ਹਨ੍ਹੇਰੇ ਵਿਚ ਹੀ ਮੇਰਾ ਸਿਰ ਪਲੋਸ ਦਿੱਲੀ ਨੂੰ ਤੋਰ ਦਿੱਤਾ।

ਜਦੋਂ ਮੈਂ ਸਾਨ ਫਰਾਂਸਿਸਕੋ ਉਤਰਿਆ ਤਾਂ ਅੱਗੇ ਦੋ ਕਾਰਾਂ ਮੈਨੂੰ ਲੈਣ ਵਾਸਤੇ ਆਈਆਂ ਸਨ। ਇਕ ਬੀ ਐਮ ਡਬਲਯੂ ਤੇ ਇਕ ਲੈਕਸਸ। ਮਾਸੀ ਨੇ ਭੱਜ ਕੇ ਮੈਨੂੰ ਬੁੱਕਲ ਵਿਚ ਲੈ ਲਿਆ, ਵਾਰੀ ਵਾਰੀ ਮੇਰਾ ਮੂੰਹ ਚੁੰਮਦੀ ਸਫਰ ਦੀ ਤਕਲੀਫ ਬਾਰੇ ਪੁੱਛਦੀ। ਲੱਗਦਾ ਜਿਵੇਂ ਮਾਸੀ ਨੇ ਅੱਜ ਅਹਿਸਾਨਾਂ ਦਾ ਬਦਲਾ ਵਾਅਦੇ ਦੀ ਜਿੱਤ ਪ੍ਰਾਪਤ ਕਰਕੇ ਉਤਾਰ ਦਿੱਤਾ ਹੋਵੇ। ਮੈਨੂੰ ਮਾਸੀ ਫੁੱਲਾਂ ਵਾਂਗ ਸਾਂਭ ਕੇ ਘਰ ਲੈ ਆਈ।

ਮਾਸੀ ਨੇ ਘਰ ਆ ਕੇ ਮੇਰੀ ਮਾਂ ਨੂੰ ਫੋਨ ਲਾ ਦਿੱਤਾ। ਬਾਈ ਸੱਚ ਜਾਣੀ, ਪੰਦਰਾਂ ਮਿੰਟ ਤਾਂ ਦੋਵੇਂ ਜਣੀਆਂ ਰੋਈ ਹੀ ਗਈਆਂ। ਖੁਸ਼ੀਆਂ ਦੇ ਹੰਝੂਆਂ ਨੇ ਸਾਰਾ ਮੇਜ ਭਰ ਦਿੱਤਾ। ਫਿਰ ਮਾਂ ਨੂੰ ਮੈਂ ਦੱਸਿਆ ਕਿ ਮੈਂ ਠੀਕ ਠਾਕ ਪਹੁੰਚ ਗਿਆ ਹਾਂ। ਮਾਂ ਨੇ ਰੱਬ ਦਾ ਲੱਖ ਲੱਖ ਸ਼ੁਕਰ ਮਨਾਇਆ। ਮਾਂ ਦਾ ਫਿਕਰ ਮੁੱਕ ਗਿਆ।

ਮਾਸੀ ਦਸ ਦਿਨ ਕੰਮ 'ਤੇ ਨਾ ਗਈ। ਵਧੀਆ ਖਾਣੇ ਬਣਾ ਕੇ ਦਿੰਦੀ, ਦੋ ਮਹੀਨਿਆਂ ਵਿਚ ਮੈਨੂੰ ਇਨ੍ਹਾਂ ਨੇ ਸਾਰਾ ਕੈਲੀਫੋਰਨੀਆ ਘੁਮਾ ਦਿੱਤਾ। ਫੋਟੋਆਂ ਖਿੱਚ ਕੇ ਮਾਂ ਨੂੰ ਭੇਜ ਦਿੱਤੀਆਂ। ਮਾਂ ਆਂਢ-ਗੁਆਂਢ ਫੋਟੋਆਂ ਦਿਖਾਉਂਦੀ ਫਿਰੇ, ਦੇਖੋ ਨੀਂ ਮੇਰਾ ਰੂਪ ਅੰਗਰੇਜ਼ ਈ ਬਣਿਆ ਖੜ੍ਹਾ ਹੈ। ਹੁਣ ਮਾਸੀ ਨੇ ਮੇਰੀ ਮਾਂ ਦੇ ਪੇਪਰ ਵੀ ਭੇਜ ਦਿੱਤੇ। ਉਹ ਵੀ ਥੋੜ੍ਹੇ ਚਿਰ ਵਿਚ ਆ ਜਾਊਗੀ।

ਰੂਪ ਸਿੰਘ ਨੂੰ ਲਾਈਸੈਂਸ ਲੈਂਦੇ ਨੂੰ ਦੋ ਕੁ ਮਹੀਨੇ ਲੱਗ ਗਏ। ਮਾਸੀ ਰੋਜ਼ ਸਟੋਰ 'ਤੇ ਛੱਡ ਜਾਂਦੀ ਤੇ ਸ਼ਾਮ ਲੈ ਜਾਂਦੀ। ਰੂਪ ਨੂੰ ਪੁੱਤਾਂ ਨਾਲੋਂ ਵੀ ਵੱਧ ਪਿਆਰ ਕਰਦੀ। ਇਕ ਦਿਨ ਮੈਂ ਰੂਪ ਨੂੰ ਹੱਸਦਿਆਂ ਕਿਹਾ, ਰੂਪ ਸਿਆਂ ਅੱਜ ਘਰ ਜਾ ਕੇ ਮਾਸੀ ਦੇ ਚਰਨ ਧੋ ਕੇ ਪੀ ਲਵੀਂ, ਜਿਹੜੀ ਮਾਸੀ ਨੇ ਤੇਰਾ ਇੰਨਾ ਵੱਡਾ ਕਾਰਜ ਕੀਤਾ ਹੈ। ਜੇ ਤੇਰੀ ਮਾਸੀ ਤੇਰੀ ਮਾਂ ਦਾ ਕੀਤਾ ਨਹੀਂ ਮੋੜ ਸਕਦੀ ਤੇ ਤੂੰ ਵੀ ਸਾਰੀ ਉਮਰ ਮਾਸੀ ਦਾ ਸ਼ੁਕਰਾਨਾ ਕਰਦਾ ਨਾ ਥੱਕੀਂ।

ਰੂਪ ਕੰਮ ਸਿੱਖ ਕੇ ਕਿਤੇ ਹੋਰ ਚਲਾ ਗਿਆ। ਮਾਸੀ ਨੇ ਨਵੀਂ ਕਾਰ ਲੈ ਕੇ ਦਿੱਤੀ। ਰੂਪ ਦੀ ਮਾਂ ਆ ਗਈ। ਹੁਣ ਸੁਣਿਐ ਕਿ ਉਸ ਦਾ ਵਿਆਹ ਹੈ। ਮੈਂ ਸੋਚਦਾਂ ਜੇ ਰੂਪ ਦੇ ਮਾਸੀ ਸੀ ਤਾਂ ਹੀ ਰੂਪ ਅਮਰੀਕਾ ਬੈਠਾ ਹੈ ਜੇ ਰੂਪ ਦਾ ਨਾਨਾ ਪੁੱਤ ਦੇ ਲਾਲਚ ਵਿਚ ਮਾਸੀ ਨੂੰ ਕੁੱਖ ਵਿਚ ਹੀ ਮਾਰ ਦਿੰਦਾ ਤਾਂ ਕਿਸ ਨੇ ਅਮਰੀਕਾ ਦਿਖਾਉਣੀ ਸੀ। ਕਾਸ਼! ਮੇਰੀ ਮਾਸੀ ਵੀ ਅਮਰੀਕਾ ਹੁੰਦੀ, ਮੈਨੂੰ ਗਰੀਨ ਕਾਰਡ ਲਈ ਇੰਨੀ ਜੱਦੋਜਹਿਦ ਨਾ ਕਰਨੀ ਪੈਂਦੀ।

# ਜਾਪੁ ਸਾਹਿਬ-ਇੱਕ ਅਧਿਐਨ

## ਗੁਰਮਤਿ ਚਿੰਤਨ

ਡਾ. ਗੁਰਨਾਮ ਕੌਰ

ਗਿਆਨ ਸ਼ਬਦ ਗੁਰੂ ਸੁਣੇ ਸੁਣਾਇ
ਜਪੁ ਜੀ ਜਾਪੁ ਪੜਹੇ ਚਿੱਤ ਲਾਇ॥੨੩॥

ਇਹ ਪੰਕਤੀਆਂ ਭਾਈ ਨੰਦ ਲਾਲ ਗੋਇਆ ਦੀਆਂ ਹਨ ਜੋ ਉਨ੍ਹਾਂ ਦੀ ਕਿਰਤ 'ਰਹਿਤਨਾਮਾ' ਵਿਚੋਂ ਹਨ ਜਿਸ ਵਿਚ 'ਸਿੱਖ ਰਹਿਤ ਮਰਿਯਾਦਾ' ਦੇ ਸਬੰਧ ਵਿਚ ਉਨ੍ਹਾਂ ਦੇ ਪ੍ਰਸ਼ਨਾਂ ਦਾ ਉਤਰ ਦਸਮ ਪਾਤਿਸ਼ਾਹ ਹਜ਼ੂਰ ਆਪਣੇ ਮੁਖ਼ਾਰਬਿੰਦ ਤੋਂ ਦਿੰਦੇ ਹਨ। ਇਸ ਤੋਂ ਇਹ ਤੱਥ ਭਲੀਭਾਂਤ ਵਿਦਿਤ ਹੋ ਜਾਂਦਾ ਹੈ ਕਿ ਦਸਮ ਪਾਤਿਸ਼ਾਹ ਨੇ ਜਿੱਥੇ ਨਿਤਨੇਮ ਦੀਆਂ ਬਾਣੀਆਂ ਵਿਚ ਗੁਰੂ ਦੇ ਸਿੱਖ ਨੂੰ ਗੁਰੂ ਨਾਨਕ ਰਚਿਤ ਬਾਣੀ



ਡਾ. ਗੁਰਨਾਮ ਕੌਰ

'ਜਪੁ ਜੀ' ਦਾ ਪਾਠ ਪੜ੍ਹਨ ਜਾਂ ਸੁਣਨ ਦਾ ਅਦੇਸ਼ ਕੀਤਾ ਹੈ ਉਥੇ ਨਾਲ ਹੀ ਦਸਵੀਂ ਨਾਨਕ ਜੋਤਿ ਦੀ ਰਚਨਾ 'ਜਾਪੁ ਸਾਹਿਬ' ਦਾ ਪਾਠ ਪੜ੍ਹਨ-ਸੁਣਨ ਦਾ ਵੀ ਅਦੇਸ਼ ਕੀਤਾ ਹੈ। 'ਜਪੁ ਜੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਮੂਲ ਮੰਤਰ ਤੋਂ ਬਾਅਦ ਦਰਜ ਅਰੰਭਕ ਬਾਣੀ ਹੈ। ਮੂਲ ਮੰਤਰ 'ੴ' ਤੋਂ 'ਗੁਰ ਪ੍ਰਸਾਦਿ' ਤੱਕ ਦੀ ਬਾਣੀ ਦਾ ਨਾਮ ਹੈ। ਮੂਲ ਮੰਤਰ ਵਿਚ ਅਧਿਆਤਮਵਾਦ ਦੇ ਕੇਂਦਰੀ ਸਿਧਾਂਤ ਦਾ ਤੱਤ ਕੱਢਿਆ ਹੋਇਆ ਹੈ ਜਿਸ ਵਿਚ ਵਿਅਕਤੀਗਤ ਪਰਮਾਤਮਾ ਦੀ ਏਕਤਾ ਅਤੇ ਪਰਮ ਸਤਿ ਦੀ ਅਵਿਅਕਤੀਗਤ ਏਕਤਾ ਦਾ ਵਰਣਨ ਕੀਤਾ ਹੈ। ਪਰਮ ਸਤਿ ਦਾ ਵਿਅਕਤੀਗਤ ਸੁਭਾ ਜਿਵੇਂ ਕਰਤਾ ਪੁਰਖ ਅਤੇ ਇਸ ਦਾ ਅਦਵੈਤ ਸੁਭਾ ਹੀ ਸਿੱਖ ਧਰਮ ਗ੍ਰੰਥ ਵਿਚ ਇਸ ਦੀ ਨਿਯਮਤ ਏਕਤਾ ਹੈ। ਪਰਮ ਸਤਿ ਦਾ ਇਹ ਪਹਿਲੂ ਉਸ ਦੇ ਅਸਲੀ ਸੁਭਾ ਦਾ ਅਨੁਭਵ ਕਰਨ ਲਈ ਬਹੁਤ ਜ਼ਰੂਰੀ ਹੈ। ਇਹ ਅਨੇਕਤਾ ਵਿਚ ਏਕਤਾ ਹੈ ਜਾਂ ਇਉਂ ਕਹਿ ਲਈਏ ਕਿ ਬਹੁ-ਰੂਪਤਾ ਵਿਚ ਸਮਰੂਪਤਾ ਹੈ ਜਿਸ ਦਾ ਸਿੱਖ ਅਧਿਆਤਮਵਾਦ ਵਿਚ ਕੇਂਦਰੀ ਮਹੱਤਵ ਰਿਹਾ ਹੈ। ਸਿੱਖ ਧਰਮ ਦਰਸ਼ਨ ਵਿਚ ਪਰਮ ਸਤਿ ਦੀ ਏਕਤਾ ਦਾ ਸੰਕਲਪ ਇਸ ਦੇ ਸ਼ਬਦਾਂਗ '੧ਓਅੰਕਾਰ' ਵਿਚੋਂ ਨਿਕਲਿਆ ਹੈ ਜੋ ਕਿ ਮੂਲ ਮੰਤਰ ਦੇ ਅਰੰਭ ਵਿਚ ਦਰਜ ਹੈ। '੧ਓਅੰਕਾਰ' ਨੂੰ ਆਮ ਤੌਰ 'ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: '੧, ਓਅਮ, ਕਾਰ'। ਓਅਮ ਪਦ ਸ਼ਬਦ ਬ੍ਰਹਮ ਦਾ ਚਿੰਨ੍ਹ ਹੈ ਜੋ ਕਿ ਪ੍ਰਗਟ ਸੰਸਾਰ (ਅਕਾਰ) ਦਾ ਆਦਿ ਜਾਂ ਪਹਿਲਾ ਕਾਰਨ ਹੈ ਅਤੇ ਮੂਲ ਮੰਤਰ ਵਿਚ ਨੰਬਰ '੧' ਅਧਿਆਤਮਕ ਏਕਤਾ ਲਈ ਆਇਆ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਪਰਮ ਸਤਿ ਇੱਕ ਹੈ ਜਿਸ ਤੋਂ ਇਹ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ ਹੈ। ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ। ਉਹੀ ਇਸ ਸਾਰੇ ਪਾਸਾਰ ਦਾ ਕਾਰਨ ਹੈ। ਪ੍ਰੋਫੈਸਰ ਸਾਹਿਬ ਸਿੰਘ ਨੇ ਵੀ ਇਹੀ ਵਿਆਖਿਆ ਕੀਤੀ ਹੈ। ਪਰਮ ਸਤਿ ਆਪਣੀ ਰਚਨਾ ਵਿਚ ਇੱਕ ਰਸ ਵਿਆਪਕ ਹੈ। ਜਗਤ ਦਾ ਕਾਰਨ ਹੋਣ ਅਤੇ ਆਪਣੀ ਰਚਨਾ ਵਿਚ ਇੱਕ ਰਸ ਵਿਆਪਕ ਹੋਣ 'ਤੇ ਵੀ ਉਹ ਘਟਦਾ ਵਧਦਾ ਨਹੀਂ ਭਾਵ ਉਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ। 'ਜਾਪੁ ਸਾਹਿਬ' ਵਿਚ ਵੀ ਉਸ ਦੇ ਇਸ ਆਦਿ ਰੂਪ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਨੇ ਕੀਤਾ ਹੈ ਅਤੇ 'ਓਅੰ' ਨੂੰ ਉਸ ਦਾ ਮੁਢਲਾ ਰੂਪ ਕਿਹਾ ਹੈ ਜੋ ਜਿਸ ਦਾ ਕੋਈ ਆਦਿ ਜਾਂ ਅਰੰਭ ਨਹੀਂ ਹੈ। ਉਹ ਨਾਮ ਅਤੇ ਰੂਪ ਤੋਂ ਰਹਿਤ ਹੈ ਅਤੇ ਤਿੰਨਾਂ ਲੋਕਾਂ ਦੀ ਸੰਭਾਲ ਕਰਨ ਵਾਲਾ ਅਤੇ ਨਾਸ ਕਰਨ ਵਾਲਾ ਹੈ:

ਓਅੰ ਆਦਿ ਰੂਪੇ॥
ਅਨਾਦਿ ਸਰੂਪੇ॥
ਅਨੰਗੀ ਅਨਾਮੇ॥
ਤ੍ਰਿਭੰਗੀ ਤ੍ਰਿਕਾਮੇ॥੨੯॥੧੨੪॥

'ਸਤਿਨਾਮ' ਮੂਲ ਮੰਤਰ ਮੁਤਾਬਿਕ ਪਰਮ ਸਤਿ ਦਾ ਦੂਸਰਾ ਗੁਣ ਹੈ। ਸਤਿਨਾਮ ਤੋਂ ਭਾਵ ਹੈ ਕਿ ਉਸ ਪਰਮਾਤਮਾ ਜਾਂ ਪਰਮ ਸਤਿ ਦੀ ਹੋਂਦ ਹੈ। ਭਾਰਤੀ ਦਰਸ਼ਨ ਅਨੁਸਾਰ ਹਰ ਵਿਅਕਤੀ ਨਾਮ ਅਤੇ ਰੂਪ ਰਾਹੀਂ ਜਾਣਿਆ ਜਾਂਦਾ ਹੈ ਪ੍ਰੰਤੂ ਬ੍ਰਹਮ ਦੀ ਕਿਸੇ ਖਾਸ ਰੂਪ ਰਾਹੀਂ ਪਹਿਚਾਣ ਨਹੀਂ ਹੈ, ਉਸ ਦਾ ਕੋਈ ਰੂਪ ਨਹੀਂ ਹੈ। ਇਸ ਲਈ ਉਹ ਸਿਰਫ ਨਾਮ ਹੈ। ਸਿੱਖ ਧਰਮ ਦਰਸ਼ਨ ਅਨੁਸਾਰ ਨਾਮ ਕੁੱਝ ਅਜਿਹੀ ਚੀਜ਼ ਹੈ ਜੋ ਸਰਬ ਵਿਆਪਕ ਹੈ, ਹਰ ਇੱਕ ਵਿਚ ਮੌਜੂਦ ਹੈ। ਹਰ ਇੱਕ ਵਿਚ ਰੂਪ ਦੇ ਤੌਰ 'ਤੇ ਨਹੀਂ ਪਰ ਆਤਮਾ ਦੇ ਤੌਰ 'ਤੇ ਵਿਆਪਕ ਹੈ। ਇਸ ਲਈ ਨਾਮ ਵਿਆਪਕ ਆਤਮਾ ਹੈ। ਇਹ ਸਾਰੀ ਰਚਨਾ ਦਾ ਸਮਰੱਥ ਅਤੇ ਸਥੂਲ ਕਾਰਨ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸ ਦਾ ਸੰਕੇਤ ਸਾਨੂੰ ਬਹੁਤ ਥਾਂਵਾਂ 'ਤੇ ਮਿਲ ਜਾਂਦਾ ਹੈ ਕਿ ਪਰਮ ਸਤਿ ਇੱਕ ਹੈ ਜੋ ਸਾਰੀ ਰਚਨਾ ਦਾ ਕਾਰਨ ਹੈ, ਰਚਨਾ ਉਸ ਦਾ ਪ੍ਰਗਟਾਵਾ ਹੈ, ਉਸ ਦੀ ਹੋਂਦ ਹੈ ਅਤੇ ਉਹ ਤਿੰਨਾਂ ਭਵਨਾਂ ਅਰਥਾਤ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ। ਉਹ ਸਾਰੀ ਸ੍ਰਿਸ਼ਟੀ ਰਚਨਾ ਦਾ ਸਮਰੱਥ ਅਤੇ ਸਥੂਲ ਕਾਰਨ ਹੈ। ਇਸ ਤਰ੍ਹਾਂ ਸਤਿਨਾਮ ਸੂਖਮ ਜੋਤਿ ਦੀ ਹੋਂਦ ਦਾ ਸੂਚਕ ਹੈ। ਅਕਾਲ ਪੁਰਖ ਜੋਤਿ ਹੈ, ਜਿਸ ਦੀ ਹੋਂਦ ਹੈ।

ਅਕਾਲ ਪੁਰਖ ਸਿਰਫ ਅਪ੍ਰਗਟ ਹੋਂਦ ਹੀ ਨਹੀਂ ਸਗੋਂ ਕਰਤਾ ਪੁਰਖ ਵੀ ਹੈ। ਅਪ੍ਰਗਟ ਹੋਂਦ ਆਪ ਹੀ ਆਪਣੇ ਸਹਿਜਭਾਵ ਵਿਚ ਗੁਪਤ ਤੋਂ ਪ੍ਰਗਟ ਅਵਸਥਾ ਵਿਚ ਆ ਜਾਂਦੀ ਹੈ ਅਤੇ ਕਰਤੇ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਸ੍ਰਿਸ਼ਟੀ ਦਾ ਆਦਿ ਕਾਰਨ ਹੋਣ ਕਰਕੇ ਕਰਤਾ ਪੁਰਖ ਆਪਣੇ ਆਪ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। 'ਕਰਤਾ ਪੁਰਖ' ਇੱਕ ਹੈ ਅਤੇ 'ਕਰਤਾ ਪੁਰਖ' ਹੋਣਾ ਪਰਮ ਸਤਿ ਦਾ ਗੁਣ ਹੈ। ਅਪ੍ਰਗਟ ਰੂਪ ਵਿਚ ਉਹ ਪਰਾਤਪਰ, ਅਪਰੰਪਰ ਹੈ ਅਤੇ ਪ੍ਰਗਟ ਰੂਪ ਵਿਚ ਉਹ ਰਮਿਆ ਹੋਇਆ ਹੈ। ਭਾਰਤੀ ਦਰਸ਼ਨ ਨਾਲੋਂ (ਜਿਸ ਦੇ ਵਿਸਤਾਰ ਵਿਚ ਜਾਣ ਦੀ ਇਥੇ ਨਾ ਲੋੜ ਹੈ ਅਤੇ ਨਾ ਹੀ ਗੁੰਜਾਇਸ਼ ਹੈ) ਗੁਰਮਤਿ ਦਰਸ਼ਨ ਦਾ ਇਹ ਨਿਖੜਵਾਂ ਸੰਕਲਪ ਹੈ ਕਿ ਗੁਰਮਤਿ ਅਨੁਸਾਰ ਪਰਮ ਸਤਿ ਜਾਂ ਪਰਮ ਪੁਰਖ ਸਕ੍ਰਿਅ ਹੈ ਅਤੇ ਉਹ ਆਪਣੀ ਰਚਨਾ ਨਾਲ ਵਿਆਪਕ ਰੂਪ ਵਿਚ ਸਬੰਧਤ ਹੈ।

ਪਰਮ ਸਤਿ ਦਾ ਅਗਲਾ ਗੁਣ 'ਨਿਰਭਉ' ਹੈ ਜਿਸ ਦਾ ਸ਼ਾਬਦਿਕ ਅਰਥ ਹੈ 'ਡਰ ਤੋਂ ਬਿਨਾਂ' ਪ੍ਰੰਤੂ ਗੁਰੂ ਨਾਨਕ ਦੇਵ ਨੇ 'ਭਉ' ਸ਼ਬਦ ਦੀ ਵਰਤੋਂ ਆਪਣੀ ਬਾਣੀ ਵਿਚ ਬਹੁਤ ਥਾਂਵਾਂ 'ਤੇ ਜ਼ਬਤ, ਸੰਜਮ ਦੇ ਅਰਥਾਂ ਵਿਚ ਕੀਤੀ ਹੈ। ਜਪੁਜੀ ਸਾਹਿਬ ਦੇ ਅਖੀਰ ਵਿਚ ਅਧਿਆਤਮਕ ਜ਼ਿੰਦਗੀ ਵਿਚ ਉਤਾਂਹ ਚੜ੍ਹਨ ਲਈ 'ਭਉ' ਨੂੰ ਜ਼ਰੂਰੀ ਕਰਾਰ ਦਿੱਤਾ ਹੈ। 'ਡਰ' ਕਿਸੇ ਤਰ੍ਹਾਂ ਵੀ ਅਧਿਆਤਮਕ ਜ਼ਿੰਦਗੀ ਦੀ ਚੜ੍ਹਤ ਲਈ ਕਾਰਗਰ ਸਾਬਤ ਨਹੀਂ ਹੋ ਸਕਦਾ। ਇਸ ਲਈ ਗੁਰਬਾਣੀ ਅਨੁਸਾਰ ਭਉ ਦਾ ਅਰਥ ਡਰ ਨਹੀਂ ਹੈ, ਭਉ ਦਾ ਅਰਥ ਸੰਜਮ ਹੈ। ਇਥੇ ਇਸ ਦਾ ਅਰਥ ਬਣਦਾ ਹੈ ਕਿ ਭਉ (ਸੰਜਮ) ਜੋ ਕਿ 'ਰਚਨਾ' ਤੇ ਲਾਗੂ ਹੁੰਦਾ ਹੈ, ਕਰਤਾ ਪੁਰਖ 'ਤੇ ਲਾਗੂ ਨਹੀਂ ਹੁੰਦਾ। ਉਸ ਦਾ ਗੁਣ 'ਨਿਰਭਉ' ਹੈ ਅਤੇ ਉਹ ਰਚਨਾ 'ਤੇ ਲਾਗੂ ਹੋਣ ਵਾਲੇ ਨਿਯਮਾਂ ਤੋਂ ਉਤੇ ਹੈ। ਬਾਹਰੀ ਦੁਨੀਆਂ ਬ੍ਰਹਮੰਡ ਹੈ ਜੋ 'ਹੁਕਮ' (ਡੀਵਾਈਨ ਰੀਜਨ) ਅਧੀਨ ਚੱਲ ਰਹੀ ਪਰ ਆਪ ਉਹ ਇਸ ਤੋਂ ਉਤੇ ਹੈ।

ਉਸ ਦਾ ਅਗਲਾ ਗੁਣ ਹੈ 'ਨਿਰਵੈਰ'। ਨਿਰਵੈਰ ਦਾ ਸ਼ਾਬਦਿਕ ਅਰਥ ਹੈ ਵੈਰ ਤੋਂ ਰਹਿਤ, ਜਿਸ ਦੀ ਕਿਸੇ ਨਾਲ ਦੁਸ਼ਮਣੀ ਨਾ ਹੋਵੇ। ਪਰ ਦੁਸ਼ਮਣੀ ਮਾਨਸਿਕ ਪੱਧਰ 'ਤੇ ਹੋ ਸਕਦੀ ਹੈ, ਜੇ ਕੋਈ ਦੂਸਰਾ ਹੋਵੇ ਤਾਂ ਉਸ ਨਾਲ ਵੈਰ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਕਰਤਾ ਪੁਰਖ ਨੂੰ ਵਿਆਪਕ ਹੋਂਦ ਪ੍ਰਵਾਨ ਕਰਦੇ ਹਨ, ਜਿਸ ਦਾ ਕੋਈ ਸ਼ਰੀਕ ਨਹੀਂ ਹੈ ਕਿਉਂਕਿ ਉਹ ਉਚਤਮ ਸਤਿ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਪਰਮ ਸਤਿ ਜਾਂ ਅਕਾਲ ਪੁਰਖ ਅੰਦਰੂਨੀ ਵਿਰੋਧ, ਅਸੰਗਤਾ ਅਤੇ ਤਰਦੀਦ ਤੋਂ ਰਹਿਤ ਹੈ। ਅਕਾਲ ਪੁਰਖ ਅੰਦਰੂਨੀ ਇੱਕਸੁਰਤਾ ਹੈ। ਇਸ ਲਈ ਨਿਰਵੈਰ ਦਾ ਅਰਥ ਹੈ ਵਿਅਕਤੀਗਤ ਪਰਮਾਤਮਾ ਦੀ ਏਕਤਾ। ਮੂਲ ਮੰਤਰ ਅਨੁਸਾਰ ਪਰਮ ਸਤਿ ਦਾ ਅਗਲਾ ਗੁਣ ਹੈ 'ਅਕਾਲ'। ਕਾਲ ਦਾ ਅਰਥ ਹੈ ਸਮਾਂ। ਇਸ ਲਈ ਅਕਾਲ ਦਾ ਅਰਥ ਇਥੇ ਭੂਤ, ਵਰਤਮਾਨ ਅਤੇ ਭਵਿੱਖ ਤੇ ਫੈਲਿਆ ਹੋਇਆ ਤੋਂ ਨਹੀਂ ਹੈ, ਅਕਾਲ ਦਾ ਇਥੇ ਅਰਥ ਹੈ ਕਿ ਬਣਤਰ (ਕੰਪੋਜੀਸ਼ਨ), ਖੰਡਨ (ਡਿਸਇੰਟੈਗਰੇਸ਼ਨ) ਅਤੇ ਸਥਿਰਤਾ (ਇੰਡਿਉਰੈਂਸ) ਆਦਿ ਪਰਮ ਸਤਿ ਤੇ ਲਾਗੂ ਨਹੀਂ ਹੁੰਦੀਆਂ। ਉਹ ਇਨ੍ਹਾਂ ਤੋਂ ਉਤੇ ਹੈ।

ਅਗਲਾ ਗੁਣ ਹੈ 'ਮੂਰਤਿ', ਜਿਸ ਦਾ ਅਰਥ ਹੈ ਸਰੂਪ, ਪ੍ਰਗਟ ਰੂਪ। ਇਥੇ ਇਸ ਦਾ ਅਰਥ ਹੈ ਕਿ ਉਸ ਦੀ ਰਚਨਾ ਉਸ ਦਾ ਸਰੂਪ ਹੈ। ਉਹ ਸਮਾਂ-ਰਹਿਤ (ਟਾਈਮਲੈਸ) ਹਸਤੀ ਹੈ ਉਹ ਆਪ ਆਪਣੀ ਰਚਨਾ ਵਿਚ ਪ੍ਰਗਟ ਹੈ। ਸਾਰੀ ਰਚਨਾ ਉਸੇ ਦਾ ਸਰੂਪ ਹੈ। ਇਹ ਉਸ ਦਾ ਸਰਗੁਣ ਰੂਪ ਹੈ। ਗੁਰਬਾਣੀ ਵਿਚ ਅੱਗੇ ਚੱਲ ਕੇ ਵੀ ਜ਼ਿਕਰ ਆਉਂਦਾ ਹੈ ਕਿ ਉਸ ਦੇ ਅਨੇਕ ਰੂਪ ਹਨ ਪਰ ਉਸ ਦਾ ਕੋਈ ਰੂਪ ਨਹੀਂ ਹੈ। ਇਸ ਤੋਂ ਅੱਗੇ ਉਸ ਪਰਮ ਸਤਿ ਨੂੰ 'ਅਜੂਨੀ' ਕਿਹਾ ਹੈ। ਜੂਨ ਤੋਂ ਭਾਵ ਹੈ ਜਨਮ। ਪਰਮ ਸਤਿ ਅਜੂਨੀ ਹੈ, ਉਹ ਜਨਮ-ਮਰਨ ਵਿਚ ਨਹੀਂ ਆਉਂਦਾ। ਗੁਰਮਤਿ ਅਨੁਸਾਰ ਪਰਮ ਸਤਿ ਦਾ ਅਜੂਨੀ ਹੋਣਾ ਵੀ ਭਾਰਤੀ ਦਰਸ਼ਨ ਦੇ ਅਵਤਾਰਵਾਦ ਦਾ ਖੰਡਨ ਕਰਦਾ ਹੈ। ਪਰਮ ਸਤਿ ਨੂੰ ਜੂਨਾਂ ਵਿਚ ਚਿਤਵਣਾ ਉਸ ਦੀ ਅਸੀਮਤਾ ਨੂੰ ਸੀਮਤ ਕਰਨਾ ਹੈ। ਉਹ ਜਨਮਦਾ ਤੇ ਮਰਦਾ ਨਹੀਂ, ਇਸ ਲਈ ਉਸ ਨੂੰ ਕਿਸੇ ਅਵਤਾਰ ਦੇ ਰੂਪ ਵਿਚ ਚਿਤਵਣਾ ਸਹੀ ਨਹੀਂ ਹੈ। ਉਹ ਅਸੀਮ ਅਤੇ ਜਨਮ-ਮਰਨ ਦੀਆਂ ਹੱਦਬੰਦੀਆਂ ਤੋਂ ਉਤੇ ਹੈ। ਉਹ ਸੈਭੰ ਹੈ, ਭਾਵ ਆਪਣੇ ਆਪ ਤੋਂ ਹੋਣ ਵਾਲਾ। ਉਸ ਦੀ ਹੋਂਦ ਆਪਣੇ ਆਪ ਤੋਂ ਹੈ। ਉਹ ਸਵੈ-ਪ੍ਰਕਾਸ਼ਿਤ ਹੈ। ਆਪਣੀ ਹੋਂਦ ਲਈ ਉਹ ਕਿਸੇ ਹੋਰ ਉਚੇ ਸਿਧਾਂਤ 'ਤੇ ਨਿਰਭਰ ਨਹੀਂ ਕਰਦਾ, ਆਪਣਾ ਕਾਰਨ ਆਪ ਹੈ।

'ਗੁਰ ਪ੍ਰਸਾਦਿ' ਦਾ ਅਰਥ ਹੈ ਨਦਰਿ, ਕਿਰਪਾ, ਬਖਸ਼ਿਸ਼, ਕਰਮ, ਦਇਆ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥਾਂਵਾਂ 'ਤੇ ਗੁਰੂ ਦੀ ਕਿਰਪਾ, ਦਇਆ, ਨਦਰਿ ਅਤੇ ਬਖਸ਼ਿਸ਼ ਦਾ ਜ਼ਿਕਰ ਮਿਲਦਾ ਹੈ। ਸੋ, ਉਪਰ ਦੱਸੇ ਪਰਮ ਸਤਿ ਦਾ ਅਨੁਭਵ ਗੁਰੂ ਦੀ ਕਿਰਪਾ ਰਾਹੀਂ ਹੀ ਹੁੰਦਾ ਹੈ। ਉਸ ਦੇ ਅਨੁਭਵ ਦਾ ਰਾਹ ਦੱਸਣ ਲਈ ਗੁਰੂ ਦੀ ਜ਼ਰੂਰਤ ਹੈ, ਗੁਰੂ ਦੀ ਨਦਰਿ ਦੀ, ਬਖਸ਼ਿਸ਼ ਦੀ ਲੋੜ ਹੈ। ਗੁਰਮਤਿ ਦਰਸ਼ਨ ਵਿਚ ਸ਼ਬਦ ਨੂੰ, ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਹੈ। ਸ਼ਬਦ ਗੁਰੂ ਹੈ ਅਤੇ ਗੁਰੂ ਸ਼ਬਦ ਹੈ, ਜੋ ਸਹਿਜ-ਸਮਾਧਿ (ਮਿਸਟਕ ਯੂਨਿਟੀ) ਦਾ ਅਨੁਭਵ ਕਰਨ ਦਾ ਰਸਤਾ ਦੱਸਦਾ ਹੈ। ਮੂਲ ਮੰਤਰ ਵਿਚ ਦਿੱਤੇ ਅਕਾਲ ਪੁਰਖ ਦੇ ਸੰਕਲਪ ਅਤੇ ਸਿਧਾਂਤ ਦਾ ਵਿਸਤਾਰ ਅੱਗੇ ਚੱਲ ਕੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥਾਂਵਾਂ 'ਤੇ ਮਿਲ ਜਾਂਦਾ ਹੈ।

'ਜਾਪੁ' ਬਾਣੀ ਦਾ ਸਿਰਲੇਖ ਹੈ, ਨਾਮ ਹੈ। ਜਾਪੁ ਜਾਂ ਸਿਮਰਨ ਅਧਿਆਤਮਕ ਸਾਧਨਾ ਦਾ ਇੱਕ ਮਹੱਤਵਪੂਰਨ ਢੰਗ ਹੈ ਜਿਸ ਦਾ ਆਦੇਸ਼ ਗੁਰੂ ਸਾਹਿਬਾਨ ਨੇ ਬਾਣੀ ਵਿਚ ਵਾਰ ਵਾਰ ਕੀਤਾ ਹੈ। 'ਜਾਪੁ ਸਾਹਿਬ' ਦੇ ਅਰੰਭ ਵਿਚ ਹੀ ਪਰਮ ਸਤਿ ਦਾ ਵਰਣਨ ਕਰਦਿਆਂ ਗੁਰੂ ਗੋਬਿੰਦ ਸਿੰਘ ਫੁਰਮਾਉਂਦੇ ਹਨ ਕਿ ਉਹ ਜਿਸ ਦਾ ਕੋਈ ਮੁਹਾਂਦਰਾ, ਵਰਣ ਜਾਂ ਰੰਗ, ਜਾਤਿ ਅਤੇ ਗੋਤ ਨਹੀਂ ਹੈ। ਉਸ ਦਾ ਰੂਪ ਅਤੇ ਰੰਗ, ਹੱਥਾਂ-ਪੈਰਾਂ ਦੀਆਂ ਰੇਖਾਵਾਂ ਆਦਿ, ਉਸ ਦਾ ਧਾਰਮਿਕ ਪਹਿਰਾਵਾ ਕਿਹੋ ਜਿਹਾ ਹੈ, ਕੋਈ ਵੀ ਬਿਆਨ ਨਹੀਂ ਕਰ ਸਕਦਾ। ਉਹ ਇੱਕ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ ਜਿਸ ਦੀ ਪਰਤੀਤੀ ਸਿਰਫ ਅਨੁਭਵ ਦੁਆਰਾ ਹੁੰਦੀ ਹੈ। ਉਹ ਸੁਤੇ ਪ੍ਰਕਾਸ਼ ਭਾਵ ਸੈਭੰ ਹੈ ਜਿਸ ਨੂੰ ਰਚਨ ਵਾਲਾ ਕੋਈ ਹੋਰ ਨਹੀਂ ਹੈ। ਜਾਪੁ ਸਾਹਿਬ ਵਿਚ ਪਰਮ ਸਤਿ ਨੂੰ ਬਲਸ਼ਾਲੀ, ਬੇਅੰਤ ਵਡਿਆਈ ਵਾਲਾ ਕਿਹਾ ਹੈ। ਉਹ ਕਰੋੜਾਂ ਹੀ ਇੰਦਰਾਂ ਦਾ ਇੰਦਰ, ਰਾਜਾ ਹੈ, ਉਸ ਨੂੰ ਸ਼ਾਹਾਂ ਦਾ ਸ਼ਾਹ ਗਿਣਿਆ ਜਾਂਦਾ ਹੈ। ਉਹ ਤਿੰਨਾਂ ਲੋਕਾਂ ਸਵਰਗ, ਪਾਤਾਲ, ਮਾਤ ਲੋਕ ਅਤੇ ਧਰਤੀ ਦਾ ਮਾਲਕ ਹੈ। ਦੇਵਤੇ, ਮਨੁੱਖ ਅਤੇ ਦੈਂਤ ਸਭ ਉਸ ਦੀ ਅਨੰਤਤਾ ਨੂੰ ਦੱਸਣ ਲਈ ਉਸ ਦਾ ਬਿਆਨ ਇਹ ਕਹਿ ਕੇ ਕਰਦੇ ਹਨ ਕਿ ਇਹ ਵੀ ਨਹੀਂ, ਇਹ ਵੀ ਨਹੀਂ, ਘਾਹ, ਬੂਟ, ਤੀਲੇ-ਤਿਣਕੇ ਸਭ ਇਹੀ ਕਹਿ ਰਹੇ ਹਨ। ਹੇ ਅਕਾਲ ਪੁਰਖ ਤੇਰੇ ਸਾਰੇ ਨਾਮ ਕੌਣ ਗਿਣ ਸਕਦਾ ਹੈ? ਸ੍ਰੇਸ਼ਟ ਬੁੱਧੀ ਵਾਲਾ ਮਨੁੱਖ ਤੇਰੇ ਕੀਤੇ ਹੋਏ ਕੰਮਾਂ ਕਰਕੇ ਪਏ ਨਾਮ ਬਿਆਨ ਕਰਦਾ ਹੈ:

ਚਕ੍ਰ ਚਿਹਨ ਅਰ ਬਰਨ
ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ
ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ
ਪ੍ਰਕਾਸ ਅਮਿੱਤੋਜ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ
ਸਾਹੁ ਸਾਹਾਣਿ ਗਣਿੱਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤਿ ਨੇਤਿ ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ
ਕਰਮ-ਨਾਮ ਬਰਣਤ ਸੁਮੱਤਿ॥(੧)

'ਜਾਪੁ ਸਾਹਿਬ' ਉਸ ਅਕਾਲ ਪੁਰਖ ਦਾ ਸਿਮਰਨ ਹੈ। ਇਸ ਲਈ ਉਸ ਨੂੰ ਨਮਸਕਾਰ ਕਰਦਿਆਂ ਅਕਾਲ ਭਾਵ ਬਣਤਰ, ਖੰਡਨ ਅਤੇ ਸਥਿਰਤਾ ਤੋਂ ਉਤੇ ਕਿਹਾ ਹੈ, ਜੋ ਸਮੇਂ ਦੇ ਬੰਧਨ ਵਿਚ ਨਹੀਂ ਆਉਂਦਾ। ਉਹ ਮਿਹਰਾਂ ਦਾ ਘਰ ਅਤੇ ਬਿਨਾਂ ਕਿਸੇ ਰੂਪ ਤੋਂ ਹੈ। ਉਸ ਦੀ ਕੋਈ ਉਪਮਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਸ ਵਰਗੀ ਕੋਈ ਹੋਰ ਹਸਤੀ ਨਹੀਂ ਹੈ। ਉਸ ਦਾ ਕੋਈ ਧਾਰਮਿਕ ਭੇਖ ਨਹੀਂ ਹੈ ਅਤੇ ਨਾ ਹੀ ਉਹ ਗਿਣਤੀਆਂ ਵਿਚ ਆਉਂਦਾ ਹੈ। ਉਸ ਦਾ ਕੋਈ ਸਰੀਰ ਨਹੀਂ ਹੈ ਅਤੇ ਉਹ ਜਨਮ ਵਿਚ ਨਹੀਂ ਆਉਂਦਾ। ਕਰਮ, ਧਰਮ, ਨਾਮ, ਅਤੇ ਧਾਮ ਆਦਿ ਇਹ ਸਭ ਮਨੁੱਖ ਉਤੇ ਲਾਗੂ ਹੁੰਦੇ ਹਨ। ਉਹ ਅਕਾਲ ਪੁਰਖ ਨਾਸ-ਰਹਿਤ (ਅਬਿਨਾਸੀ), ਅਟੁੱਟ (ਜਿਸ ਨੂੰ ਵੰਡਿਆ ਨਹੀਂ ਜਾ ਸਕਦਾ) ਹੈ। ਅਨਾਮੇ (ਜਿਸ ਦਾ ਕੋਈ ਵਿਸ਼ੇਸ਼ ਨਾਮ ਨਹੀਂ ਹੈ), ਜੋ ਕਿਸੇ ਖਾਸ ਸਥਾਨ 'ਤੇ ਨਹੀਂ ਰਹਿੰਦਾ। ਉਹ ਕਰਮ ਰਹਿਤ, ਮਜ਼ਬੀ ਹੱਦਬੰਦੀਆਂ ਤੋਂ ਰਹਿਤ ਅਤੇ ਮਨੁੱਖ ਦੇ ਮਿੱਥੇ ਨਾਂਵਾਂ ਤੋਂ ਰਹਿਤ ਹੈ ਜੋ ਕਿਸੇ ਖਾਸ ਸਥਾਨ ਜਾਂ ਘਰ-ਮੰਦਿਰ ਵਿਚ ਨਹੀਂ ਰਹਿੰਦਾ। ਉਹ ਅਜਿੱਤ ਹੈ। ਇਥੇ ਵੀ ਮੂਲ ਮੰਤਰ ਵਾਲਾ ਸਿਧਾਂਤ ਲਾਗੂ ਹੁੰਦਾ ਹੈ ਕਿ ਜਿੱਤ-ਹਾਰ ਉਸ ਦੀ ਹੁੰਦੀ ਹੈ ਜਿਸ ਦੇ ਬਰਾਬਰ ਦਾ ਕੋਈ ਹੋਰ ਹੋਵੇ। ਉਸ ਨੂੰ 'ਅਭੀਤ' ਕਿਹਾ ਹੈ ਭਾਵ ਸੰਜਮ ਉਸ 'ਤੇ ਲਾਗੂ ਨਹੀਂ ਹੁੰਦਾ। ਹਿੰਦੂ ਧਰਮ ਵਿਚ ਵੱਖ ਵੱਖ ਦੇਵਤਿਆਂ ਦੀ ਸਵਾਰੀ ਲਈ ਵੱਖੋ-ਵੱਖਰੇ ਵਾਹਨ ਮਿੱਥੇ ਹੋਏ ਹਨ ਜਿਵੇਂ ਗਰੁੜ, ਬੈਲ ਅਤੇ ਚੂਹਾ ਆਦਿ। ਇਥੇ ਕਿਹਾ ਹੈ ਕਿ ਉਸ ਦਾ ਕੋਈ ਖਾਸ ਵਾਹਨ ਨਹੀਂ ਹੈ। ਜਿਸ ਦੀਆਂ ਕੋਈ ਭੁਜਾਵਾਂ ਨਹੀਂ ਹਨ (ਦੇਵੀ ਦੇਵਤਿਆਂ ਦੀ ਤਰ੍ਹਾਂ)। ਉਹ ਢਾਹਿਆ ਨਾ ਜਾ ਸਕਣ ਵਾਲਾ (ਇਹ ਮਨੁੱਖ 'ਤੇ ਲਾਗੂ ਹੁੰਦਾ ਹੈ), ਅਸੀਮ ਅਤੇ ਅਪਾਰ ਹੈ ਭਾਵ ਉਸ ਦੀ ਕੋਈ ਹੱਦ ਜਾਂ ਸੀਮਾਂ ਨਹੀਂ ਹੈ:

ਨਮਸਤੰ ਅਕਾਲੇ॥
ਨਮਸਤੰ ਕ੍ਰਿਪਾਲੇ॥
ਨਮਸਤੰ ਅਰੂਪੇ॥
ਨਮਸਤੰ ਅਨੂਪੇ॥੧॥੨
...
ਨਮਸਤੰ ਅਜੀਤੇ॥
ਨਮਸਤੰ ਅਭੀਤੇ॥
ਨਮਸਤੰ ਅਬਾਹੇ॥
ਨਮਸਤੰ ਅਢਾਹੇ॥੫॥੬

ਉਹ ਰੰਗ ਰਹਿਤ (ਅਨੀਲ), ਅਤੇ ਅਨਾਦਿ ਹੈ ਭਾਵ ਉਸ ਦਾ ਕੋਈ ਆਦਿ ਨਹੀਂ, ਅਰੰਭ ਨਹੀਂ, ਜਿਵੇਂ ਜਪੁ ਜੀ ਵਿਚ ਵੀ ਕਿਹਾ ਹੈ, "ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥(ਪੰ.੬)"॥ ਯੋਗੀਆਂ ਦੀ ਸ਼ਬਦਾਵਲੀ ਵਰਤਦਿਆਂ ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ ਕਿ ਉਸ ਅਕਾਲ ਪੁਰਖ ਨੂੰ ਨਮਸਕਾਰ ਕਰੋ ਜੋ ਸਾਰੀ ਰਚਨਾ ਦਾ ਆਦਿ ਭਾਵ ਮੁੱਢ ਹੈ ਜੋ ਸ਼ੁਧ-ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (ਉਹ ਆਪ ਸਭ ਦਾ ਆਦਿ ਹੈ)। ਜੋ ਨਾਸ਼ ਰਹਿਤ ਹੈ ਅਤੇ ਸਦਾ ਹੀ ਇੱਕੋ ਜਿਹਾ ਰਹਿੰਦਾ ਹੈ। ਜਾਪੁ ਸਾਹਿਬ ਵਿਚ ਉਸ ਨੂੰ ਨਮਸਕਾਰ ਕਰਦਿਆਂ ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਉਹ ਅਬਿਨਾਸੀ (ਮੌਤ ਰਹਿਤ), ਅਖੰਡ, ਅਟੁੱਟ, ਖੁਲ੍ਹੇ ਸੁਭਾ ਵਾਲਾ, ਦਾਨੀ ਅਤੇ ਬੇਅੰਤ ਹੈ। ਉਹ ਇੱਕ ਤੇ ਸਿਰਫ ਇੱਕ ਹੈ ਪਰ ਅਨੇਕ ਵੀ ਹੈ ਕਿਉਂਕਿ ਇਹ ਸਾਰਾ ਬ੍ਰਹਮੰਡ ਉਸ ਦਾ ਪ੍ਰਗਟ ਰੂਪ ਹੈ ਪਰ ਉਹ ਪੰਜ ਤੱਤਾਂ ਤੋਂ ਨਹੀਂ ਬਣਿਆ ਅਤੇ ਬੰਧਨ ਰਹਿਤ ਹੈ:

ਨਮਸਤੰ ਸੁ ਏਕੈ॥
ਨਮਸਤੰ ਅਨੇਕੈ॥
ਨਮਸਤੰ ਅਭੂਤੇ॥
ਨਮਸਤੰ ਅਜੂਪੇ॥੮॥੯

*(ਚਲਦਾ)*

***ਅਕਾਲ ਪੁਰਖ ਸਿਰਫ ਅਪ੍ਰਗਟ ਹੋਂਦ ਹੀ ਨਹੀਂ ਸਗੋਂ ਕਰਤਾ ਪੁਰਖ ਵੀ ਹੈ। ਅਪ੍ਰਗਟ ਹੋਂਦ ਆਪ ਹੀ ਆਪਣੇ ਸਹਿਜਭਾਵ ਵਿਚ ਗੁਪਤ ਤੋਂ ਪ੍ਰਗਟ ਅਵਸਥਾ ਵਿਚ ਆ ਜਾਂਦੀ ਹੈ ਅਤੇ ਕਰਤੇ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਸ੍ਰਿਸ਼ਟੀ ਦਾ ਆਦਿ ਕਾਰਨ ਹੋਣ ਕਰਕੇ ਕਰਤਾ ਪੁਰਖ ਆਪਣੇ ਆਪ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। 'ਕਰਤਾ ਪੁਰਖ' ਇੱਕ ਹੈ ਅਤੇ 'ਕਰਤਾ ਪੁਰਖ' ਹੋਣਾ ਪਰਮ ਸਤਿ ਦਾ ਗੁਣ ਹੈ। ਅਪ੍ਰਗਟ ਰੂਪ ਵਿਚ ਉਹ ਪਰਾਤਪਰ, ਅਪਰੰਪਰ ਹੈ ਅਤੇ ਪ੍ਰਗਟ ਰੂਪ ਵਿਚ ਉਹ ਰਮਿਆ ਹੋਇਆ ਹੈ।***

## ਸਿਆਣਿਆਂ ਦਾ ਕਿਹਾ

(1) ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਨਾਲ ਬਣਿਆ ਹੈ।

(2) ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸਭ ਤੋਂ ਪਹਿਲਾਂ ਸ਼ਰਧਾਂਜਲੀ ਭੇਟ ਕਰਨ ਵਾਲਾ ਪਾਕਿਸਤਾਨੀ ਲੇਖਕ ਮੁਜੀਬ-ਉਰ-ਰਹਿਮਾਨ ਸਾਮੀ ਮੁਸਲਮਾਨ ਹੈ।

(3) ਕੌਮੀਅਤ ਦਾ ਆਧਾਰ ਰੰਗ ਅਤੇ ਜਾਤ ਬਿਲਕੁਲ ਨਹੀਂ ਹੈ।

(4) ਕੁੱਝ ਲੋਕਾਂ ਦੀ ਗੱਦਾਰੀ, ਕੁੱਝ ਦਾ ਵਿਕ ਜਾਣਾ ਵਿਚਾਰਧਾਰਾ ਦੇ ਪਤਨ ਦਾ ਪ੍ਰਤੀਕ ਨਹੀਂ ਹੁੰਦਾ।

(5) ਸਿੱਖਾਂ ਦੀ ਕਾਂਗਰਸ ਵੱਲੋਂ ਨਸਲਕੁਸ਼ੀ ਅਤੇ ਬੀ ਜੇ ਪੀ, ਵੱਲੋਂ ਉਨ੍ਹਾਂ ਦਾ ਕੀਤਾ ਜਾ ਰਿਹਾ ਭਗਵਾਕਰਨ ਦੀਰਘ ਸਮੱਸਿਆਵਾਂ ਹਨ।

(6) ਪੰਜਾਬ ਦਾ ਜੱਟ ਕਚਹਿਰੀ ਜੋਗਾ, ਠਾਣੇ ਜੋਗਾ ਜਾਂ ਅੱਜ ਕੱਲ ਖੁਦਕੁਸ਼ੀਆਂ ਕਰਨ ਜੋਗਾ ਰਹਿ ਗਿਆ ਹੈ।

(7) ਪੰਜਾਬੀਆਂ ਦੇ ਸਮਾਜ ਵਿਚ, ਪੰਜਾਬਣ ਸ਼ਰਾਬੀਆਂ ਦੇ ਮੂਹਰੇ ਨੱਚ ਕੇ ਜੀਅ ਰਹੀ ਹੈ।

(8) ਕੋਈ ਘੱਟ ਗਿਣਤੀ ਫਿਰਕਾ ਆਪਣੇ ਮੂਲ ਹੱਕਾਂ ਦੀ ਆਵਾਜ਼ ਬੁੱਲਾਂ 'ਤੇ ਲੈ ਆਵੇ ਤਾਂ ਦੇਸ਼ ਵਾਸਤੇ ਖਤਰੇ ਦੀ ਘੰਟੀ, ਪਰ ਜੇ ਹਿੰਦੂਵਾਦੀ ਘੱਟਗਿਣਤੀਆਂ ਦੇ ਧਰਮ ਅਸਥਾਨ ਵੀ ਢਾਹ ਦੇਣ ਤਾਂ ਇਹ ਰਾਸ਼ਟਰੀ ਭਾਵਨਾ ਦਾ ਪ੍ਰਗਟਾਵਾ?

(9) ਪਹਿਲਾਂ ਪੜ੍ਹੋ, ਫਿਰ ਜੁੜੋ, ਅਖੀਰ ਸੰਘਰਸ਼ ਕਰੋ।

(10) ਦਲ ਖਾਲਸਾ ਅਲਾਇੰਸ ਹਰ ਉਸ ਹਕੂਮਤ ਵਾਸਤੇ ਚੈਲੰਜ ਹੈ, ਜਿਹੜੀ ਲੋਕਾਂ ਨੂੰ ਧਾਰਮਿਕ, ਸਮਾਜੀ ਜਾਂ ਸਿਆਸੀ ਆਜ਼ਾਦੀ ਦੇਣ ਤੋਂ ਇਨਕਾਰੀ ਹੋਵੇ ਅਤੇ ਹਰ ਉਸ ਅਖੌਤੀ ਪੰਥਕ ਜਥੇਬੰਦੀ ਵਾਸਤੇ ਵੀ ਚੈਲੰਜ ਹੈ ਜੋ ਪੰਥਕ ਬੁਰਕੇ ਹੇਠ ਸਿੱਖ ਜਜਬਾਤਾਂ ਦਾ ਸ਼ੋਸ਼ਣ ਕਰਦੀ ਹੋਵੇ।

(11) ਜਹਾਂਗੀਰ ਦਾ ਐਲਾਨੀਆ ਵਾਰ (ਹਮਲਾ) ਸਿਰਫ ਗੁਰੂ ਅਰਜਨ ਸਾਹਿਬ ਉਤੇ ਹੀ ਨਹੀਂ ਸੀ, ਬਲਕਿ ਇਹ ਸਮੁੱਚੀ ਸਿੱਖ ਲਹਿਰ ਉਤੇ ਹਮਲਾ ਸੀ ਕਿਉਂਕਿ ਇਹ ਲਹਿਰ ਮੁਗਲ ਹਕੂਮਤ ਲਈ ਸਿੱਧਾ ਸਿਆਸੀ ਚੈਲੰਜ ਬਣੀ ਹੋਈ ਸੀ।

(12) ਗਰੀਬ ਤੇ ਲੋੜਵੰਦਾਂ ਲਈ ਦੇਗ ਅਤੇ ਜ਼ਾਲਮਾਂ ਦਾ ਨਾਸ ਕਰਨ ਲਈ ਤੇਗ ਹੀ ਸਿੱਖ ਸਮਸਿਆ ਦਾ ਹੱਲ ਹੈ।

(13) ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਨੇ ਸਿੱਖ ਕੌਮ ਅਤੇ ਖਾਲਸਾ ਪੰਥ ਨੂੰ ਹਥਿਆਰਬੰਦ ਕੀਤਾ ਸੀ ਪਰ ਅੱਜ ਦਾ ਸਿੱਖ ਪੰਥ ਹਥਿਆਰਾਂ ਨੂੰ ਵਿਸਾਰਦਾ ਜਾ ਰਿਹਾ ਹੈ।

(14) ਉਹ ਘਰ ਸਵਰਗ ਵਰਗਾ ਜਿਥੇ ਨੂੰਹ-ਸੱਸ 'ਚ ਪਿਆਰ ਹੋਵੇ।

(15) ਨੋਟ ਅਤੇ ਵੋਟ ਦਾ ਆਪਣੇ ਤਨ 'ਤੇ ਰਾਜ ਹੁੰਦਾ ਹੈ ਪਰ ਗੁਰੂ ਦੀ ਓਟ ਦਾ ਮਨ 'ਤੇ ਰਾਜ ਹੁੰਦਾ ਹੈ।

(16) ਦਇਆ, ਧਰਮ ਦੀ ਮਾਂ ਹੈ।

(17) ਜੇ ਕਰ ਤੁਸੀਂ ਆਪਣੇ ਪ੍ਰਤੀ ਸੱਚ ਨਹੀਂ ਪ੍ਰਗਟਾ ਰਹੇ ਤਾਂ ਕਿਸੇ ਦੂਜੇ ਪ੍ਰਤੀ ਵੀ ਸੱਚ ਨਹੀਂ ਬੋਲ ਸਕਦੇ।

(18) ਚੱਲੋ ਚੱਲੀਏ ਪ੍ਰਦੇਸ, ਮਾਇਆ ਘੱਟ ਮਿਲਦੀ ਹੁਣ ਦੇਸ।

(19) ਡੇਰੇਦਾਰੋ, ਗੁਰੂ ਨਾਨਕ ਦੇ ਘਰ ਨੂੰ ਨਾ ਵੰਗਾਰੋ।

(20) ਮਨੁੱਖਤਾ ਦੀ ਸੇਵਾ ਕਰਨਾ ਸਭ ਤੋਂ ਵੱਡਾ ਧਰਮ ਹੈ।

(21) ਦੁਨੀਆਂ 'ਤੇ ਹਉਕੇ ਲੈ ਕੇ ਜਿਉਣਾ, ਨਰਕ ਦੇ ਬਰਾਬਰ ਹੈ।

(22) ਬਹਾਦਰੀ ਅਤੇ ਡਰਪੋਕਪੁਣੇ ਵਿਚ ਥੋੜ੍ਹਾ ਜਿਹਾ ਹੀ ਫਰਕ ਹੁੰਦਾ ਹੈ।

(23) ਦੂਜਿਆਂ ਦੇ ਮਾੜੇ ਕੰਮਾਂ ਦੀ ਚਰਚਾ ਕਰਦੇ ਰਹਿਣਾ ਵੀ ਇਕ ਔਗੁਣ ਹੈ।

(24) ਇਕ ਵੋਟ ਵਿਚ ਗੋਲੀ ਤੋਂ ਜ਼ਿਆਦਾ ਤਾਕਤ ਹੁੰਦੀ ਹੈ।

(25) ਆਪਣੀ ਸ਼ਖਸੀਅਤ ਨੂੰ ਏਨਾ ਸੁਧਾਰੋ ਕਿ ਜੇ ਕੋਈ ਤੁਹਾਡੀ ਨਿੰਦਿਆ ਕਰੇ ਤਾਂ ਉਸ ਉਪਰ ਕੋਈ ਵਿਸ਼ਵਾਸ ਨਾ ਕਰੇ।

(26) ਜੋ ਵਿਅਕਤੀ ਆਪਣੀ ਇਜ਼ਤ ਵੇਚ ਕੇ ਧਨ ਇਕੱਠਾ ਕਰਦਾ ਹੈ ਉਹ ਸਭ ਤੋਂ ਵੱਡਾ ਗੁਨਾਹਗਾਰ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਝੰਡੀ ਵਾਲੀ ਕਾਰ ਜਦੋਂ ਫਿਰ ਆ ਜਾਂਦੀ ਏ ਥੱਲੇ...

ਕਈ ਬੰਦੇ ਚੰਗੇ ਤਾਂ ਬਹੁਤ ਹੁੰਦੇ ਹਨ ਪਰ ਭਰੋਸੇਯੋਗ ਨਹੀਂ ਹੁੰਦੇ। ਜ਼ਿੰਦਗੀ ਨਾਲੋਂ ਇਨ੍ਹਾਂ ਨੂੰ ਸਮਝਣਾ ਔਖਾ ਹੀ ਨਹੀਂ, ਅਸੰਭਵ ਜਿਹਾ ਹੀ ਹੁੰਦਾ ਹੈ। ਅਸਲ ਵਿਚ, ਜੀਵਨ ਤਰਕ ਵਿਚ ਪਰਖ ਦਾ ਪੈਮਾਨਾ ਇਕ ਤਰ੍ਹਾਂ ਨਾਲ ਟੁੱਟ ਜਿਹਾ ਹੀ ਗਿਆ ਹੈ। ਇਸ ਟੁੱਟੇ ਹੋਏ ਪੈਮਾਨੇ ਨਾਲ ਹੀ ਕੁਝ ਗਿਣਤੀ-ਮਿਣਤੀ ਕਰਕੇ ਦੇਖਦੇ ਹਾਂ...'ਸਿਆਣੇ ਕਹਿੰਦੇ ਨੇ' ਇਹ ਵੱਖਰੀ ਗੱਲ ਹੈ, ਪਰ 'ਆਹ' ਕਹਿਣ ਨੂੰ ਤਾਂ ਸਾਰਿਆਂ ਵਿਚ ਸਰਬਸੰਮਤੀ ਹੋਵੇਗੀ। ਜਿਹੜਾ ਬਾਪ ਆਪਣੀ ਧੀ ਨੂੰ ਆਪਣੇ ਹਾਣ ਦੇ ਨਾਲ ਤੋਰੇ, ਉਹਨੂੰ ਧੀ ਨੂੰ ਬਚਪਨ ਵਿਚ ਮਾਰਨ ਦਾ ਅਧਿਕਾਰ ਦੇ ਦੇਣਾ ਚਾਹੀਦਾ ਹੈ। ਜਿਹੜਾ ਬੰਦਾ ਆਪਣੀ ਧੀ ਵਰਗੀ ਮੁਟਿਆਰ ਨਾਲ ਨੰਦ ਕਰਾਉਣ ਲੱਗਾ ਹੋਵੇ, ਉਹਨੂੰ ਅੱਗੋਂ ਚੱਲ ਕੇ ਇਹ ਨਹੀਂ ਪੁੱਛਣਾ ਚਾਹੀਦਾ ਕਿ ਉਹ ਬਦਚਲਨ ਕਿਉਂ ਹੋ ਗਈ ਏ? ਜਿਹੜੀ ਭੈਣ, ਭਰਾਵਾਂ ਦਾ ਬੁਰਾ ਤੱਕੇ, ਉਹਨੂੰ ਰੱਖੜੀ ਵਾਲੇ ਦਿਨ ਹੜਤਾਲ 'ਤੇ ਬੈਠਣਾ ਚਾਹੀਦਾ ਹੈ ਤੇ ਜਿਹੜਾ ਭਾਈ, ਭੈਣ ਨੂੰ ਮੂੰਹ ਭਰ ਕੇ ਗਾਲ ਕੱਢੇ, ਉਹਦੇ ਬਾਪ ਨੂੰ ਕੋਲ ਬਿਠਾ ਕੇ ਪੁੱਛਣਾ ਜ਼ਰੂਰ ਚਾਹੀਦੈ ਕਿ ਇਸ ਭੜੂਏ ਦੀ ਲੋਹੜੀ ਵੰਡੀ ਸੀ? ਬਹੁਤ ਸਾਰੇ ਲੋਕਾਂ ਨੇ ਬਹੁਤ ਸਾਰੇ ਲੋਕਾਂ ਦਾ ਸਾਥ ਦਿੱਤਾ ਪਰ ਜਦੋਂ ਉਨ੍ਹਾਂ ਨੂੰ ਸਾਥ ਦੀ ਲੋੜ ਪਈ ਤਾਂ 'ਅੱਡੀਆਂ ਕੂਚ ਚੁਬਾਰੇ ਚੜ੍ਹ ਗਈ' ਵਾਲੀ ਹਾਲਤ ਬਣ ਗਈ। ਕਈ ਲੋਕਾਂ ਨੇ ਵਾਲ ਵਾਹੁਣ ਨੂੰ ਤਾਂ ਸ਼ੀਸ਼ੇ ਮੂਹਰੇ ਖੜ੍ਹ ਕੇ ਬਹੁਤ ਦੇਰ ਲਾਈ, ਪਰ ਬੋਦਾ ਪਟਾਉਣ ਨੂੰ ਪਲ ਵੀ ਨਹੀਂ ਲੱਗਣ ਦਿੱਤਾ। ਇਕ ਵਾਰ ਕਾਂ ਨੇ ਚਿੜੀ ਨੂੰ ਕਿਹਾ, 'ਆਜਾ ਦੋਸਤੀ ਕਰੀਏ।' ਉਹ ਘੂਰ ਕੇ ਦੂਜੀ ਟਾਹਣੀ 'ਤੇ ਬੈਠਣ ਲੱਗੀ ਬੋਲੀ, 'ਫਿੱਟ ਲਾਹਣਤ! ਗੰਦ ਖਾਣੇ ਵੀ ਗੁਲਾਬ ਜਾਮਣਾਂ ਦਾ ਭਾਅ ਪੁੱਛਦੇ ਨੇ।' ਜੇ 'ਕੱਲੇ ਹੱਸੋਗੇ ਤਾਂ ਕੋਈ ਗੱਲ ਨ੍ਹੀਂ, ਜੇ ਪਰਿਵਾਰ ਹਸਾਉਗੇ ਤਾਂ ਖਾਸ ਗੱਲ ਹੋਵੇਗੀ, ਤੇ ਜੇ ਸਮਾਜ ਪ੍ਰਸੰਨ ਕਰੋਗੇ ਤਾਂ ਲੋਕ ਭੱਜ-ਭੱਜ ਕੇ 'ਸ਼ਾਬਾਸ਼' ਦੇਣ ਆਉਣਗੇ। ਜੇ ਪੱਧਰ ਬਣਨਾ ਹੈ ਤਾਂ ਖਾਓ ਤੇ ਘੁਰਾੜੇ ਮਾਰੋ। ਜੇ ਆਪਣੇ ਬੁੱਤ ਲੁਆਉਣ ਦੀ ਤਾਂਘ ਹੈ ਤਾਂ ਕੁਝ ਕਰੋ। ਪੜ੍ਹ ਕੇ ਦੇਖਿਓ, ਕਸ਼ਮੀਰ ਸਿੰਘ ਤੇ ਬਲਦੇਵ ਸਿੰਘ ਗੋਰਖੇ ਕਰਨ ਬਹਾਦਰ ਦਾ ਬੁੱਤ ਵੀ ਲੁਆਉਣਗੇ ਤੇ ਮੂਰਤੀ ਵੀ...।

ਬਹੁਤ ਵਾਰ ਇੱਦਾਂ ਵੀ ਹੁੰਦਾ ਹੈ ਕਿ ਇਮਤਿਹਾਨ ਤੁਸੀਂ ਹੋਰ ਤਰ੍ਹਾਂ ਦੀ ਆਸ ਨਾਲ ਦਿੱਤਾ ਹੁੰਦਾ ਹੈ ਪਰ ਨਤੀਜੇ ਹੋਰ ਤਰ੍ਹਾਂ ਦੇ ਆ ਜਾਂਦੇ ਹਨ। ਕਈ ਲੋਕ ਦੂਜਿਆਂ ਦੀ ਚੜ੍ਹਾਈ ਪ੍ਰਤੀ ਸਿਰਫ਼ ਇਕੋ ਹੀ ਗੱਲ ਆਖਦੇ ਹਨ, 'ਕਿਸਮਤ ਦੀ ਖੇਡ ਹੈ।' ਉਹ ਅਸਲ ਵਿਚ ਆਪਣੇ ਅੰਦਰਲੇ ਹਾਰੇ ਹੋਏ ਮਨੁੱਖ ਨੂੰ ਸਿਰਫ਼ ਧਰਵਾਸ ਦੇ ਰਹੇ ਹੁੰਦੇ ਹਨ। ਜਿਹੜੇ ਲੋਕ ਅੱਖਾਂ ਮੀਚ ਕੇ ਅਸਮਾਨ ਵੇਖਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਪਤਾ ਨਹੀਂ ਲਗਦਾ ਕਿ ਨਿੰਬਲ ਰਹੇਗਾ ਜਾਂ ਫਿਰ ਮੋਹਲੇਧਾਰ ਮੀਂਹ ਪੈਣ ਦੇ ਆਸਾਰ ਵੀ ਹਨ। ਸੌਕਣਾਂ ਇਸ ਕਰਕੇ ਗੁੱਤਮ-ਗੁੱਤੀ ਹੋ ਜਾਂਦੀਆਂ ਹਨ ਕਿ ਪਤੀ ਦੇ ਵੰਡ ਹੋਇਆ ਪਿਆਰ ਵੱਧ ਕਿਵੇਂ ਹਾਸਿਲ ਕੀਤਾ ਜਾ ਸਕਦਾ ਹੈ? ਜਿਸ ਕਿਸੇ ਨੇ ਵੀ ਦੂਜਿਆਂ ਦੇ ਕੰਮ ਆਉਣ ਦਾ ਯਤਨ ਕੀਤਾ ਹੈ, ਉਹਨੂੰ ਕਿਤੇ ਖੂਨ ਦੀ ਇਕ ਬੋਤਲ ਦੀ ਲੋੜ ਪਵੇ, ਦਰਜਨਾਂ ਬੋਤਲਾਂ ਕਤਾਰ ਵਿਚ ਲੱਗ ਕੇ ਕਹਿਣਗੀਆਂ, 'ਮੇਰੀ ਵਾਰੀ ਆਏਗੀ ਕਿ ਨਹੀਂ?' ਧਨ ਕਮਾਉਣ ਦਾ ਯਤਨ ਇਸ ਕਰਕੇ ਕਦੇ ਨਹੀਂ ਤਿਆਗਿਆ ਗਿਆ, ਕਿਉਂਕਿ ਜੇ ਮਾਇਆ ਜੇਬ ਵਿਚ ਹੈ ਤਾਂ 'ਲੱਛਮੀ' ਬਾਕੀ ਯਤਨ ਤੇ ਰੀਝਾਂ ਸੁਖਾਲਿਆਂ ਪੂਰੀਆਂ ਕਰ ਦੇਵੇਗੀ।

ਆਪਣੇ ਮੁਲਕ ਵਿਚ ਰਾਜਨੀਤੀ 'ਤੇ ਬੁੱਢਿਆਂ ਦਾ ਕਬਜ਼ਾ ਇਸ ਕਰਕੇ ਹੈ, ਕਿਉਂਕਿ ਨੌਜਵਾਨਾਂ ਨੂੰ ਕਤਾਰ ਵਿਚ ਲੱਗ ਕੇ ਖਾਲੀ ਥਾਂਵਾਂ ਹੋਣ ਦੀ ਉਡੀਕ ਵਿਚ ਕਾਲਿਆਂ ਤੋਂ ਬੱਗੇ ਕਰਵਾਉਣੇ ਪੈਂਦੇ ਹਨ। ਧਰਮ ਦੀ ਵਡਿਆਈ ਕਹਿ ਲਵੋ ਜਾਂ ਕੁਝ ਹੋਰ, ਜਦੋਂ ਬੰਦਾ ਪੈਸੇ 'ਚ ਖੇਡਣ ਲਗਦਾ ਹੈ, ਸਰੌਗੀ 'ਚ ਲੁੱਡੀਆਂ ਪਾਉਂਦਾ ਹੈ ਤਾਂ ਧਰਮੀ ਬੰਦੇ ਹੀ ਆਖਦੇ ਹਨ, ਇਹਦੇ ਕੋਲ ਪਾਪ ਦੀ ਖੱਟੀ ਹੈ। ਵੱਖਰੀ ਗੱਲ ਹੈ ਕਿ ਅੱਜ ਦੇ ਯੁੱਗ ਵਿਚ ਪਾਪ ਅਤੇ ਰਾਜਨੀਤੀ ਨੂੰ ਅਲਹਿਦਾ ਕਰਕੇ ਦੇਖਣਾ ਔਖਾ ਹੋ ਗਿਆ ਹੈ। ਰਾਜਨੀਤੀ ਹੁਕਮ ਚਲਾਉਣ ਦਾ ਦੂਜਾ ਨਾਂ ਹੈ, ਤੇ ਹਕੂਮਤ ਦੇ ਨਸ਼ੇ ਵਿਚ ਹੁਕਮ ਗਲਤ ਬੜੇ ਕੀਤੇ ਜਾ ਰਹੇ ਹਨ।

ਜ਼ਿੰਦਗੀ ਵਿਚ ਕਈ ਵਾਰ ਅਜਿਹੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ, ਜਦੋਂ ਬੰਦਾ ਸੋਚਦੈ, "ਹੈਂ! ਇੱਦਾਂ ਹੋ ਨ੍ਹੀਂ ਸਕਦਾ?" ਪਰ ਇੱਦਾਂ ਹੋ ਗਿਆ ਹੁੰਦਾ ਹੈ। ਬੰਦਾ ਅੱਖਾਂ ਮਲ-ਮਲ ਕੇ ਜਾਂ ਪੂਰਾ ਜ਼ੋਰ ਲਾ ਕੇ, ਅੱਡ ਕੇ ਵੇਖਦਾ ਹੈ, ਸਿਰ 'ਚ ਤੇਲ ਝਸਾ ਕੇ ਸੋਚਦਾ ਹੈ। ਇਹ ਹੋ ਕਿਵੇਂ ਗਿਆ? ਤਲੀ 'ਤੇ ਸਰੋਂ ਜੰਮਣ ਤੇ ਜਮਾਉਣ ਦੀਆਂ ਸਿਆਣੇ ਲੋਕਾਂ ਨੇ ਬੜੀਆਂ ਗੱਲਾਂ ਦੱਸੀਆਂ ਹੋਣਗੀਆਂ, ਪਰ ਜ਼ਰਾ ਗਹੁ ਨਾਲ ਵਿਚਾਰ ਕਰਿਓ ਸਰੋਂ ਜੰਮੀ ਹੀ ਨਹੀਂ ਸਗੋਂ ਰਾਤੋ ਰਾਤ ਗਿੱਠ ਗਿੱਠ ਲੰਮੀ ਵੀ ਹੋ ਗਈ ਹੈ। ਅਸਲ ਵਿਚ ਭਗਵਾਨ ਝੁੱਗੀਆਂ ਵਿਚ ਗੇੜਾ ਮਾਰਦਾ ਭਾਵੇਂ ਘੱਟ ਹੋਊ, ਪਰ ਤੁਸੀਂ ਯਕੀਨ ਜ਼ਰੂਰ ਕਰੋਗੇ ਕਿ ਗੇੜਾ ਮਾਰਦਾ ਕਦੇ ਨਾ ਕਦੇ ਜ਼ਰੂਰ ਹੈ। ਜਲੰਧਰ ਤੋਂ ਟੈਲੀਫੋਨ ਦੀ ਘੰਟੀ ਕਾਠਮੰਡੂ (ਨੇਪਾਲ) ਵਿਚ ਖੜਕਦੀ ਹੈ:

'ਹੈਲੋ।'

'ਜੀ ਸਰ।'

'ਗੋਰਖਾ ਹੈ?'

'ਸਰ, ਨੇਪਾਲ ਵਿਚ ਸਾਰੇ ਗੋਰਖੇ ਹੀ ਰਹਿੰਦੇ ਹਨ, ਤੁਸੀਂ ਕਿਸ ਗੋਰਖੇ ਦੀ ਗੱਲ ਕਰ ਰਹੇ ਹੋ?'

'ਢੁੱਚਰਾਂ ਨਾ ਡਾਹ ਮੂਹਰੇ, ਇਹ ਕਰਨ ਬਹਾਦਰ ਦਾ ਨੰਬਰ ਨਹੀਂ?'

'ਜੀ ਸਰ, ਉਨ੍ਹਾਂ ਦਾ ਹੀ ਨੰਬਰ ਹੈ, ਯਾਨਿ ਨੇਪਾਲ ਦੇ ਹੈਲਥ ਮਨਿਸਟਰ ਦਾ।'

'ਸਾਲਿਓ ਨੇਪਾਲੀਓ ਝੂਠ ਬੋਲਦੇ ਆਂ। ਚਾਰ ਮਹੀਨੇ ਪਹਿਲਾਂ ਸਾਡੇ ਰੈਸਟੋਰੈਂਟ ਵਿਚ ਰੋਟੀਆਂ ਪਕਾਉਂਦਾ ਸੀ, ਅਖੇ ਹੈਲਥ ਮਨਿਸਟਰ! ਸਾਲਾ ਪੰਜਾਹ ਹਜ਼ਾਰ ਰੁਪਏ ਨੂੰ ਬੇਈਮਾਨ ਹੋ ਗਿਆ?'

'ਆਪ ਕੌਣ ਬੋਲ ਰਹੇ ਹੋ?'

'ਗੋਰਖੇ ਕਰਨ ਬਹਾਦਰ ਦਾ ਪਿਓ।'

ਤੇ ਫੋਨ ਕੱਟਿਆ ਗਿਆ।

ਅਸਲ 'ਚ ਕਸ਼ਮੀਰ ਸਿੰਘ ਤੇ ਬਲਦੇਵ ਸਿੰਘ ਦੇ ਜਲੰਧਰ ਸਥਿਤ ਰੈਸਟੋਰੈਂਟ ਵਿਚ ਕੋਈ ਨੇਪਾਲੀ ਲਗਾਤਾਰ ਸੱਤ ਸਾਲ ਬਹੁਤ ਵਫ਼ਾਦਾਰੀ ਨਾਲ ਹੈਡ ਕੁੱਕ ਦਾ ਕੰਮ ਕਰਕੇ ਕੁਝ ਮਹੀਨਿਆਂ ਲਈ ਛੁੱਟੀ ਕੱਟਣ ਗਿਆ ਸੀ, ਤੇ ਜਾਂਦਾ ਹੋਇਆ ਮਕਾਨ ਬਣਾਉਣ ਅਤੇ ਮਾਂ ਨੂੰ ਕੁਝ ਦੇਣ ਦੇ ਬਹਾਨੇ ਉਨ੍ਹਾਂ ਤੋਂ ਪੰਜਾਹ ਹਜ਼ਾਰ ਰੁਪਿਆ ਉਧਾਰਾ ਵੀ ਲੈ ਗਿਆ।

ਆਥਣੇ ਕਸ਼ਮੀਰ ਨੇ ਆਪਣੇ ਵੱਡੇ ਭਰਾ ਬਲਦੇਵ ਨੂੰ ਦੱਸਿਆ ਕਿ ਦੁਪਹਿਰੇ ਮੈਂ ਬਹਾਦਰ ਨੂੰ ਫੋਨ ਕੀਤਾ ਨੇਪਾਲ, ਤੇ ਅੱਗਿਓਂ ਕਹੀ ਜਾਣ-ਇਹ ਨੇਪਾਲ ਦੇ ਹੈਲਥ ਮਨਿਸਟਰ ਦਾ ਨੰਬਰ ਹੈ। ਕਿਤੇ ਗਲਤ ਨੰਬਰ ਤਾਂ ਨਹੀਂ ਦੇ ਗਿਆ।

ਬਲਦੇਵ ਨੇ ਆਪਣੀ ਕਾਪੀ ਫਰੋਲਦਿਆਂ ਕਿਹਾ, 'ਨੰਬਰ ਤਾਂ ਠੀਕ ਹੈ, ਇਸੇ ਨੰਬਰ 'ਤੇ ਉਹਦੇ ਨਾਲ ਜਾਣ ਤੋਂ ਦੋ-ਤਿੰਨ ਦਿਨ ਬਾਅਦ ਮੇਰੀ ਗੱਲ ਵੀ ਹੋਈ ਸੀ। ਲਗਦਾ ਸਾਲਾ ਪੰਜਾਹ ਹਜ਼ਾਰ 'ਤੇ ਬੇਈਮਾਨ ਹੋ ਗਿਆ। ਪੁੱਤਾਂ ਵਾਂਗ ਪਾਲਿਆ ਸੱਪ ਹੀ ਨਿਕਲਿਆ।'

ਅਗਲੇ ਦਿਨ ਸਵੇਰੇ ਬਲਦੇਵ ਨੇ ਫਿਰ ਉਸੇ ਨੰਬਰ 'ਤੇ ਫੋਨ ਡਾਇਲ ਕਰ ਲਿਆ:

'ਹੈਲੋ! ਬਹਾਦਰ ਹੈ?'

'ਸਾਹਿਬ ਤੋ ਮੀਟਿੰਗ ਮੇਂ ਹੈਂ। ਕੋਈ ਮੈਸਿਜ?'

'ਮੀਟਿੰਗ ਸਾਲਾ ਰੋਟੀਆਂ ਪਕਾਉਣ ਤੇ ਭਾਂਡੇ ਧੋਣ ਦੀ ਕਰਦੈ। ਉਹਨੂੰ ਕਹੀਂ ਬਲਦੇਵ ਸਿੰਘ ਦਾ ਫੋਨ ਆਇਆ ਸੀ ਜਲੰਧਰੋਂ। ਜਾਂ ਤਾਂ ਪੰਜਾਹ ਹਜ਼ਾਰ ਰੁਪਿਆ ਭੇਜ ਦੇਵੇ, ਤੇ ਜਾਂ ਫਿਰ ਚੁੱਪ ਕਰਕੇ ਕੰਮ 'ਤੇ ਆ ਜਾਏ। ਨਹੀਂ ਤਾਂ ਸਾਲੇ ਚਾਰ ਫੁੱਟ ਨੂੰ ਕੁੱਛੜ ਚੁੱਕ ਲਿਆਵਾਂਗੇ।'

'ਸਾਹਿਬ ਆਪ ਗਲਤ ਬਾਤੇਂ ਕਰ ਰਹੇ ਹੋ। ਲਗਤਾ ਹੈ ਆਪ ਨੇ ਰੌਂਗ ਨੰਬਰ ਮਿਲਾ ਲੀਆ ਹੈ। ਯੇਹ ਕਰਨ ਬਹਾਦਰ ਕਾ ਨੰਬਰ ਤੋ ਹੈ, ਲੇਕਿਨ ਯੇਹ ਤੋ ਨੇਪਾਲ ਕੇ ਹੈਲਥ ਮਨਿਸਟਰ ਹੈਂ।'

ਦੋਵੇਂ ਭਰਾ ਚੱਕਰਾਂ ਵਿਚ ਪੈ ਗਏ, ਪਈ ਸਾਰਾ ਪਰਿਵਾਰ ਇਹਦੇ 'ਤੇ ਜਾਨ ਵਾਰਦਾ ਸੀ। ਹਜ਼ਾਰ ਨੂੰ ਰੱਖਿਆ ਸੀ, ਤੇ ਦਸ ਹਜ਼ਾਰ ਮਹੀਨਾ ਹੁਣ ਤਨਖਾਹ ਦੇਈਦੀ ਸੀ। ਰਹਿਣਾ ਮੁਫ਼ਤ, ਖਾਣਾ ਮੁਫ਼ਤ। ਚਲਾਕੀ ਕਰ ਗਿਆ ਪਤੰਦਰ ਸਾਡੇ ਨਾਲ।

ਕਹਾਣੀ ਦਰਅਸਲ ਇਹ ਸੀ ਕਿ ਸੱਤ ਕੁ ਸਾਲ ਪਹਿਲਾਂ ਕੋਈ ਗੋਰਖਾ ਮੁੰਡਾ ਆਪਣੀ ਪਤਨੀ ਨਾਲ ਬਲਦੇਵ ਨੂੰ ਲੁਧਿਆਣੇ ਤੋਂ ਜਲੰਧਰ ਆਉਂਦਿਆਂ ਬੱਸ ਵਿਚ ਮਿਲ ਗਿਆ। ਦੋਹਾਂ ਕੋਲ ਪੈਸਾ ਕੋਈ ਨਹੀਂ ਸੀ। 'ਸਰਦਾਰ ਜੀ ਜਲੰਧਰ ਤੱਕ ਟਿਕਟ ਲੈ ਦਿਓ।'

ਬੱਸ ਇਕ ਡਾਇਲਾਗ ਨਾਲ ਦੋਹਾਂ ਦੀ ਬਲਦੇਵ ਨਾਲ ਸਾਂਝ ਪੈ ਗਈ, ਤੇ ਜਿਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਜਲੰਧਰ ਅੱਗਿਓਂ ਜਾਣਾ ਕਿੱਥੇ ਹੈ? ਬਲਦੇਵ ਦੋਹਾਂ ਨੂੰ ਘਰ ਲੈ ਆਇਆ। ਦੋਹਾਂ ਨੂੰ ਆਪਣੇ ਰੈਸਟੋਰੈਂਟ 'ਤੇ ਖਾਣਾ ਬਣਾਉਣ ਰੱਖ ਲਿਆ, ਤੇ ਗੱਡੀ ਲੀਹੇ ਪੈ ਗਈ।

ਇਕ ਦਿਨ ਕਰਨ ਬਹਾਦਰ ਨੇ ਘਰ ਦਾ ਭੇਤ ਖੋਲ੍ਹਦਿਆਂ ਦੱਸਿਆ ਕਿ 'ਅਸੀਂ ਦੋ ਭਰਾ ਹਾਂ। ਪਿਓ ਦੀ ਬਹੁਤ ਦੇਰ ਪਹਿਲਾਂ ਮੌਤ ਹੋ ਗਈ। ਉਹ ਵਸੀਅਤ ਵੱਡੇ ਭਰਾ ਮਾਨ ਬਹਾਦਰ ਦੇ ਨਾਂ ਕਰ ਗਿਆ। ਮੇਰਾ ਭਰਾ ਰਾਜਨੀਤੀ ਵਿਚ ਪੈਰ ਰੱਖਦਾ ਸੀ। ਵੋਟਾਂ ਵਿਚ ਸਭ ਕੁਝ ਵੇਚ-ਵੱਟ ਕੇ ਖਾ ਲਿਆ। ਸਾਡੀ ਅਨਪੜ੍ਹ ਭਰਜਾਈ ਉਹਨੂੰ ਸਮਝਾਉਂਦੀ ਪਰ ਉਹ ਨਾ ਮੰਨਦਾ। ਘਰ ਵਿਚ ਕਲੇਸ਼ ਰਹਿਣ ਲੱਗਾ। ਮਾਂ ਦੀ ਵੀ ਇਕ ਨਾ ਚੱਲੀ। ਘਰ ਵਿਚ ਗਰੀਬੀ ਆ ਗਈ। ਇਕ ਦਿਨ ਸਾਡੇ ਦੋਹਾਂ ਭਰਾਵਾਂ ਵਿਚ ਇੰਨਾ ਝਗੜਾ ਹੋਇਆ ਕਿ ਗੱਲ ਹੱਥੋਪਾਈ ਤੱਕ ਚਲੇ ਗਈ। ਮੈਥੋਂ ਖੁਖਰੀ (ਨੇਪਾਲੀ ਦੇਸੀ ਹਥਿਆਰ) ਉਹਦੇ ਗੁੱਟ 'ਤੇ ਵੱਜ ਗਈ। ਗੁੱਟ ਲੱਥ ਗਿਆ, ਤੇ ਮੈਂ ਤੇ ਮੇਰੀ ਪਤਨੀ ਰਾਤੋ ਰਾਤ ਬਿਨਾਂ ਮਾਂ ਨੂੰ ਮਿਲੇ ਨੇਪਾਲ ਛੱਡ ਆਏ। ਤੇ ਹੁਣ ਅਸੀਂ ਕਦੇ ਵੀ ਵਾਪਿਸ ਨਹੀਂ ਜਾਵਾਂਗੇ।'

ਤੇ ਇਸ ਤਰ੍ਹਾਂ ਕਰਨ ਬਹਾਦਰ ਕਸ਼ਮੀਰ-ਬਲਦੇਵ ਹੋਰਾਂ ਦਾ ਕਾਮਾ ਘੱਟ, ਪਰਿਵਾਰਕ ਮੈਂਬਰ ਵੱਧ ਬਣ ਗਿਆ। ਪੈਸੇ ਵੀ ਉਸ ਨੇ ਕਮਾ ਕੇ ਚੰਗੇ ਜੋੜ ਲਏ ਸਨ, ਤੇ ਪਤਾ ਨਹੀਂ ਕਿਉਂ, ਉਹਦੇ ਅੰਦਰ ਮਾਂ ਨੂੰ ਮਿਲਣ ਦੀ ਮਮਤਾ ਜਾਗ ਪਈ, ਤੇ ਪੰਜਾਹ ਹਜ਼ਾਰ ਰੁਪਿਆ ਉਧਾਰਾ ਲੈ ਕੇ ਸਿਰਫ਼ ਚਾਰ ਮਹੀਨਿਆਂ ਲਈ ਨੇਪਾਲ ਗਿਆ ਸੀ।

ਕਸ਼ਮੀਰ ਤੇ ਬਲਦੇਵ ਨੂੰ 50 ਹਜ਼ਾਰ ਦਾ ਦੁੱਖ ਨਹੀਂ ਸੀ, ਉਹ ਉਹਦੀ ਬੇਈਮਾਨੀ ਤੋਂ ਉਬਲਦੇ ਸਨ ਜਿਸ ਕਰਨ ਬਹਾਦਰ ਦੇ ਪੁੱਤਰ ਦੇ ਜੰਮਣ 'ਤੇ ਦੋਹਾਂ ਭਰਾਵਾਂ ਨੇ ਲੱਖ ਰੁਪਿਆ ਖਰਚਿਆ ਸੀ, ਛੋਟੇ ਭਰਾ ਜਾਂ ਬੱਚਿਆਂ ਵਾਂਗ ਰੱਖਿਆ ਸੀ, ਉਹ 50 ਹਜ਼ਾਰ ਨੂੰ ਬਦਲ ਗਿਆ, ਤੇ ਕੰਜਰ ਹੈਲਥ ਮਨਿਸਟਰ ਦਾ ਡਰਾਮਾ ਕਰਕੇ ਸਾਨੂੰ ਬੁੱਧੂ ਬਣਾਉਂਦੈ। ਇਸ ਗੱਲ ਤੋਂ ਦੋਵੇਂ ਖਾਸਾ ਪ੍ਰੇਸ਼ਾਨ ਸਨ।

ਦੋਹਾਂ ਭਰਾਵਾਂ ਨੇ ਮਨ ਬਣਾ ਲਿਆ ਕਿ ਨਾਲੇ ਤਾਂ ਬਹਾਨੇ ਨਾਲ ਨੇਪਾਲ ਦੇਖ ਆਉਂਦੇ ਆਂ, ਨਾਲੇ ਸਾਲੇ ਬਹਾਦਰ ਦੀ ਲੱਤ ਨਾ ਵੱਢ ਹੋਈ ਤਾਂ ਨੱਕ ਤਾਂ ਵੱਢ ਕੇ ਹੀ ਆਵਾਂਗੇ। ਦੋਵੇਂ ਸੜਕੀ ਰਾਸਤੇ, ਬਰਾਸਤਾ ਉਤਰ ਪ੍ਰਦੇਸ਼ ਆਪਣੀ ਗੱਡੀ ਵਿਚ ਕਾਠਮੰਡੂ ਲਈ ਰਵਾਨਾ ਹੋ ਗਏ।

ਯੂ.ਪੀ. ਦੇ ਲਖਨਊ ਸ਼ਹਿਰ ਵਿਚ ਹੋਟਲ ਵਿਚ ਰੁਕੇ ਤਾਂ ਮਨ ਵਿਚ ਫਿਰ ਆਇਆ ਕਿ ਇਕ ਵਾਰ ਫਿਰ ਕੰਜਰ ਨੂੰ ਫੋਨ ਕਰਕੇ ਦੇਖਦੇ ਆਂ। ਚੰਗੀ ਕਿਸਮਤ ਕਿ ਫੋਨ ਕਰਨ ਬਹਾਦਰ ਨੇ ਆਪ ਹੀ ਚੁੱਕ ਲਿਆ।

'ਹੈਲੋ!'

'ਸਾਸਰੀ ਕਾਲ ਜੀ।'

'ਸਾਸਰੀ ਕਾਲ ਤਾਂ ਹੋਈ, ਤੂੰ ਸਾਲਿਆ ਬੜਾ ਡਰਾਮੇਬਾਜ਼ ਨਿਕਲਿਆ। ਨਾਲ ਲਾਹੁੰਦੇ ਨੂੰ ਤੈਨੂੰ ਕਿਸ ਭੜੂਏ ਨੇ ਮੰਤਰੀ ਬਣਾ 'ਤਾ?'

'ਸਰ ਆ ਕੇ ਤੋ ਦੇਖੋ।'

'ਝੂਠ ਤੋਂ ਫਿਰ ਨ੍ਹੀਂ ਬਾਜ਼ ਆਇਆ। ਗੱਲ ਸੁਣ ਲੈ ਕੰਨ ਖੋਲ੍ਹ ਕੇ, ਪਰਸੋਂ 10 ਕੁ ਵਜੇ ਸਵੇਰੇ ਅਸੀਂ ਨੇਪਾਲ ਵਾਲਾ ਬਾਰਡਰ ਲੰਘਾਂਗੇ। ਜਾਈਂ ਨਾ ਕਿਤੇ।'

'ਸਰ ਮੈਂ ਤੋ ਦੋ ਦਿਨ ਕਾਠਮੰਡੂ ਸੇ ਬਾਹਰ ਸਰਕਾਰੀ ਦੌਰੇ ਪੇ ਹੂੰ, ਆਪ ਕੋ ਹਮਾਰੀ ਗਾੜੀ ਲੇਨੇ ਆਏਗੀ।'

...ਤੇ ਗੱਲਬਾਤ ਬੰਦ ਹੋ ਗਈ।

ਫੇਰ ਬੁੱਧੂ ਬਣਾਉਂਦੈ। ਲਗਦਾ ਸਰਕਾਰੀ ਦੌਰੇ ਦਾ। ਦੌਰੇ ਤਾਂ ਹੁਣ ਤੈਨੂੰ ਪੁੱਤਰਾ ਸਾਡੇ ਆਏ 'ਤੇ ਪੈਣਗੇ ਹੀ। ਹਫ਼ਤਾ ਰਹਾਂਗੇ, ਭੱਜ ਲਵੀਂ ਕਿੱਥੇ ਭੱਜਦੈਂ?

ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਸੌਂ ਗਏ।

ਤੇ ਮੋਰ ਫਿਰ ਕਾਲੀਆਂ ਘਟਾਵਾਂ ਤੋਂ ਬਿਨਾਂ ਵੀ ਨੱਚਣ ਲੱਗ ਪਿਆ। ਬਾਰਡਰ ਲੰਘਦਿਆਂ ਹੀ ਦੋਵੇਂ ਭਰਾ ਸਰਕਾਰੀ ਮਹਿਮਾਨਾਂ ਵਿਚ ਬਦਲ ਗਏ। ਉਨ੍ਹਾਂ ਦੀ ਕਾਰ ਹੋਰ ਡਰਾਈਵਰ ਚਲਾਉਣ ਲੱਗ

(ਬਾਕੀ ਸਫਾ 33 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਵਖਤ ਦਿੱਲੀ ਨੂੰ ਪਾਇਆ

ਮੱਤ ਲੋਕਾਂ ਦੀ ਮਾਰੀ, ਹੋਏ ਫਿਰਦੇ ਝੱਲੇ ਨੇ। ਸਾਧ ਕਰਾਉਂਦੇ ਫਿਰਦੇ ਹਰ ਥਾਂ ਬੱਲੇ ਬੱਲੇ ਨੇ।
ਲੋਕਾਂ ਨੂੰ ਨੇ ਕਹਿੰਦੇ ਮਾਇਆ ਮੋਹਣੀ ਛੱਡ ਦੇਵੋ, ਆਪਣੇ ਨੱਕੋ ਨੱਕ ਭਰੀ ਇਹ ਫਿਰਦੇ ਪੱਲੇ ਨੇ।
ਢਿੱਡ ਦਾ ਨਾਚ ਨਚਾ ਕੇ ਲੋਕ ਨਚਾਈ ਜਾਂਦੇ ਆ, ਦੋਵੇਂ ਹੱਥਾਂ ਨਾਲ ਲੁੱਟਣ ਲਈ ਕਰਦੇ ਹੱਲੇ ਨੇ।
ਰੌਲਾ ਪਾ ਕੇ ਆਪਣੇ ਸਾਰੇ ਭੇਦ ਲੁਕਾਵਣ ਲਈ, ਜੂਸ ਪੀਣ ਬਹਾਨੇ ਬਾਬੇ ਮਰਨ ਨੂੰ ਚੱਲੇ ਨੇ।
ਕਾਲੇ ਧਨ ਨੂੰ ਨਿੰਦ ਕੇ ਵੱਡੀਆਂ ਟਾਹਰਾਂ ਮਾਰਨ ਇਹ, ਅਰਬਾਂ ਦਾ ਹਿਸਾਬ ਇਨ੍ਹਾਂ ਦਾ ਦੇਂਦੇ ਗੱਲੇ ਨੇ।
ਤੱਕ ਬਾਬੇ ਨੂੰ ਨੇੜਿਓਂ ਖਰਚ ਹਜ਼ਾਰਾਂ ਨੋਟਾਂ ਨੂੰ, ਕਲਯੁਗ ਦੇ ਸ਼ੈਤਾਨਾਂ ਉਚੇ ਆਸਣ ਮੱਲੇ ਨੇ।
ਸਾਧਾਂ ਅਤੇ ਜਹਾਜ਼ਾਂ ਦਾ ਕੋਈ ਮੇਲ ਨਹੀਂ ਹੁੰਦਾ, ਵਖਤ ਪਾਇਆ ਏ ਦਿੱਲੀ ਨੂੰ ਇਕ ਸਾਧ ਇਕੱਲੇ ਨੇ।

# ਹਜ਼ਾਰਾ ਸਿੰਘ ਰਮਤੇ ਨਾਲ ਟੋਰਾਂਟੋ 'ਚ ਇਕ ਦਿਨ

ਰੇਸ਼ਮਾ ਨੂੰ ਮਿਲ ਕੇ ਮੇਰਾ ਚਾਅ ਪੂਰਾ ਹੋ ਗਿਆ ਸੀ। ਮੈਨੂੰ ਖੁਸ਼ੀ ਹੈ ਕਿ ਮੈਂ ਲਤਾ ਮੰਗੇਸ਼ਕਰ ਨੂੰ ਮਿਲ ਲਿਆ ਹੈ ਪਰ ਦੁੱਖ ਹੈ ਕਿ ਨੂਰ ਜਹਾਂ ਨੂੰ ਮਿਲਣ ਦੀ ਰੀਝ ਵਿਚ-ਵਿਚਾਲੇ ਮਰ-ਖਪ ਗਈ। ਹਜ਼ਾਰਾ ਸਿੰਘ ਰਮਤਾ ਪਚਾਸੀ ਵਰ੍ਹਿਆਂ ਦਾ ਹੋ ਗਿਐ, ਮੈਨੂੰ ਫਿਕਰ ਸੀ ਕਿ ਅਸੀਂ ਇਕ-ਦੂਜੇ ਨੂੰ ਮਿਲੇ ਬਿਨਾਂ ਵਿਛੜ ਨਾ ਜਾਈਏ। 1992 ਵਿਚ ਉਹ ਪ੍ਰੋ. ਮੋਹਨ ਸਿੰਘ ਮੇਲੇ 'ਤੇ ਮੈਨੂੰ ਓਨਾ ਕੁ ਮਿਲਿਆ ਸੀ, ਜਿੰਨਾ ਕੁ ਕੋਈ ਕੁੜੀ-ਮੁੰਡਾ ਵਿਆਹ ਤੋਂ ਪਹਿਲਾਂ ਦੇਖ-ਦਖਾਵੇ 'ਚ ਮਿਲਦੇ ਹਨ। ਉਦੋਂ ਅਸੀਂ ਮਾਹਿਲਪੁਰ ਵਿਚ ਉਹਦੇ ਨਾਲ ਮਿਲਣੀ ਰੱਖੀ ਪਰ ਉਹ ਬਿਮਾਰ ਹੋ ਜਾਣ ਕਾਰਨ ਆ ਨਾ ਸਕਿਆ। ਸ਼ੌਕੀ ਮੇਲੇ ਵਿਚ ਵੀ ਸਬੱਬ ਨਾ ਬਣਿਆ। ਜਾਣਦੇ ਹੋ ਨਾ, ਮੈਂ ਉਸ ਰਮਤੇ ਦੀ ਗੱਲ ਕਰ ਰਿਹਾਂ ਜੀਹਨੂੰ ਤੁਸੀਂ 'ਰਮਤਾ ਮੇਮਾਂ ਵਿਚ', 'ਰਮਤਾ ਦੋ ਤੀਵੀਆਂ ਵਿਚ', 'ਰਮਤੇ ਦਾ ਵਿਆਹ' ਆਦਿ ਕਈ ਤਵਿਆਂ ਦੇ ਯੁੱਗ ਵਿਚ ਤਵਿਆਂ ਨਾਲ, ਤੇ ਹੁਣ ਐਲਬਮਾਂ ਨਾਲ ਉਹਦੇ ਹਾਸ ਰਸ ਗੀਤਾਂ ਜ਼ਰੀਏ ਜਾਣਦੇ ਹੋ। ਕਈਆਂ ਦੇ ਖਰਚਣ ਲਈ ਬਟੂਏ ਤੇ ਹੱਸਣ ਲਈ ਮੂੰਹ ਕੋਟਕਪੂਰੇ ਦੇ ਫਾਟਕ ਵਾਂਗ ਕਦੇ-ਕਦਾਈਂ ਹੀ ਖੁੱਲ੍ਹਦੇ ਹਨ ਪਰ ਰਮਤੇ ਨੂੰ ਸੁਣ ਕੇ ਜਿਹੜਾ ਹੱਸਿਆ ਨਾ ਹੋਊ, ਉਹ ਬਿਮਾਰ ਹੀ ਹੋ ਸਕਦੈ। ਦੋ ਵੰਨਗੀਆਂ ਇਸੇ ਰੰਗ ਵਿਚ ਨੇ:

ਬੀ.ਏ. ਪਾਸ ਪਟੋਲੇ ਵਰਗੀ
ਜਦ ਮੈਂ ਤੀਵੀਂ ਲਿਆਇਆ
ਪਿੰਡਾਂ ਦੇ ਵਿਚ ਪਈਆਂ ਧੁੰਮਾਂ
ਰਮਤੇ ਵਿਆਹ ਕਰਾਇਆ
ਬੇਘਰ ਤੋਂ ਘਰਵਾਲਾ ਬਣਿਆ
ਲੁੱਟਾਂ ਨਿੱਤ ਬਹਾਰਾਂ
ਆਕੜ ਆਕੜ ਤੁਰਦਾ
ਨਾਲੇ ਵੱਟ ਮੁੱਛਾਂ ਨੂੰ ਚਾੜ੍ਹਾਂ
ਛੱਤ ਪਾੜ ਕੇ ਦੇ ਦੇਂਦਾ ਏ

### ਧੁੱਪੇ ਬੈਠੀਆਂ ਯਾਦਾਂ

ਰੱਬ ਹੱਥ ਉਸ ਦੇ ਲੰਮੇ
ਦਸਮਾਂ ਮਹੀਨੇ ਚੜ੍ਹਦੇ ਸਾਰ ਈ
ਕੁੱਕੂ ਹੋਰੀਂ ਜੰਮੇ...।
ਤੇ ਇੰਦਰਾ ਗਾਂਧੀ ਦੇ ਐਮਰਜੈਂਸੀ ਵਾਲੇ ਦਿਨਾਂ ਵਿਚ ਸੰਜੇ ਗਾਂਧੀ ਵਲੋਂ ਧੱਕੇ ਨਾਲ ਨਸਬੰਦੀ 'ਤੇ ਟਕੋਰ ਦੇਖੋ:

ਸ਼ਾਦੀਸ਼ੁਦਾ ਜਾਂ ਛੜਾ-ਕੁਆਰਾ
ਜਿਹੜਾ ਮਿਲਦਾ ਢਾਹ ਲਓ
ਸਾਬਤ ਕੋਈ ਮਰਦ ਰਹੇ ਨਾ
ਸਭ ਦਾ ਨਿਕ-ਸੁਕ ਲਾਹ ਲਓ
ਜਿਹੜਾ ਅੱਗੋ ਬੋਲੇ
ਉਹਦੇ ਮੂੰਹ ਨੂੰ ਲਾ ਦਿਓ ਜਿੰਦਰਾ
ਇੰਦਰਾ ਦੇ ਇਸ ਰਾਜ ਦੇ ਅੰਦਰ
ਇੰਦਰੀ ਰਹੂ ਜਾਂ ਇੰਦਰਾ...



ਅਸ਼ੋਕ ਭੌਰਾ, ਹਜ਼ਾਰਾ ਸਿੰਘ ਰਮਤਾ ਅਤੇ ਇਕਬਾਲ ਮਾਹਲ

ਹਾਲ ਹੀ ਵਿਚ ਜਦੋਂ ਮੈਂ ਟੋਰਾਂਟੋ ਗਿਆ ਤਾਂ ਇਕਬਾਲ ਮਾਹਿਲ ਦੇ ਨਾਲ-ਨਾਲ ਹਜ਼ਾਰਾ ਸਿੰਘ ਨਾਲ ਪੂਰਾ ਦਿਨ ਗੁਜ਼ਾਰਿਆ। ਖੈਰ! ਇਸ ਲੰਬੇ ਘਟਨਾਕ੍ਰਮ ਬਾਰੇ ਤਾਂ ਕਦੇ ਫੇਰ ਗੱਲ ਕਰਾਂਗਾ ਪਰ ਕੁਝ ਵਰ੍ਹੇ ਪਹਿਲਾਂ ਸਟਰੋਕ ਹੋ ਜਾਣ ਨਾਲ ਜਦੋਂ ਉਹ ਬੇਹੋਸ਼ੀ ਵਿਚ ਚਲੇ ਗਿਆ ਤਾਂ ਉਹਨੂੰ ਲੱਗਾ ਯਮਰਾਜ ਚੁੱਕ ਕੇ ਰੱਬ ਕੋਲ ਲੈ ਗਏ। ਉਥੇ ਕਲਰਕਾਂ ਨੇ ਹਿਸਾਬ-ਕਿਤਾਬ ਲਾ ਕੇ ਦੇਖਿਆ ਤਾਂ ਉਹ ਕਹਿਣ ਲੱਗੇ, 'ਇਹਦਾ ਤਾਂ ਹਾਲੇ ਦਿਨ ਨਹੀਂ ਆਇਆ। ਇਹਨੂੰ ਛੇਤੀ ਵਾਪਿਸ ਭੇਜੋ। ਕਿਤੇ ਬੁੱਤ ਨਾ ਫੂਕ ਦੇਣਾ।' ਇੰਨੇ ਨੂੰ ਸਵਰਗ ਵਿਚੋਂ ਮਾਲਾ ਫੇਰਦੀਆਂ ਸਵਰਗਣਾਂ ਨਿਕਲ ਆਈਆਂ ਕਿ 'ਅਸੀਂ ਤਾਂ ਰੱਬ-ਰੱਬ ਕਰਦੀਆਂ ਅੱਕ ਗਈਆਂ। ਰਮਤੇ ਤੋਂ ਗਾਣਾ ਸੁਣਨੈ।' ਹੈਡ ਕਲਰਕ ਕਹਿਣ ਲੱਗਾ, 'ਇਹ ਤਾਂ ਭੁਲੇਖੇ ਨਾਲ ਆ ਗਿਆ। ਇਹਨੂੰ ਤਾਂ ਹੇਠਾਂ ਭੇਜਣ ਲੱਗੇ ਆਂ।' ਉਹ ਅੜ ਗਈਆਂ, 'ਸਾਨੂੰ ਵੀ ਨਾਲੇ ਭੇਜੋ', ਤੇ ਮੇਰੇ ਨਾਲ ਹੀ ਉਨ੍ਹਾਂ ਤਿੰਨਾਂ ਨੂੰ ਵੀ ਹੇਠਾਂ ਧੱਕਾ ਦੇ ਦਿੱਤਾ। ਅੱਖ ਖੁੱਲ੍ਹੀ ਤਾਂ ਤਿੰਨ ਨਰਸਾਂ ਰੌਲਾ ਪਾਉਣ, 'ਰਮਤੇ ਨੂੰ ਹੋਸ਼ ਆ ਗਈ। ਹੋਸ਼ ਆ ਗਈ...।'

ਰਮਤੇ ਨੂੰ ਮਿਲ ਕੇ ਲਗਦਾ ਹੈ ਕਿ ਜ਼ਿੰਦਗੀ ਦੇ ਸੁਪਨੇ ਵਿਚ ਚੰਗਾ ਰੰਗ ਭਰ ਲਿਆ ਹੈ। ਉਸ ਦਿਨ ਮੈਂ ਤੇ ਇਕਬਾਲ ਮਾਹਿਲ ਚਾਰ ਘੰਟੇ ਉਹਦੇ ਘਰ ਰੱਜ ਕੇ ਨਹੀਂ, ਨੱਕੋ-ਨੱਕ ਭਰ ਕੇ ਹੱਸੇ ਸਾਂ।

-ਐਸ. ਅਸ਼ੋਕ ਭੌਰਾ

# ਕੀ ਪ੍ਰੋ. ਭੁੱਲਰ ਦੇ ਕੇਸ ਤੋਂ ਕੋਈ ਸਬਕ ਸਿੱਖੇ ਜਾ ਸਕਦੇ ਹਨ?

ਸੰਪਾਦਕ ਜੀ,

'ਪੰਜਾਬ ਟਾਈਮਜ਼' ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਉਸ ਦੇ ਕੇਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਇਹ ਬਣਦਾ ਵੀ ਸੀ ਕਿਉਂਕਿ ਜਿਸ ਢੰਗ ਨਾਲ ਇਸ ਕੇਸ ਨੂੰ ਲਿਆ ਗਿਆ, ਉਸ ਬਾਰੇ ਬਾਰੀਕੀ ਨਾਲ ਪੁਣ-ਛਾਣ ਹੋਣੀ ਹੀ ਚਾਹੀਦੀ ਸੀ। ਹੁਣ ਵੀ ਬੇਸ਼ੱਕ, ਉਸ ਨਾਲ ਅਨਿਆਂ ਹੋ ਰਿਹਾ ਹੈ। ਡੇਢ ਦਹਾਕਾ ਉਹ ਜੇਲ੍ਹ ਵਿਚ ਗਾਲ਼ ਚੁੱਕਾ ਹੈ। ਇਸ ਵਿਚੋਂ ਤਕਰੀਬਨ ਇਕ ਦਹਾਕਾ ਤਾਂ ਉਸ ਨੇ ਕਾਲਕੋਠੜੀ ਵਿਚ ਬਿਤਾਇਆ ਹੈ, ਇਕੱਲਿਆਂ। ਇਹ ਜਿਹੜਾ ਖਾਮੋਸ਼ ਤਸ਼ੱਦਦ ਹੈ, ਇਸ ਨੂੰ ਝੱਲਣਾ ਬਹੁਤ ਔਖਾ ਹੁੰਦਾ ਹੈ। ਇਸ ਇਕੱਲ ਕਰਕੇ ਹੀ ਉਸ ਦਾ ਮਾਨਸਿਕ ਤਵਾਜ਼ਨ ਡੋਲ ਗਿਆ। ਉਸ ਦੇ ਹੱਕ ਵਿਚ ਚੱਲ ਰਹੀ ਮੁਹਿੰਮ ਨੇ ਭਾਵੇਂ ਉਸ ਨੂੰ ਮੌਤ ਦੇ ਮੂੰਹ ਵਿਚੋਂ ਤਾਂ ਫਿਲਹਾਲ ਕੱਢ ਲਿਆ ਹੈ ਪਰ ਇਸ ਨੇ ਸਾਡੇ ਸਾਰਿਆਂ ਲਈ ਕੁਝ ਸਵਾਲ ਜ਼ਰੂਰ ਖੜ੍ਹੇ ਕਰ ਦਿੱਤੇ ਹਨ। ਹੁਣ ਮਸਲਾ ਇਹ ਨਹੀਂ ਕਿ ਭੁੱਲਰ ਨੇ ਵੱਖ-ਵੱਖ ਥਾਈਂ ਬੰਬ ਲਾਏ ਜਾਂ ਨਹੀਂ ਲਾਏ, ਮਸਲਾ ਇਹ ਹੈ ਕਿ ਉਸ ਦੌਰ ਦੀ ਭਿਆਨਤਾ ਨੂੰ ਹੁਣ ਅਸੀਂ ਕਿੰਨੀ ਸੰਜੀਦਗੀ ਨਾਲ ਲੈ/ਵਿਚਾਰ ਰਹੇ ਹਾਂ। ਉਦੋਂ ਤਾਂ ਦੋਹੀਂ ਪਾਸੀਂ ਇਹ ਜ਼ੋਰ ਲੱਗਿਆ ਹੋਇਆ ਸੀ ਕਿ ਦੂਜੀ



ਮਿਖਾਈਲ ਬਾਕੂਨਿਨ

ਧਿਰ ਦਾ ਵੱਧ ਤੋਂ ਨੁਕਸਾਨ ਕਰਨਾ ਹੈ। ਇਹੀ ਉਹ ਮੁੱਦਾ ਸੀ ਜਿਹੜਾ ਉਦੋਂ ਵੀ ਅਤੇ ਸ਼ਾਇਦ ਅਜੇ ਵੀ ਭੁੱਲਰ ਅਤੇ ਉਸ ਦੇ ਸਾਥੀਆਂ ਦੇ ਗੇੜ ਹੇਠ ਨਹੀਂ ਆਇਆ। ਨਤੀਜਾ ਸਭ ਦੇ ਸਾਹਮਣੇ ਹੈ।

ਜੋ ਇਨਸਾਨ ਰੱਤੀ ਭਰ ਵੀ ਉਸ ਦੌਰ ਦੇ ਦਰਦ ਨੂੰ ਮਹਿਸੂਸ ਕਰਦਾ ਹੈ, ਉਹ ਇਸ ਬਾਰੇ ਸੋਚੇਗਾ ਜ਼ਰੂਰ। ਜਿਵੇਂ ਤੁਸੀਂ ਆਪਣੀ ਅਖਬਾਰ ਵਿਚ ਉਸ ਦੌਰ ਦੀ ਭਿਆਨਤਾ ਬਾਰੇ ਤੱਥ ਨਸ਼ਰ ਕੀਤੇ ਹਨ, ਮੈਨੂੰ ਜਾਪਦਾ ਹੈ ਕਿ ਉਸ ਦੌਰ ਬਾਰੇ ਵੱਧ ਤੋਂ ਵੱਧ ਪੜਚੋਲ ਹੋਣੀ ਚਾਹੀਦੀ ਹੈ ਕਿਉਂਕਿ ਸਾਡੇ ਭਵਿੱਖ ਦੀ ਹੋਣੀ ਦੀ ਇਕ ਤੰਦ ਉਸ ਦੌਰ ਨਾਲ ਸਿੱਧੀ ਜੁੜੀ ਹੋਈ ਹੈ। ਇਸ ਨੂੰ ਸਮੁੱਚ ਵਿਚ ਵਿਚਾਰੇ ਬਗੈਰ ਤੁਸੀਂ ਅੱਗੇ ਨਹੀਂ ਲੰਘ ਸਕਦੇ। ਜੇ ਅਜਿਹਾ ਕਰੋਗੇ ਤਾਂ ਭਵਿੱਖ ਤੁਹਾਨੂੰ, ਅਣਜਾਣਾਂ ਨੂੰ ਹੋਰ ਵੀ ਕਰੂਰ ਰੂਪ ਵਿਚ ਟੱਕਰੇਗਾ। ਉਂਜ ਵੀ ਇਸ ਪ੍ਰਸੰਗ ਵਿਚ ਮੈਨੂੰ ਭਗਤ ਸਿੰਘ (28 ਸਤੰਬਰ, 1907-23 ਮਾਰਚ, 1931) ਬਹੁਤ ਵੱਡਾ ਦਾਨਿਸ਼ਵਰ ਅਤੇ ਸੋਚਵਾਨ ਜਾਪਦਾ ਹੈ। ਉਸ ਨੇ ਜਦੋਂ ਤੱਤੀ ਸਿਆਸਤ ਵੱਲ ਰੁਖ਼ ਕੀਤਾ ਸੀ, ਤਾਂ ਨਾਲ ਦੀ ਨਾਲ ਪਹਿਲਾਂ ਚੱਲੀਆਂ ਤੱਤੀਆਂ ਲਹਿਰਾਂ ਦਾ ਗਹਿ-ਗੱਡਵਾਂ ਮੁਤਾਲਾ ਕੀਤਾ। ਕੂਕਿਆਂ, ਗਦਰੀਆਂ ਅਤੇ ਬੱਬਰਾਂ ਬਾਰੇ ਪੜ੍ਹਿਆ ਅਤੇ ਲਿਖਿਆ ਵੀ। ਪ੍ਰਾਚੀਨ ਸਮਿਆਂ ਦੇ ਨਾਮੀ ਰੋਮਨ ਕਾਨੂੰਨਦਾਨ ਸਿਸਰੋ (3 ਜਨਵਰੀ,



ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ

106 ਬੀ.ਸੀ-7 ਦਸੰਬਰ, 43 ਬੀ.ਸੀ., ਉਮਰ 63 ਸਾਲ) ਦਾ ਵੀ ਬੜਾ ਮਸ਼ਹੂਰ ਕਥਨ ਹੈ ਕਿ ਆਪਣੇ ਤੋਂ ਪਹਿਲਾਂ ਦੇ ਵਕਤਾਂ ਤੋਂ ਅਣਜਾਣ ਰਹਿਣਾ ਬਚਪਨੇ ਨਾਲ ਚਿੰਬੜੇ ਰਹਿਣਾ ਹੈ।...ਤੇ ਇਸ ਬਚਪਨੇ ਅਤੇ ਅਣਜਾਣਪੁਣੇ ਦੇ ਨਤੀਜੇ ਬਹੁਤ ਘਾਤਕ ਨਿਕਲਦੇ ਹਨ। ਮੈਨੂੰ ਜਾਪਦਾ ਹੈ ਕਿ ਉਸ ਬੇਕਿਰਕ ਦੌਰ ਵਿਚ ਭਾਂਬੜ ਬਣ ਕੇ ਬਲੇ ਨੌਜਵਾਨ ਇਸ ਅਣਜਾਣਪੁਣੇ ਦੀ ਦਲ-ਦਲ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ। ਇਸੇ ਕਰਕੇ ਉਨ੍ਹਾਂ ਦੀ ਦ੍ਰਿਸ਼ਟੀ ਬਹੁਤਾ ਅਗਾਂਹ ਤੱਕ ਦੇਖ ਨਹੀਂ ਸਕੀ ਅਤੇ ਬਹੁਤੇ ਕਦਮ ਵੀ ਅੱਗੇ ਨਾ ਵਧਾ ਸਕੀ। ਉਸ ਦੌਰ ਲਈ ਵੱਧ ਸਹੀ ਨਾਂ ਮੈਨੂੰ ਫਿਲਹਾਲ ਸੁੱਝ ਨਹੀਂ ਰਿਹਾ। ਉਂਜ ਮੇਰੇ ਜ਼ਿਹਨ ਵਿਚ ਇਕ ਸ਼ਬਦ ਜਿਹੜਾ ਵਾਰ-ਵਾਰ ਆ ਰਿਹਾ ਹੈ, ਉਹ ਹੈ ਅਰਾਜਕਤਾ (ਅਨਾਰਕੀ), ਅੱਜ ਕੱਲ੍ਹ ਕਿਸੇ ਵੀ ਕਿਸਮ ਦੀ ਗੜਬੜੀ ਲਈ ਇਹ ਸ਼ਬਦ ਥੋਕ ਦੇ ਭਾਅ ਵਰਤ ਲਿਆ ਜਾਂਦਾ ਹੈ ਪਰ ਇਹ ਸ਼ਬਦ ਇੰਨਾ ਸੁੱਚਾ ਅਤੇ ਇਸ ਨਾਲ ਜੁੜੇ ਮਿਖਾਈਲ ਬਾਕੂਨਿਨ (1814-1876) ਵਰਗੇ ਬੰਦੇ ਇੰਨੇ ਜ਼ਹੀਨ ਸਨ ਕਿ ਮੈਂ ਇਹ ਸ਼ਬਦ ਉਸ ਦੌਰ ਲਈ ਵਰਤਣ ਤੋਂ ਵੀ ਤ੍ਰਹਿ ਰਿਹਾ ਹਾਂ। ਇਸ ਲਈ ਇੱਥੇ ਮੈਂ ਸਿਰਫ ਆਪਣੀ ਗੱਲ ਰੱਖਣ ਲਈ ਹੀ ਇਸ ਸ਼ਬਦ ਦਾ ਇਸਤੇਮਾਲ ਕਰ ਰਿਹਾ ਹਾਂ।

ਅਰਾਜਕਤਾਵਾਦ ਦੇ ਇਕ ਪੱਖ ਬਾਰੇ ਗੱਲ ਇੰਨੀ ਕੁ ਹੈ ਕਿ ਉਹ ਆਪਣੇ ਪ੍ਰਚਾਰ ਲਈ ਕਿਸੇ ਹਥਿਆਰਬੰਦ ਐਕਸ਼ਨ ਅਤੇ ਉਸ ਤੋਂ ਹੋਈ ਮਸ਼ਹੂਰੀ ਨੂੰ ਵਰਤਣ ਦੇ ਮੁਦੱਈ ਸਨ। ਇਨ੍ਹਾਂ ਮੁਤਾਬਕ ਕੋਈ ਐਕਸ਼ਨ ਅਤੇ ਉਸ ਤੋਂ ਬਾਅਦ ਦਲੇਰੀ ਦੀ ਚਰਚਾ ਲੋਕਾਂ ਦਾ ਵੱਧ ਧਿਆਨ ਖਿੱਚ ਸਕਦੀ ਹੈ। ਐਕਸ਼ਨ ਬਾਰੇ ਇਨ੍ਹਾਂ ਦਾ ਸੰਕਲਪ ਬੱਸ ਇੰਨਾ ਕੁ ਹੀ ਹੈ। ਬਾਕੀ ਇਨਕਲਾਬ ਅਤੇ ਇਨਕਲਾਬ ਤੋਂ ਪਹਿਲਾਂ ਅਤੇ ਪਿੱਛੋਂ ਬਾਰੇ ਇਨ੍ਹਾਂ ਦੀਆਂ ਗਹਿ-ਗੱਚ ਬਹਿਸਾਂ ਹਨ। ਭਗਤ ਸਿੰਘ ਨੇ ਆਪ ਇਸ ਵਰਤਾਰੇ ਨੂੰ ਸਮਝਣ ਅਤੇ ਸਮਝਾਉਣ ਲਈ ਪੜ੍ਹਿਆ ਤਾਂ ਹੈ ਹੀ, ਅਰਾਜਕਤਾਵਾਦ ਬਾਰੇ 3 ਲੇਖ ਵੀ ਲਿਖੇ। ਇਨ੍ਹਾਂ ਤੋਂ ਇਲਾਵਾ ਰੂਸ ਦੇ ਜੁੱਗ ਪਲਟਾਊ ਨੇਹਵਾਦੀਆਂ (ਨੇਹਲਿਸਟਾਂ) ਬਾਰੇ ਵੀ ਉਸ ਦਾ ਲੇਖ ਹੈ। ਇਨ੍ਹਾਂ ਲੇਖਾਂ ਨੂੰ ਅਰਾਜਕਤਾਵਾਦ ਦਾ ਸਾਰ ਵੀ ਕਿਹਾ ਜਾ ਸਕਦਾ ਹੈ। ਇਨ੍ਹਾਂ ਲੇਖਾਂ ਤੋਂ ਇਹ ਸੋਅ ਵੀ ਮਿਲਦੀ ਹੈ ਕਿ ਵੱਖ-ਵੱਖ ਦੌਰਾਂ ਵਿਚ ਜੁੱਗ ਪਲਟਾਉਣ ਦੀ ਇੱਛਾ ਰੱਖਣ ਵਾਲੇ ਲੋਕ ਕਿਨ੍ਹਾਂ ਸਵਾਲਾਂ ਨਾਲ ਦੋ-ਚਾਰ ਹੋ ਰਹੇ ਸਨ। ਕਿੰਜ ਉਹ ਸੰਸਾਰ ਭਰ ਦੇ ਵਰਤਾਰਿਆਂ ਨੂੰ ਸਾਹਮਣੇ ਖਲਿਆਰ ਕੇ ਛਾਣ-ਬੀਣ ਕਰਨ ਵਿਚ ਮਸਰੂਫ ਸਨ। ਅਸਲ ਵਿਚ ਹਕੀਕਤ ਤਾਂ ਇਹ ਹੈ ਕਿ ਉਦੋਂ ਜਮਾਤੀ ਸਮਾਜਾਂ ਵਿਚ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਅਤੇ ਨਾ-ਇਨਸਾਫੀ ਖਿਲਾਫ ਬਗਾਵਤਾਂ ਦੀ ਸ਼ੁਰੂਆਤ ਹੋਈ। ਉਸ ਦਿਨ ਤੋਂ ਹੀ ਵਿਦਵਾਨਾਂ ਅੰਦਰ ਇਹ ਗੱਲ ਬਹਿਸ ਦਾ ਵਿਸ਼ਾ ਬਣੀ ਆਈ ਹੈ ਕਿ ਦਹਿਸ਼ਤੀ ਹਿੰਸਾ ਨਾਲ ਜਰਵਾਣੇ ਜਰਕਦੇ ਵੀ ਹਨ? ਜਾਂ ਇਹ ਜਰਵਾਣੇ ਹਿੰਸਾ ਦੇ ਬਹਾਨੇ ਆਪਣੇ ਹਥਿਆਰ ਹੋਰ ਮਜ਼ਬੂਤ ਕਰਨ ਵਿਚ ਸਫਲ ਹੋ ਜਾਂਦੇ ਹਨ?

## ਪਾਠਕਾਂ ਦੀ ਰਾਏ

ਮੇਰਾ ਸਵਾਲ ਹੈ ਕਿ ਉਸ ਬੇਦਰਦ ਹੋ ਗਏ ਦੌਰ ਵਿਚ ਪ੍ਰੋ. ਭੁੱਲਰ ਅਤੇ ਉਸ ਦੇ ਸਾਥੀਆਂ ਨੂੰ ਅਜਿਹੀਆਂ ਹੋ ਚੁੱਕੀਆਂ ਬਹਿਸਾਂ ਬਾਰੇ ਕੋਈ ਸੋਝੀ ਹੈ ਸੀ? ਇਹ ਵੀ ਤਾਂ ਉਦੋਂ ਜੁੱਗ ਪਲਟਾਉਣ ਦੀਆਂ ਗੱਲਾਂ ਕਰਦੇ ਸਨ। ਪਰ ਨਹੀਂ, ਉਸ ਬੇਦਰਦ ਦੌਰ ਵਿਚ ਸਿਰਫ ਤੇ ਸਿਰਫ ਐਕਸ਼ਨ ਹੀ ਹੋਏ। ਐਕਸ਼ਨਾਂ ਨੂੰ ਸਿਆਸਤ ਵਿਚ ਪਲਟਾਉਣ ਦੀ ਜਾਚ ਤਾਂ ਇਨ੍ਹਾਂ ਨੂੰ ਕੀ ਹੋਣੀ ਸੀ, ਇੱਛਾ ਤੱਕ ਨਹੀਂ ਸੀ। ਐਕਸ਼ਨਾਂ ਦੇ ਸਿਰ 'ਤੇ ਤੁਸੀਂ ਫਿਰ ਕਿੰਨੀ ਕੁ ਦੂਰ ਜਾ ਸਕਣਾ ਸੀ? ਸੋ, ਫੱਟੜ ਪੰਛੀ ਵਾਂਗ ਛੇਤੀ ਹੀ ਭੁੰਜੇ ਆ ਗਏ ਅਤੇ ਨਾਲ ਬਾਕੀਆਂ ਨੂੰ ਵੀ ਸੁੱਟ ਲਿਆ। ਮੇਰਾ ਮੰਨਣਾ ਹੈ ਕਿ ਜੇ ਪ੍ਰੋ. ਭੁੱਲਰ ਅਤੇ ਉਸ ਦੇ ਸਾਥੀਆਂ ਨੂੰ ਇਲਮ ਹੁੰਦਾ ਤਾਂ ਉਸ ਸਾਰੇ ਕੁਝ ਤੋਂ ਬਚਾਅ ਹੋ ਜਾਂਦਾ, ਜੋ



ਰਣਜੀਤ ਸਿੰਘ ਕੁੱਕੀ

ਬਾਅਦ ਵਿਚ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਨੇ ਹੱਡੀਂ ਹੰਢਾਇਆ ਤੇ ਹੁਣ ਤੱਕ ਹੰਢਾ ਰਹੇ ਹਨ।

ਇਹ ਤਸਵੀਰ ਦਾ ਦੂਜਾ ਪਾਸਾ ਹੈ ਜਿਸ ਨੂੰ ਦੇਖਣ ਲਈ ਕੁਝ ਲੋਕ ਉਕਾ ਹੀ ਤਿਆਰ ਨਹੀਂ। ਪਰ ਕੀ ਇਸ ਨਾਲ ਸੰਵਾਦ ਰਚਾਏ ਬਗੈਰ ਕਿਸੇ ਵੀ ਸੂਰਤ ਭਵਿੱਖ ਦੀਆਂ ਪੈੜਾਂ ਨੱਪੀਆਂ ਹੀ ਨਹੀਂ ਜਾ ਸਕਦੀਆਂ? ਅਰਾਜਕਤਾਵਾਦੀਆਂ ਦਾ ਇਕ ਸਵਾਲ ਜਿਸ ਨਾਲ ਉਹ ਖੌਝਲ ਰਹੇ ਸਨ, ਉਹ ਐਕਸ਼ਨਾਂ ਨੂੰ ਸਿਆਸਤ ਵਿਚ ਵਟਾਉਣ ਦਾ ਸੀ। ਇੱਥੇ ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਅੰਦਰ ਦਹਿਸ਼ਤੀ ਲਹਿਰ ਦੇ ਨਾਇਕ ਤਾਂ ਸੰਤ ਜਰਨੈਲ ਸਿੰਘ (12 ਫਰਵਰੀ, 1947-6 ਜੂਨ, 1984) ਦੀ ਗਲਤ ਜਾਂ ਠੀਕ ਪਰ ਸੀਮਤ ਸਿਆਸੀ ਸੂਝ ਤੋਂ ਇਕ ਕਦਮ ਵੀ ਅਗਾਂਹ ਨਹੀਂ



ਸ਼ਹੀਦ ਭਗਤ ਸਿੰਘ


ਪੁੱਟ ਸਕੇ ਅਤੇ ਸਾਰੇ ਰੋਹ ਨੂੰ ਉਸਾਰੂ ਸਿਆਸਤ ਦੀ ਦਿਸ਼ਾ ਵਿਚ ਨਹੀਂ ਲਿਜਾ ਸਕੇ। ਅਸਲ ਵਿਚ ਉਸ ਦੌਰ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਹੀ ਇਹ ਕਿ ਇਨ੍ਹਾਂ ਨੇ ਸੰਤ ਜਰਨੈਲ ਸਿੰਘ ਨੂੰ ਅੰਤਮ ਬਿੰਦੂ ਮੰਨ ਲਿਆ। ਫਿਰ ਸਿਆਸਤ ਬਹੁਤ ਪਿਛਾਂਹ ਰਹਿ ਗਈ।

ਐਕਸ਼ਨਾਂ ਨੂੰ ਸਿਆਸਤ ਵਿਚ ਪਲਟਾਉਣ ਦੇ ਜਤਨਾਂ ਬਾਰੇ ਜੇ ਗੱਲ ਕਰਨੀ ਹੋਵੇ ਤਾਂ ਅੱਜ ਕੱਲ੍ਹ ਚੱਲ ਰਹੀ ਮਾਓਵਾਦੀ ਲਹਿਰ ਦੀ ਗੱਲ ਕੀਤੀ ਜਾ ਸਕਦੀ ਹੈ। ਇਨ੍ਹਾਂ ਲੋਕਾਂ ਨੇ ਐਕਸ਼ਨਾਂ ਦੌਰਾਨ ਹੋਈਆਂ ਕੁਤਾਹੀਆਂ ਲਈ ਬਾਕਾਇਦਾ ਗਲਤੀਆਂ ਮੰਨੀਆਂ ਹਨ ਅਤੇ ਸਬੰਧਤ ਬੰਦੇ ਨੂੰ ਸਜ਼ਾਵਾਂ ਵੀ ਦਿੱਤੀਆਂ ਹਨ। ਇਹ ਰਾਸਤਾ ਅੱਗੇ ਵੱਲ ਜਾਣ ਦਾ ਹੈ ਪਰ 'ਆਪਣਿਆਂ' ਨੇ ਤਾਂ ਆਪਣੇ ਹਰ ਰਾਹ ਦਾ ਮੂੰਹ ਬੰਦ ਗਲੀ ਵੱਲ ਕੀਤਾ ਹੋਇਆ ਸੀ ਅਤੇ ਹੁਣ ਭੁੱਲਰ ਸਮੇਤ ਅਣਗਿਣਤ ਲੋਕ ਉਸੇ ਬੰਦ ਗਲੀ ਦੇ ਹਨ੍ਹੇਰੇ ਵਿਚ ਟੱਕਰਾਂ ਮਾਰਨ ਜੋਗੇ ਰਹਿ ਗਏ ਹਨ।

ਸਿਤਮਜ਼ਰੀਫੀ ਇਹ ਕਿ ਕੁਝ ਲੋਕ ਅਜੇ ਵੀ ਉਸੇ ਦੌਰ ਬਾਰੇ ਗੰਭੀਰ ਸਵਾਲਾਂ ਦੇ ਘੇਰੇ ਵਿਚ ਆਏ ਦਾਅ-ਪੇਚਾਂ ਉਤੇ ਹੀ ਪਹਿਰਾ ਦੇਣ ਦੀਆਂ ਦੁਹਾਈਆਂ ਪਾ ਰਹੇ ਹਨ। ਸਮਝਣ ਵਾਲੀ ਗੱਲ ਇਹ ਵੀ ਹੈ ਕਿ ਉਸ ਦੌਰ ਦੀ ਦਿਸ਼ਾਹੀਣ ਹਿੰਸਾ ਕਾਰਨ ਹੀ ਲੋਕਾਂ ਦੇ ਮਨਾਂ ਅੰਦਰ ਅਰਾਜਕਤਾ ਦਾ ਜੋ ਡਰ ਸਥਾਪਤੀ ਪੱਖੀਆਂ ਨੇ ਬਿਠਾ ਦਿੱਤਾ ਹੈ, ਉਹ ਹੀ ਫਿਲਹਾਲ ਅੰਤਮ ਹੋ ਨਿਬੜਿਆ ਹੈ ਅਤੇ ਅਰਾਜਕਤਾਵਾਦ ਦੇ ਅਸਲ ਅਰਥ ਲੋਕਾਂ ਦੇ ਸਾਹਮਣੇ ਹੀ ਨਹੀਂ ਆ ਸਕੇ। ਕੀ ਇਹ ਉਸ ਦੌਰ ਦੇ ਸੰਚਾਲਕਾਂ ਦੀ ਕੋਈ ਪ੍ਰਾਪਤੀ ਗਿਣੀ ਜਾਵੇਗੀ? ਲੋਕਾਂ ਨੂੰ ਜੁੱਗ ਪਲਟਾਉਣ ਦੀ ਸੋਚ ਤੋਂ ਹੀ ਲਾਂਭੇ ਕਰ ਦੇਣ ਨਾਲੋਂ ਵੱਡੀ ਜ਼ਿਆਦਤੀ ਕੀ ਹੋਰ ਕੋਈ ਹੋ ਸਕਦੀ ਹੈ? ਇਸ ਲਿਹਾਜ ਨਾਲ ਉਸ ਬੇਦਰਦ ਦੌਰ ਦੀ ਚਰਚਾ ਫਿਰ ਕਿਸ ਨੇ ਅਤੇ ਕਦੋਂ ਕਰਨੀ ਹੈ? ਉਸ ਦੌਰ ਨੂੰ ਲੰਘਿਆਂ ਤਕਰੀਬਨ ਢਾਈ-ਤਿੰਨ ਦਹਾਕੇ ਹੋ ਗਏ ਹਨ। ਜੇ ਉਸ ਨੂੰ ਇੰਨੇ ਸਾਲਾਂ ਬਾਅਦ ਵੀ ਉਨ੍ਹਾਂ ਹੀ ਐਨਕਾਂ ਵਿਚੋਂ ਦੇਖੀ ਜਾਣਾ ਹੈ ਤਾਂ ਇੱਦਾਂ ਦੀਆਂ ਟੱਕਰਾਂ ਦਾ ਮਤਲਬ ਹੀ ਕੋਈ ਨਹੀਂ। ਇੰਨੇ ਘਾਣ ਤੋਂ ਬਾਅਦ ਵੀ ਜੇ ਉਹੀ ਮੁਹਾਰਨੀ ਪੜ੍ਹਨੀ ਤਾਂ ਅਜਿਹਾ ਕਰਨ ਵਾਲਿਆਂ ਨੂੰ ਇਹੀ ਮੁਬਾਰਕ! ਜਿਹੜੇ ਜ਼ਿੰਦਗੀ ਨੂੰ ਪਿਆਰਦੇ ਹਨ, ਉਹ ਆਪੇ ਆਪਣੇ ਰਾਹ ਲੱਭ ਲੈਣਗੇ। ਦੁਨੀਆਂ ਵਿਚ ਪਹਿਲਾਂ ਵੀ ਇੱਦਾਂ ਹੀ ਹੁੰਦਾ ਆਇਆ ਹੈ। ਭਵਿੱਖ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਵਾਲਾ ਹੀ ਅਗਾਂਹ ਲੰਘਦਾ ਹੈ।

ਕੀ ਅੱਜ ਵੀ ਖਾਲਿਸਤਾਨੀ ਲਹਿਰ ਨਾਲ ਸਬੰਧਤ ਇੰਤਹਾਵਾਦੀਆਂ ਅਤੇ ਸ਼ਹੀਦਾਂ ਦੇ ਸੋਹਲੇ ਗਾਉਣ ਵਾਲੇ ਖਾੜਕੂ ਸਿੱਖ ਚਿੰਤਕ, ਰਣਜੀਤ ਸਿੰਘ ਕੁੱਕੀ ਜਾਂ ਉਸ ਵਰਗੇ ਅਨੇਕਾਂ ਸਾਬਕਾ ਖਾੜਕੂਆਂ ਦੇ ਤਜਰਬੇ ਜਾਂ ਚਿੰਤਨ ਤੋਂ ਕੋਈ ਸਬਕ ਗ੍ਰਹਿਣ ਨਹੀਂ ਕਰ ਸਕਦੇ? ਜੇ ਕੁਝ ਹੋਰ ਨਹੀਂ ਤਾਂ ਕੀ ਕਰਮਜੀਤ ਸਿੰਘ ਵਰਗੇ ਜਜ਼ਬਾਤੀ ਲੋਕ ਪੰਜਾਬ ਦੀ ਉਘੀ ਪੱਤਰਕਾਰ ਮਨਰਾਜ ਗਰੇਵਾਲ ਦੀ 'ਡਰੀਮਜ਼ ਆਫਟਰ ਡਾਰਕਨੈਸ' ਵਰਗੀ ਸੰਖੇਪ ਪਰ ਅਰਥ ਭਰਪੂਰ ਕਿਤਾਬ ਵੀ ਨਹੀਂ ਪੜ੍ਹ ਸਕਦੇ? ਇਹ ਸੱਜਣ ਇਸ ਕਿਤਾਬ ਵਿਚ 'ਵਿੱਦਿਆ ਦੇ ਜੇਲ੍ਹਖਾਨੇ' ਸਿਰਲੇਖ ਹੇਠ ਰਣਜੀਤ ਸਿੰਘ ਕੁੱਕੀ ਵੱਲੋਂ ਅਮਰੀਕਾ ਦੀਆਂ ਜੇਲ੍ਹਾਂ ਅੰਦਰ 13-14 ਸਾਲ ਕੀਮਤੀ ਵਰ੍ਹੇ ਗਾਲਣ ਪਿੱਛੋਂ ਘਰ ਪਰਤਣ 'ਤੇ ਮਨਰਾਜ ਗਰੇਵਾਲ ਨੂੰ ਦਿੱਤੀ ਇੰਟਰਵਿਊ ਹੀ ਪੜ੍ਹ ਦੇਖਣ!

ਰਣਜੀਤ ਸਿੰਘ ਕੁੱਕੀ ਸਪਸ਼ਟ ਰੂਪ ਵਿਚ ਸਵੀਕਾਰ ਕਰਦਾ ਹੈ ਕਿ ਸੰਤ ਜਰਨੈਲ ਸਿੰਘ ਦਾ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਜੰਗ ਦਾ ਕਿਲਾ ਬਣਾਉਣਾ ਸਹੀ ਨਹੀਂ ਸੀ; ਭਲੇ ਹੀ ਨਾਲ ਹੀ ਉਹ ਇਹ ਵੀ ਸਪਸ਼ਟ ਕਰਦਾ ਹੈ ਕਿ ਜੇ ਉਨ੍ਹਾਂ ਨੇ ਪਵਿੱਤਰ ਕੰਪਲੈਕਸ ਅਗਵਾ ਕਰ ਹੀ ਲਿਆ ਸੀ ਤਾਂ ਸਰਕਾਰ ਦੀ ਵੀ ਕੋਈ ਵੱਡੀ



ਸਿਸਰੋ

ਜ਼ਿੰਮੇਵਾਰੀ ਬਣਦੀ ਸੀ! ਆਖਰ ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਜੇ ਸਰਕਾਰ ਨੇ ਨਹੀਂ ਕਰਨੀ ਤਾਂ ਹੋਰ ਕਿਸ ਨੇ ਕਰਨੀ ਸੀ? ਆਪਣੀ ਜੇਲ੍ਹ ਡਾਇਰੀ ਵਿਚ ਉਹ ਧਰਮ ਦੀ ਭੂਮਿਕਾ ਬਾਰੇ ਵੀ ਬੜੀ ਬੇਬਾਕੀ ਨਾਲ ਸਪਸ਼ਟ ਕਰਦਾ ਹੈ। ਉਹ ਦੱਸਦਾ ਹੈ, "ਧਰਮ ਤਾਂ ਬੱਚਿਆਂ ਦੇ ਖੇਡਣ ਵਾਲੇ ਉਸ ਟੈਡੀ ਬੀਅਰ ਵਾਂਗ ਹੈ ਜਿਸ ਨੂੰ ਕੋਈ ਕਿਸੇ ਝੂਠੀ ਤਸੱਲੀ, ਧਰਵਾਸ ਜਾਂ ਸੁਰੱਖਿਆ ਭਾਵਨਾ ਲਈ ਘੁੱਟ ਘੁੱਟ ਜੱਫੀਆਂ ਪਾਈ ਚੱਲੇ।" ਉਹ ਹੋਰ ਆਖਦਾ ਹੈ, "ਮੈਨੂੰ ਅੱਜ ਅਹਿਸਾਸ ਹੋ ਰਿਹਾ ਹੈ ਕਿ ਸਾਡੇ ਰਹਿਨੁਮਾਵਾਂ ਨੇ ਕਿੰਜ ਸਾਡੇ ਮਾਸੂਮ ਜਜ਼ਬਾਤ ਦਾ ਹਨਨ ਕਰਦਿਆਂ ਹਨ੍ਹੇਰੇ ਸਮਿਆਂ ਵਿਚ ਖਿੱਚ ਖੜਿਆ।"

**-ਨਵਤੇਜ ਸਿੰਘ, ਲੁਧਿਆਣਾ।**

# ਦਰਬਾਨ ਪੱਤਰਕਾਰੀ ...

*(ਸਫਾ 15 ਦੀ ਬਾਕੀ)*

ਬਹਿਸ ਦਾ ਨਿਬੇੜਾ ਭਾਵੇਂ ਹੋਵੇ ਜਾਂ ਨਾ, ਪਰ 121 ਕਰੋੜ ਜਣਿਆਂ ਦੇ ਮੁਲਕ ਵਿਚ ਤਕਰੀਬਨ 50 ਕਰੋੜ ਭੁੱਖਮਰੀ ਵਰਗੀ ਹਾਲਤ ਵਿਚ ਹੈ। ਕੌਮਾਂਤਰੀ ਸਿਹਤ ਮਿਆਰਾਂ ਮੁਤਾਬਕ ਉਹ ਕੁਪੋਸ਼ਣ ਦਾ ਸ਼ਿਕਾਰ ਹਨ। ਖੂਨ ਦੀ ਕਮੀ ਅਤੇ ਅਲੱਥ ਥਕੇਵੇਂ ਕਾਰਨ ਉਹ ਸਹਿਜ ਹੋ ਕੇ ਸੋਚਣ ਦੀ ਹਾਲਤ ਤੱਕ ਵੀ ਨਹੀਂ ਪਹੁੰਚ ਪਾਉਂਦੇ। ਪੜ੍ਹਨ-ਲਿਖਣ ਉਤੇ ਵਿਗਿਆਨਕ ਸੋਚ ਦਾ ਮਸਲਾ ਵੱਖਰਾ ਹੈ। ਸੋਚਣ ਦੀ ਸਮਰੱਥਾ ਹੀ ਤਾਂ ਮਨੁੱਖ ਅਤੇ ਜਾਨਵਰ ਵਿਚ ਨਿਖੇੜਾ ਕਰਦੀ ਹੈ। ਇੰਨੀ ਵੱਡੀ ਗਿਣਤੀ ਦੇ ਜਾਨਵਰਾਂ ਵਾਲੀ ਹਾਲਤ ਵਿਚ ਹੋਣ ਤੋਂ ਬਾਅਦ ਕਿਸੇ ਮੁਲਕ ਦੇ ਜਮਹੂਰੀ ਹੋਣ ਦਾ ਦਾਅਵਾ ਮਨੁੱਖ ਨੂੰ ਸ਼ਰਮਸਾਰ ਕਰਨ ਲਈ ਕਾਫ਼ੀ ਹੋਣਾ ਚਾਹੀਦਾ ਸੀ। ਇਨ੍ਹਾਂ ਨੀਤੀਆਂ ਦੀ ਵਕਾਲਤ ਕਰਨ ਵਾਲੇ ਸੰਪਾਦਕ ਲਾਣੇ ਤੋਂ ਇਹ ਆਸ ਕਿਵੇਂ ਕੀਤੀ ਜਾ ਸਕਦੀ ਹੈ ਕਿ ਉਹ ਡਾ. ਮਨਮੋਹਨ ਸਿੰਘ ਨੂੰ ਠੋਸ ਸਵਾਲ ਪੁੱਛਣ?

ਅਖ਼ਬਾਰ 'ਹਿੰਦੂ' ਦੇ ਪੱਤਰਕਾਰ ਸਿਧਾਰਥ ਵਰਧਰਾਜਨ ਨੇ ਲਿਖਿਆ ਹੈ, "ਜਦੋਂ ਆਮ ਲੋਕਾਂ ਨੂੰ ਪੁਲਿਸ ਪ੍ਰੇਸ਼ਾਨ ਕਰਦੀ ਹੈ ਤਾਂ ਕਿਸੇ ਦੀ ਅੱਖ ਗਿੱਲੀ ਨਹੀਂ ਹੁੰਦੀ। ਇਸ ਵੇਲੇ ਅਮੀਰ ਅਤੇ ਤਾਕਤਵਰ ਲੋਕ ਭ੍ਰਿਸ਼ਟਾਚਾਰ ਕਾਰਨ ਨਜ਼ਰਸਾਨੀ ਹੇਠ ਹਨ ਤਾਂ ਪ੍ਰਧਾਨ ਮੰਤਰੀ ਨੂੰ ਸਾਡੇ ਮੁਲਕ ਦੇ ਪੁਲਿਸ ਰਾਜ ਹੋ ਜਾਣ ਦਾ ਖ਼ਦਸ਼ਾ ਵੱਢ-ਵੱਢ ਖਾ ਰਿਹਾ ਹੈ।" ਪ੍ਰਧਾਨ ਮੰਤਰੀ ਨੇ ਆਪਣੀ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਵਿਚ ਘਿਰੇ ਸਿਆਸਤਦਾਨਾਂ, ਅਫ਼ਸਰਸ਼ਾਹੀ ਅਤੇ ਸਨਅਤਕਾਰਾਂ ਖ਼ਿਲਾਫ਼ ਹੋ ਰਹੀ ਕਾਰਵਾਈ ਵਿਚੋਂ ਝਲਕਦੀ ਦੋਚਿੱਤੀ ਦੇ ਪੱਖ ਵਿਚ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ। ਉਨ੍ਹਾਂ ਦੀ ਦਲੀਲ ਹੈ ਕਿ ਕੈਗ ਅਤੇ ਪੱਤਰਕਾਰਾਂ ਵੱਲੋਂ ਪੇਸ਼ ਕੀਤੇ ਜਾ ਰਹੇ ਸਬੂਤਾਂ ਦੇ ਪਿਛੋਕੜ ਵਿਚਲੇ ਗ਼ੈਰ-ਯਕੀਨੀ ਹਾਲਤ ਉਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ। ਸਵਾਲ ਹੈ ਕਿ 2-ਜੀ ਸਪੈਕਟ੍ਰਮ, ਪੁਲਾੜ ਸਪੈਕਟ੍ਰਮ ਅਤੇ ਰਾਸ਼ਟਰਮੰਡਲ ਖੇਡਾਂ ਵਾਲੇ ਫ਼ੈਸਲੇ ਅਜਿਹੇ ਕਿਸੇ ਹਾਲਾਤ ਵਿਚ ਨਹੀਂ ਹੋਏ ਜਿਨ੍ਹਾਂ ਨੂੰ ਗ਼ੈਰ-ਯਕੀਨੀ ਕਿਹਾ ਜਾ ਸਕੇ। ਪ੍ਰਧਾਨ ਮੰਤਰੀ ਨੂੰ 2-ਜੀ ਸਪੈਕਟ੍ਰਮ ਬਾਬਤ ਹੋਏ ਫ਼ੈਸਲਿਆਂ ਦੇ ਗ਼ਲਤ ਹੋਣ ਤੱਕ ਦਾ ਇਲਮ ਸੀ। ਉਨ੍ਹਾਂ ਨੂੰ ਪਤਾ ਹੈ ਕਿ ਸਪੈਕਟ੍ਰਮ ਵਰਗੀ ਸੇਵਾ ਜੇ ਮੰਡੀ ਤੋਂ ਸਸਤੀ ਵੇਚੀ ਜਾਂਦੀ ਹੈ ਤਾਂ ਇਸ ਨਾਲ ਰਿਆਇਤ ਲੈਣ ਵਾਲੇ ਅੱਗੋਂ ਠੇਕੇ ਦੇਣਗੇ ਅਤੇ ਮੁਨਾਫ਼ਾ ਕਮਾਉਣਗੇ। ਜਿੰਨੀ ਦੇਰ ਸਪੈਕਟ੍ਰਮ ਦੀ ਕੀਮਤ ਮੰਡੀ ਮੁਤਾਬਕ ਨਹੀਂ ਹੋ ਜਾਂਦੀ, ਇਸ ਦੀ ਅਸਲ ਮਲਕੀਅਤ ਬਦਲਦੀ ਰਹੇਗੀ। ਇਹ ਦਲੀਲ ਤਾਂ ਉਨ੍ਹਾਂ ਦੀ ਹੈ, ਸੋ ਇਹ ਤਵੱਕੋ ਕਰਨਾ ਔਖਾ ਹੈ ਕਿ 2-ਜੀ ਬਾਬਤ ਸਵਾਲ ਉਨ੍ਹਾਂ ਦੇ ਦਿਮਾਗ ਵਿਚ ਨਹੀਂ ਆਏ ਹੋਣੇ। ਪੁਲਾੜ ਸਪੈਕਟ੍ਰਮ ਵਿਚ ਤਾਂ ਫ਼ੈਸਲਾ ਕਿਸੇ ਹੋਰ ਮੰਤਰੀ ਨੇ ਨਹੀਂ, ਸਗੋਂ ਉਨ੍ਹਾਂ ਨੇ ਆਪ ਕੀਤਾ ਸੀ। ਇਨ੍ਹਾਂ ਹਾਲਾਤ ਦੀ ਨਿਰਪੱਖ ਜਾਂਚ ਤੋਂ ਪ੍ਰਧਾਨ ਮੰਤਰੀ ਨੂੰ ਸਾਡੇ ਮੁਲਕ ਦੇ ਪੁਲਿਸ ਰਾਜ ਹੋ ਜਾਣ ਦਾ ਖ਼ਦਸ਼ਾ ਹੈ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਜੇ ਇਸ ਤਰ੍ਹਾਂ ਸਰਕਾਰੀ ਫ਼ੈਸਲੇ 'ਸ਼ੱਕ ਦੇ ਘੇਰੇ' ਵਿਚ ਰਹੇ ਤਾਂ ਇਸ ਨਾਲ ਕਾਰੋਬਾਰੀਆਂ ਲਈ ਮੁਲਕ ਵਿਚ ਬਣੇ ਸਾਜ਼ਗਾਰ ਮਾਹੌਲ ਨੂੰ ਢਾਹ ਲੱਗੇਗੀ।

ਇਸ ਨੁਕਤੇ ਤੋਂ ਚੋਣਵੇਂ ਸੰਪਾਦਕਾਂ ਨੂੰ ਸੱਦਣ ਦਾ ਸਬੱਬ ਸਪਸ਼ਟ ਹੋ ਜਾਂਦਾ ਹੈ। ਇਸ ਰੁਝਾਨ ਦੀ ਕੌਮਾਂਤਰੀ ਤੰਦ ਮਾਮਲਾ ਬਿਲਕੁਲ ਸਪਸ਼ਟ ਕਰ ਦਿੰਦੀ ਹੈ। ਪਿਛਲੇ ਦਿਨੀਂ ਅਰੁੰਧਾਤੀ ਰਾਏ ਨੂੰ 'ਗਾਰਡੀਅਨ' ਅਖ਼ਬਾਰ ਦੇ ਪੱਤਰਕਾਰ ਸਟੀਫਨ ਮੌਸ ਨੇ ਪੁੱਛਿਆ ਕਿ ਤੁਸੀਂ ਜਿਨ੍ਹਾਂ ਮੁਹਿੰਮਾਂ ਦਾ ਜ਼ਿਕਰ ਕਰਦੇ ਹੋ, ਉਨ੍ਹਾਂ ਦੀ ਚਰਚਾ ਪੱਛਮ ਦੇ ਮੁਲਕਾਂ ਵਿਚ ਕਿਉਂ ਸੁਣਾਈ ਨਹੀਂ ਦਿੰਦੀ?

ਅਰੁੰਧਾਤੀ ਰਾਏ ਨੇ ਜਵਾਬ ਦਿੱਤਾ, "ਮੈਨੂੰ ਕਈ ਕੌਮਾਂਤਰੀ ਪੱਤਰਕਾਰਾਂ ਨੇ ਸਪਸ਼ਟ ਕਿਹਾ ਹੈ ਕਿ ਉਨ੍ਹਾਂ ਦੇ ਅਖ਼ਬਾਰਾਂ ਦੀਆਂ ਹਦਾਇਤਾਂ ਹਨ ਕਿ ਭਾਰਤ ਬਾਬਤ ਕੋਈ ਮਾੜੀ ਖ਼ਬਰ ਨਹੀਂ ਭੇਜਣੀ ਕਿਉਂਕਿ ਇਹ ਨਿਵੇਸ਼ਕਾਰਾਂ ਦੀ ਪਸੰਦੀਦਾ ਮੰਜ਼ਿਲ ਹੈ।" ਸਟੀਫਨ ਮੌਸ ਨੂੰ ਇਸ ਗੱਲ ਉਤੇ ਯਕੀਨ ਕਰਨਾ ਔਖਾ ਲੱਗਦਾ ਹੈ ਪਰ ਹੁਣ ਤਾਂ ਸਾਡੇ ਪ੍ਰਧਾਨ ਮੰਤਰੀ ਸਭ ਨੂੰ ਸਮਝਾ ਰਹੇ ਹਨ। ਉਨ੍ਹਾਂ ਨੂੰ ਸਾਰੀ ਦੁਨੀਆਂ ਅਰਥਸ਼ਾਸਤਰੀ ਮੰਨਦੀ ਹੈ, ਸੋ ਹੁਣ ਇਹ ਵੀ ਸਪਸ਼ਟ ਜਾਪਦਾ ਹੈ ਕਿ ਮੌਜੂਦਾ ਨਿਜ਼ਾਮ ਦੀ ਪਹਿਲ ਨਿਵੇਸ਼ ਨੂੰ ਹੈ। ਜੇ ਨਿਵੇਸ਼ ਉਤੇ ਭ੍ਰਿਸ਼ਟਾਚਾਰ ਵਰਗੇ ਮੁੱਦੇ ਦਾ ਕਾਲਾ ਪਰਛਾਵਾਂ ਪੈਂਦਾ ਹੈ ਤਾਂ ਸਾਡੇ ਮੁਲਕ ਦੀ ਵਿਕਾਸ ਦਰ ਘਟ ਸਕਦੀ ਹੈ। ਹੁਣ ਮਸਲਾ ਦਰਬਾਨ ਪੱਤਰਕਾਰਾਂ ਉਤੇ ਹੈ ਕਿ ਉਹ ਵਿਕਾਸ ਦਰ ਦੀ ਅਹਿਮੀਅਤ ਨੂੰ ਕਿਵੇਂ ਯਕੀਨੀ ਬਣਾਉਂਦੇ ਹਨ? ਪ੍ਰਧਾਨ ਮੰਤਰੀ ਨੇ ਆਪਣੀ ਤਰਜੀਹ ਖੁੱਲ੍ਹ ਕੇ ਦੱਸ ਦਿੱਤੀ ਹੈ ਜੋ ਉਨ੍ਹਾਂ ਦੀ ਇਮਾਨਦਾਰ ਸ਼ਖ਼ਸੀਅਤ ਅਤੇ ਮੌਜੂਦਾ ਨਿਜ਼ਾਮ ਨਾਲ ਮੇਲ ਖਾਂਦੀ ਹੈ।

# ਬਾਬਾ ਰਾਮਦੇਵ, ਅਨੰਦ ਭਵਨ ਅਤੇ ਮੈਂ

ਦਿਲ ਦੀ ਗੱਲ

**ਫੁੱਲ ਬੈਂਚ ਤੁਰਤ ਹਰਕਤ ਵਿਚ ਆ ਗਿਆ। ਪਹਿਲਾਂ ਬਰੇਕਫਾਸਟ ਵਾਲਾ ਕੰਮ ਨਿਬੇੜਿਆ। ਫੇਰ, ਇਕ ਵੱਖਰੇ ਕਮਰੇ ਵਿਚ ਆ ਕੇ ਸਲਾਹਾਂ ਕਰਨ ਲੱਗੇ। ਸਾਨੂੰ ਪਤਾ ਸੀ ਕਿਨ੍ਹਾਂ ਦੀ ਕਰਤੂਤ ਹੈ। ਪਰ ਉਨ੍ਹਾਂ ਦੇ ਰੰਗ ਵਿਚ ਭੰਗ ਸਾਡੇ ਰਾਹੀਂ ਪਵੇ .... ਇਹ ਸਾਡੀ ਇੱਛਾ ਨਹੀਂ ਸੀ। ਕਿਸੇ ਦਾ ਡਰ ਨਹੀਂ ਸੀ। ਸਾਡੇ ਰਾਹੀਂ ਸਜ਼ਾ ਮਿਲੇ, ਇਹ ਸਾਨੂੰ ਮਨਜ਼ੂਰ ਨਹੀਂ ਸੀ। ਅਸੀਂ ਦੇਰ ਤੱਕ ਬੈਠੇ ਸੋਚਦੇ ਰਹੇ। ਦੋਸ਼ੀਆਂ ਦੇ ਨਾਮ ਤਾਂ ਬੈਠਣ ਸਾਰ ਲਿਖ ਲਏ ਸਨ। ਸਜ਼ਾ? ਕੀ ਸਜ਼ਾ ਦੇਈਏ?**

### ਹਰਪਾਲ ਸਿੰਘ ਪੰਨੂ

ਪਿਛਲੇ ਦਿਨੀਂ ਮਹਾਰਾਜਾ ਅਮਰਿੰਦਰ ਸਿੰਘ ਦਾ ਬਿਆਨ ਪੜ੍ਹਿਆ ਕਿ ਹਿਮਾਚਲ ਸਰਕਾਰ ਨੇ ਅਠਾਈ ਏਕੜ ਜ਼ਮੀਨ ਸਮੇਤ ਅਨੰਦ ਭਵਨ ਇਕ ਰੁਪਿਆ ਪ੍ਰਤੀ ਸਾਲ ਲੀਜ਼ ਉਪਰ ਸੁਆਮੀ ਰਾਮਦੇਵ ਨੂੰ 99 ਸਾਲਾਂ ਵਾਸਤੇ ਦੇ ਦਿਤਾ ਹੈ। ਪਾਠਕ ਅਚੰਭਿਤ ਹੋਏ ਹੋਣਗੇ, ਮੈਨੂੰ ਇਸ ਦਾ ਦੁਖ ਲੱਗਾ ਕਿਉਂਕਿ ਮੇਰੀਆਂ ਬਚਪਨ ਦੀਆਂ ਯਾਦਾਂ ਵਿਚ ਅਨੰਦ ਭਵਨ ਪਰੀ-ਮਹਿਲ ਵਾਂਗ ਸਾਫ ਉਕਰਿਆ ਹੋਇਆ ਹੈ।

ਸਾਲ 1965 ਵਿਚ ਮੈਂ ਸੱਤਵੀਂ ਜਮਾਤ ਦਾ ਵਿਦਿਆਰਥੀ ਸਾਂ। ਸਕੂਲ ਵਿਚ ਪੰਜਾਬ ਟੂਰਿਜ਼ਮ ਦੇ ਡਾਇਰੈਕਟਰ ਹਸਮਨ ਸਿੰਘ ਦਾ ਪੱਤਰ ਆਇਆ ਕਿ ਦਸ ਦਿਨਾਂ ਵਾਸਤੇ ਆਪਣੇ ਸਕੂਲ ਦੇ ਤਿੰਨ ਬੱਚੇ ਇਕ ਅਧਿਆਪਕ ਨਾਲ ਭੇਜੋ, ਸਾਰਾ ਖਰਚਾ ਸਰਕਾਰ ਦਾ ਹੋਵੇਗਾ। ਚੰਗਾ ਹੋਵੇਗਾ ਜੇ ਤਿੰਨੇ ਬੱਚੇ ਵੱਖ ਵੱਖ ਕਲਾਸਾਂ ਦੇ ਹੋਣ। ਮੁੱਖ ਅਧਿਆਪਕ ਨੇ ਨੋਟਿਸ ਵੀ ਲਾ ਦਿਤਾ ਤੇ ਕਲਾਸਾਂ ਵਿਚ ਵੀ ਪੜ੍ਹ ਕੇ ਸੁਣਾਇਆ ਗਿਆ ਕਿ ਚਾਹਵਾਨ ਵਿਦਿਆਰਥੀ ਅਰਜ਼ੀਆਂ ਦੇਣ, ਜਿਨ੍ਹਾਂ ਵਿਚੋਂ ਚੁਣ ਕੇ ਤਿੰਨ ਵਿਦਿਆਰਥੀ ਭੇਜਾਂਗੇ। ਇਕ ਹਫ਼ਤੇ ਦਾ ਸਮਾਂ ਦਿਤਾ ਗਿਆ ਸੀ। ਕਿਸੇ ਵਿਦਿਆਰਥੀ ਨੇ ਅਰਜ਼ੀ ਨਾ ਲਿਖੀ। ਇਹ ਇਉਂ ਲੱਗਾ ਸੀ ਜਿਵੇਂ ਕੋਲੰਬਸ ਨੇ ਸਮੁੰਦਰ ਪਾਰ ਕਰਨਾ ਹੋਵੇ, ਪਤਾ ਨਹੀਂ ਕਿਨਾਰਾ ਮਿਲੇਗਾ ਕਿ ਨਹੀਂ, ਪਤਾ ਨਹੀਂ ਕੋਈ ਜਿਉਂਦਾ ਵਾਪਸ ਆਏਗਾ ਵੀ ਕਿ ਨਹੀਂ। ਅੱਗੇ ਅੱਠਵੀਂ ਦਾ ਸਰਕਾਰੀ ਸਕੂਲ ਸੀ। ਗਿਆਨੀ ਮਾਸਟਰ ਦੇਵਰਾਜ ਨੇ ਬੱਚਿਆਂ ਨਾਲ ਜਾਣਾ ਸੀ। ਉਸ ਨੇ ਉਨ੍ਹਾਂ ਵਿਦਿਆਰਥੀਆਂ ਨੂੰ ਮਨਾਉਣਾ ਸ਼ੁਰੂ ਕਰ ਦਿਤਾ ਜਿਨ੍ਹਾਂ ਨੂੰ ਉਹ ਵਧੀਕ ਹਿਤ ਨਾਲ ਪੜਾਉਂਦਾ। ਛੇਵੀਂ ਵਿਚੋਂ ਬਾਜ਼ੀਗਰਾਂ ਦਾ ਮੁੰਡਾ ਦਾਨਾ ਰਾਮ, ਸੱਤਵੀਂ ਵਿਚੋਂ ਮੈਂ ਅਤੇ ਅੱਠਵੀਂ ਵਿਚੋਂ ਮਦਨ ਲਾਲ ਬਾਣੀਆਂ ਦਾ ਮੁੰਡਾ। ਤਿੰਨੇ ਮਾਸਟਰ ਜੀ ਨੇ ਬੁਲਾ ਲਏ ਤੇ ਦੱਸਣ ਲੱਗੇ ਕਿ ਟੂਰ ਦਾ ਕਿੰਨਾ ਅਨੰਦ ਹੈ, ਪਹਾੜੀਆਂ ਕਿੰਨੀਆਂ ਸੁਹਣੀਆਂ ਹੁੰਦੀਆਂ ਹਨ। ਕਿਹੜਾ ਬੱਚਾ ਮੇਲੇ ਜਾਣੋਂ ਨਾਂਹ ਕਰਦਾ ਹੈ? ਅਸੀਂ ਤਾਂ ਤਿਆਰ ਸਾਂ ਪਰ ਮਾਪੇ ਨਹੀਂ ਸਨ ਮੰਨਦੇ। ਉਨ੍ਹਾਂ ਨੂੰ ਮਨਾਉ। ਬਾਕੀਆਂ ਦੇ ਘਰਾਂ ਵਿਚ ਕੀ ਕੀ ਹੋਇਆ ਪਤਾ ਨਹੀਂ। ਜਦੋਂ ਸਾਡੇ ਘਰ ਮਾਸਟਰ ਜੀ ਆਏ, ਮਾਂ ਨੇ ਸਾਫ ਨਾਂਹ ਕਰ ਦਿੱਤੀ। ਮਾਸਟਰ ਜੀ ਨੇ ਕਿਹਾ, "ਕਿਰਾਇਆ ਮੈਂ ਦਿਆਂਗਾ, ਸਾਰਾ ਖਰਚਾ ਸਰਕਾਰ ਕਰੇਗੀ।" ਮਾਂ ਨੇ ਕਿਹਾ, "ਜੇ ਮਰਨ ਵਾਸਤੇ ਜਾਣੈ ਫੇਰ ਕਿਰਾਇਆ ਖਰਚਣ ਦੀ ਕੀ ਲੋੜ? ਇਹ ਕੰਮ ਤਾਂ ਇਥੇ ਵੀ ਹੋ ਸਕਦੈ।" ਖੈਰ, ਮਾਸਟਰ ਨੇ ਉਹ ਵਾਸਤੇ ਪਾਏ ਕਿ ਆਖਰ ਹਾਂ ਹੋ ਗਈ। ਕਿਸੇ ਕੋਲ ਪੈਂਟ ਨਹੀਂ ਸੀ। ਸਾਰੇ ਕੁਰਤੇ ਪਜਾਮਿਆਂ ਵਿਚ। ਦੋ ਦੋ ਕੁਰਤੇ ਪਜਾਮੇ ਟਰੰਕੀਆਂ ਵਿਚ ਰੱਖ ਲਏ। ਜੇ ਕੋਈ ਮੁੰਡਾ ਪੈਂਟ ਪਾਉਂਦਾ ਹੁੰਦਾ ਅਸੀਂ ਮੰਗ ਕੇ ਵੀ ਲੈ ਜਾਂਦੇ ਪਰ ਕਿਸੇ ਨੇ ਪੈਂਟ ਸਿਲਾਈ ਨਹੀਂ ਸੀ।

ਮੈਨੂੰ ਘਰੋਂ ਜਾਂਦਿਆਂ ਪੰਜ ਰੁਪਏ ਮਿਲੇ, ਦਾਨਾ ਰਾਮ ਨੂੰ ਕੋਈ ਪੈਸਾ ਨਹੀਂ ਮਿਲਿਆ, ਮਦਨ ਲਾਲ ਨੂੰ ਕੀ ਮਿਲਿਆ, ਉਸ ਨੇ ਦੱਸਿਆ ਨਹੀਂ। ਕਿਤੇ ਜੇਬ ਨਾ ਕੁਤਰੀ ਜਾਵੇ, ਪੰਜ ਰੁਪਏ ਮਾਸਟਰ ਜੀ ਨੂੰ ਫੜਾ ਦਿਤੇ।

ਪਿੰਡੋਂ ਪਟਿਆਲੇ ਦੀ ਬੱਸ ਫੜੀ ਤੇ ਪਟਿਆਲਿਓਂ ਕਾਲਕਾ ਦੀ। ਸ਼ਾਮੀ ਅੱਠ ਕੁ ਵਜੇ ਕਾਲਕਾ ਪਲੈਟਫਾਰਮ 'ਤੇ ਪੁੱਜੇ। ਆਪੋ ਆਪਣੇ ਪਰੌਂਠੇ ਹਰੇਕ ਕੋਲ ਸਨ, ਖਾਧੇ, ਪਾਣੀ ਪੀਤਾ ਤੇ ਪਲੇਟਫਾਰਮ ਉਪਰ ਸੌਂ ਗਏ। ਬੇਸ਼ਕ ਕਿਸੇ ਬੱਚੇ ਦੀ ਜੇਬ ਵਿਚ ਪੈਸਾ ਨਹੀਂ ਸੀ ਪਰ ਸਾਨੂੰ ਉਥੇ ਫਿਰਦਾ ਹਰੇਕ ਅਜਨਬੀ ਜੇਬ ਕੁਤਰਾ ਲੱਗਿਆ। ਇਹ ਗੱਲ ਤਾਂ ਉਨ੍ਹਾਂ ਨੂੰ ਘਰ ਜਾ ਕੇ ਪਤਾ ਲੱਗੂ ਕਿ ਇਨ੍ਹਾਂ ਵਿਚ ਕੱਖ ਨਹੀਂ, ਕਿਤੇ ਸਾਡੀਆਂ ਖਾਲੀ ਜੇਬਾਂ ਨਾ ਕੁਤਰ ਕੇ ਲੈ ਜਾਣ। ਆਲੇ-ਦੁਆਲੇ ਸ਼ਾਨਦਾਰ ਕੋਠੀਆਂ ਦੇਖ ਕੇ ਦਾਨਾ ਰਾਮ ਨੇ ਕਿਹਾ, "ਲਗਦੈ ਆਪਣੇ ਵਰਗਿਆਂ ਦੀਆਂ ਜੇਬਾਂ ਕੁਤਰ ਕੁਤਰ ਕੋਠੀਆਂ ਬਣਾਈ ਗਏ ਪਹਾੜੀਏ।"

ਸਵੇਰ ਸਾਰ ਸ਼ਿਮਲੇ ਜਾਂਦੀ ਟਰੇਨ ਵਿਚ ਸਵਾਰ ਹੋ ਗਏ। ਪਹਿਲੀ ਵਾਰ ਰੇਲ ਗੱਡੀ ਦੇਖੀ ਸੀ। ਨਿੱਕੀ ਜਿਹੀ ਖਿਡੌਣਾ ਗੱਡੀ ਜਿਵੇਂ ਸਾਡੇ ਵਾਸਤੇ ਯਾਨਿ ਬੱਚਿਆਂ ਵਾਸਤੇ ਹੀ ਬਣਾਈ ਗਈ ਲੱਗੀ ਸੀ। ਅਸੀਂ ਕੰਡਾਘਾਟ ਉਤਰ ਗਏ। ਮਾਸਟਰ ਜੀ ਨੂੰ ਪਤਾ ਸੀ ਕਿ ਇਥੇ ਚੰਡੀਗੜ੍ਹ ਤੋਂ ਚਾਰ ਟੂਰਿਸਟ ਬੱਸਾਂ ਆਉਣਗੀਆਂ ਜਿਨ੍ਹਾਂ ਵਿਚ ਸਵਾਰ ਹੋ ਕੇ ਅਨੰਦ ਭਵਨ ਪੁੱਜਾਂਗੇ। ਚਾਹ ਪੀਣ ਲੱਗ ਪਏ। ਚਾਹ ਪੀਤੀ ਹੀ ਸੀ ਕਿ ਬੱਸਾਂ ਆ ਗਈਆਂ। ਇਕ ਬਸ ਵਿਚ ਅਸੀਂ ਚਾਰੇ ਜਣੇ ਸਵਾਰ ਹੋ ਗਏ।

ਗਰਮੀ ਦੀ ਰੁੱਤ, ਪਹਾੜੀਆਂ, ਹਰੀਆਂ ਵਾਦੀਆਂ, ਚੀੜ ਦੇ ਦਰਖਤ, ਫੁੱਲਦਾਰ ਝਾੜੀਆਂ ਵਗਦੀ ਨਦੀ ...ਅੱਖਾਂ ਪਾੜ ਪਾੜ ਦੇਖਦੇ, ਬੋਲਦੇ ਨਾ, ਉਂਗਲਾਂ ਅਤੇ ਅੱਖਾਂ ਨਾਲ ਇਸ਼ਾਰੇ ਕਰਦੇ। ਲਿਬਾਸ ਪੱਖੋਂ ਅਸੀਂ ਇਕ ਦਮ ਬਾਕੀ ਸ਼ਹਿਰੀ ਮੁੰਡਿਆਂ ਨਾਲੋਂ ਵੱਖਰੇ ਸਾਂ-ਖਰੇ ਉੱਲੂ, ਪੂਰੇ ਗੰਵਾਰ, ਡਰੇ ਡਰੇ। ਬੱਸਾਂ ਰੁਕੀਆਂ। ਅਨੰਦ ਭਵਨ ਆ ਗਿਆ। ਸ਼ਾਨਦਾਰ ਮਹਿਲ। ਏਨੇ ਸ਼ਾਨਦਾਰ ਕਮਰੇ, ਪਲੰਘ, ਬਿਸਤਰੇ ਤੇ ਗੁਸਲਖਾਨੇ। ਪਿੰਡ ਕਿਸੇ ਘਰ ਗੁਸਲਖਾਨਾ ਨਹੀਂ ਹੁੰਦਾ ਸੀ। ਘਰਾਂ ਅੰਦਰ ਇਕ ਖੂੰਜੇ ਵਿਚ ਨਿੱਕਾ ਜਿਹਾ ਪੱਕਾ ਫਰਸ਼ ਹੁੰਦਾ, ਮੁੰਡੇ ਇਵੇਂ ਨਹਾ ਲੈਂਦੇ, ਕੁੜੀਆਂ ਮੰਜੀ ਟੇਢੀ ਕਰਕੇ ਨਹਾਉਂਦੀਆਂ। ਅੱਧੀ ਰਾਤ ਤੱਕ ਤਾਂ ਅੰਦਰੋਂ ਬਾਹਰੋਂ ਤੁਰ ਫਿਰ ਕੇ ਇਸ ਮਹਿਲ ਨੂੰ ਦੇਖਦੇ ਰਹੇ, ਫਿਰ ਆ ਕੇ ਗੱਦਿਆਂ 'ਤੇ ਲੇਟ ਗਏ ਪਰ ਨੀਂਦ ਨਹੀਂ ਆਈ।

ਸਵੇਰ ਹੋਈ, ਖੁਸ਼ਬੂਦਾਰ ਸਾਬਣਾਂ ਨਾਲ ਨਹਾਤੇ। ਪਲੇਟਾਂ ਚੁੱਕ ਚੁੱਕ ਕਤਾਰ ਵਿਚ ਬਰੇਕਫਾਸਟ ਲਈ ਜਾ ਖਲੋਤੇ। ਬ੍ਰੈਡ, ਜੈਮ, ਮੱਖਣ, ਦੁੱਧ, ਚਾਹ। ਪਹਿਲੇ ਦਿਨ ਆਉਂਦਿਆਂ ਹੀ ਹਰੇਕ ਦਾ ਭਾਰ ਤੋਲਿਆ ਗਿਆ। ਨਾਸ਼ਤੇ ਪਿਛੋਂ ਹਸਮਨ ਸਿੰਘ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸੰਖੇਪ ਭਾਸ਼ਣ ਦਿਤਾ, ਅਨੰਦ ਭਵਨ ਬਾਰੇ ਦੱਸਿਆ, ਆਲੇ-ਦੁਆਲੇ ਬਾਰੇ ਦੱਸਿਆ, ਕਿਹਾ ਕਿ ਟਾਈਮ ਟੇਬਲ ਵੰਡ ਦਿਆਂਗੇ। ਦਸ ਦਿਨਾਂ ਦਾ ਪ੍ਰੋਗਰਾਮ ਛਪਿਆ ਹੋਇਆ ਮਿਲੇਗਾ। ਕੋਈ ਬੱਚਾ ਇਕੱਲਾ ਕਿਧਰੇ ਨਹੀਂ ਜਾਵੇਗਾ। ਹਸਮਨ ਸਿੰਘ ਦੀ ਸ਼ਕਲ-ਸੂਰਤ ਕੱਦ-ਕਾਠ ਬਿਲਕੁਲ ਮਹਿੰਦਰ ਸਿੰਘ ਰੰਧਾਵਾ ਵਰਗੀ। ਉਸ ਨੇ ਦੱਸਿਆ ਕਿ ਇਹ ਭਵਨ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੀ ਨੂੰਹ, ਮਹਾਰਾਜਾ ਯਾਦਵਿੰਦਰ ਸਿੰਘ ਦੀ ਮਹਾਰਾਣੀ ਮਹਿੰਦਰ ਕੌਰ ਨੂੰ ਗਿਫਟ ਦਿੱਤਾ ਸੀ। ਮਹਾਰਾਣੀ ਇੰਦਰਾ ਗਾਂਧੀ ਦੀ ਸਹੇਲੀ ਸੀ। ਉਨ੍ਹਾਂ ਨੇ ਕੁਝ ਸਾਲਾਂ ਬਾਦ ਇਹ ਭਵਨ ਇੰਦਰਾ ਗਾਂਧੀ ਨੂੰ ਗਿਫਟ ਕਰ ਦਿੱਤਾ। ਇੰਦਰਾ ਗਾਂਧੀ ਨੇ ਇਹ ਮਹਿਲ ਪੰਜਾਬ ਟੂਰਿਜ਼ਮ ਨੂੰ ਗਿਫਟ ਦੇ ਦਿਤਾ। ਜਦੋਂ ਅਸੀਂ ਗਏ ਸਾਂ, ਉਦੋਂ ਪੰਜਾਬੀ ਸੂਬਾ ਨਹੀਂ ਬਣਿਆ ਸੀ। ਇਹ ਪੰਜਾਬ ਟੂਰਿਜ਼ਮ ਦੀ ਸੰਪਤੀ ਸੀ।

ਮੈਨੂੰ ਪੱਕਾ ਯਾਦ ਨਹੀਂ, ਨੰਦਾ ਸੀ ਕਿ ਕੰਚਨ-ਜੰਗਾ, ਇਕ ਨਦੀ ਅਨੰਦ ਭਵਨ ਦੇ ਲਾਗਿਓਂ ਲੰਘਦੀ ਸੀ। ਉਸ ਉਪਰ ਲੱਕੜ ਦਾ ਪੁਲ ਬਣਿਆ ਹੋਇਆ ਸੀ ਜਿਸ ਨੂੰ ਸਾਧੋ-ਪੁਲ ਕਹਿੰਦੇ ਸਨ। ਹਰ ਰੋਜ਼ ਇੰਜਣ ਵਾਂਗ ਹਸਮਨ ਸਿੰਘ ਪਗਡੰਡੀਆਂ ਉਪਰ ਸਭ ਤੋਂ ਅੱਗੇ ਤੇ ਸਾਡੀ ਬੱਚਿਆਂ ਦੀ ਰੇਲਗੱਡੀ ਪਿਛੇ ਪਿਛੇ। ਅਖੀਰ ਵਿਚ ਸਾਡੇ ਅਧਿਆਪਕ। ਰਸਤੇ ਵਿਚ ਸਕੂਲ ਆ ਜਾਂਦਾ, ਉਥੇ ਬਿਠਾ ਦਿੰਦੇ...ਸਕੂਲ ਦੀਆਂ ਕੁੜੀਆਂ ਪਹਾੜੀ ਗੀਤ ਸੁਣਾਉਂਦੀਆਂ, ਪਹਾੜੀ ਨਾਚ ਨੱਚਦੀਆਂ...ਪੂਰਾ ਪਰਿਸਤਾਨ।

ਜੀਣਾ ਪਹਾੜੇ ਦਾ ਜੀਣਾ।
ਠੰਢੀ ਠੰਢੀ ਵਾ ਵਗਦੀ,
ਬਰਫੇ ਦਾ ਪਾਣੀ ਪੀਣਾ।

ਚੈਲ ਤੇ ਸ਼ਿਮਲੇ ਪੈਦਲ ਗਏ ਸਾਂ। ਜੀਵਨ ਵਿਚ ਇਸ ਤਰ੍ਹਾਂ ਦੇ ਦ੍ਰਿਸ਼ ਮੈਂ ਬਾਦ ਵਿਚ ਕਦੀ ਨਹੀਂ ਦੇਖੇ। ਲਗਭਗ ਦੁਨੀਆਂ ਦੇਖ ਲਈ ਹੈ, ਪਰ ਅਨੰਦ ਭਵਨ ਵਰਗਾ ਕਿਤੇ ਕੁਝ ਨਹੀਂ ਦਿਸਿਆ।

ਦਿਨ ਬੀਤ ਗਏ। ਭਾਰ ਤੋਲਿਆ। ਹਰੇਕ ਦਾ ਔਸਤਨ ਤਿੰਨ ਪੌਂਡ ਭਾਰ ਵਧਿਆ। ਆਖਰੀ ਰਾਤ ਸ਼ਹਿਰੀ ਬੱਚੇ ਖਰੂਦ ਕਰਨ ਲੱਗੇ। ਸਿਰਹਾਣਿਆਂ ਦੀਆਂ ਗੇਂਦਾਂ ਬਣਾ ਲਈਆਂ। ਮੁੱਕੇ ਠੁੱਡੇ। ਪੰਜ ਛੇ ਸਰਹਾਣੇ ਪਾਟ ਗਏ। ਮਾਸਟਰਾਂ ਨੇ ਦਬਕਾ ਮਾਰਿਆ ਤਾਂ ਅੱਧੀ ਰਾਤ ਸੁੱਤੇ।

ਦਿਨ ਚੜ੍ਹਿਆ ਤਾਂ ਸਵੇਰ ਸਾਰ ਹਸਮਨ ਸਿੰਘ ਆ ਗਿਆ। ਉਹ ਰਾਤ ਦੀ ਕਰਤੂਤ ਤੋਂ ਖਫਾ ਸੀ। ਸਾਰੇ ਬੱਚੇ ਇਕੱਠੇ ਕਰ ਲਏ, ਕਿਹਾ, ਮੈਂ ਤੁਹਾਨੂੰ ਸ਼ਾਹਜ਼ਾਦੇ ਸਮਝ ਕੇ ਮਹਿਲ ਵਿਚ ਠਹਿਰਾਇਆ, ਮੇਜ਼ਬਾਨੀ ਕੀਤੀ। ਮੈਨੂੰ ਇਸ ਦਾ ਇਹ ਇਨਾਮ ਮਿਲੇਗਾ, ਪਤਾ ਨਹੀਂ ਸੀ। ਹੁਣੇ ਬੱਚਿਆਂ ਦੀ ਇਕ ਕਮੇਟੀ ਬਣਾ ਦਿੰਦਾ ਹਾਂ। ਉਹ ਦੋਸ਼ੀਆਂ ਦੀ ਸਨਾਖਤ ਕਰੇਗੀ ਤੇ ਸਜ਼ਾ ਸੁਝਾਏਗੀ। ਹੁਣ ਮੇਰੀ ਸਖਤੀ ਦਾ ਪਤਾ ਲੱਗੇਗਾ। ਪੁੱਛਿਆ ਦੱਸੋ ਕਿਸ ਕਿਸ ਬੱਚੇ ਨੂੰ ਕਮੇਟੀ ਵਿਚ ਰੱਖਾਂ? ਡੈਡ ਸਾਈਲੈਂਸ। ਸਾਰੇ ਨੀਵੀਆਂ ਪਾਈ ਬੈਠੇ। ਠੀਕ ਐ ਫਿਰ। ਮੈਂ ਆਪੇ ਬਣਾ ਦਿੰਨਾਂ। ਸਾਨੂੰ ਤਿੰਨਾਂ ਨੂੰ ਕਿਹਾ, ਇਹ ਹਨ ਤੁਹਾਡੇ ਜੱਜ। ਦੁਪਹਿਰ ਦੇ ਖਾਣੇ ਤੋਂ ਪਹਿਲਾਂ ਜੱਜਮੈਂਟ ਦੇਣਗੇ, ਦੋਸ਼ੀਆਂ ਦੀ ਸ਼ਨਾਖਤ ਕਰਨਗੇ। ਅਸੀਂ ਖੜ੍ਹੇ ਹੋਏ ਤਾਂ ਇਉਂ ਜਿਵੇਂ ਖੋਤ ਵਿਚ ਡਰਨੇ ਗੱਡੇ ਹੋਣ। ਮੂੰਹਾਂ 'ਤੇ ਹੱਥ ਰੱਖ ਕੇ ਸ਼ਹਿਰੀ ਬੱਚੇ ਵੱਖੀਆਂ ਰਾਹੀਂ ਹਸੇ।

ਫੁੱਲ ਬੈਂਚ ਤੁਰਤ ਹਰਕਤ ਵਿਚ ਆ ਗਿਆ। ਪਹਿਲਾਂ ਬਰੇਕਫਾਸਟ ਵਾਲਾ ਕੰਮ ਨਿਬੇੜਿਆ। ਫੇਰ, ਇਕ ਵੱਖਰੇ ਕਮਰੇ ਵਿਚ ਆ ਕੇ ਸਲਾਹਾਂ ਕਰਨ ਲੱਗੇ। ਸਾਨੂੰ ਪਤਾ ਸੀ ਕਿਨ੍ਹਾਂ ਦੀ ਕਰਤੂਤ ਹੈ। ਪਰ ਉਨ੍ਹਾਂ ਦੇ ਰੰਗ ਵਿਚ ਭੰਗ ਸਾਡੇ ਰਾਹੀਂ ਪਵੇ .... ਇਹ ਸਾਡੀ ਇੱਛਾ ਨਹੀਂ ਸੀ। ਕਿਸੇ ਦਾ ਡਰ ਨਹੀਂ ਸੀ। ਸਾਡੇ ਰਾਹੀਂ ਸਜ਼ਾ ਮਿਲੇ, ਇਹ ਸਾਨੂੰ ਮਨਜ਼ੂਰ ਨਹੀਂ ਸੀ। ਅਸੀਂ ਦੇਰ ਤੱਕ ਬੈਠੇ ਸੋਚਦੇ ਰਹੇ। ਦੋਸ਼ੀਆਂ ਦੇ ਨਾਮ ਤਾਂ ਬੈਠਣ ਸਾਰ ਲਿਖ ਲਏ ਸਨ। ਸਜ਼ਾ? ਕੀ ਸਜ਼ਾ ਦੇਈਏ? ਦਾਨਾ ਰਾਮ ਕਹਿਣ ਲੱਗਾ, "ਉਏ ਆਪਾਂ ਨੂੰ ਦੱਸਿਆ ਤਾਂ ਹੈ ਕਿ ਹੁਣ ਸਾਡੇ ਤੋਂ ਬਾਦ ਕੁੜੀਆਂ ਦਾ ਕੈਂਪ ਲੱਗੇਗਾ। ਜਿਹੜੀਆਂ ਬੱਸਾਂ ਕੁੜੀਆਂ ਨੂੰ ਲੈ ਕੇ ਆਉਣਗੀਆਂ, ਉਹੀ ਸਾਨੂੰ ਵਾਪਸ ਲੈ ਕੇ ਜਾਣਗੀਆਂ। ਆਪਾਂ ਇਹ ਲਿਖ ਦਿੰਨੇ ਆਂ ਕਿ ਇਨ੍ਹਾਂ ਵਿਦਿਆਰਥੀਆਂ ਦੀ ਮਨਸ਼ਾ ਸਿਰਹਾਣੇ ਪਾੜਨ ਦੀ ਨਹੀਂ ਸੀ। ਸਿਰਹਾਣੇ ਪਾਟੇ ਵੀ ਨਹੀਂ। ਉਨ੍ਹਾਂ ਦੇ ਬਖੀਏ ਉਧੜ ਗਏ ਹਨ। ਜੇ ਮੁੰਡਿਆਂ ਨੂੰ ਸੂਈ ਧਾਗੇ ਦਾ ਕੰਮ ਆਉਂਦਾ ਹੁੰਦਾ, ਉਨ੍ਹਾਂ ਤੋਂ ਸਿਲਾਈ ਕਰਵਾ ਲੈਂਦੇ। ਹੁਣ ਸਾਡੀਆਂ ਭੈਣਾਂ ਦਾ ਟੂਰ ਆ ਰਿਹਾ ਹੈ। ਉਹ ਇਹ ਕੰਮ ਜਾਣਦੀਆਂ ਹਨ, ਉਨ੍ਹਾਂ ਤੋਂ ਸਿਲਵਾ ਲਏ ਜਾਣ। ਬੱਚੇ ਇਨ੍ਹਾਂ ਨਾਲ ਖੁਸ਼ੀ ਖੁਸ਼ੀ ਖੇਡੇ, ਉਨ੍ਹਾਂ ਨੂੰ ਪਤਾ ਨਹੀਂ ਸੀ, ਇਹ ਉਧੜ ਸਕਦੇ ਹਨ। ਹੁਣ ਕੁੜੀਆਂ ਖੁਸ਼ੀ ਖੁਸ਼ੀ ਇਨ੍ਹਾਂ ਨੂੰ ਸੀਵਣਗੀਆਂ।"

ਜਦੋਂ ਬੈਂਚ ਜੱਜਮੈਂਟ ਲਿਖਣ ਵਿਚ ਮਸਰੂਫ ਸੀ, ਹਸਮਨ ਸਿੰਘ ਦਾ ਸਕੱਤਰ ਆਇਆ, ਕਿਹਾ, ਦੇਰ ਹੋ ਰਹੀ ਹੈ। ਸਾਹਬ ਨੂੰ ਰਿਪੋਰਟ ਜਲਦੀ ਚਾਹੀਦੀ ਹੈ। ਬੈਂਚ ਨੇ ਕਿਹਾ, ਜੇ ਅਦਾਲਤ ਦੇ ਕੰਮ ਵਿਚ ਦਖਲ ਦਿਤਾ, ਅਸੀਂ ਤੁਹਾਡੀ ਵੀ ਸਜ਼ਾ ਲਿਖ ਦਿਆਂਗੇ। ਉਹ ਤੇਜ਼ ਕਦਮੀਂ ਬਾਹਰ ਨਿਕਲ ਗਿਆ। ਲਿਫਾਫੇ ਵਿਚ ਬੰਦ ਹੋ ਕੇ ਰਿਪੋਰਟ ਡਾਇਰੈਕਟਰ ਟੂਰਿਜ਼ਮ ਕੋਲ ਪੁੱਜ ਗਈ।

ਬੱਸਾਂ ਕੁੜੀਆਂ ਨੂੰ ਲੈ ਕੇ ਆ ਗਈਆਂ। ਉਹ ਸਾਮਾਨ ਉਤਾਰ ਰਹੀਆਂ ਸਨ, ਅਸੀਂ ਸਾਮਾਨ ਚੜ੍ਹਾ ਰਹੇ ਸਾਂ। ਦੁਪਹਿਰ ਦਾ ਖਾਣਾ ਇਕੱਠਾ ਸੀ। ਵਿਦਾਇਗੀ ਸਮਾਰੋਹ ਹੋਏ, ਸਵਾਗਤੀ ਸ਼ਬਦ ਕਹੇ। ਫਿਰ ਅਪਰਾਧੀਆਂ ਨੂੰ ਸਜ਼ਾ ਸੁਣਾਉਣ ਦੀ ਆਈਟਮ ਆ ਗਈ। ਹਸਮਨ ਸਿੰਘ ਨੇ ਕਿਹਾ, "ਬੱਚਿਆਂ ਦੀ ਗਲਤੀ ਉਪਰ ਬੱਚਿਆਂ ਨੇ ਜੱਜਮੈਂਟ ਦਿਤੀ ਹੈ। ਮੈਂ ਇਸ ਵਿਚ ਕੁਝ ਨਹੀਂ ਕੀਤਾ, ਸਜ਼ਾ ਮਨਜ਼ੂਰ ਕਰਨੀ ਪਵੇਗੀ।"

ਲਿਫਾਫਾ ਕੱਟ ਕੇ ਬੈਂਚ ਦਾ ਫੈਸਲਾ ਪੜ੍ਹ ਕੇ ਸੁਣਾਇਆ ਗਿਆ ਤਾਂ ਹਾਲ ਵਿਚ ਤਾੜੀਆਂ ਦੀ ਗੂੰਜਾਰ ਪੈ ਗਈ। ਪਹਾੜੀ ਚੋਟੀਆਂ ਨੇ ਗੂੰਜਾਂ ਖੁਸ਼ੀ ਖੁਸ਼ੀ ਵਾਪਸ ਭੇਜੀਆਂ। ਦੋਸ਼ੀਆਂ ਨੇ ਸਾਨੂੰ ਜੱਫੀਆਂ ਵਿਚ ਘੁੱਟ ਲਿਆ। ਗਲਤੀ ਕਰਨ ਵਾਲੇ ਸ਼ੁਕੀਨ ਸ਼ਹਿਰੀ ਮੁੰਡੇ ਨੇ ਕਿਹਾ, ਮੇਰੇ ਤੋਂ ਅਜਿਹਾ ਫੈਸਲਾ ਨਹੀਂ ਹੋਣਾ ਸੀ। ਮੈਨੂੰ ਤਾਂ ਅੱਧਾ ਦਿਨ ਦਹਿਲ ਪਿਆ ਰਿਹਾ। ਬਾਦ ਵਿਚ ਚਿੱਠੀਆਂ ਆਉਂਦੀਆਂ ਰਹੀਆਂ।

ਹੁਣ ਜਦੋਂ ਮੈਂ ਸੁਣਿਆਂ ਕਿ ਇਹ ਮਹਿਲ ਸਰਕਾਰ ਨੇ ਮੁਫਤੋਂ ਮੁਫਤ ਬਾਬਾ ਰਾਮਦੇਵ ਨੂੰ ਦੇ ਦਿਤਾ ਹੈ, ਮੈਨੂੰ ਲੱਗਾ ਮੇਰਾ ਮਹਿਲ ਮੈਥੋਂ ਖੁੱਸ ਗਿਆ। ਮੈਂ ਤਾਂ ਸੋਚਦਾ ਸਾਂ ਉਸੇ ਤਰ੍ਹਾਂ ਹਿਮਾਚਲ ਟੂਰਿਜ਼ਮ ਵਿਭਾਗ ਬੱਚਿਆਂ ਨੂੰ ਇਥੇ ਬੁਲਾਉਂਦਾ ਹੋਵੇਗਾ ਜਿਵੇਂ ਸਾਂਝੇ ਪੰਜਾਬ ਵਿਚ ਹੁੰਦਾ ਸੀ। ਇਥੇ ਤਾਂ ਡਾਕੇ ਵੱਜ ਰਹੇ ਹਨ। ਬਾਬਾ ਰਾਮਦੇਵ ਮੁਨਾਫਾ ਕਮਾਊ ਕੰਪਨੀਆਂ ਦਾ ਮਾਲਕ ਮਹਿੰਗੇ ਭਾਅ ਦਵਾਈਆਂ ਵੇਚਦਾ ਹੈ। ਹੁਣ ਤਾਂ ਕਾਸਮੈਟਿਕਸ ਵੀ ਵੇਚਣ ਲੱਗ ਪਿਐ। ਇਹ ਇਸ ਦਾ ਵਪਾਰਕ ਕਾਰੋਬਾਰ ਹੈ। ਮੈਨੂੰ ਇਸ ਵਪਾਰੀ ਦੇ ਕਾਰੋਬਾਰ ਉਪਰ ਕੋਈ ਇਤਰਾਜ਼ ਨਹੀਂ ਪਰ ਇਹ ਜ਼ਮੀਨਾਂ ਸਰਕਾਰਾਂ ਨੇ ਉਸ ਨੂੰ ਮੁਫਤ ਵਿਚ ਕਿਉਂ ਦਿੱਤੀਆਂ? ਸ਼ਾਇਦ ਹੋਰਾਂ ਸਰਕਾਰਾਂ ਨੇ ਵੀ ਅਜਿਹਾ ਕੀਤਾ ਹੋਵੇ। ਸਰਕਾਰ ਮੁਫਤ ਵਿਚ ਕੁਝ ਨਹੀਂ ਦਿਆ ਕਰਦੀ। ਅੰਦਰਖਾਤੇ ਸ਼ਾਇਦ ਸੌਦਾ ਹੋਇਆ ਹੋਵੇ, ਪਤਾ ਨਹੀਂ, ਕਾਗਜ਼ਾਂ ਵਿਚ ਇਕ ਰੁਪਿਆ ਪ੍ਰਤੀ ਸਾਲ 28 ਏਕੜ ਜ਼ਮੀਨ ਵਿਚਲਾ ਆਨੰਦ ਭਵਨ ਹੁਣ 'ਸੁਆਮੀ ਜੀ' ਦੀ ਮਾਲਕੀ ਹੈ। ਦੋ ਹਫਤਿਆਂ ਵਿਚ ਪਤਾ ਚੱਲ ਗਿਆ ਹੈ ਸੁਆਮੀ ਕੋਲ ਨਾ ਜੋਗ ਹੈ ਨਾ ਰਾਜ। ਉਸ ਕੋਲ ਕੇਵਲ ਵਪਾਰ ਹੈ। ਸਰਕਾਰ ਦੀ ਜਾਇਦਾਦ ਪਰਜਾ ਦੀ ਜਾਇਦਾਦ ਹੈ। ਸੋ ਇਹ ਮੇਰੀ ਵੀ ਹੈ। ਮੇਰੀ ਪ੍ਰਾਪਰਟੀ ਮੈਨੂੰ ਵਾਪਸ ਦਿਵਾਉਣ ਵਾਸਤੇ ਹਿਮਾਚਲ ਸਰਕਾਰ ਇਹ ਲੀਜ਼ ਡੀਡ ਕੈਂਸਲ ਕਰੇ।

ਅੰਨਾ ਹਜ਼ਾਰੇ ਨੂੰ ਦੇਖ ਕੇ ਸੁਆਮੀ ਨੂੰ ਲੱਗਾ ਦੇਸ ਦੀਆਂ ਚਕਰੀਆਂ ਘੁਮਾਉਣੀਆਂ ਸੌਖਾ ਜਿਹਾ ਕੰਮ ਹੈ। ਸਰਕਸ ਦੇਖਣ ਪਿਛੋਂ ਬੱਚੇ ਘਰ ਆ ਕੇ ਉਸੇ ਤਰ੍ਹਾਂ ਕਰਨ ਲਗਦੇ ਹਨ ਤਾਂ ਲੱਤ ਬਾਂਹ ਤੁੜਵਾ ਬੈਠਦੇ ਹਨ। ਸੁਆਮੀ ਜੀ ਨਾਲ ਇਹੋ ਹੋਇਆ। ਲੱਤ ਤੇ ਸੱਟ ਖਾਧੀ, ਔਰਤ ਦਾ ਲਿਬਾਸ ਪਹਿਨ ਕੇ ਦੌੜਨਾ ਚਾਹਿਆ। ਉਸ ਦੇ ਇਨ੍ਹਾਂ ਕਾਰਨਾਮਿਆਂ ਨੇ ਸੰਸਾਰ ਦੇ ਸਾਧੂਆਂ ਨੂੰ ਸ਼ਰਮਸਾਰ ਕੀਤਾ ਹੈ।

# ਦਸਮ ਗ੍ਰੰਥ ਬਾਰੇ ਡਾ. ਗੁਰਨਾਮ ਕੌਰ ਦਾ ਲੇਖ

ਡਾ. ਗੁਰਨਾਮ ਕੌਰ ਦੀਆਂ ਦਸਮ ਗ੍ਰੰਥ ਬਾਰੇ ਲਿਖਤਾਂ ਸੱਚਾਈ ਤੋਂ ਉਲਟ ਹਨ। ਦਸਮ ਗ੍ਰੰਥ ਸਾਹਿਬ ਵਿਚਲੀ ਚਉਬੀਸ ਅਵਤਾਰ ਰਚਨਾ ਕਿਸੇ ਵੀ ਹਿੰਦੂ ਅਵਤਾਰ ਦੀ ਪੂਜਾ ਦਾ ਸੰਦੇਸ਼ ਨਹੀਂ ਦਿੰਦੀ। ਗੁਰੂ ਸਾਹਿਬ ਨੇ ਪੌਰਾਣਿਕ ਕਥਾਵਾਂ ਨੂੰ ਗੁਰੂ ਆਸ਼ੇ ਅਨੁਸਾਰ ਢਾਲਿਆ ਹੈ। ਸ਼ੁਰੂ ਵਿਚ ਗੁਰੂ ਸਾਹਿਬ ਨੇ ਲੰਮਾ ਮੰਗਲਾਚਰਣ ਲਿਖਿਆ ਹੈ। ਉਹ ਲਿਖਦੇ ਹਨ:

ਜੋ ਚਉਬੀਸ ਅਵਤਾਰ ਕਹਾਏ॥
ਤਿਨ ਭੀ ਤੁਮ ਪ੍ਰਭ ਤਨਕ ਨ ਪਾਏ॥
ਸਭ ਹੀ ਜਗ ਭਰਮੇ ਭਵ ਰਾਯੰ॥
ਤਾ ਤੇ ਨਾਮ ਬੇਅੰਤ ਕਹਾਯੰ॥

ਭਾਵ ਜੋ ਇਸ ਦੁਨੀਆਂ ਵਿਚ ਚਉਬੀਸ ਅਵਤਾਰ ਕਹੇ ਜਾਂਦੇ ਹਨ, ਹੇ ਪਰਮਾਤਮਾ ਉਹ ਤੇਰਾ ਰਤੀ ਭਰ ਲੇਖਾ ਨਹੀਂ ਜਾਣ ਸਕੇ। ਤੁਸੀਂ ਸਾਰੇ ਜਗ ਨੂੰ ਭਰਮ ਵਿਚ ਭੁਲਾਇਆ ਹੈ। ਇਸ ਲਈ ਅਕਾਲ ਪਰਮਾਤਮਾ ਤੁਹਾਨੂੰ ਬੇਅੰਤ ਕਿਹਾ ਜਾਂਦਾ ਹੈ। ਜਾਹਰ ਹੈ ਕਿ ਚਉਬੀਸ ਅਵਤਾਰ ਪਰਮਾਤਮਾ ਦੇ ਹੁਕਮ ਅਧੀਨ ਸਨ ਨਾ ਕਿ ਸਰਬਸ਼ਕਤੀਮਾਨ।

ਅਵਤਾਰਾਂ ਦੀਆ ਜੀਵਨੀਆਂ ਪੁਰਾਣਾਂ ਤੋਂ ਲੈ ਕੇ ਗੁਰੂ ਸਾਹਿਬ ਨੇ ਵਿਸਥਾਰ ਸਹਿਤ ਵਰਣਨ ਕੀਤੀਆਂ ਹਨ ਅਤੇ ਆਪਣੀ ਵਿਚਾਰਧਾਰਾ ਇਥੇ/ਉਥੇ ਸ਼ਾਮਲ ਕਰਕੇ ਹਿੰਦੂ ਅਵਤਾਰਾਂ ਨੂੰ ਪਰਮਾਤਮਾ ਦੀ ਉਪਜ ਦੱਸਿਆ ਹੈ, ਉਨ੍ਹਾਂ ਨੂੰ ਮਨੁੱਖੀ ਪੱਧਰ 'ਤੇ ਲਿਆਂਦਾ ਹੈ।

ਡਾ. ਗੁਰਨਾਮ ਕੌਰ ਦਾ ਇਹ ਸਵਾਲ ਕਿ ਕ੍ਰਿਸ਼ਨ ਅਵਤਾਰ ਵਿਚ ਸਿੰਘ ਨਾਮ ਕਿਵੇਂ ਆ ਗਏ ਜਦੋਂਕਿ ਕ੍ਰਿਸ਼ਨ ਦੇ ਸਮੇਂ ਸਿੰਘ ਨਾਮ ਨਹੀਂ ਸੀ, ਸਿੱਧ ਕਰਦਾ ਹੈ ਕਿ ਡਾ. ਗੁਰਨਾਮ ਕੌਰ ਨੇ ਦਸਮ ਗ੍ਰੰਥ ਜੇ ਪੜ੍ਹਿਆ ਹੈ ਤਾਂ ਸਮਝਿਆ ਨਹੀਂ ਕਿਉਂਕਿ ਕ੍ਰਿਸ਼ਨ ਅਵਤਾਰ ਦਾ ਇਹ ਹਿੱਸਾ, ਜਿਸ ਵਿਚ ਸਿੰਘ ਨਾਂਵਾਂ ਵਾਲੇ ਯੋਧੇ ਹਨ, ਖਾਸ ਕਰਕੇ ਖੜਗ ਸਿੰਘ, ਕ੍ਰਿਸ਼ਨ ਨਾਲ ਯੁਧ ਕਰਦਾ ਹੈ, ਗੁਰੂ ਸਾਹਿਬ ਦੀ ਨਿਰੋਲ ਆਪਣੀ ਰਚਨਾ ਹੈ। ਇਹ ਕਿਸੇ ਪੁਰਾਣ ਦਾ ਹਿੱਸਾ ਨਹੀਂ। ਇਸ ਵਿਚ ਗੁਰੂ ਸਾਹਿਬ ਖੜਗ ਸਿੰਘ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਲਿਖਦੇ ਹਨ:

ਖੋਜਤ ਹੈ ਜਿਹ ਸਿੱਧ ਮਹਾਮੁਨ,
ਬਿਆਸ, ਪਰਾਸੁਰ ਭੇਦ ਨਾ ਚੀਨੋ॥
ਸੋ ਖੜਗੇਸ਼ (ਖੜਗ ਸਿੰਘ) ਅਯੋਧਨ ਮੈ ਕਰ
ਮੋ ਹਿਤ ਕੇਸਨ ਤੇ ਮਹਿ ਲੀਨੋ॥

ਅਰਥਾਤ ਜਿਸ ਕ੍ਰਿਸ਼ਨ ਦਾ ਮਹਾਮੁਨੀ ਬਿਆਸ ਅਤੇ ਪਰਾਸ਼ਰ ਭੇਦ ਨਹੀਂ ਪਾ ਸਕੇ, ਉਸ ਕ੍ਰਿਸ਼ਨ ਨੂੰ ਖੜਗ ਸਿੰਘ ਨੇ ਰਣਭੂਮੀ ਵਿਚ ਬੇਸੁਧ ਕਰਕੇ ਕੇਸਾਂ ਤੋਂ ਫੜ੍ਹ ਕੇ ਸੁੱਟ ਲਿਆ ਹੈ।

ਇਸ ਤੋਂ ਸਿੱਧ ਹੈ ਕਿ ਗੁਰੂ ਸਾਹਿਬ ਦਾ ਆਸ਼ਾ ਲੋਕਾਂ ਨੂੰ ਸੁਨੇਹਾ ਦੇਣਾ ਸੀ ਕਿ ਇਹ ਪਰਮਾਤਮਾ ਦੇ ਹੁਕਮ ਅੰਦਰ ਹੈ ਅਤੇ ਆਮ ਆਦਮੀ ਵਾਂਗ ਗੁਣਾਂ-ਔਗੁਣਾਂ ਨਾਲ ਭਰਪੂਰ ਹਨ। ਦੂਸਰਾ ਆਸ਼ਾ, ਯੁੱਧਮਈ ਬਾਣੀ ਰਚ ਕੇ ਸਿੱਖਾਂ ਵਿਚ ਬੀਰ ਰਸ ਭਰਨਾ ਸੀ। ਗੁਰੂ ਸਾਹਿਬ ਕ੍ਰਿਸ਼ਨ ਅਵਤਾਰ ਦੇ ਅਖੀਰ ਵਿਚ ਲਿਖਦੇ ਹਨ ਕਿ ਇਹ ਰਚਨਾਵਾਂ ਮੈਂ ਧਰਮ ਯੁਧ ਦਾ ਚਾਓ ਪੈਦਾ ਕਰਨ ਲਈ ਸੋਧ ਕੇ ਲਿਖੀਆਂ।

ਬੁੱਧੀਜੀਵੀਆਂ ਦਾ ਫਰਜ਼ ਹੈ ਕਿ ਗੁਰੂ ਸਾਹਿਬ ਦੀਆਂ ਰਚਨਾਵਾਂ ਪ੍ਰਤੀ ਨਾਂਹ ਪੱਖੀ ਵਤੀਰਾ ਅਪਨਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਪੜ੍ਹ ਘੋਖ ਲੈਣ।

*-ਗੁਰਿੰਦਰ ਸਿੰਘ*
*ਫੋਨ:916-524-7209*

## ਪ੍ਰਤੀਕਰਮ

# ਬਾਦਲੀਲ ਵਿਚਾਰ ਵਟਾਂਦਰਾ ਚਾਹੀਦਾ

ਪੰਜਾਬ ਟਾਈਮਜ਼ ਦੇ ਗੁਰਮਤਿ ਚਿੰਤਨ ਕਾਲਮ ਵਿਚ ਡਾ. ਗੁਰਨਾਮ ਕੌਰ ਵਲੋਂ "ਦਸਮ ਗ੍ਰੰਥ ਤੇ ਗੁਰਮਤਿ ਸਿਧਾਂਤਕ ਪ੍ਰਤੀਕੂਲਤਾ" ਸਿਰਲੇਖ ਨਾਲ ਕੁਝ ਪੜ੍ਹਨ ਨੂੰ ਮਿਲਿਆ। ਪ੍ਰਤੀਕਰਮ ਵਜੋਂ ਗੁਰਪ੍ਰੀਤ ਸਿੰਘ ਕੈਲੀਫੋਰਨੀਆ ਵਲੋਂ ਬਾਦਲੀਲ ਲੇਖ ਵੀ ਪੰਜਾਬ ਟਾਈਮਜ਼ ਵਿਚ ਪੜ੍ਹਨ ਨੂੰ ਮਿਲੇ। ਸਿੱਕੇ ਦੇ ਦੋਨੋਂ ਪਾਸੇ ਪੇਸ਼ ਕਰਕੇ ਪੰਜਾਬ ਟਾਈਮਜ਼ ਨੇ ਆਪਣੇ ਪਾਠਕਾਂ ਦੇ ਗਿਆਨ ਵਿਚ ਵਾਧਾ ਕੀਤਾ ਹੈ। ਇਕ ਵਧੀਆ ਉਪਰਾਲਾ ਚੰਗਾ ਲੱਗਾ, ਸਲਾਹੁਣਯੋਗ ਹੈ।

ਇਸੇ ਵਿਸ਼ੇ 'ਤੇ ਭਾਈ ਜਸਮਿਤਰ ਸਿੰਘ ਮੁਜ਼ੱਫਰਪੁਰ ਨੇ ਡਾ. ਗੁਰਨਾਮ ਕੌਰ ਦੇ ਲੇਖ ਦੀ ਸਰਾਹਨਾ ਕੀਤੀ। ਬੜੀ ਚੰਗੀ ਪਿਰਤ ਹੈ, ਲੇਖਕ ਨੂੰ ਉਤਸ਼ਾਹ ਮਿਲਦਾ ਹੈ।

ਦੂਸਰਾ ਪੱਤਰ "ਡਾ. ਗੁਰਨਾਮ ਕੌਰ ਬਾਰੇ ਇਤਰਾਜ਼ਯੋਗ ਟਿਪਣੀ" ਡਾ. ਗੁਰਮੇਲ ਸਿੰਘ ਸਿੱਧੂ ਦਾ ਹੈ। ਡਾ. ਸਿੱਧੂ ਲਿਖਦੇ ਹਨ ਕਿ (ਕਿਸੇ ਗੁਰਪ੍ਰੀਤ ਸਿੰਘ ਨੇ) ਡਾ. ਗੁਰਨਾਮ ਕੌਰ ਲਈ ਅਪਮਾਨਜਨਕ ਸ਼ਬਦ...। ਡਾ. ਸਿੱਧੂ ਨੇ ਗੁਰਪ੍ਰੀਤ ਸਿੰਘ ਵਲੋਂ ਉਠਾਏ ਸਵਾਲਾਂ ਦਾ ਬਾਦਲੀਲ ਜਵਾਬ ਦੇਣ ਦੀ ਥਾਂ ਡਾ. ਗੁਰਨਾਮ ਕੌਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਦੇਣ ਵਿਚ ਹੀ ਭਲਾ ਸਮਝਿਆ। ਡਾ. ਗੁਰਮੇਲ ਸਿੰਘ ਸਿੱਧੂ ਉਚ ਕੋਟੀ ਦੇ ਵਿਦਵਾਨ ਹਨ। ਉਨ੍ਹਾਂ ਨੂੰ ਇਹ ਵੀ ਗਿਆਨ ਹੈ ਕਿ ਵਾਕ ਵਿਚ ਹਰ ਸ਼ਬਦ ਦਾ ਆਪਣਾ ਇਕ ਵਜ਼ਨ ਹੁੰਦਾ ਹੈ। ਗੁਰਪ੍ਰੀਤ ਸਿੰਘ ਦੇ ਨਾਮ ਅਗੇ (ਕਿਸੇ) ਸ਼ਬਦ ਦੀ ਵਰਤੋਂ ਕਰਕੇ ਗੁਰਪ੍ਰੀਤ ਸਿੰਘ ਨੂੰ ਛੁਟਿਆਉਣ ਦਾ ਯਤਨ ਕੀਤਾ ਹੈ ਜੋ ਠੀਕ ਨਹੀਂ।

ਡਾ. ਗੁਰਮੇਲ ਸਿੰਘ ਸਿੱਧੂ ਗਾਹੇ-ਬਗਾਹੇ ਖੋਜ ਭਰਪੂਰ ਲੇਖ ਲਿਖਦੇ ਰਹਿੰਦੇ ਹਨ। ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਵੀ ਬੜੀ ਹੀ ਮਿਹਨਤ ਨਾਲ ਦਸਮ ਗ੍ਰੰਥ ਦੇ ਇਤਿਹਾਸ 'ਤੇ ਇਕ ਲੰਬਾ ਲੇਖ ਲਿਖਿਆ ਸੀ ਜੋ ਖੋਜਕਾਰ ਲਈ ਇਕ ਮਦਦਗਾਰ ਦਸਤਾਵੇਜ਼ ਹੈ। ਗੁਰਪ੍ਰੀਤ ਸਿੰਘ ਵਲੋਂ ਉਠਾਏ ਹੋਏ ਸਵਾਲਾਂ ਦਾ ਬਾਦਲੀਲ ਉਤਰ ਹੀ ਦਸਮ ਗ੍ਰੰਥ ਦੇ ਭਖਦੇ ਮਸਲੇ ਦਾ ਹਲ ਹੋ ਸਕਦਾ ਹੈ। ਉਤਰ ਡਾ. ਗੁਰਨਾਮ ਕੌਰ ਦੇਣ ਜਾਂ ਕੋਈ ਹੋਰ ਵਿਦਵਾਨ।

*-ਮਹਿੰਦਰ ਸਿੰਘ ਘੱਗ*
*ਫੋਨ:530-695-1318*

# ਦਿੱਲੀ ਵਿਚ ਕਸ਼ਮੀਰੀ



*1975 ਵਿਚ ਸ੍ਰੀਨਗਰ ਦੇ ਲਾਲ ਚੌਕ ਵਿਚ ਅਵਾਮ ਨੂੰ ਸੰਬੋਧਨ ਕਰ ਰਹੇ ਅਬਦੁੱਲਾ।*

## 21ਵੀਂ ਸਦੀ ਦਾ ਕਸ਼ਮੀਰ: ਜੰਨਤ ਬਨਾਮ ਜਹੱਨਮ ਦੀਆਂ ਬਾਤਾਂ

***ਕਸ਼ਮੀਰ ਦੇ ਮਾਮਲੇ ਵਿਚ ਭਾਰਤ ਨੂੰ ਇਹ ਸਮਝਣ ਦੀ ਲੋੜ ਹੈ ਕਿ ਕਸ਼ਮੀਰ ਵਾਦੀ ਵਿਚ ਹਿੰਸਾ ਰੁਕਣ ਦਾ ਮਤਲਬ ਇਹ ਨਹੀਂ ਕਿ ਉਥੇ ਅਮਨ-ਅਮਾਨ ਹੋ ਗਿਆ ਹੈ। ਨਾ ਪਾਕਿਸਤਾਨ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਿੰਸਾ ਦੇ ਜ਼ਰੀਏ ਕਸ਼ਮੀਰ ਵਿਚ ਅਮਨ ਨਹੀਂ ਲਿਆਂਦਾ ਜਾ ਸਕਦਾ ਹੈ। ਹੁਣ ਚੰਗੀ ਗੱਲ ਇਹ ਹੋਈ ਹੈ ਕਿ ਐਤਕੀਂ ਹਿੰਦ-ਪਾਕਿਸਤਾਨ ਵਿਚਕਾਰ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਦੌਰਾਨ ਪਹਿਲੀ ਵਾਰ ਕਸ਼ਮੀਰ ਦਾ ਮਾਮਲਾ ਵੀ ਵਿਚਾਰਿਆ ਗਿਆ। ਦੋਹਾਂ ਦੇਸ਼ਾਂ ਵਿਚਕਾਰ ਕਸ਼ਮੀਰ ਬਾਰੇ ਬੜੀਆਂ ਗਲਤਫਹਿਮੀਆਂ ਰਹੀਆਂ ਹਨ ਅਤੇ ਦੋਹਾਂ ਪਾਸਿਆਂ ਦੇ ਸ਼ਾਸ਼ਕ ਇਸ ਮਸਲੇ 'ਤੇ ਸਿਆਸਤ ਕਰਦੇ ਰਹੇ ਹਨ। ਅਸਲੀਅਤ ਕੀ ਹੈ, ਇਸ ਦੀ ਝਲਕ ਸਈਦ ਬਿਸਮਿੱਲਾ ਗਿਲਾਨੀ ਦੇ ਇੱਥੇ ਛਾਪੇ ਜਾ ਰਹੇ ਲੇਖ ਵਿਚੋਂ ਮਿਲਦੀ ਹੈ। ਇਸ ਲੇਖ ਵਿਚ ਬੇਗਾਨਗੀ ਦਾ ਅਹਿਸਾਸ ਤਾਂ ਹੈ ਹੀ, ਇਸ ਵਿਚ ਆਵਾਮ ਦੇ ਮਨਾਂ ਵਿਚ ਬਿਠਾਏ ਜਾ ਰਹੇ ਉਸ ਡਰ ਦੀ ਗੱਲ ਵੀ ਕੀਤੀ ਗਈ ਹੈ ਜੋ ਆਵਾਮ ਵਿਚ ਫਰਕਾਂ ਨੂੰ ਜਨਮ ਦਿੰਦਾ ਹੈ।***

■ **ਸਈਦ ਬਿਸਮਿੱਲਾ ਗਿਲਾਨੀ**

1996 ਦੀਆਂ ਗਰਮੀਆਂ ਦੀ ਰੁੱਤੇ ਮੇਰਾ ਵੱਡਾ ਭਰਾ ਸਈਦ ਅਬਦੁਲ ਰਹਿਮਾਨ ਗਿਲਾਨੀ ਛੁੱਟੀਆਂ ਕੱਟਣ ਕਸ਼ਮੀਰ ਆਪਣੇ ਘਰ ਆਇਆ।



ਫਿਰ ਇਕ ਦਿਨ ਅਚਾਨਕ ਉਸ ਨੇ ਵਾਪਸ ਜਾਣ ਬਾਰੇ ਕਹਿ ਦਿੱਤਾ ਅਤੇ ਛੁੱਟੀਆਂ ਦੇ ਅੱਧ ਵਿਚਾਲਿਓਂ ਹੀ ਦਿੱਲੀ ਪਰਤ ਗਿਆ। ਉਹ ਦਾ ਐਮ.ਫਿਲ. ਦਾ ਖੋਜ ਕਾਰਜ ਅਧੂਰਾ ਪਿਆ ਸੀ।

ਮੈਂ ਵੀ ਕੁਝ ਸਮਾਂ ਕੰਪਿਊਟਰ ਸਿੱਖਣ 'ਤੇ ਲਾਉਣਾ ਚਾਹੁੰਦਾ ਸਾਂ। ਮੇਰੇ ਭਰਾ ਦਾ ਸੁਝਾਅ ਸੀ ਕਿ ਇਸ ਕੰਮ ਲਈ ਦਿੱਲੀ ਤੋਂ ਚੰਗੇਰੀ ਥਾਂ ਹੋਰ ਕੋਈ ਨਹੀਂ ਹੋ ਸਕਦੀ। ਇਸ ਹੁੰਗਾਰੇ ਦਾ ਪ੍ਰੇਰਿਆ ਮੈਂ ਵੀ ਨਾਲ ਜਾਣ ਲਈ ਤਿਆਰ ਹੋ ਗਿਆ।

16 ਜੂਨ ਨੂੰ ਅਸੀਂ ਜੰਮੂ ਲਈ ਟੈਕਸੀ ਫੜੀ ਅਤੇ ਤਰਕਾਲਾਂ ਦੇ ਘੁਸਮੁਸੇ ਜਿਹੇ ਤੱਕ ਅਸੀਂ ਸ਼ਹਿਰ 'ਚ ਸਾਂ। 1989 ਵਿਚ ਸੂਬੇ ਵਿਚ ਦਹਿਸ਼ਤਪਸੰਦੀ ਦੀ ਪੈਦਾਇਸ਼ ਤੋਂ ਬਾਅਦ ਮੰਦਰਾਂ ਦੇ ਸ਼ਹਿਰ ਜੰਮੂ ਮੈਂ ਪਹਿਲੀ ਵਾਰ ਆਇਆ ਸਾਂ। ਹਫੜਾ-ਦਫੜੀ ਨਾਲ ਭਰੇ ਪਏ ਇਸ ਸ਼ਹਿਰ ਨੂੰ ਦੇਖਦਿਆਂ ਯਕੀਨ ਕਰਨਾ ਔਖਾ ਸੀ ਕਿ ਇਸ ਦਾ ਵੀਰਾਨ ਕਸ਼ਮੀਰ ਵਾਦੀ ਨਾਲ ਕੋਈ ਵਾਹ-ਵਾਸਤਾ ਵੀ ਹੈ? ਵਾਦੀ ਵਿਚ ਉਠਿਆ ਹਥਿਆਬੰਦ ਰੋਹ ਅਤੇ ਰੋਸ ਸੂਬੇ ਦੇ ਇਸ ਹਿੱਸੇ ਲਈ ਸੋਨੇ 'ਤੇ ਸੁਹਾਗਾ ਜਾਪਦਾ ਸੀ। ਵਿਕਾਸ ਫੰਡਾਂ ਦੀਆਂ ਨਦੀਆਂ ਦੇ ਨੱਕੇ ਇੱਧਰ ਮੋੜ ਦਿੱਤੇ ਗਏ। ਜੰਮੂ ਸੱਚ-ਮੁੱਚ ਚੰਗੀ ਪੁਲਾਂਘ ਪੁੱਟ ਚੁੱਕਾ ਸੀ। ਅਚਾਨਕ, ਕਸ਼ਮੀਰੀਆਂ ਦੇ ਮਨਾਂ ਵਿਚ ਜੰਮੂ ਵਾਸੀਆਂ ਲਈ ਬੈਠਾ ਦਰੇਗ-ਦੋਖ ਮੇਰੇ ਮਨ ਨੂੰ ਵੀ ਕੁਰੇਦਣ ਲੱਗਾ। ਇਹ ਤਾਂ ਕੋਈ ਵੱਖਰਾ ਹੀ ਜਹਾਨ ਸੀ। ਸ੍ਰੀਨਗਰ ਅਤੇ ਜੰਮੂ। ਇੱਕੋ ਸੂਬੇ ਦੀਆਂ ਦੋ ਰਾਜਧਾਨੀਆਂ ਪਰ ਹਕੀਕਤ ਵਿਚ ਇਕ-ਦੂਜੇ ਤੋਂ ਕਿੰਨੀਆਂ ਦੂਰ। ਸ੍ਰੀਨਗਰ ਤੋਂ ਜੰਮੂ ਤੱਕ ਦੀ ਯਾਤਰਾ ਕਿਸੇ ਕੈਦ ਤੋਂ ਖੁੱਲ੍ਹੇ ਆਕਾਸ਼ ਵਿਚ ਪਰਵਾਜ਼ ਭਰਨ ਦੇ ਤੁੱਲ ਸੀ।

ਅਸੀਂ ਸਿੱਧੇ ਰੇਲਵੇ ਸਟੇਸ਼ਨ ਗਏ। ਇੱਥੇ ਅਸੀਂ ਇਕ ਹੋਰ ਕਸ਼ਮੀਰੀ ਨੂੰ ਮਿਲੇ। ਉਹ ਵੀ ਦਿੱਲੀ ਜਾ ਰਿਹਾ ਸੀ। ਅਸੀਂ ਰਿਜ਼ਰਵੇਸ਼ਨ ਕਰਵਾਈ ਅਤੇ ਗੱਡੀ ਵਿਚ ਜਾ ਬੈਠੇ। ਸਾਮਾਨ ਨੂੰ ਥਾਂ ਸਿਰ ਟਿਕਾਉਂਦਿਆਂ ਅਸੀਂ ਉਸੇ ਕਸ਼ਮੀਰੀ ਨਾਲ ਗੱਲੀਂ ਜੁਟ ਗਏ। ਉਹ ਕਸ਼ਮੀਰੀ ਦਸਤਕਾਰੀ ਦਾ ਵਪਾਰੀ ਸੀ ਅਤੇ ਦਿੱਲੀ ਰਹਿੰਦਾ ਸੀ। ਗੱਡੀ ਚੱਲੀ ਤਾਂ ਮੈਂ ਲੇਟ ਗਿਆ ਅਤੇ ਮੇਰਾ ਭਰਾ ਤੇ ਉਹ ਵਪਾਰੀ ਗੱਲਾਂ ਕਰਦੇ ਰਹੇ।

ਛੇਤੀ ਹੀ ਮੇਰੀ ਅੱਖ ਖੁੱਲ੍ਹ ਗਈ। ਡੱਬੇ ਵਿਚ ਯਾਤਰੀ ਘੱਟ ਹੀ ਸਨ। ਦੋ ਬੰਦਿਆਂ ਨੂੰ ਛੱਡ ਕੇ ਸਾਰੇ ਸੌਂ ਰਹੇ ਸਨ। ਉਹ ਇਕ ਨੁੱਕਰੇ ਲੱਗੇ ਪੀ ਰਹੇ ਸਨ। ਇਨ੍ਹਾਂ ਦੋਹਾਂ ਦੇ ਸਾਹਮਣੇ ਮੈਂ ਖਿੜਕੀ ਨਾਲ ਲੱਗ ਕੇ ਬੈਠ ਗਿਆ। ਇਕ ਨੇ ਮੇਰੇ ਵੱਲ ਝਾਕਿਆ ਅਤੇ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ, 'ਤੂੰ ਗੁੱਸਾ ਤਾਂ ਨਹੀਂ ਕਰੇਂਗਾ।' ਮੈਂ ਵੀ ਮੁਸਕਰਾਹਟ ਨਾਲ ਜਵਾਬ ਦਿੱਤਾ। ਕੁਝ ਚਿਰ ਪਿੱਛੋਂ ਉਨ੍ਹਾਂ ਪੀਣ ਦੀ ਪੇਸ਼ਕਸ਼ ਕਰ ਦਿੱਤੀ। ਮੇਰੀ ਤਾਂ ਨਾਂਹ ਹੀ ਸੀ। ਕੁੱਝ ਮਿੰਟਾਂ ਪਿੱਛੋਂ ਉਹ ਫਿਰ ਝਾਕਿਆ ਅਤੇ ਮੁਸਕਰਾਇਆ। ਮੈਂ ਵੀ ਜਿਵੇਂ-ਕਿਵੇਂ ਆਪਣੀਆਂ ਖਾਖਾਂ ਹੱਸਣ ਵਰਗੀਆਂ ਕੀਤੀਆਂ ਅਤੇ ਖਿੜਕੀ 'ਚੋਂ ਬਾਹਰ ਦੇਖਣ ਲੱਗਾ। ਦਸ ਕੁ ਮਿੰਟਾਂ ਬਾਅਦ ਉਹ ਮੇਰੇ ਸਾਹਮਣੇ ਹੱਥ ਜੋੜੀ ਖੜ੍ਹਾ ਸੀ, ਮੁਸਕਰਾਉਂਦਾ ਹੋਇਆ। ਫਿਰ ਉਹਨੇ ਮੇਰੇ ਪੈਰੀਂ ਹੱਥ ਲਾ ਦਿੱਤਾ। ਉਹਨੇ ਵਾਹਵਾ ਪੀਤੀ ਹੋਈ ਸੀ। ਸੋ, ਮੈਂ ਚੁੱਪ ਹੀ ਰਿਹਾ। ਉਹ ਵੀ ਚੁੱਪ-ਚਾਪ ਆਪਣੀ ਥਾਂ ਜਾ ਕੇ ਬੈਠ ਗਿਆ। ਕੁੱਝ ਮਿੰਟਾਂ ਪਿੱਛੋਂ ਉਹ ਫਿਰ ਮੇਰੇ ਸਾਹਮਣੇ ਸੀ। ਉਸੇ ਤਰ੍ਹਾਂ ਜੋੜੇ ਹੋਏ ਹੱਥ। ਐਤਕੀਂ ਜਿਉਂ ਹੀ ਉਹ ਪੈਰੀਂ ਹੱਥ ਲਾਉਣ ਲਈ ਝੁਕਿਆ, ਮੈਂ ਖੜ੍ਹਾ ਹੋ ਗਿਆ ਅਤੇ ਉਹਨੂੰ ਝਿੜਕਿਆ, 'ਜੇ ਸੰਭਲ ਨਹੀਂ ਹੁੰਦਾ ਤਾਂ ਪੀਂਦੇ ਹੀ ਕਿਉਂ ਹੋ?' ਉਹਦੇ 'ਤੇ ਕੋਈ ਅਸਰ ਨਹੀਂ ਹੋਇਆ ਅਤੇ ਇਹ ਕਹਿੰਦਿਆਂ, 'ਮਾਈ ਬਾਪ, ਤੁਸੀਂ ਸਬ ਕੁਝ ਕਰੋ ਪਰ ਇੱਥੇ ਨਾ ਕਰੋ। ਮੈਂ ਆਪਣੇ ਟੱਬਰ ਨਾਲ ਜਾ ਰਿਹਾਂ, ਮੇਰੇ ਨਿੱਕੇ-ਨਿੱਕੇ ਬੱਚੇ ਨੇ। ਮਿੰਨਤ ਦੀ ਹੀ ਗੱਲ ਹੈ, ਇੱਥੇ ਨਾ ਕਰੋ।' ਮੈਨੂੰ ਨਹੀਂ ਪਤਾ, ਉਹ ਦੇ ਮਨ ਵਿਚ ਕੀ ਘੁੰਮ ਰਿਹਾ ਹੈ। ਮੈਂ ਪਰਾਂ ਜਾਣ ਦਾ ਯਤਨ ਕੀਤਾ ਤਾਂ ਉਹਨੇ ਮੇਰੀ ਲੱਤ ਘੁੱਟ ਕੇ ਫੜ ਲਈ। ਮੈਂ ਖੜ੍ਹੇ ਦਾ ਖੜ੍ਹਾ ਰਹਿ ਗਿਆ।

'ਮਜ਼ਾਕ ਨਹੀਂ" ਮਹਾਰਾਜ, ਬੇਨਤੀ ਐ।' ਉਹ ਬੋਲੀ ਗਿਆ, 'ਮੈਨੂੰ ਪਤਾ ਤੂੰ ਗੱਡੀ 'ਚ ਬੰਬ ਰੱਖਣਾ ਏ; ਰੱਖ ਦੇ ਪਰ ਇਸ ਡੱਬੇ 'ਚ ਨਾ ਰੱਖੀਂ। ਕਿਤੇ ਹੋਰ ਰੱਖ ਦੇ, ਨਾਲ ਦੇ ਡੱਬੇ 'ਚ ਰੱਖ ਦੇ। ਮੇਰੇ ਬੱਚਿਆਂ 'ਤੇ ਤਰਸ ਖਾ। ਰੱਬ ਕਰ ਕੇ ਇੱਥੇ ਨਾ ਰੱਖ।'

ਮੈਂ ਸਹਿਮ ਗਿਆ। ਜੱਕੋ-ਤੱਕੀ 'ਚ ਵੀ ਸਾਂ ਕਿ ਕਰਾਂ ਕੀ? ਹਾਲਾਤ ਵਿਗੜਨ ਤੋਂ ਬਚਾਉਣ ਲਈ ਖਾਮੋਸ਼ ਅਤੇ ਸ਼ਾਂਤ ਰਹਿਣਾ ਹੀ ਬਿਹਤਰ ਸੀ। ਮੈਂ ਉਹਨੂੰ ਸਮਝਾਉਣਾ ਚਾਹਿਆ: 'ਦੇਖ ਭਾਈ, ਤੂੰ ਬਹੁਤ ਪੀ ਗਿਐਂ। ਹੁਣ ਸੌਂ ਜਾ। ਚੱਲ ਤੈਨੂੰ ਲਿਟਾ ਦੇਵਾਂ।' ਮੇਰੇ ਸਾਰੇ ਯਤਨ ਬੇਕਾਰ ਗਏ। ਉਹਦੀਆਂ ਮਸਖ਼ਰੀਆਂ ਫਿਰ ਵੀ ਨਾ ਰੁਕੀਆਂ, 'ਠੀਕ ਹੈ, ਠੀਕ ਹੈ! ਪਰ ਮੇਰੀ ਬੀਵੀ, ਮੇਰੇ ਬੱਚੇ... ਹੈਂ...।

ਇੰਨੇ ਨੂੰ ਦੂਜਾ ਬੰਦਾ ਵੀ ਆ ਰਲਿਆ ਪਰ ਆਪਣੇ ਮਿੱਤਰ ਦੇ ਉਲਟ ਉਹ ਤੱਤਾ ਸੀ। 'ਅਡੈਂਟੀ ਕਾਰਡ ਦਿਖਾ', ਉਹਨੇ ਆਪਣਾ ਹੱਥ ਫੈਲਾਇਆ। ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹਦਾ ਮਿੱਤਰ ਉਹਨੂੰ ਉਸੇ ਨੁਕਰੇ ਲੈ ਗਿਆ ਅਤੇ ਕੰਨ ਵਿਚ ਕੁਝ ਕਿਹਾ ਵੀ। ਕਰਦੇ-ਕਰਾਉਂਦੇ ਉਹਨੇ ਉਹਨੂੰ ਸੀਟ 'ਤੇ ਬਿਠਾ ਦਿੱਤਾ। ਫਿਰ ਆ ਕੇ ਮੁਆਫ਼ੀ ਮੰਗਣ ਲੱਗ ਪਿਆ, 'ਇਹਦੀ ਮੂਰਖ਼ਤਾ ਲਈ ਸੌਰੀ। ਇਹ ਐਵੇਂ ਸ਼ੁਦਾਈ ਹੋ ਗਿਆ ਸੀ, ਫਿਕਰ ਨਹੀਂ ਕਰਨਾ। ਮੈਂ ਇਹਨੂੰ ਸਮਝਾ ਦੇਣਾ ਆਪੇ। ਅਸੀਂ ਆਪਣੇ ਟੱਬਰ ਨਾਲ ਮਾਂ ਦਰਸ਼ਨ ਲਈ ਗਏ ਸਾਂ। ਮੇਰੇ ਤਿੰਨ ਛੋਟੇ-ਛੋਟੇ ਬੱਚੇ ਹਨ। ਦਿਖਾਵਾਂ? ਉਥੇ ਸੁੱਤੇ ਪਏ ਆ।' ਮੇਰੇ ਸਬਰ ਦਾ ਪਿਆਲਾ ਹੁਣ ਭਰ ਚੁੱਕਾ ਸੀ। ਮੈਂ ਕਿਹਾ, 'ਬਹੁਤ ਹੋ ਗਿਆ! ਦੇਖ, ਤੇਰੇ ਜਾਂ ਤੇਰੇ ਟੱਬਰ ਨਾਲ ਮੇਰਾ ਕੋਈ ਵਾਸਤਾ ਨਹੀਂ। ਨਾਲੇ ਤੈਨੂੰ ਦੱਸਾਂ, ਮੈਂ ਵਿਦਿਆਰਥੀ ਹਾਂ। ਮੇਰੇ ਕੋਲ ਕੋਈ ਬੰਬ-ਬੁੰਬ ਨਹੀਂ। ਮੈਂ ਹੁਣ ਲੱਗਾਂ ਸੌਣ, ਹੁਣ ਮੈਨੂੰ ਹੋਰ ਦੁਖੀ ਨਾ ਕਰੀਂ।'

ਮੈਂ ਆਪਣੀ ਸੀਟ 'ਤੇ ਚਲਾ ਗਿਆ। ਦੋਵੇਂ ਜਣੇ ਆਪਸ 'ਚ ਉਚੀ-ਉਚੀ ਗੱਲਾਂ ਕਰਨ ਲੱਗ ਪਏ। ਮੈਂ ਸੋਚਿਆ ਸੰਕਟ ਟਲ ਗਿਆ ਹੈ, ਪਰ ਨਹੀਂ। ਅੱਧੇ ਕੁ ਘੰਟੇ ਬਾਅਦ ਅਡੈਂਟੀ ਕਾਰਡ ਮੰਗਣ ਵਾਲਾ ਬੰਦਾ ਮੈਨੂੰ ਜਗਾ ਰਿਹਾ ਸੀ। ਫਿਰ ਕਹਿੰਦਾ 'ਅਡੈਂਟੀ ਕਾਰਡ ਦਿਖਾ।' ਮੈਂ ਪੁੱਛਿਆ, 'ਕਿਉਂ ਦਿਖਾਵਾਂ ਕਾਰਡ? ਤੂੰ ਹੈ ਕੌਣ।' ਬਹੁਤ ਉਚੀ ਆਵਾਜ਼ ਵਿਚ, ਤੇ ਹੰਕਾਰ ਵਾਲੇ ਲਹਿਜੇ ਵਿਚ ਜਵਾਬ ਮਿਲਿਆ, 'ਮੈਂ ਇਸ ਦੇਸ਼ ਦਾ ਬਾਸ਼ਿੰਦਾ ਹਾਂ। ਤੇ ਤੂੰ ਉਗਰਵਾਦੀ।'

ਮੇਰੇ ਭਰਾ ਨੂੰ ਜਾਗ ਆ ਗਈ। ਉਹਦੇ ਪੁੱਛਣ 'ਤੇ ਮੈਂ ਸਾਰੀ ਗੱਲ ਦੱਸ ਦਿੱਤੀ। ਉਹ (ਭਰਾ) ਦੇਖਣ ਲੱਗਾ ਕਿ ਉਹ ਚਲੇ ਗਏ ਜਾਂ ਨਹੀਂ।...ਉਹ ਅਜੇ ਉਥੇ ਹੀ ਸਨ। ਉਹਨੇ ਉਨ੍ਹਾਂ ਨੂੰ ਝਿੜਕਿਆ। ਆਖ਼ਰਕਾਰ ਉਹ ਸੌਂ ਗਏ।



***ਲੇਖਕ ਸਈਦ ਬਿਸਮਿੱਲਾ ਗਿਲਾਨੀ ਦਾ ਭਰਾ ਸਈਦ ਅਬਦੁਲ ਰਹਿਮਾਨ ਗਿਲਾਨੀ ਜਿਸ ਨੂੰ ਸੰਸਦ 'ਤੇ ਹਮਲੇ ਵਾਲੇ ਕੇਸ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਬਾਅਦ ਵਿਚ ਸੁਪਰੀਮ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ ਸੀ।***

ਇੰਨੇ ਨੂੰ ਸਾਡਾ ਕਸ਼ਮੀਰੀ ਮਿੱਤਰ ਵੀ ਉਠ ਬੈਠਾ। ਫਿਰ ਬੋਲਿਆ, 'ਸ਼ੁਕਰ ਹੈ ਚਲੇ ਗਏ। ਮੈਂ ਤਾਂ ਸੋਚ ਰਿਹਾ ਸਾਂ ਫਸ ਗਏ। ਮੈਂ ਤਾਂ ਦੂਜੇ ਡੱਬੇ 'ਚ ਜਾਣ ਨੂੰ ਫਿਰਦਾ ਸੀ।' ਪਹਿਲਾਂ ਵੀ ਉਹ ਜਾਗਦਾ ਹੀ ਸੀ ਪਰ ਸਭ ਕੁਝ ਸੁਣ ਕੇ ਵੀ ਖਾਮੋਸ਼ ਰਿਹਾ ਸੀ। ਉਹ ਇਕ ਵਾਰ ਫਿਰ ਬੋਲਿਆ, 'ਪਰ ਤੂੰ ਕਿਉਂ ਆਪਣੇ ਕਸ਼ਮੀਰੀਪੁਣੇ ਦੇ ਫੂੰਦੇ ਲਾਈ ਫਿਰਦਾ ਸੀ।' ਉਹ ਸਾਰਾ ਗੁੱਸਾ ਮੇਰੇ 'ਤੇ ਕੱਢ ਰਿਹਾ ਸੀ। ਮੈਂ ਕਿਹਾ, 'ਮੇਰਾ ਕਸੂਰ ਕੀ ਹੈ?' 'ਕਸੂਰ ਤਾਂ ਹੈ ਈ? ਸਾਨੂੰ ਕਸ਼ਮੀਰੀਆਂ ਨੂੰ ਬੜਾ ਕੁਛ ਦੇਖਣਾ ਪੈਂਦੈ। ਇਹਦੇ ਮੁਤਾਬਕ ਚੱਲਣਾ ਪੈਂਦੈ।' ਮੇਰੀ ਰਤਾ ਕੁ ਵਧੀ ਦਾੜ੍ਹੀ ਵੱਲ ਇਸ਼ਾਰਾ ਕਰਕੇ ਉਹ ਫਿਰ ਬੋਲਿਆ, 'ਮੈਨੂੰ ਸਮਝ ਨਹੀਂ ਲਗਦੀ ਕਿ ਤੁਹਾਨੂੰ ਨੌਜਵਾਨਾਂ ਨੂੰ ਹੋ ਕੀ ਗਿਆ ਹੈ। ਦਾੜ੍ਹੀ ਨਾਲ ਰੱਫੜ ਪੈਂਦੇ ਨੇ ਤਾਂ ਕਿਉਂ ਰੱਖਦੇ ਹੋ? ਦਿੱਲੀ ਪੁੱਜਦੇ ਸਾਰ ਇਹਨੂੰ ਕਟਵਾ ਦੇਈਂ; ਨਹੀਂ ਤਾਂ ਤੈਨੂੰ ਹੀ ਨਹੀਂ, ਤੇਰੇ ਨਾਲਦਿਆਂ ਨੂੰ ਵੀ ਲੈਣੇ ਦੇ ਦੇਣੇ ਪੈ ਜਾਣਗੇ। ਮੈਂ ਕਹਿੰਨਾਂ ਇਹ ਸਾਰਾ ਕੁਝ ਹੋਇਆ ਹੀ ਤੇਰੀ ਦਾੜ੍ਹੀ ਕਰਕੇ ਹੈ। ਸਾਨੂੰ ਵੀ ਬਲਦੀ ਬੂਥੇ ਧੱਕਣਾ ਸੀ ਤੂੰ।'

ਫਿਰ ਉਹ ਆਪਣੇ ਉਨ੍ਹਾਂ ਜਾਣਕਾਰਾਂ ਦੀਆਂ ਗੱਲਾਂ ਦੱਸਣ ਲੱਗ ਪਿਆ ਜਿਨ੍ਹਾਂ ਨੂੰ ਮਹਿਜ਼ ਦਾੜ੍ਹੀ ਕਾਰਨ ਮੁਸੀਬਤਾਂ ਝੱਲਣੀਆਂ ਪਈਆਂ। ਹੁਣ ਮੈਨੂੰ ਉਹ ਗੱਲਾਂ ਚੇਤੇ ਨਹੀਂ। ਉਹਦੇ ਬੋਲਦਿਆਂ-ਬੋਲਦਿਆਂ ਮੈਂ ਸੌਂ ਗਿਆ ਸਾਂ।

ਇਸ ਹਾਦਸੇ ਦਾ ਮੇਰੇ ਮਨ 'ਤੇ ਬੜਾ ਗਹਿਰਾ ਅਸਰ ਹੋਇਆ। ਮੈਨੂੰ ਕਸ਼ਮੀਰੀ ਹੋਣ ਦਾ ਮਤਲਬ ਵੀ ਸਮਝ ਆ ਗਿਆ। ਉਹ ਦਿਨ ਗਿਆ, ਜੰਮੂ-ਦਿੱਲੀ ਆਉਣ-ਜਾਣ ਲਈ ਮੈਂ ਕਦੀ ਗੱਡੀ ਨਾ ਫੜੀ। ਹੁਣ ਮੈਂ ਬੱਸ ਨੂੰ ਪਹਿਲ ਦਿੰਦਾ ਹਾਂ। ਇੱਦਾਂ ਔਖੇ ਤਾਂ ਹੋਈਦਾ ਹੈ ਪਰ ਸਫ਼ਰ ਤਾਂ ਸੌਖਾ ਤੇ ਅਮਨ-ਅਮਾਨ ਨਾਲ ਲੰਘ ਜਾਂਦਾ ਹੈ!

ਦਿੱਲੀ ਅਸੀਂ ਤਿੰਨਾਂ ਨੇ ਸਟੇਸ਼ਨ ਤੋਂ ਰਿਕਸ਼ਾ ਲਿਆ।... ਮੈਨੂੰ ਦੱਬਣ ਦੀ ਹੁਣ ਦਿੱਲੀ ਦੇ ਮੌਸਮ ਦੀ ਵਾਰੀ ਸੀ। ਗੱਡੀ ਵਿਚ ਤਾਂ ਜੋ ਹੋਇਆ-ਵਾਪਰਿਆ, ਲੰਘ ਗਿਆ ਪਰ ਤਿੱਖੀ ਧੁੱਪ ਦਾ ਤਾਂ ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ। ਸੀਟ ਵੀ ਇੰਨੀ ਤੱਤੀ ਸੀ ਕਿ ਪੁੱਛੋ ਕੁਝ ਨਾ। ਸਾਰੀ ਵਾਟ ਮੈਂ ਉਸ ਪਲ ਨੂੰ ਕਲਪਦਾ ਰਿਹਾ ਜਦੋਂ ਕਸ਼ਮੀਰ ਛੱਡਣ ਬਾਰੇ ਸੋਚਿਆ ਸੀ।

ਮਾਲ ਰੋਡ 'ਤੇ ਮਾਨਸਰੋਵਰ ਹੋਸਟਲ ਦੇ ਬਾਹਰਵਾਰ ਅਸੀਂ ਉਤਰ ਗਏ। ਸਾਡੇ ਸਾਥੀ ਨੇ ਹੋਰ ਅਗਾਂਹ ਜਾਣਾ ਸੀ। ਤੁਰਨ ਤੋਂ ਪਹਿਲਾਂ ਉਹਨੇ ਇਕ ਵਾਰ ਫਿਰ ਮੈਨੂੰ ਦਾੜ੍ਹੀ ਕਟਾਉਣ ਦੀ ਹਦਾਇਤ ਕੀਤੀ।

ਮੇਰਾ ਭਰਾ ਮੈਨੂੰ ਹੋਸਟਲ ਦੀ ਮੈਸ ਵਿਚ ਲੈ ਵੜਿਆ। ਇੰਨੇ ਸਾਰੇ ਨਾ-ਵਾਕਫ਼ ਵਿਦਿਆਰਥੀਆਂ ਨਾਲ ਮੈਂ ਪਹਿਲੀ ਵਾਰ ਖਾਣਾ ਖਾ ਰਿਹਾ ਸਾਂ। ਖਾਣ ਵੇਲੇ ਹਿਚਕਚਾ ਵੀ ਰਿਹਾ ਸਾਂ। ਮੇਰੇ ਭਰਾ ਨੇ ਇਹ ਕੁਝ ਤਾੜਿਆ ਅਤੇ ਮਲਕ-ਮਲਕ ਬੋਲਿਆ, 'ਡਰ ਨਾ, ਹਲਾਲ ਹੈ।

***ਤਰਕਾਲਾਂ ਨੂੰ ਅਸੀਂ ਸਾਰੇ ਖਾਣਾ ਖਾਣ ਨਿਜ਼ਾਮੂਦੀਨ ਗਏ। ਫਿਰ ਕਿਸੇ ਮਿੱਤਰ ਦੇ ਘਰ ਮੁਖਰਜੀ ਨਗਰ ਵਗ ਗਏ। ਇੰਨੀ ਰਾਤ ਗਏ ਇੰਝ ਘੁੰਮਣਾ ਮੇਰੇ ਲਈ ਨਵੀਂ ਗੱਲ ਸੀ। ਕਸ਼ਮੀਰ ਵਿਚ ਜਦੋਂ ਦੀ ਫੌਜ ਪੁੱਜੀ ਹੈ, ਦਿਨ ਢਲਦੇ ਹੀ ਸਭ ਕੁਝ ਠੱਪ ਹੋ ਜਾਂਦਾ ਹੈ; ਇੱਥੋਂ ਤੱਕ ਕਿ ਦੁਪਹਿਰ ਨੂੰ ਵੀ ਗਲੀਆਂ ਵਿਚ ਕਰਫਿਊ ਲੱਗਿਆ ਲੱਗਦਾ ਹੈ। ਬਾਹਰ ਜਾਂ ਤਾਂ ਕੁੱਤੇ ਭੌਂਕਣ ਦੀ ਆਵਾਜ਼ ਸੁਣਦੀ ਹੈ, ਤੇ ਜਾਂ ਫੌਜੀਆਂ ਦੇ ਬੂਟਾਂ ਦਾ ਖੜਾਕ ਅਤੇ .ਗਸ਼ਤੀ ਗੱਡੀਆਂ ਦੀ ਸ਼ੂਕਰ।***

ਮੈਂ ਵੀ ਤਾਂ ਖਾ ਰਿਹਾਂ।' ਉਹਨੇ ਸੋਚਿਆ ਹੋਵੇਗਾ ਕਿ ਮੈਂ ਮੀਟ ਕਾਰਨ ਜਕ ਰਿਹਾ ਹਾਂ, ਪਰ ਮੀਟ ਤਾਂ ਅਜੇ ਦੇਖਿਆ ਵੀ ਨਹੀਂ ਸੀ।

ਦੁਪਹਿਰ ਦੇ ਖਾਣੇ ਤੋਂ ਬਾਅਦ ਕੰਟੀਨ 'ਚ ਚਾਹ ਪੀਤੀ। ਮੇਰੇ ਭਰਾ ਨੇ ਮੈਨੂੰ ਆਪਣੇ ਮਿੱਤਰਾਂ ਤੇ ਕਮਰੇ 'ਚ ਰਹਿੰਦੇ ਸਾਥੀ ਨਾਲ ਮਿਲਾਇਆ।

ਸ਼ਾਮ ਨੂੰ ਅਸੀਂ ਸਾਰੇ ਖਾਣਾ ਖਾਣ ਨਿਜ਼ਾਮੂਦੀਨ ਗਏ। ਫਿਰ ਕਿਸੇ ਮਿੱਤਰ ਦੇ ਘਰ ਮੁਖਰਜੀ ਨਗਰ ਵਗ ਗਏ। ਇੰਨੀ ਰਾਤ ਗਏ ਇੰਜ ਘੁੰਮਣਾ ਮੇਰੇ ਲਈ ਨਵੀਂ ਗੱਲ ਸੀ। ਕਸ਼ਮੀਰ ਵਿਚ ਜਦੋਂ ਦੀ ਫੌਜ ਪੁੱਜੀ ਹੈ, ਦਿਨ ਢਲਦੇ ਹੀ ਸਭ ਕੁਝ ਠੱਪ ਹੋ ਜਾਂਦਾ ਹੈ; ਇੱਥੋਂ ਤੱਕ ਕਿ ਦੁਪਹਿਰ ਨੂੰ ਵੀ ਗਲੀਆਂ ਵਿਚ ਕਰਫਿਊ ਲੱਗਾ ਲੱਗਦਾ ਹੈ। ਬਾਹਰ ਜਾਂ ਤਾਂ ਕੁੱਤੇ ਭੌਂਕਣ ਦੀ ਆਵਾਜ਼ ਸੁਣਦੀ ਹੈ, ਤੇ ਜਾਂ ਫੌਜੀਆਂ ਦੇ ਬੂਟਾਂ ਦਾ ਖੜਾਕ ਅਤੇ ਗ਼ਸ਼ਤੀ ਗੱਡੀਆਂ ਦੀ ਸ਼ੂਕਰ।

ਸਾਰਾ ਕੁਝ ਬੜਾ ਅਜੀਬ ਲੱਗ ਰਿਹਾ ਹੈ। ਇਕ ਪਾਸੇ ਤਾਂ ਮੈਂ ਪਾਬੰਦੀਆਂ, ਤੌਖਲਿਆਂ ਤੇ ਅਨਿਸਚਿਤਤਾਵਾਂ ਅਤੇ ਸਦਾ ਲੱਗੇ ਰਹਿੰਦੇ ਧੁੜਕੂ ਤੋਂ ਦੂਰ ਆ ਕੇ ਖ਼ੁਸ਼ ਹਾਂ, ਦੂਜੇ ਬੰਨੇ ਉਸ ਜਲਾਲਤ ਤੇ ਖੁਆਰੀ ਬਾਰੇ ਸੋਚ ਕੇ ਤੜਫਦਾ ਹਾਂ ਜੋ ਕਸ਼ਮੀਰ ਵਿਚ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਘਰ ਨੂੰ ਓਦਰਿਆ ਮੈਂ ਘਰ ਫੋਨ ਕਰਨ ਲਈ ਟੈਲੀਫੋਨ ਬੂਥ ਅੰਦਰ ਵੜਦਾ ਹਾਂ। ਅੰਮਾ ਨੂੰ ਧੱਕਾ ਲੱਗਾ ਕਿ ਅਸੀਂ ਅਜੇ ਤੱਕ ਬਾਹਰ ਹੀ ਘੁੰਮੀ ਜਾਂਦੇ ਹਾਂ। ਮੈਂ ਉਹਦਾ ਤੌਖ਼ਲਾ ਖ਼ਤਮ ਕਰਨ ਦਾ ਯਤਨ ਕਰਦਿਆਂ ਦੱਸਿਆ ਕਿ ਫਿਕਰ ਨਾ ਕਰੇ, ਇੱਥੇ ਕੋਈ ਡਰ ਨਹੀਂ। ਉਹ ਹਮੇਸ਼ਾ ਵਾਂਗ ਫਿਕਰਮੰਦ ਸੀ, 'ਪਰ ਬੱਲਿਆ, ਖਿਆਲ ਤਾਂ ਰੱਖਣਾ ਚਾਹੀਦਾ।'

ਅਗਲੇ ਦਿਨ ਜ਼ੋਰਦਾਰ ਧਮਾਕੇ ਨਾਲ ਮੇਰੀ ਨੀਂਦ ਖੁੱਲ੍ਹੀ। ਮੈਂ ਤੁਰੰਤ ਕਮਰੇ 'ਚੋਂ ਬਾਹਰ ਭੱਜਿਆ ਕਿ ਹੋਇਆ ਕੀ ਹੈ? ਮੈਂ ਹੈਰਾਨ ਸਾਂ ਕਿ ਕੋਈ ਹੋਰ ਇਉਂ ਨਹੀਂ ਸੀ ਭੱਜਿਆ। ਮੈਂ ਨਾਲ

(ਬਾਕੀ ਅਗਲੇ ਸਫ਼ੇ 'ਤੇ)

ਖੜ੍ਹੇ ਵਿਦਿਆਰਥੀ ਨੂੰ ਪੁੱਛਿਆ। ਉਹਨੇ ਹੈਰਾਨ ਜਿਹਾ ਹੁੰਦਿਆਂ ਮੇਰੇ ਵੱਲ ਝਾਕਦਿਆਂ ਕਿਹਾ, 'ਪਟਾਕੇ ਹੋਣਗੇ। ਵਿਆਹ ਹੋ ਰਹੇ ਹੋਣਗੇ।'

ਮੇਰਾ ਭਰਾ ਮੈਨੂੰ ਸ਼ਾਲੀਮਾਰ ਬਾਗ਼ 'ਚ ਕੰਪਿਊਟਰ ਸੰਸਥਾ ਲੈ ਤੁਰਿਆ। ਮੈਂ ਇਕ ਪਾਰਟ-ਟਾਈਮ ਕੋਰਸ 'ਚ ਦਾਖਲਾ ਲੈ ਲਿਆ ਜੋ ਸਾਲ ਭਰ ਚੱਲਣਾ ਸੀ। ਕਲਾਸਾਂ ਅਗਲੇ ਹੀ ਦਿਨ ਸ਼ੁਰੂ ਹੋ ਰਹੀਆਂ ਸਨ।

ਅਗਲੇ ਦਿਨ ਕੰਪਿਊਟਰ ਸੰਸਥਾ ਜਾਣ ਲਈ ਜਿਉਂ ਹੀ ਮੈਂ ਹੋਸਟਲ 'ਚੋਂ ਨਿਕਲਿਆ, ਹੋਸਟਲ ਦੇ ਬਾਹਰ ਬੱਸ ਸਟਾਪ ਨੇੜੇ ਪੁਲਿਸ ਦੀ ਜਿਪਸੀ ਖੜ੍ਹੀ ਸੀ। ਮੈਂ ਆਪਣੀ ਜੇਬ ਵਿਚ ਪਛਾਣ ਪੱਤਰ ਟੋਹਿਆ। ਪਛਾਣ ਪੱਤਰ ਜੇਬ ਵਿਚ ਹੈ ਨਹੀਂ ਸੀ। ਮੈਂ ਰਤਾ ਕੁ ਅੱਗੇ ਵਧਿਆ ਅਤੇ ਗੱਡੀ ਕੋਲ ਜਾ ਕੇ ਰੁਕ ਗਿਆ। ਗੱਡੀ ਵਿਚ ਬੈਠੇ ਸਿਪਾਹੀ ਨੇ ਸਿਰ ਨੀਵਾਂ ਜਿਹਾ ਕਰਕੇ ਪੁੱਛਿਆ, "ਕੀ ਹੋਇਆ?" ਮੇਰਾ ਜਵਾਬ "ਕੁਝ ਨਹੀਂ" ਸੀ। ਬਿਨਾਂ ਕੋਈ ਸਵਾਲ ਕੀਤਿਆਂ ਉਹ ਮੇਰੇ ਵੱਲ ਝਾਕਦਾ ਰਿਹਾ। ਉਦੋਂ ਹੀ ਬੱਸ ਆ ਗਈ ਅਤੇ ਮੈਂ ਉਸ ਵਿਚ ਜਾ ਚੜ੍ਹਿਆ।

ਮੈਨੂੰ ਮਸਾਂ ਸੁੱਖ ਦਾ ਸਾਹ ਆਇਆ ਪਰ ਇਹ ਘਟਨਾ ਜ਼ਿਹਨ 'ਚ ਵਾਰ-ਵਾਰ ਘੁੰਮ ਰਹੀ ਸੀ। ਮੈਨੂੰ ਉਥੇ ਰੁਕਣਾ ਨਹੀਂ ਸੀ ਚਾਹੀਦਾ। ਉਹ ਸਿਪਾਹੀ ਕੀ ਸੋਚਦਾ ਹੋਵੇਗਾ? ਸ਼ੁਕਰ ਹੈ ਕਿ ਉਹਨੇ ਕੋਈ ਹੋਰ ਸਵਾਲ ਨਹੀਂ ਸਨ ਪੁੱਛੇ। ਜੇ ਉਹਨੂੰ ਪਤਾ ਲੱਗ ਜਾਂਦਾ ਕਿ ਮੈਂ ਕਸ਼ਮੀਰੀ ਹਾਂ, ਤਾਂ ਉਹ ਕਿਵੇਂ ਵਿਹਾਰ ਕਰਦਾ? ਫਿਰ ਮੁਸੀਬਤ ਖੜ੍ਹੀ ਹੋ ਜਾਂਦੀ। ਮੈਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਇਉਂ ਮੂਰਖਤਾ ਨਹੀਂ ਕਰਨੀ ਚਾਹੀਦੀ।

ਅੱਠ ਸਾਲਾਂ ਦੌਰਾਨ ਅਜਿਹਾ ਕਦੀ-ਕਦਾਈਂ ਹੀ ਹੋਇਆ ਹੋਵੇਗਾ ਕਿ ਪੁਲਿਸ ਦੀ ਗੱਡੀ ਕੋਲੋਂ ਲੰਘਣ ਲੱਗਿਆਂ ਪੁੱਛ-ਗਿੱਛ ਨਾ ਹੋਈ ਹੋਵੇ ਅਤੇ ਤਲਾਸ਼ੀ ਨਾ ਲਈ ਹੋਵੇ। ਸੰਸਥਾ 'ਚ ਪੁੱਜ ਕੇ ਪਤਾ ਲੱਗਾ ਕਿ ਅੱਜ ਕਲਾਸ ਕੋਈ ਨਹੀਂ ਸੀ ਲੱਗਣੀ। ਪੜ੍ਹਾਉਣ ਵਾਲਾ ਆਇਆ ਨਹੀਂ ਸੀ। ਇਸ ਲਈ ਮੈਂ ਦਫ਼ਤਰੋਂ ਪਛਾਣ ਪੱਤਰ ਬਣਵਾਉਣ ਦੀ ਸੋਚੀ। ਰਿਸੈਪਸ਼ਨਿਸਟ ਨੇ ਮੈਨੂੰ ਫੋਟੋਆਂ ਅਤੇ ਹੋਰ ਵੇਰਵੇ ਦੇਣ ਲਈ ਕਿਹਾ। ਮੈਨੂੰ ਕਾਰਡ ਛੇਤੀ ਚਾਹੀਦਾ ਸੀ ਪਰ ਕੁੜੀ ਕਹੇ ਕਿ ਘੱਟੋ-ਘੱਟ ਹਫ਼ਤਾ ਲੱਗਣਾ ਹੈ। ਮੈਂ ਉਹਨੂੰ ਸਮਝਾਉਣ ਦਾ ਬੜਾ ਯਤਨ ਕੀਤਾ ਪਰ ਆਖਰਕਾਰ ਉਹ ਖਿਝ ਗਈ। ਉਹਨੂੰ ਕੀ ਪਤਾ ਸੀ ਕਿ ਕਸ਼ਮੀਰੀ ਬਾਸ਼ਿੰਦੇ ਲਈ ਪਛਾਣ-ਪੱਤਰ ਦਾ ਕੀ ਮਤਲਬ ਹੈ?

ਕਸ਼ਮੀਰ ਵਿਚ ਕੋਈ ਸੋਚ ਵੀ ਨਹੀਂ ਸਕਦਾ ਕਿ ਪਛਾਣ-ਪੱਤਰ ਤੋਂ ਬਗੈਰ ਘਰ ਦੀ ਦਹਿਲੀਜ਼ ਤੋਂ ਪੈਰ ਬਾਹਰ ਰੱਖਿਆ ਜਾ ਸਕਦਾ ਹੈ। ਪਛਾਣ-ਪੱਤਰ ਨਾ ਹੋਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਵੱਡੀ ਕੀਮਤ ਤਾਰਨੀ ਪਈ ਹੈ। ਕਈਆਂ ਨੂੰ ਫੌਜ ਦੇ ਹਿਰਾਸਤੀ ਕੇਂਦਰਾਂ ਵਿਚ ਮਹੀਨਿਆਂ ਬੱਧੀ ਰਹਿਣਾ ਪਿਆ, ਬਹੁਤਿਆਂ ਨੂੰ ਤਸ਼ੱਦਦ ਝੱਲਣਾ ਪਿਆ; ਇੰਨਾ ਤਸ਼ੱਦਦ ਕਿ ਕਈ ਤਾਂ ਸਦਾ ਲਈ ਨਕਾਰਾ ਹੋ ਗਏ। ਕਸ਼ਮੀਰ ਵਿਚ ਪਛਾਣ-ਪੱਤਰ ਹਾਸਲ ਕਰਨ ਲਈ ਲੋਕ ਸਬੰਧਤ ਅਫ਼ਸਰਾਂ ਦੇ ਦਫ਼ਤਰਾਂ ਵਿਚ ਚੱਕਰ ਮਾਰਦੇ ਫਿਰਦੇ ਹਨ, ਇੱਥੋਂ ਤੱਕ ਕਿ ਕਲਰਕਾਂ ਨੂੰ ਵੱਢੀ ਦੇਣ ਲਈ ਵੀ ਤਿਆਰ ਹਨ।

ਹਫ਼ਤੇ ਭਰ ਦੀ ਉਡੀਕ ਤੋਂ ਬਾਅਦ ਮੈਨੂੰ ਪਛਾਣ-ਪੱਤਰ ਮਿਲ ਗਿਆ ਅਤੇ ਛੇਤੀ ਹੀ ਇਸ ਦੀ ਲੋੜ ਵੀ ਪੈ ਗਈ। ਮੈਂ ਡੀ ਟੀ ਸੀ ਦੀ ਬੱਸ ਰਾਹੀਂ ਕੰਪਿਊਟਰ ਸੰਸਥਾ ਤੋਂ ਪਰਤ ਰਿਹਾ ਸੀ। ਬੱਸ ਕਿੰਗਜ਼ਵੇ ਕੈਂਪ ਪਹੁੰਚੀ ਤਾਂ ਚੈਕਿੰਗ ਲਈ ਪੁਲਿਸ ਨੇ ਬੱਸ ਰੋਕ ਲਈ। ਇਕ ਪੁਲਿਸ ਮੁਲਾਜ਼ਮ ਬੱਸ ਅੰਦਰ ਚੜ੍ਹਿਆ ਅਤੇ ਸਾਰੀਆਂ ਸਵਾਰੀਆਂ 'ਤੇ ਨਜ਼ਰ ਘੁੰਮਾਈ। ਕੁਝ ਪਲ ਲਈ ਉਹ ਮੇਰੇ ਵੱਲ ਝਾਕਿਆ ਅਤੇ ਫਿਰ ਹੇਠਾਂ ਉਤਰਨ ਲਈ ਕਿਹਾ।

ਹੇਠਾਂ ਉਤਰ ਕੇ ਉਹਨੇ ਮੈਥੋਂ ਕਾਫ਼ੀ ਕੁਝ ਪੁੱਛਿਆ। ਮੈਂ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਆਪਣਾ ਕਾਰਡ ਵੀ ਦਿਖਾਇਆ। ਮੈਨੂੰ ਜਾਪਿਆ ਕਿ ਮੇਰੇ ਜਵਾਬਾਂ ਦੀ ਥਾਂ ਕਾਰਡ ਨੇ ਉਸ ਦੀ ਵੱਧ ਤਸੱਲੀ ਕਰਵਾਈ, ਪਰ ਜਾਣ ਤੋਂ ਪਹਿਲਾਂ ਮੈਂ ਇਹ ਪੁੱਛਣੋਂ ਨਾ ਰਹਿ ਸਕਿਆ ਕਿ ਇੰਨੀਆਂ ਸਵਾਰੀਆਂ 'ਚੋਂ ਉਹਨੇ ਮੈਥੋਂ ਹੀ ਪੁੱਛ-ਗਿੱਛ ਕਿਉਂ ਕੀਤੀ? ਉਹ ਬੋਲਿਆ, "ਮੈਨੂੰ ਸ਼ੱਕ ਪੈ ਗਿਆ ਸੀ।" ਮੈਂ ਫਿਰ ਪੁੱਛਿਆ, "ਕਿਤੇ ਦਾੜ੍ਹੀ ਕਰਕੇ ਤਾਂ ਨਹੀਂ ਪੁੱਛਿਆ, ਜਾਂ ਮੈਂ ਕਸ਼ਮੀਰੀ ਲੱਗਦਾ ਹਾਂ?" ਉਹਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਇਕ ਹੋਰ ਬੱਸ ਵੱਲ ਚੱਲ ਪਿਆ।

ਹੋਸਟਲ ਪਰਤ ਕੇ ਮੈਂ ਇਹ ਗੱਲ ਆਪਣੇ ਭਰਾ ਨੂੰ ਦੱਸੀ। ਉਹਦੇ ਜਵਾਬ ਨਾਲ ਮੈਂ ਦੰਗ ਹੀ ਰਹਿ ਗਿਆ, "ਇੱਦਾਂ ਦੀ ਦਾੜ੍ਹੀ ਰੱਖੇਂਗਾ ਤਾਂ ਇੱਦਾਂ ਹੀ ਹੋਣਾ।" ਪਰ ਇਹ ਗੱਲ ਮਨ ਨਾ ਲੱਗੀ ਅਤੇ ਦਾੜ੍ਹੀ ਕੁਰਬਾਨ ਕਰਨ ਦਾ ਖ਼ਿਆਲ ਬਹੁਤ ਚੁਭਿਆ।

ਕੰਪਿਊਟਰ ਸੰਸਥਾ 'ਚ ਮੈਂ ਇਕੱਲਾ ਮੁਸਲਮਾਨ ਅਤੇ ਕਸ਼ਮੀਰੀ ਸਾਂ। ਸਾਡੇ ਬੈਚ ਵਿਚ 17 ਵਿਦਿਆਰਥੀ ਸਨ, 10 ਮੁੰਡੇ ਤੇ 7 ਕੁੜੀਆਂ। ਪਹਿਲਾਂ-ਪਹਿਲਾਂ ਮੈਂ ਉਨ੍ਹਾਂ ਤੋਂ ਪਰ੍ਹਾਂ-ਪਰ੍ਹਾਂ ਹੀ ਰਿਹਾ। ਛੇਤੀ ਹੀ ਮੈਨੂੰ ਪਤਾ ਲੱਗ ਗਿਆ ਕਿ ਉਹ ਮੈਨੂੰ 'ਐਂਗਰੀ ਯੰਗਮੈਨ' ਸੱਦਦੇ ਹਨ। ਇਸ ਨਾਮਕਰਨ ਤੋਂ ਖਹਿੜਾ ਛੁਡਾਉਣ ਲਈ ਮੈਂ ਉਨ੍ਹਾਂ ਨਾਲ ਘੁਲਣਾ-ਮਿਲਣਾ ਸ਼ੁਰੂ ਕੀਤਾ ਪਰ ਇਕ ਘਟਨਾ ਨੇ ਇਕ ਵਾਰ ਫਿਰ ਉਨ੍ਹਾਂ ਅਤੇ ਮੇਰੇ ਵਿਚਾਲੇ ਪਾੜਾ ਵਧਾ ਦਿੱਤਾ।

ਇਕ ਰੋਜ਼ਾ ਕ੍ਰਿਕਟ ਲੜੀ ਵਿਚ ਪਾਕਿਸਤਾਨ ਨੇ ਭਾਰਤ ਨੂੰ ਹਰਾ ਦਿੱਤਾ। ਇਹ ਹਾਰ ਉਨ੍ਹਾਂ ਨੂੰ ਪਚ ਨਹੀਂ ਸੀ ਰਹੀ ਅਤੇ ਸਾਰਾ ਦਿਨ ਇਸ ਬਾਰੇ ਹੀ ਗੱਲਾਂ ਹੋਈਆਂ। ਨਿਸ਼ਾਨਾ ਮੁਹੰਮਦ ਅਜ਼ਹਰੂਦੀਨ ਸੀ। ਉਹ ਟੀਮ ਦਾ ਕਪਤਾਨ ਸੀ ਅਤੇ ਉਸ ਦੀ ਨੁਕਤਾਚੀਨੀ ਹੋਣੀ ਹੀ ਸੀ, ਪਰ ਉਹ ਤਾਂ ਉਸ ਦੇ ਮੁਸਲਮਾਨ ਹੋਣ 'ਤੇ ਉਸ ਨੂੰ ਭੰਡ ਰਹੇ ਸਨ। ਮੈਥੋਂ ਝੱਲ ਨਹੀਂ ਹੋਇਆ ਅਤੇ ਨਾ-ਪਸੰਦੀ ਜ਼ਾਹਿਰ ਕਰਦਿਆਂ ਮੈਂ ਪੁੱਛਿਆ, "ਜੇ ਟੀਮ ਜਿੱਤੇ ਤਾਂ ਸਚਿਨ ਤੇਂਦੁਲਕਰ ਦਾ ਨਾਂ ਤੇ ਜੇ ਹਾਰ ਜਾਵੇ ਤਾਂ ਮੁਹੰਮਦ ਅਜ਼ਹਰੂਦੀਨ ਦਾ। ਚੰਗੀ ਖੇਡ ਦੇ ਬਾਵਜੂਦ ਉਸ ਦੀ ਨੁਕਤਾਚੀਨੀ ਇਸ ਕਰਕੇ ਹੋ ਰਹੀ ਹੈ ਕਿ ਉਹ ਮੁਸਲਮਾਨ ਹੈ। ਇਹ ਤਾਂ ਠੀਕ ਨਹੀਂ!" ਉਨ੍ਹਾਂ ਵਿਚੋਂ ਇਕ ਬੋਲਿਆ, "ਤੈਨੂੰ ਨਹੀਂ ਪਤਾ ਮੁਸਲਮਾਨ ਕਿੰਨੇ ਮਾੜੇ ਹੁੰਦੇ ਨੇ। ਇਹ ਹਮੇਸ਼ਾ ਪਾਕਿਸਤਾਨ ਨਾਲ ਖੜ੍ਹਦੇ ਨੇ।" ਜਦੋਂ ਮੈਂ ਕਿਹਾ ਕਿ ਮੈਂ ਵੀ ਤਾਂ ਮੁਸਲਮਾਨ ਹਾਂ। ਕੀ ਮੇਰੇ ਬਾਰੇ ਵੀ ਤੁਹਾਡੇ ਇਹੀ ਖਿਆਲ ਨੇ, ਤਾਂ ਉਨ੍ਹਾਂ ਦੇ ਚਿਹਰਿਆਂ ਦਾ ਰੰਗ ਉਡ ਗਿਆ। ਫਿਰ ਉਨ੍ਹਾਂ ਮੇਰੇ ਨਾਲ ਕੋਈ ਗੱਲ ਸਾਂਝੀ ਨਾ ਕੀਤੀ ਅਤੇ ਕੁਝ ਦਿਨਾਂ ਬਾਅਦ ਮੈਨੂੰ ਪਤਾ ਲੱਗਾ ਕਿ ਉਹ ਮੈਨੂੰ ਕਸ਼ਮੀਰੀ ਪੰਡਤ ਸਮਝਦੇ ਰਹੇ ਸਨ।

ਹੋਸਟਲ ਵਿਚ ਵੀ ਇੱਦਾਂ ਦੇ ਕਈ ਕਿੱਸੇ ਬਣੇ। ਉਥੇ ਤਾਂ ਮੈਂ ਸਾਰਿਆਂ ਲਈ ਗਿਲਾਨੀ ਜੀ ਦਾ ਭਰਾ ਬਣ ਕੇ ਰਹਿ ਗਿਆ ਸਾਂ। ਉਂਜ, ਅਸਲ ਪੁਆੜਾ ਤਾਂ ਕਸ਼ਮੀਰ ਦਾ ਹੀ ਸੀ। ਜਿੰਨੇ ਵੀ ਵਿਦਿਆਰਥੀਆਂ ਨਾਲ ਮੇਰੀ ਗੱਲਬਾਤ ਹੋਈ, ਉਨ੍ਹਾਂ ਨੂੰ ਕਸ਼ਮੀਰ ਬਾਰੇ ਬਹੁਤ ਗ਼ਲਤਫਹਿਮੀਆਂ ਸਨ। ਕਸ਼ਮੀਰ ਬਾਰੇ ਉਨ੍ਹਾਂ ਗਾਈਡਾਂ 'ਚ ਹੀ ਪੜ੍ਹਿਆ ਸੀ ਅਤੇ ਇਨ੍ਹਾਂ ਵਿਚ ਕਸ਼ਮੀਰ ਬੱਸ ਛੁੱਟੀਆਂ ਮਨਾਉਣ ਦੀ ਥਾਂ ਜਾਂ ਅਖ਼ਬਾਰੀ ਰਿਪੋਰਟਾਂ ਵਿਚ ਤੋੜ-ਮਰੋੜ ਕੇ ਪੇਸ਼ ਕੀਤੇ ਤੱਥ ਸਨ। ਉਹ ਮੈਨੂੰ ਕਸ਼ਮੀਰ ਬਾਰੇ ਪੁੱਛਦੇ ਅਤੇ ਜਿੰਨਾ ਕੁ ਮੈਨੂੰ ਪਤਾ ਹੁੰਦਾ, ਮੈਂ ਦੱਸ ਦਿੰਦਾ ਪਰ ਕੁਝ ਕੁ ਨੂੰ ਛੱਡ ਕੇ ਕੋਈ ਮੁੜ ਗੱਲ ਨਹੀਂ ਸੀ ਕਰਦਾ। ਜੇ ਕਦੀ ਗੱਲ ਹੁੰਦੀ ਵੀ, ਉਹ ਮੇਰੇ ਖਿਆਲਾਂ ਨੂੰ ਰੱਦ ਹੀ ਕਰਦੇ। ਫਿਰ ਮੈਨੂੰ ਲੱਗਿਆ ਮੇਰੀ ਹੋਂਦ ਹੀ ਉਨ੍ਹਾਂ ਨੂੰ ਚੁਭਦੀ ਹੈ।

ਇਕ ਵਿਦਿਆਰਥੀ ਨੇ ਮੈਨੂੰ ਕਸ਼ਮੀਰ ਬਾਰੇ ਸ਼ਰ੍ਹੇਆਮ ਗੱਲ ਨਾ ਕਰਨ ਲਈ ਕਿਹਾ। ਉਹਨੇ ਮੈਨੂੰ ਕਿਸੇ ਹੋਰ ਨਾਲ ਗੱਲਾਂ ਕਰਦਿਆਂ ਸੁਣਿਆ ਸੀ। ਨਾਲ ਹੀ ਉਹਨੇ ਦੱਸਿਆ ਕਿ ਹੋਸਟਲ ਵਿਚ ਇਕ ਕਸ਼ਮੀਰੀ ਵਿਦਿਆਰਥੀ ਨੂੰ ਕੁਝ ਵਿਦਿਆਰਥੀਆਂ ਨੇ ਬੇਤਹਾਸ਼ਾ ਕੁੱਟਿਆ ਸੀ। ਇਹ ਵਿਦਿਆਰਥੀ ਵੀ ਕਸ਼ਮੀਰ ਬਾਰੇ ਪੂਰੇ ਜੱਜ਼ਬੇ ਨਾਲ ਗੱਲ ਕਰਦਾ ਹੁੰਦਾ ਸੀ।

ਪਿੱਛੋਂ ਭਾਵੇਂ ਮੈਂ ਇਸ ਮੁੰਡੇ ਦੀ ਸਲਾਹ ਮੰਨਣ ਦਾ ਫੈਸਲਾ ਕੀਤਾ ਪਰ ਖੋਜ ਵਿਦਵਾਨਾਂ ਦੇ ਇਸ ਪੱਖਪਾਤ ਦੀਆਂ ਛਿੱਲਤਾਂ ਮੇਰੇ ਧੁਰ ਅੰਦਰ ਤੱਕ ਪੁੜੀਆਂ ਗਈਆਂ।

ਫਿਰ ਬਰਸਾਤ ਆਈ ਅਤੇ ਮੈਨੂੰ ਬਿਮਾਰੀ ਨੇ ਦੱਬ ਲਿਆ। ਸਰੀਰ ਦੀ ਸਾਰੀ ਸੱਤਿਆ ਹੀ ਸੂਤੀ ਗਈ। ਲਗਾਤਾਰ ਮਹੀਨਾ ਭਰ ਬੁਖ਼ਾਰ ਨਾਲ ਘੁਲਦਾ ਰਿਹਾ ਅਤੇ ਕੁਝ ਕਰਨ ਜੋਗਾ ਨਾ ਰਿਹਾ। ਫਿਰ ਡਾਕਟਰ ਦੇ ਕਹਿਣ 'ਤੇ ਮੈਂ ਕਸ਼ਮੀਰ ਪਰਤ ਗਿਆ।

ਚਿਰ ਪਿੱਛੋਂ ਵਾਪਸ ਆਇਆ ਅਤੇ ਕੰਪਿਊਟਰ ਕੋਰਸ 'ਚ ਫਿਰ ਦਾਖਲਾ ਲੈ ਲਿਆ। ਇਸ ਦੇ ਨਾਲ ਮੈਂ ਪੱਤਰ-ਵਿਹਾਰ ਰਾਹੀਂ ਦਿੱਲੀ ਯੂਨੀਵਰਸਿਟੀ ਤੋਂ ਬੀ.ਕਾਮ. ਕਰਨ ਲੱਗਾ। ਸੋਚਿਆ, ਨਾਲ ਹੀ ਅਰਬੀ ਦਾ ਸਰਟੀਫਿਕੇਟ ਕੋਰਸ ਹੀ ਕਰ ਲਵਾਂ। ਇਨ੍ਹਾਂ ਰੁਝੇਵਿਆਂ ਨਾਲ ਮੈਂ ਪਿਛਲੀ ਵਾਰ ਵਾਲੇ ਅਕੇਵੇਂ ਤੋਂ ਬਚ ਗਿਆ। ਨਾਲੇ ਦਿੱਲੀ ਵਿਚ ਹੁਣ ਮੇਰਾ ਇਕ ਮਿੱਤਰ ਵੀ ਸੀ। ਉਸ ਦਾ ਭਰਾ ਜੰਮੂ-ਕਸ਼ਮੀਰ ਬੈਂਕ ਦਾ ਮੁਲਾਜ਼ਮ ਸੀ, ਜਿਹੜਾ ਆਜ਼ਾਦਪੁਰ ਵਾਲੀ ਬ੍ਰਾਂਚ ਵਿਚ ਤਾਇਨਾਤ ਸੀ। ਮੇਰਾ ਮਿੱਤਰ ਉਸ ਕੋਲ ਰਹਿਣ ਆਇਆ ਹੋਇਆ ਸੀ। ਮੈਨੂੰ ਤਾਂ ਚਾਅ ਚੜ੍ਹਿਆ ਹੋਇਆ ਸੀ ਅਤੇ ਮੈਂ ਆਦਰਸ਼ ਨਗਰ 'ਚ ਉਨ੍ਹਾਂ ਦੇ ਘਰ ਗੇੜੇ 'ਤੇ ਗੇੜਾ ਰੱਖਦਾ ਜਿੱਥੇ ਉਹ ਕਿਰਾਏ 'ਤੇ ਰਹਿੰਦੇ ਸਨ।

ਗੱਲ ਅਗਸਤ 1997 ਦੀ ਹੈ। ਭਾਰਤ ਦੀ ਆਜ਼ਾਦੀ ਦੀ ਗੋਲਡਨ ਜੁਬਲੀ ਵਰ੍ਹੇਗੰਢ ਦੇ ਜਸ਼ਨ ਮਨਾਏ ਜਾ ਰਹੇ ਸਨ। ਹੋਸਟਲ ਵਾਲੇ ਵਿਦਿਆਰਥੀਆਂ ਨੇ ਵੀ ਯੂਨੀਵਰਸਿਟੀ 'ਚ ਮਾਰਚ ਦੀ ਯੋਜਨਾ ਬਣਾਈ। ਇਕ ਮੁੰਡਾ ਮੈਨੂੰ ਮਾਰਚ ਵਿਚ ਸ਼ਾਮਲ ਹੋਣ ਲਈ ਕਮਰੇ 'ਚ ਸੱਦਣ ਆਇਆ। ਕਮਰੇ 'ਚ ਮੈਂ ਇਕੱਲਾ ਹੀ ਸੀ। ਉਹ ਹੋਰ ਕਮਰਿਆਂ 'ਚ ਵੀ ਗਿਆ। ਜਾਂਦਾ-ਜਾਂਦਾ ਉਹ ਮੇਰੇ ਕਮਰੇ ਵਿਚ ਫਿਰ ਆਇਆ ਅਤੇ ਜਲਦੀ ਕਰਨ ਲਈ ਕਿਹਾ। ਮੈਂ ਕਿਹਾ, ਬੱਸ! ਜ਼ਰਾ ਕੱਪੜੇ ਬਦਲ ਲਵਾਂ ਅਤੇ ਬੂਹਾ ਢੋਹ ਦੇਵਾਂ। ਕੁਝ ਮਿੰਟਾਂ ਬਾਅਦ ਉਹ ਫਿਰ ਬੂਹੇ 'ਤੇ ਸੀ। ਉਹ ਚਾਹੁੰਦਾ ਸੀ ਕਿ ਮਾਰਚ ਵਿਚ ਸਾਰੇ ਹਿੱਸਾ ਲੈਣ। ਅੱਧੇ ਵਿਦਿਆਰਥੀਆਂ ਦੇ ਹੱਥਾਂ ਵਿਚ ਮਸ਼ਾਲਾਂ ਸਨ। ਇਕ ਮਸ਼ਾਲ ਮੈਨੂੰ ਵੀ ਫੜਾਈ ਗਈ, ਮੈਂ ਇਨਕਾਰ ਨਾ ਕਰ ਸਕਿਆ। 'ਭਾਰਤ ਮਾਤਾ ਕੀ ਜੈ' ਦੇ ਨਾਅਰਿਆਂ ਨਾਲ ਮਾਰਚ ਸ਼ੁਰੂ ਹੋ ਗਿਆ।

ਮੇਰੇ ਜ਼ਿਹਨ ਦੀ ਫਿਰਕੀ ਕਸ਼ਮੀਰ ਨਾਲ ਜਾ ਜੁੜੀ ਜਿਥੇ ਫੌਜ ਲੋਕਾਂ ਨੂੰ ਘਰਾਂ ਵਿਚੋਂ ਬਾਹਰ ਕੱਢਦੀ ਹੈ, ਲਾਈਨ ਲਵਾਉਂਦੀ ਹੈ ਅਤੇ 'ਜੈ ਹਿੰਦ' ਦੇ ਨਾਅਰੇ ਲਾਉਣ ਲਈ ਕਹਿੰਦੀ ਹੈ। ਫਿਰ ਸਾਰਿਆਂ ਨੂੰ ਵੱਡੀ ਗਰਾਊਂਡ ਤੱਕ ਹੱਕਿਆ ਜਾਂਦਾ ਹੈ। ਲੋਕਾਂ ਨੂੰ ਭਾਰਤ ਦੀ ਮੁੱਖਧਾਰਾ ਨਾਲ ਜੋੜਨ ਦਾ ਸ਼ਾਇਦ ਇਹੀ ਇਕ ਤਰੀਕਾ ਸੀ!

ਅਗਲੇ ਦਿਨ ਮੈਂ ਆਪਣੇ ਮਿੱਤਰ ਨੂੰ ਮਿਲਣ ਆਦਰਸ਼ ਨਗਰ ਗਿਆ। ਉਹ ਦੋਵੇਂ ਭਰਾ ਅਤੇ ਮੈਂ ਬੈਠੇ ਸਾਂ ਕਿ ਕੁਝ ਕਸ਼ਮੀਰੀ ਉਥੇ ਆਏ, ਤੇ ਮੇਰੇ ਮਿੱਤਰ ਦੇ ਭਰਾ ਨੂੰ ਉਨ੍ਹਾਂ ਨਾਲ ਥਾਣੇ ਜਾਣ ਲਈ ਕਿਹਾ। ਇਨ੍ਹਾਂ ਦੇ ਕੁਝ ਮਿੱਤਰਾਂ ਨੂੰ ਚੰਦ ਰੋਜ਼ ਪਹਿਲਾਂ ਫੜਿਆ ਗਿਆ ਸੀ, ਹੁਣ ਇਨ੍ਹਾਂ ਨੂੰ ਛੁਡਾਉਣਾ ਸੀ। ਨਾਲ ਹੀ ਉਨ੍ਹਾਂ ਦੱਸਿਆ ਕਿ 15 ਅਗਸਤ ਅਤੇ 26 ਜਨਵਰੀ ਤੋਂ ਪਹਿਲਾਂ ਕਸ਼ਮੀਰੀਆਂ ਨੂੰ ਫੜ ਲਿਆ ਜਾਂਦਾ ਹੈ ਅਤੇ ਕੁਝ ਦਿਨ ਬਾਅਦ ਛੱਡ ਦਿੱਤਾ ਜਾਂਦਾ ਹੈ। ਚਿਰਾਂ ਤੋਂ ਇਹੀ ਸਿਲਸਿਲਾ ਚੱਲ ਰਿਹਾ ਹੈ, ਡਰਨ ਵਾਲੀ ਕੋਈ ਗੱਲ ਨਹੀਂ।

ਹੋਸਟਲ 'ਚ ਮੈਂ ਆਪਣੇ ਭਰਾ ਨਾਲ ਰਿਹਾ। 1998 ਵਿਚ ਉਹਨੂੰ ਜ਼ਾਕਿਰ ਹੁਸੈਨ ਕਾਲਜ (ਈਵਨਿੰਗ) ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ ਅਤੇ ਫਿਰ ਮੈਂ ਪੀਤਮਪੁਰ ਵਿਚ ਕਿਰਾਏ ਦੇ ਫਲੈਟ 'ਚ ਆ ਗਿਆ। ਪਿੱਛੋਂ ਮੇਰਾ ਭਰਾ ਆਪਣੇ ਟੱਬਰ ਨੂੰ ਵੀ ਕਸ਼ਮੀਰ ਤੋਂ ਲੈ ਆਇਆ। ਛੇਤੀ ਹੀ ਪੀਤਮਪੁਰ ਛੱਡਣਾ ਪਿਆ। ਸਾਡੇ ਦੋਹਾਂ ਲਈ ਯੂਨੀਵਰਸਿਟੀ ਦੂਰ ਸੀ ਅਤੇ ਰੋਜ਼ ਆਉਣਾ-ਜਾਣਾ ਔਖਾ ਸੀ। ਸਾਡਾ ਨਵਾਂ ਟਿਕਾਣਾ ਮੁਖਰਜੀ ਨਗਰ ਵਿਚ ਦੂਜੀ ਮੰਜ਼ਿਲ ਵਾਲੇ ਫਲੈਟ 'ਚ ਬਣਿਆ।

ਨਵੇਂ ਘਰ 'ਚ ਕਈ ਹਫ਼ਤੇ ਅਸੀਂ ਬਹੁਤ ਔਖੇ ਕੱਟੇ। ਸਾਡਾ ਮਕਾਨ ਮਾਲਕ ਅਤੇ ਉਸ ਦਾ ਟੱਬਰ ਸਾਡੇ ਬਾਰੇ ਕੁਝ ਜ਼ਿਆਦਾ ਹੀ ਚੌਕਸ ਰਹਿੰਦਾ ਸੀ। ਮਾੜੀ ਜਿਹੀ ਆਵਾਜ਼ ਆਈ ਨਹੀਂ, ਤੇ ਉਨ੍ਹਾਂ ਪੁੱਛਿਆ ਨਹੀਂ। ਉਂਜ, ਕੁਝ ਸਮੇਂ ਬਾਅਦ ਦੋਵੇਂ ਟੱਬਰ ਘੁਲ-ਮਿਲ ਗਏ। ਪਿੱਛੋਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਗੁਆਂਢੀ ਹੀ ਵਧੇਰੇ ਸ਼ੱਕ ਕਰ ਰਹੇ ਸਨ। ਇਸੇ ਕਰਕੇ ਉਹ ਇੰਨੇ ਖ਼ਬਰਦਾਰ ਰਹਿੰਦੇ ਸਨ। ਇਨ੍ਹਾਂ ਗੁਆਂਢੀਆਂ ਨੇ ਉਨ੍ਹਾਂ ਨੂੰ ਕਸ਼ਮਰੀਆਂ ਨੂੰ ਘਰ ਕਿਰਾਏ 'ਤੇ ਦੇਣ ਤੋਂ ਵੀ ਵਰਜਿਆ ਸੀ। ਉਨ੍ਹਾਂ ਮੁਤਾਬਕ ਬਹੁਤੇ ਕਸ਼ਮੀਰੀ ਦਹਿਸ਼ਤਪਸੰਦ ਹੁੰਦੇ ਹਨ। ਜਦੋਂ ਵੀ ਪੌੜੀਆਂ ਤੋਂ ਆਵਾਜ਼ ਆਉਂਦੀ, ਉਹ ਸਾਡੇ ਮਕਾਨ ਮਾਲਕਾਂ ਨੂੰ ਕਹਿੰਦੇ, ਉਪਰ ਜਾ ਕੇ ਦੇਖੋ, ਕਿਤੇ ਬੰਬ ਹੀ ਨਾ ਬਣਾਉਂਦੇ ਹੋਣ!

ਇਸ ਘਰ ਵਿਚ ਪਹਿਲਾ ਪ੍ਰਾਹੁਣਾ ਕਸ਼ਮੀਰ ਤੋਂ ਆਇਆ। ਸਾਡਾ ਰਿਸ਼ਤੇਦਾਰ ਸੀ। ਇਕ ਰੋਜ਼ ਮੈਂ ਅਤੇ ਉਹ ਕੁਝ ਖਰੀਦਣ ਲਈ ਕਿੰਗਜ਼ ਵੇਅ ਕੈਂਪ ਮਾਰਕਿਟ ਜਾ ਰਹੇ ਸਾਂ। ਉਹ ਰਿਕਸ਼ੇ 'ਚ ਨਹੀਂ ਸੀ ਬੈਠ ਰਿਹਾ। ਬੜਾ ਸਮਝਾਇਆ ਕਿ ਮਾਰਕਿਟ ਜਾਣ ਲਈ ਇਹੋ ਇਕ ਵਸੀਲਾ ਹੈ। ਆਖਰਕਾਰ ਉਹ ਰਿਕਸ਼ੇ 'ਚ ਬੈਠ ਗਿਆ। ਉਹ ਹੱਕਾ-ਬੱਕਾ ਰਹਿ ਗਿਆ ਸੀ ਅਤੇ ਹੈਰਾਨ ਵੀ: 'ਤੁਹਾਡੇ 'ਚੋਂ ਇਨਸਾਨੀਅਤ ਮਰ ਹੀ ਗਈ ਹੈ? ਇਹ ਕਿਵੇਂ ਹੋ ਸਕਦਾ ਕਿ ਕੋਈ ਆਦਮੀ, ਆਦਮੀ ਨੂੰ ਪਸ਼ੂਆਂ ਵਾਂਗ ਖਿੱਚੇ?' ਮੈਨੂੰ ਨਹੀਂ ਚੇਤਾ ਉਹ ਰਿਕਸ਼ੇ 'ਤੇ ਮੇਰੇ ਨਾਲ ਕਿੰਨੀ ਵਾਰ ਬੈਠਿਆ ਪਰ ਹਰ ਵਾਰ ਮੈਂ ਉਹਦੇ ਵਿਚੋਂ ਕੁਝ ਟੁੱਟਦਾ-ਭੁਰਦਾ ਜ਼ਰੂਰ ਦੇਖਿਆ। ਉਦੋਂ ਇਕ ਬੰਦੇ ਦੇ ਤਿੰਨ ਰੁਪਏ ਲੱਗਦੇ ਹੁੰਦੇ ਸਨ ਅਤੇ ਉਹ 10 ਰੁਪਏ ਦੇਣ ਲਈ ਜ਼ੋਰ ਪਾਉਂਦਾ।

ਮੁਖਰਜੀ ਨਗਰ 'ਚ ਕੋਈ ਦਿੱਕਤ ਪੇਸ਼ ਨਹੀਂ ਆਈ। ਮੈਂ ਅਜਿਹੀ ਕੋਈ ਗੱਲ ਕਿਸੇ ਨਾਲ ਨਹੀਂ ਸਾਂ ਕਰਦਾ ਜਿਸ ਕਾਰਨ ਕੋਈ ਤੱਦੀ ਪੈਂਦੀ। ਇਲਾਕੇ ਵਿਚ ਵਾਕਫ਼ੀ ਵੀ ਹੋ ਗਈ। ਸਭ ਤੋਂ ਵੱਧ ਨੇੜਤਾ ਮਕਾਨ-ਮਾਲਕ ਦੇ ਭਤੀਜੇ ਮੁਕੇਸ਼ ਨਾਲ ਹੋਈ ਜਿਹਨੇ ਘਰੇ ਸਾਈਬਰ ਕੈਫ਼ੇ ਖੋਲ੍ਹ ਲਿਆ ਸੀ। ਇਸ ਕੈਫ਼ੇ ਵਿਚ ਮੈਂ ਘੰਟਿਆਂ ਦੇ ਘੰਟੇ ਗੁਜ਼ਾਰਦਾ, ਨੈਟ 'ਤੇ ਸਰਫਿੰਗ ਕਰਦਾ ਜਾਂ ਮੁਕੇਸ਼ ਨਾਲ ਗੱਲਾਂ ਮਾਰਦਾ। ਕਈ ਵਾਰ ਅਸੀਂ ਦੇਰ ਰਾਤ ਤੱਕ ਬੈਠੇ ਰਹਿੰਦੇ। ਕੈਫ਼ੇ ਬੰਦ ਕਰਨ ਤੋਂ ਪਹਿਲਾਂ ਮੁਕੇਸ਼ ਨੇੜਲੀ ਟੀ-ਸਟਾਲ ਤੋਂ ਚਾਹ ਪੀਂਦਾ। ਉਹਦਾ ਪਿਓ ਵੀ ਮੈਨੂੰ ਚਾਅ ਨਾਲ ਮਿਲਦਾ। ਕੈਫ਼ੇ ਵਿਚ ਜਦੋਂ ਉਹ ਇਕੱਲਾ ਹੁੰਦਾ, ਮੈਨੂੰ ਸੱਦ ਲੈਂਦਾ ਅਤੇ ਗੱਲਾਂ ਕਰਦਾ ਰਹਿੰਦਾ। ਅਮਰੀਕਾ ਵਿਚ ਹੋਏ 9/11 ਤੱਕ ਸਭ ਕੁਝ ਠੀਕ ਚੱਲਿਆ। ਫਿਰ ਬਤੌਰ ਮੁਸਲਮਾਨ ਅਤੇ ਕਸ਼ਮੀਰ, ਅਸੁਰੱਖਿਅਤ ਅਤੇ ਗੈਰ-ਯਕੀਨੀ ਦੀ ਭਾਵਨਾ ਮਹਿਸੂਸ ਹੋਣ ਲੱਗੀ। ਉਨ੍ਹਾਂ ਦਿਨਾਂ ਵਿਚ ਮੈਂ ਜਿੰਨੇ ਵੀ ਮੁਸਲਮਾਨਾਂ ਅਤੇ ਕਸ਼ਮੀਰੀਆਂ ਨੂੰ ਮਿਲਿਆ, ਸਭ ਲਈ ਭਵਿੱਖ 'ਤੇ ਸਵਾਲੀਆ ਚਿੰਨ੍ਹ ਲੱਗਾ ਹੋਇਆ ਸੀ। ਹਰ ਕੋਈ ਸੋਚ ਰਿਹਾ ਸੀ ਕਿ ਛੇਤੀ ਹੀ ਕੁਝ ਬਦਤਰ ਹੋਣ ਵਾਲਾ ਹੈ।

ਫਿਰ 13 ਦਸੰਬਰ ਆ ਗਿਆ। ਇਹ ਰਮਜ਼ਾਨ ਦਾ ਮਹੀਨਾ ਸੀ ਅਤੇ ਅਗਲੇ ਦਿਨ ਸ਼ਬ-ਏ-ਕਾਦਰ ਸੀ। ਸਵੇਰੇ ਮਕਾਨ ਮਾਲਕ ਵੱਲੋਂ ਕੁੰਡਾ ਖੜਕਾਉਣ 'ਤੇ ਅਸੀਂ ਉਠੇ। ਉਹ ਟੈਲੀਵਿਜ਼ਨ ਲਾਉਣ ਲਈ ਕਹਿ ਰਿਹਾ ਸੀ। ਅਸੀਂ ਸਾਹ ਰੋਕ ਕੇ ਅਤੇ ਬੇ-ਯਕੀਨੀ ਜਿਹੀ 'ਚ ਅੱਖਾਂ ਟੱਡ ਕੇ ਭਾਰਤੀ ਸੰਸਦ 'ਤੇ ਹਮਲੇ ਵਾਲੀਆਂ ਖ਼ਬਰਾਂ ਦੇਖੀਆਂ। ਸਾਡੇ ਜ਼ਿਹਨ ਵਿਚ ਜੋ ਖੌਰੂ ਪੈ ਰਿਹਾ ਸੀ, ਉਸ ਨੂੰ ਮੇਰੀ ਭਰਜਾਈ ਨੇ ਸ਼ਬਦ ਦਿੱਤੇ। ਉਹਨੇ ਕਿਹਾ, "ਅਬ ਕਿਸੀ ਕਸ਼ਮੀਰੀ ਕੀ ਸ਼ਾਮਤ ਆਏਗੀ।" ਉਹਨੂੰ ਨਹੀਂ ਸੀ ਪਤਾ ਕਿ ਸ਼ਾਮਤ ਉਸ ਦੇ ਖਾਵੰਦ ਦੀ ਹੀ ਆਉਣ ਵਾਲੀ ਹੈ।

ਮੇਰੇ ਭਰਾ ਨੂੰ 14 ਦਸੰਬਰ 2001 ਨੂੰ ਚੁੱਕ ਲਿਆ ਗਿਆ। ਉਸ ਵੇਲੇ ਉਹ ਨਮਾਜ਼ ਲਈ ਮਾਲ ਰੋਡ ਵਾਲੀ ਮਸੀਤ ਜਾ ਰਿਹਾ ਸੀ।

***ਜਿੰਨੇ ਵੀ ਵਿਦਿਆਰਥੀਆਂ ਨਾਲ ਮੇਰੀ ਗੱਲਬਾਤ ਹੋਈ, ਉਨ੍ਹਾਂ ਨੂੰ ਕਸ਼ਮੀਰ ਬਾਰੇ ਬਹੁਤ ਗ਼ਲਤਫਹਿਮੀਆਂ ਸਨ। ਕਸ਼ਮੀਰ ਬਾਰੇ ਉਨ੍ਹਾਂ ਗਾਈਡਾਂ 'ਚ ਹੀ ਪੜ੍ਹਿਆ ਸੀ ਅਤੇ ਇਨ੍ਹਾਂ ਵਿਚ ਕਸ਼ਮੀਰ ਬੱਸ ਛੁੱਟੀਆਂ ਮਨਾਉਣ ਦੀ ਥਾਂ ਜਾਂ ਅਖ਼ਬਾਰੀ ਰਿਪੋਰਟਾਂ ਵਿਚ ਤੋੜ-ਮਰੋੜ ਕੇ ਪੇਸ਼ ਕੀਤੇ ਤੱਥ ਸਨ। ਉਹ ਮੈਨੂੰ ਕਸ਼ਮੀਰ ਬਾਰੇ ਪੁੱਛਦੇ ਅਤੇ ਜਿੰਨਾ ਕੁ ਮੈਨੂੰ ਪਤਾ ਹੁੰਦਾ, ਮੈਂ ਦੱਸ ਦਿੰਦਾ ਪਰ ਕੁਝ ਕੁ ਨੂੰ ਛੱਡ ਕੇ ਕੋਈ ਮੁੜ ਗੱਲ ਨਹੀਂ ਸੀ ਕਰਦਾ। ਜੇ ਕਦੀ ਗੱਲ ਹੁੰਦੀ ਵੀ, ਉਹ ਮੇਰੇ ਖਿਆਲਾਂ ਨੂੰ ਰੱਦ ਹੀ ਕਰਦੇ। ਫਿਰ ਮੈਨੂੰ ਲੱਗਿਆ ਮੇਰੀ ਹੋਂਦ ਹੀ ਉਨ੍ਹਾਂ ਨੂੰ ਚੁਭਦੀ ਹੈ।***



*ਸ੍ਰੀਨਗਰ ਦੀ ਡੱਲ ਝੀਲ ਜੋ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ।*

# ਨੈਣ-ਨਕਸ਼

*(ਸਫਾ 29 ਦੀ ਬਾਕੀ)*

ਪਿਆ। ਤੇ ਉਹ ਦੋਵੇਂ ਲਾਲ ਬੱਤੀ ਵਾਲੀ ਗੱਡੀ ਵਿਚ ਸਤਿਕਾਰ ਨਾਲ ਬਿਠਾ ਦਿੱਤੇ ਗਏ। ਐਸਕਾਰਟ ਗੱਡੀ ਉਨ੍ਹਾਂ ਤੋਂ ਅੱਗੇ ਸੀ। ਸਿੱਧੇ ਕਾਠਮੰਡੂ ਦੇ ਆਲੀਸ਼ਾਨ ਹੋਟਲ ਵਿਚ। ਮਹਿਮਾਨ ਨਿਵਾਜ਼ੀ ਵਿਚ ਪੰਜ ਸੱਤ ਬੰਦੇ ਲੱਗੇ ਹੋਏ ਸਨ।

ਰਾਤ ਨੂੰ ਮੁਰਗੇ ਦੀਆਂ ਲੱਤਾਂ, ਰਾਇਲ ਸਲੂਟ ਦਾਰੂ। 'ਸਾਹਿਬ ਕੁਛ ਔਰ ਚਾਹੀਏ, ਯੇਹ ਵੀ ਖਾਈਏ, ਵੋਹ ਵੀ ਖਾਈਏ।' ਸਤਿਕਾਰ ਭਰੇ ਸ਼ਬਦ।

ਸਵੇਰੇ ਕਰਨ ਬਹਾਦਰ ਦਾ ਨਿੱਜੀ ਸਕੱਤਰ ਉਨ੍ਹਾਂ ਨਾਲ ਬ੍ਰੇਕ ਫਾਸਟ ਕਰਨ ਆਇਆ। ਤੇ ਨਾਲ ਹੀ ਕਹਿ ਗਿਆ ਕਿ 'ਸਾਹਿਬ ਪਾਂਚ ਬਜੇ ਯਹੀਂ ਆਪ ਕੇ ਪਾਸ ਠਹਿਰੇਂਗੇ ਔਰ ਡਿਨਰ ਕਰੇਂਗੇ।'

ਕਸ਼ਮੀਰ ਤੇ ਬਦਲੇਵ ਸੋਚਣ ਕਿ ਉਹ ਤਾਂ ਇਹਦੇ ਜੁੱਤੀਆਂ ਮਾਰਨ ਆਏ ਸਨ ਪਰ ਉਨ੍ਹਾਂ ਦੇ ਹਾਰ ਪੈ ਰਹੇ ਹਨ। ਰੱਬ ਵੀ ਜਿੱਦਾਂ ਕਿਤੇ ਨੇੜੇ ਹੀ ਬਹਿ ਕੇ ਸਭ ਕੁਝ ਦੇਖ ਰਿਹਾ ਹੋਵੇ।

ਮਨ ਵਿਚ ਇਹ ਵੀ ਸੋਚਣ, ਜੇ ਇਹ ਉਹੀ ਕਰਨ ਬਹਾਦਰ ਹੋਇਆ ਤਾਂ ਸਮਝ ਨ੍ਹੀਂ ਆਉਂਦੀ, ਸਾਲਾ ਚਹੁੰ ਮਹੀਨਿਆਂ ਵਿਚ ਮੰਤਰੀ ਕਿਵੇਂ ਬਣ ਗਿਆ? ਸਾਡੇ ਤਾਂ ਇੰਨੇ ਚਿਰ ਵਿਚ ਬੰਦਾ ਲੀਡਰ ਦਾ ਚਮਚਾ ਮਸਾਂ ਬਣਦੈ।

ਤੇ ਰਾਤੀਂ ਤੋਹਫਿਆਂ ਨਾਲ ਲੱਦਿਆ ਆ ਪਹੁੰਚਿਆ ਕਰਨ ਬਹਾਦਰ। ਅੱਗੇ ਪਿੱਛੇ ਗਾਰਡ। ਕਸ਼ਮੀਰ ਤੇ ਬਲਦੇਵ ਅੱਖਾਂ 'ਤੇ ਛਿੱਟੇ ਮਾਰਨ, ਪਈ ਸਾਰਾ ਸੱਚ ਈ ਐ। ਰਾਜਨੀਤੀ ਵਿਚ ਇਹ ਚਿੱਤਰ ਕਲਾ ਪਹਿਲੀ ਵਾਰ ਦੇਖਣ ਨੂੰ ਮਿਲੀ ਸੀ।

ਰਾਜ਼ ਇਹ ਨਿਕਲਿਆ ਕਿ ਜਦੋਂ ਕਰਨ ਬਹਾਦਰ ਨੇਪਾਲ ਆਇਆ ਤਾਂ ਉਹਦੇ ਵੱਡੇ ਭਰਾ ਦੀ ਦੁਰਘਟਨਾ ਵਿਚ ਮੌਤ ਹੋ ਗਈ। ਘਰਵਾਲੀ ਅਨਪੜ੍ਹ ਸੀ, ਤੇ ਹਫਤਾ ਕੁ ਪਹਿਲਾਂ ਕਾਠਮੰਡੂ ਪਹੁੰਚੇ ਭਰਾ ਕਰਨ ਬਹਾਦਰ ਨੂੰ ਪਾਰਟੀ ਨੇ ਟਿਕਟ ਤਰਸ ਦੇ ਆਧਾਰ 'ਤੇ ਜਾਂ ਵੱਡੇ ਭਰਾ ਵੱਲੋਂ ਪਾਰਟੀ ਲਈ ਕੀਤੇ ਕੰਮਾਂ ਬਦਲੇ ਦੇ ਦਿੱਤੀ, ਲਾਟਰੀ ਨਿਕਲ ਆਈ ਤੇ ਉਹ ਜਿੱਤ ਗਿਆ ਤੇ ਜਿੱਤਣ ਦੇ ਨਾਲ ਹੀ ਮੰਤਰੀ ਵੀ ਬਣ ਗਿਆ।

ਇਹ ਸਾਰਾ ਖੁਲਾਸਾ ਕਰਨ ਬਹਾਦਰ ਨੇ ਉਸ ਰਾਤ ਦੋਵਾਂ ਭਰਾਵਾਂ ਕੋਲ ਰਹਿ ਕੇ ਕੀਤਾ।

ਡੇਢ ਲੱਖ ਦੇ ਤੋਹਫਿਆਂ ਨਾਲ ਜਦੋਂ ਤੀਜੇ ਦਿਨ ਕਰਨ ਬਹਾਦਰ ਦੋਹਾਂ ਭਰਾਵਾਂ ਨੂੰ ਬਾਰਡਰ 'ਤੇ ਛੱਡਣ ਆਇਆ ਤਾਂ ਉਨ੍ਹਾਂ ਦੇ ਹੱਥ 'ਤੇ ਬੰਦ ਲਿਫਾਫਾ ਰੱਖ ਕੇ ਕਹਿਣ ਲੱਗਾ, 'ਇਹ ਤੁਹਾਡੀ ਅਮਾਨਤ ਪੰਜਾਹ ਹਜ਼ਾਰ।'

ਕਸ਼ਮੀਰ ਤੇ ਬਲਦੇਵ ਸੁੰਨ ਸਨ ਕਿ ਬਿਨ ਬੱਦਲਾਂ ਤੋਂ ਮੀਂਹ ਪਹਿਲੀ ਵਾਰ ਵਰ੍ਹਦਾ ਦੇਖਿਆ। ਤਿੰਨਾਂ ਦੀਆਂ ਗਲਵੱਕੜੀਆਂ ਵਿਚ ਜਲੰਧਰ ਅਤੇ ਕਾਠਮੰਡੂ ਦੀਆਂ ਯਾਦਾਂ ਲਿਪਟ ਗਈਆਂ ਸਨ। ਫਿਰ ਲੋਕ ਬੋਲੀ ਦੇ ਅਰਥ ਵੀ ਇਹ ਲੱਗਣ ਲੱਗ ਪਏ ਸਨ, 'ਨੱਚਾਂ ਮੈਂ ਨੇਪਾਲ ਵਿਚ, ਮੇਰੀ ਧਮਕ ਜਲੰਧਰ ਪੈਂਦੀ।'

ਕਵੀ ਤਾਂ ਸੂਰਜ ਨੂੰ ਗੋਡਿਆਂ ਹੇਠ ਤੇ ਚੰਨ ਨੂੰ ਕਲਾਵੇ ਵਿਚ ਲੈਂਦੇ ਵੇਖੇ ਹਨ ਪਰ ਕਿਸੇ ਸਾਧਾਰਨ ਮਨੁੱਖ ਨੇ ਸੱਚੀ ਹੀ ਜੰਨਤ ਕਲਾਵੇ ਵਿਚ ਘੁੱਟ ਲਈ ਸੀ।

**ਅੰਤਿਕਾ:**

ਉਹਦੇ ਮਿੱਠੇ ਮਿੱਠੇ ਬੋਲ
ਰਹੇ ਕਰਦੀ ਕਲੋਲ
ਸਾਨੂੰ ਹਾਸਿਆਂ ਦੇ ਨਾਲ ਭਰਮਾਈ ਰੱਖਦੀ
ਕੁੜੀ ਚੰਗੀ ਐ ਸੁਭਾਅ ਦੀ
ਚਿੱਤ ਲਾਈ ਰੱਖਦੀ...
ਅਸੀਂ ਜ਼ਿੰਦਗੀ ਦੀ ਸਾਂਝ ਵਿਚ
ਦੋਵੇਂ ਹੇਲ ਮੇਲ
ਸਾਡਾ ਬਣ ਗਿਆ ਸਾਕ
ਜਿਵੇਂ ਫੁੱਲ ਤੇ ਤਰੇਲ
ਜਾਨ ਸਾਡੇ ਪਿੱਛੇ ਤਲੀ 'ਤੇ
ਟਿਕਾਈ ਰੱਖਦੀ...

***(ਜਸਬੀਰ ਗੁਣਾਚੌਰੀਆ 'ਜਿੰਦੇ ਨੀ ਜਿੰਦੇ' ਵਿਚੋਂ)***

## ਕਹਾਣੀ

# ਬੌਣੀ ਘੋੜੀ ਦਾ ਸਵਾਰ

**ਗੁਰਮੇਲ ਮਡਾਹੜ**
**ਮੋਬਾਈਲ:94630-67405**

ਅਜੈਬ ਦੀ ਸਿਹਤ ਬਾਰੇ ਜਿਉਂ-ਜਿਉਂ ਮੈਨੂੰ ਖ਼ਬਰਾਂ ਮਿਲ ਰਹੀਆਂ ਸਨ ਤਿਉਂ-ਤਿਉਂ ਮੇਰਾ ਮਨ ਬੇਚੈਨ ਹੁੰਦਾ ਜਾ ਰਿਹਾ ਸੀ। ਜ਼ਿਲ੍ਹਾ ਮੈਜਿਸਟਰੇਟ ਤੋਂ ਛੁੱਟੀ ਦੀ ਮੰਗ ਕੀਤੀ ਤਾਂ ਕਿ ਉਸ ਨੂੰ ਮਿਲ ਆਵਾਂ, ਪਰ ਉਨ੍ਹਾਂ ਨਾ-ਮਨਜ਼ੂਰ ਕਰ ਦਿੱਤੀ। ਦਿਲ ਵਿਚ ਆਇਆ ਕਿ ਬਿਨਾ ਸਟੇਸ਼ਨ ਲੀਵ ਲਏ ਹੀ ਦੌੜ ਕੇ ਉਸ ਦਾ ਪਤਾ ਕਰ ਆਵਾਂ ਪਰ ਇਸ ਨਾਲ ਤਾਂ ਕੋਈ ਹੋਰ ਵੀ ਪੰਗਾ ਪੈ ਸਕਦਾ ਸੀ। ਮੇਰੀ ਉਸ ਨੂੰ ਮਿਲਣ ਦੀ ਖ਼ਬਰ ਕਿਸੇ ਤਰ੍ਹਾਂ ਵੀ ਲੁਕੀ ਨਹੀਂ ਰਹਿ ਸਕਦੀ ਸੀ ਕਿਉਂਕਿ ਹੁਣ ਉਹ ਕਿਹੜਾ ਸਾਧਾਰਨ ਬੰਦਾ ਸੀ। ਇਨ੍ਹੀਂ ਦਿਨੀਂ ਕੋਈ ਵੀ ਅਖ਼ਬਾਰ ਉਸ ਬਾਰੇ ਖ਼ਬਰ ਛਾਪੇ ਬਿਨਾ ਪ੍ਰਕਾਸ਼ਤ ਨਹੀਂ ਹੋ ਰਹੀ ਸੀ।

ਮੇਰੇ ਅੰਦਰਲਾ ਮੈਨੂੰ ਵਾਰ-ਵਾਰ ਲਾਹਨਤਾਂ ਪਾ ਰਿਹਾ ਸੀ। ਚੂਹਾ ਹਲਦੀ ਦੀ ਗੱਠੀ ਪ੍ਰਾਪਤ ਕਰਕੇ ਪਤਾ ਨਹੀਂ ਪੰਸਾਰੀ ਬਣ ਗਿਆ ਸੀ ਜਾਂ ਨਾ ਪਰ ਮੇਰੀ ਹਾਲਤ ਜ਼ਰੂਰ ਉਸ ਹਲਦੀ ਦੀ ਗੱਠੀ ਵਾਲੇ ਚੂਹੇ ਵਰਗੀ ਹੋ ਗਈ ਸੀ। ਮਨੁੱਖ ਨੂੰ ਜੇ ਥੋੜ੍ਹਾ ਜਿਹਾ ਵੀ ਕੋਈ ਲਾਭ ਕਿਸੇ ਪਾਸਿਓਂ ਮਿਲ ਜਾਂਦਾ ਹੈ ਉਹ ਆਪਣਾ ਪਿੱਛਾ ਕਿਵੇਂ ਭੁੱਲ ਜਾਂਦਾ ਹੈ, ਪਰ ਨਹੀਂ, ਮੈਂ ਭੁੱਲਿਆ ਨਹੀਂ ਸਾਂ। ਮੈਂ ਤਾਂ ਮਜਬੂਰ ਸਾਂ।

ਉਮਰ ਵਿਚ ਭਾਵੇਂ ਉਹ ਮੇਰੇ ਤੋਂ ਬਾਰਾਂ-ਤੇਰਾਂ ਸਾਲ ਵੱਡਾ ਸੀ ਪਰ ਹਰ ਵਕਤ ਇਕੱਠੇ ਰਹਿਣ ਕਰਕੇ ਸਾਡੀ ਇਹ ਉਮਰਾਂ ਦੀ ਵਿੱਥ ਮਿਟੀ ਹੋਈ ਸੀ। ਰਿਸ਼ਤਾ ਭਾਵੇਂ ਸਾਡਾ ਮਾਮੇ ਭਾਣਜੇ ਦਾ ਹੀ ਸੀ ਪਰ ਅਸੀਂ ਭਰਾਵਾਂ ਵਾਂਗ ਰਹਿੰਦੇ, ਦੋਸਤਾਂ ਵਾਂਗ ਹੱਸਦੇ, ਖੇਡਦੇ, ਇੱਕ ਦੂਜੇ ਨੂੰ ਪਿਆਰ ਕਰਦੇ ਸਾਂ। ਦੋ ਸ਼ੌਕ ਉਸ ਨੂੰ ਬਚਪਨ ਤੋਂ ਹੀ ਅਮਲੀਆਂ ਦੇ ਨਸ਼ੇ ਨਾਲੋਂ ਵੀ ਬੜੇ ਚੜ੍ਹੇ ਹੋਏ ਸਨ। ਇੱਕ ਵਧੀਆ ਖਾਣਾ, ਦੂਜਾ ਹਰ ਰੋਜ਼ ਧੋਤੇ ਹੋਏ ਕੱਪੜੇ ਪਾ ਕੇ ਰੱਖਣਾ। ਜਿਹੜੇ ਕਦੇ ਉਸ ਨੇ ਕਿਸੇ ਤੋਂ ਨਹੀਂ ਧੁਆਏ ਸੀ ਤੇ ਨਾ ਹੀ ਕਿਸੇ ਦੇ ਧੋਤੇ ਕੱਪੜੇ ਉਸ ਦੇ ਨਖਰੇ ਹੇਠ ਆਏ ਸੀ। ਸਾਬਣ ਲਾ ਕੇ ਜਦ ਉਹ ਮੁੱਕਿਆਂ ਨਾਲ ਕੱਪੜਿਆਂ ਨੂੰ ਕੁਟਦਾ ਤਾਂ ਕਿਸੇ ਮੁਟਿਆਰ ਦੇ ਕੱਪੜਿਆਂ 'ਤੇ ਮਾਰੇ ਥਾਪਿਆਂ ਤੋਂ ਵੀ ਵੱਧ ਉਸ ਦੇ ਮੁੱਕਿਆਂ ਦਾ ਖੜਕਾ ਹੁੰਦਾ।

'ਹੌਲੀ ਕੁੱਟ ਲੈ...ਪਾੜਨੇ ਤਾਂ ਨੀ,' ਵੱਡੀ ਭਾਬੀ ਕਹਿੰਦੀ।

ਉਹ ਮੁਸਕਰਾ ਛੱਡਦਾ। ਕੰਨਾਂ ਦੀਆਂ ਪੇਪੜੀਆਂ ਤੋਂ ਜ਼ਰਾ ਚੱਕਵੀਂ ਬੰਨ੍ਹੀ ਪੱਗ ਹੇਠ ਉਸ ਦੀਆਂ ਸਿਉਨੇ ਦੀਆਂ ਨੱਤੀਆਂ ਵਿਚਲੀਆਂ ਮੋਰਨੀਆਂ ਦੀਆਂ ਅੱਖਾਂ ਦੇ ਲਾਲ ਨਗ ਦਿਨੇ ਸੂਰਜ ਦੀ ਰੌਸ਼ਨੀ ਵਿਚ, ਰਾਤ ਨੂੰ ਦੀਵਟ ਉਤੇ ਟਿਕੇ ਦੀਵੇ ਦੇ ਚਾਨਣ ਵਿਚ ਲੋਹੜੇ ਦੇ ਚਮਕਦੇ। ਖੱਬੇ ਕੰਨ ਅਤੇ ਗਿੱਚੀ ਵਿਚਾਲੇ ਚਾਰ ਉਂਗਲ ਦਾ ਛੱਡਿਆ ਟੌਰ੍ਹਾ ਕਿਸੇ ਲੱਕੇ ਕਬੂਤਰ ਦੀ ਪੂਛ ਦਾ ਭੁਲੇਖਾ ਪਾਉਂਦਾ। ਉਂਗਲ ਉਂਗਲ ਕਤਰੀ ਦਾੜ੍ਹੀ ਦੇ ਖਤਾਂ ਵਿਚ ਉਹਨੇ ਕਦੇ ਕੋਈ ਵਾਲ ਨਹੀਂ ਸੀ ਚਮਕਣ ਦਿੱਤਾ। ਨਾ ਹੀ ਕਦੇ ਉਸ ਨੇ ਆਪਣੇ ਕੱਪੜਿਆਂ 'ਤੇ ਦਾਗ਼ ਲੱਗਣ ਦਿੱਤਾ ਸੀ। ਉਸ ਦੀਆਂ ਲੱਤਾਂ ਬਚਪਨ ਵਿਚ ਹੀ ਸੋਕੇ ਦੀਆਂ ਸ਼ਿਕਾਰ ਹੋ ਗਈਆਂ ਸਨ, ਜਿਸ ਕਰਕੇ ਉਹ ਲੱਤਾਂ ਦਾ ਕੰਮ ਵੀ ਬਾਹਾਂ ਤੋਂ ਹੀ ਲੈਂਦਾ ਸੀ। ਚੱਲਣ ਵੇਲੇ ਉਸ ਨੇ ਧਰਤੀ ਉਤੇ ਆਪਣਾ ਹੇਠਲਾ ਭਾਗ ਕਦੇ ਨਹੀਂ ਲੱਗਣ ਦਿੱਤਾ ਸੀ। ਉਸ ਦੀ ਪੰਤਾਲੀ-ਛਿਆਲੀ ਇੰਚ ਚੌੜੀ ਛਾਤੀ, ਵੀਹ-ਇੱਕੀ ਇੰਚ ਦੇ ਡੌਲੇ ਆਮ ਆਦਮੀ ਦਾ ਧਿਆਨ ਆਪਣੇ ਵੱਲ ਖਿੱਚੇ ਬਿਨਾ ਨਾ ਛੱਡਦੇ। ਗਰਦਨ ਉਤੇ ਗੈਂਡੇ ਵਾਂਗ ਚੜ੍ਹਿਆ ਮਾਸ ਦੇਖ ਕੇ ਹਰ ਕੋਈ ਉਸ ਦੀ ਤਾਕਤ ਦਾ ਸਿੱਕਾ ਮੰਨੇ ਬਿਨਾ ਨਾ ਰਹਿ ਸਕਦਾ। ਚੌੜੇ ਤੇ ਭਾਰੀ ਚਿਹਰੇ ਉਤੇ ਗੋਲ ਤੇ ਮੋਟੀਆਂ ਅੱਖਾਂ ਨਾਲ ਜਣਾ-ਖਣਾ ਨਜ਼ਰਾਂ ਮਿਲਾਉਣ ਤੋਂ ਕੰਨੀਂ ਕਤਰਾਉਂਦਾ। ਆਪਣੇ ਹੱਥਾਂ ਦੀਆਂ ਤਲੀਆਂ ਨੂੰ ਠੂਠੀਆਂ ਬਣਾ ਕੇ ਮੋਟੀਆਂ ਭਾਰੀ ਉਂਗਲਾਂ ਵੱਲ ਦੇਖਦਾ ਹੋਇਆ ਉਹ ਕਹਿੰਦਾ, "ਭਾਣਜੇ ਇਹ ਪੰਜਾ ਜੇ ਕਿਤੇ ਸ਼ੇਰ ਨਾਲ ਵੀ ਮਿਲ ਜਾਵੇ ਉਸ ਦਾ ਹੱਥ ਸਰਕੜੇ ਦੇ ਕਾਨੇ ਵਾਂਗੂੰ ਤੋੜ ਕੇ ਰੱਖ ਦੇਈਏ...ਇਹ ਉਂਗਲਾਂ ਤਾਂ ਛਿਪਕਲੀ ਦੇ ਪੰਜਿਆਂ ਨਾਲੋਂ ਵੀ ਕਰੜੀਆਂ ਨੇ ਜੇ ਕੰਧ 'ਤੇ ਮਾਰ ਦੇਈਏ ਤਾਂ ਕੀ ਮਜਾਲ ਐ ਕੋਈ ਉਖੇੜ ਦੇਵੇ। ਸਾਰੀ ਕੰਧ 'ਤੇ ਨਾ ਫਿਰ ਜਾਈਏ ਇਨ੍ਹਾਂ ਉਂਗਲਾਂ ਦੇ ਸਹਾਰੇ।"

ਇਹ ਲੱਗਦਾ ਵੀ ਸੱਚ ਸੀ। ਦੇਖਣ ਵਾਲੇ ਤਾਂ ਇਹ ਵੀ ਦੇਖ ਕੇ ਹੈਰਾਨ ਰਹਿ ਜਾਂਦੇ ਸਨ ਜਦ ਉਹ ਤੁਰੀ ਜਾਂਦੀ ਘੋੜੀ ਦੀ ਪਿੱਠ 'ਤੇ ਹੱਥ ਟਿਕਦੇ ਹੀ ਇੱਕੋ ਬਾਂਹ ਦੇ ਜ਼ੋਰ ਨਾਲ ਟਪੂਸੀ ਮਾਰ ਕੇ ਉਤੇ ਜਾ ਬਹਿੰਦਾ। ਇਨ੍ਹਾਂ ਹੱਥਾਂ ਤੋਂ ਈ ਉਹ ਪੈਰਾਂ ਦਾ ਕੰਮ ਲੈ ਕੇ ਘੋੜੀ ਨੂੰ ਹਵਾ ਨਾਲ ਗੱਲਾਂ ਕਰਨ ਲਾ ਦਿੰਦਾ ਸੀ।

ਇਹ ਪੰਤਾਲੀ-ਛਿਆਲੀ ਇੰਚੀ ਚੱਕੀ ਦੇ ਪੁੜਾਂ ਵਰਗੀ ਛਾਤੀ ਤੇ ਵੀਹ ਇੱਕੀ ਇੰਚੀ ਡੌਲੇ ਐਵੇਂ ਨਹੀਂ ਬਣੇ ਸਨ। ਇਹ ਸਭ ਉਸ ਦੇ ਦੂਜੇ ਸ਼ੌਕ ਦਾ ਹੀ ਸਿੱਟਾ ਸਨ। ਉਸ ਦੇ ਖਾਣ ਦਾ ਇਹ ਸ਼ੌਕ ਬੜਾ ਅਜੀਬ ਸੀ। ਗਰਮੀ ਗਰਮੀ ਉਹ ਸੂਰ ਦਾ ਇੱਕ ਬੱਚਾ ਲੈ ਕੇ ਪਾਲਦਾ ਰਹਿੰਦਾ। ਫਿਰ ਚੜ੍ਹਦੇ ਸਿਆਲ ਜਦ ਉਹ ਪੂਰਾ ਜਵਾਨ ਹੋ ਜਾਂਦਾ ਉਸ ਦਾ ਅਚਾਰ ਪਾ ਲੈਂਦਾ। ਸੌਣ ਲੱਗਿਆਂ ਹਾਰੇ ਵਿਚ ਪਾਥੀਆਂ ਲਾ ਕੇ ਤੌੜੀ ਵਿਚ ਦੁੱਧ ਪਾ ਕੇ, ਵਿਚ ਲੱਪ ਚੌਲਾਂ ਦੀ ਸੁੱਟ ਦਿੰਦਾ। ਸਾਰੀ ਰਾਤ ਦੁੱਧ ਕੜ੍ਹਦਾ ਰਹਿੰਦਾ। ਚੌਲ ਪੱਕੀ ਜਾਂਦੇ। ਸਵੇਰੇ ਉਠ ਕੇ ਉਹ ਇਨ੍ਹਾਂ ਰਾਬੜੀ ਵਰਗੇ ਬਣੇ ਚੌਲਾਂ ਨੂੰ ਬੜੀ ਠਾਠ ਨਾਲ ਖਾਂਦਾ। ਜਦ ਮੈਂ ਸੁਰਤ ਸੰਭਾਲੀ ਤਾਂ ਦੂਜੇ ਸ਼ੌਕ ਵਿਚ ਉਸ ਨੇ ਮੈਨੂੰ ਵੀ ਆਪਣਾ ਭਾਈਵਾਲ ਬਣਾ ਲਿਆ। ਸਵੇਰੇ ਚਾਰ ਵਜੇ ਉਠਾ ਕੇ ਲੱਗ ਜਾਂਦਾ ਮੈਤੋਂ ਡੰਡ ਬੈਠਕਾਂ ਕਢਾਉਣ ਤੇ ਜਿੰਨਾ ਚਿਰ ਮੈਂ ਬੇਦਮ ਨਾ ਹੋ ਜਾਂਦਾ, ਓਨਾ ਚਿਰ ਡੰਡ ਬੈਠਕਾਂ ਕਢਾਈ ਜਾਂਦਾ। ਮੇਰੀਆਂ ਥੱਕੀਆਂ ਹੋਈਆਂ ਲੱਤਾਂ ਦੀ ਮਾਲਸ਼ ਉਹ ਖ਼ੁਦ ਕਰਦਾ। ਰੋਜ਼ ਦੀ ਕਸਰਤ ਨਾਲ ਮੇਰੇ ਪੱਟਾਂ ਦੇ ਵਿਚ ਛੱਲੀਆਂ ਪੈਣ ਲੱਗ ਪਈਆਂ ਸਨ। ਲਵੇ ਲਾਉਣੇ ਦੇ ਪੇਂਡੂ ਖੇਡ ਮੇਲਿਆਂ ਵਿਚ ਜਿੱਥੇ ਵੀ ਸਾਡੇ ਪਿੰਡ ਦੀ ਕਬੱਡੀ ਟੀਮ ਭਾਗ ਲੈਣ ਲਈ ਜਾਂਦੀ ਉਹ ਸਾਡੇ ਤੋਂ ਪਹਿਲਾਂ ਹੀ ਮੈਦਾਨ ਵਿਚ ਦਰਸ਼ਕਾਂ ਦੇ ਪਿੱਛੇ ਆਪਣੀ ਘੋੜੀ 'ਤੇ ਬੈਠਾ ਦਿਖਾਈ ਦਿੰਦਾ। ਨੰਬਰ ਲੈਣ ਵਾਲੇ ਦੋਹਾਂ ਟੀਮਾਂ ਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਰੁਪਈਏ ਵੰਡ ਵੰਡ ਕੇ ਕਰਦਾ ਤੇ ਮੈਚ ਖਤਮ ਹੋਣ ਮਗਰੋਂ ਸਭ ਤੋਂ ਪਹਿਲਾਂ ਪਿੰਡ ਪਹੁੰਚ ਜਾਂਦਾ। ਸਾਡੇ ਬਾਹਰਲੇ ਘਰ ਸਾਰੀ ਟੀਮ ਇਕੱਠੀ ਹੁੰਦੀ। ਦੁੱਧ ਦੀ ਭਰੀ ਬਾਲਟੀ ਵਿਚ ਦੇਸੀ ਘਿਓ ਦਾ ਕੁੱਜਾ ਉਲਟਾ ਕੇ ਉਹ ਖਿਡਾਰੀਆਂ ਨੂੰ ਆਪ ਕੰਗਣੀ ਵਾਲਾ ਤਿੰਨ ਪਾ ਪੱਕੇ ਦਾ ਦੁੱਧ ਦਾ ਗਿਲਾਸ ਭਰ ਭਰ ਕੇ ਪਿਆਉਂਦਾ।

ਉਂਜ ਜਿੰਨੇ ਦਾ ਉਹ ਘਰ ਦਾ ਖਾਂਦਾ ਸੀ, ਪਹਿਨਦਾ ਸੀ, ਉਸ ਤੋਂ ਕਿਤੇ ਵੱਧ ਕਮਾਈ ਕਰਦਾ ਸੀ। ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦਾ। ਗੁਡਦਾ ਤਾਂ ਸਾਰਿਆਂ ਤੋਂ ਵੱਧ, ਵੱਢਦਾ ਤਾਂ ਸਾਰਿਆਂ ਤੋਂ ਅੱਗੇ। ਲੋਕਾਂ ਦੇ ਮੂੰਹ ਅੱਡੇ ਰਹਿ ਜਾਂਦੇ ਉਸ ਦੀ ਫੁਰਤੀ ਦੇਖ ਕੇ। ਪਿੰਡ ਵਿਚ ਆਈ ਆਵਤ ਵਿਚ 'ਕੇਰਾਂ ਉਸ ਨੇ ਇਕੱਲੇ ਨੇ ਕੀਲਾ ਕਣਕ ਦਾ ਵੱਢ ਕੇ ਵੱਡੇ ਵੱਡੇ ਚੋਬਰਾਂ ਦੇ ਦੰਦ ਜੋੜ ਦਿੱਤੇ। ਰਹਿੰਦੀ ਖੂੰਹਦੀ ਕਸਰ ਅਗਲੇ ਸਾਲ ਪਿੰਡ ਵਿਚ ਹੋਏ ਪੰਜਾਬ ਪੱਧਰ ਦੇ ਪੇਂਡੂ ਖੇਡ ਮੇਲੇ ਵਿਚ ਕੱਢ ਦਿੱਤੀ। ਮੇਲਾ ਪੂਰੇ ਜ਼ੋਰਾਂ 'ਤੇ ਭਰਿਆ ਹੋਇਆ ਸੀ। ਰੰਗ-ਬਿਰੰਗੀਆਂ ਪੱਗਾਂ ਦਾ ਜਿਵੇਂ ਉਥੇ ਹੜ੍ਹ ਹੀ ਆਇਆ ਹੋਵੇ। ਕਬੱਡੀ ਦਾ ਮੈਚ ਹੋ ਕੇ ਹਟਿਆ। ਇਕੱਠ ਅਜੇ ਵਿਛੜਨ ਹੀ ਲੱਗਿਆ ਸੀ ਕਿ ਇਕ ਗੱਭਰੂ ਨੇ ਗੁੱਟ ਫੜਨ ਛੁਡਾਉਣ ਦੀ ਝੰਡੀ ਖੜ੍ਹੀ ਕਰ ਦਿੱਤੀ। ਲੋਕਾਂ ਦੇ ਪੈਰ ਫਿਰ ਉਥੇ ਹੀ ਗੱਡੇ ਗਏ। ਦਰਸ਼ਕਾਂ ਦੀ ਪਿਛਲੀ ਕਤਾਰ ਵਿਚ ਖੜ੍ਹੀ ਘੋੜੀ 'ਤੇ ਬੈਠੇ ਅਜੈਬ ਦੇ ਡੌਲੇ ਵੀ ਫਰਕ ਉਠੇ। ਉਸ ਨੇ ਮੈਨੂੰ ਇਸ਼ਾਰਾ ਕਰਕੇ ਕੋਲ ਬੁਲਾ ਕੇ ਕਿਹਾ, "ਭਾਣਜੇ ਮੇਰੇ ਨਾਓਂ 'ਤੇ ਝੰਡੀ ਫੜ ਲਿਆ।" ਮੈਂ ਅੱਗੇ ਵਧ ਕੇ ਝੰਡੀ ਫੜ ਲਈ। ਲੋਕਾਂ ਦੀਆਂ ਨਜ਼ਰਾਂ ਮੇਰੇ ਉਤੇ ਟਿਕ ਗਈਆਂ ਪਰ ਮੈਂ ਉਹ ਝੰਡੀ ਲਿਆ ਕੇ ਅਜੈਬ ਨੂੰ ਫੜਾ ਦਿੱਤੀ। ਸਾਰਾ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ, ਜਦੋਂ ਉਸ ਨੇ ਘੋੜੀ ਉਤੇ ਬੈਠੇ ਬੈਠੇ ਨੇ ਹੀ ਝੰਡੀ ਵਾਲੀ ਬਾਂਹ ਉਚੀ ਕਰ ਦਿੱਤੀ।

ਮੁਕਾਬਲਾ ਹੋਣ ਤੋਂ ਪਹਿਲਾਂ ਟਾਸ ਹੋਈ ਕਿ ਕੌਣ ਪਹਿਲਾਂ ਗੁੱਟ ਫੜੇਗਾ। ਟਾਸ ਗੱਭਰੂ ਜਿੱਤ ਗਿਆ। ਮੁਕਾਬਲਾ ਸ਼ੁਰੂ ਹੋਇਆ। ਲੋਕਾਂ ਦੀਆਂ ਨਿਗਾਹਾਂ ਪਹਿਲਾਂ ਮੁਕਾਬਲੇ ਵੱਲ ਫਿਰ ਘੜੀਆਂ ਦੀਆਂ ਸੂਈਆਂ ਉਤੇ ਰੁਕ ਗਈਆਂ। ਪੂਰਾ ਅੱਧਾ ਘੰਟਾ ਗੱਭਰੂ ਖਪਾਖੂਨ ਹੁੰਦਾ ਰਿਹਾ, ਪਰ ਅਜੈਬ ਤੋਂ ਗੁੱਟ ਨਾ ਛੁਡਾ ਸਕਿਆ। ਪੰਦਰਾਂ ਮਿੰਟ ਅਰਾਮ ਦੇ ਸਮੇਂ ਮਗਰੋਂ ਮੁਕਾਬਲਾ ਫਿਰ ਸ਼ੁਰੂ ਹੋਇਆ।

ਇਸ ਵਾਰ ਅਜੈਬ ਨੇ ਤੀਜੇ ਝਟਕੇ ਵਿਚ ਹੀ ਆਪਣਾ ਗੁੱਟ ਛੁਡਾ ਲਿਆ। ਗੁੱਟ ਛੁੱਟਣ ਤੋਂ ਪਹਿਲਾਂ ਇੱਕ ਲੰਮੀ ਚੀਕ ਨਿਕਲੀ ਤੇ ਉਹ ਨੌਜਵਾਨ ਆਪਣਾ ਹੀ ਹੱਥ ਫੜ ਕੇ ਬਹਿ ਗਿਆ। ਕਹਿੰਦੇ ਨੇ ਜਦੋਂ ਅਜੈਬ ਨੇ ਤੀਜਾ ਜ਼ੋਰ ਦਾ ਝਟਕਾ ਮਾਰਿਆ ਤਾਂ ਗੱਭਰੂ ਦੇ ਇੱਕ ਹੱਥ ਦਾ ਅੰਗੂਠਾ ਹੀ ਨਿਕਲ ਗਿਆ ਸੀ। ਛੇ ਫੁੱਟ ਚਾਰ ਇੰਚ ਦਾ ਕੱਦਾਵਰ ਤੇ ਕੁਇੰਟਲ ਤੋਂ ਉਤੇ ਭਾਰ ਵਾਲਾ ਪਿੰਡ ਸ਼ੇਰੋਂ ਦਾ ਦਰਸ਼ਨੀ ਜਵਾਨ ਸਿੰਘ ਜਦੋਂ ਖਾੜੇ ਵਿਚੋਂ ਬਾਹਰ ਆਪਣਾ ਹੱਥ ਫੜੀ ਕੱਪੜਿਆਂ ਵੱਲ ਸਿਰ ਸੁੱਟੀ ਜਾ ਰਿਹਾ ਸੀ ਤਾਂ ਉਸ ਵਕਤ ਕਈਆਂ ਨੂੰ ਉਸ ਦੀ ਹਾਲਤ 'ਤੇ ਤਰਸ ਆਇਆ ਤੇ ਅਜੈਬ ਪ੍ਰਤੀ ਹਮਦਰਦੀ ਵੀ। "ਜੇ ਕਿਤੇ ਇਸ ਦੇ ਲੱਤਾਂ ਹੁੰਦੀਆਂ।" ਉਨ੍ਹਾਂ ਨੇ ਇੱਕ ਲੰਮਾ ਹਉਕਾ ਲੈਂਦਿਆਂ ਕਿਹਾ। ਮਾਅਤੜਾਂ ਨੇ ਅਜੈਬ ਨੂੰ ਮੋਢਿਆਂ ਉਤੇ ਚੁੱਕ ਕੇ ਸਾਰੇ ਖਾੜੇ ਦਾ ਗੇੜਾ ਲਾ ਦਿੱਤਾ।

ਇਨਾਮ ਲੈਣ ਵੇਲੇ ਜਦ ਉਹ ਸਟੇਜ ਵੱਲ ਵਧਿਆ ਤਾਂ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਖ਼ੁਦ ਸਟੇਜ ਤੋਂ ਉਤਰ ਕੇ ਉਸ ਕੋਲ ਰਾਹ ਵਿਚ ਹੀ ਆ ਪਹੁੰਚਿਆ। ਉਸ ਨੇ ਝੁਕ ਕੇ ਅਜੈਬ ਨੂੰ ਜੱਫੀ ਪਾਈ। ਪ੍ਰਬੰਧਕਾਂ ਵੱਲੋਂ ਨਿਸ਼ਚਿਤ ਕੀਤਾ ਇਨਾਮ ਦਿੱਤਾ। ਫਿਰ ਇੱਕ ਸੌ ਰੁਪਈਆ ਆਪਣੇ ਬਟੂਏ 'ਚੋਂ ਕੱਢ ਕੇ ਦਿੱਤਾ। ਤਾੜੀਆਂ ਵਜਦੀਆਂ ਰਹੀਆਂ। ਫੋਟੋਆਂ ਖਿੱਚੀਆਂ ਗਈਆਂ। ਅਗਲੇ ਦਿਨ ਜਦੋਂ ਮੈਂ ਸ਼ਹਿਰ ਕਾਲਜ ਦੀ ਲਾਇਬਰੇਰੀ ਵਿਚ ਗਿਆ, ਵੱਖ-ਵੱਖ ਅਖ਼ਬਾਰਾਂ ਵਿਚ ਉਸ ਦੀਆਂ ਫੋਟੋਆਂ ਦੇਖ ਕੇ ਮਨ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ। ਝੱਟ ਉਥੋਂ ਭੱਜਿਆ ਤੇ ਅਖ਼ਬਾਰਾਂ ਵਾਲੀ ਦੁਕਾਨ ਤੋਂ ਅਖ਼ਬਾਰ ਮੁੱਲ ਲਏ ਤੇ ਥੱਬਾ ਅਖ਼ਬਾਰਾਂ ਦਾ ਆਪਣੇ ਸਾਰੇ ਟੱਬਰ ਅੱਗੇ ਲਿਆ ਧਰਿਆ। ਅਜੈਬ ਦੀਆਂ ਤਸਵੀਰਾਂ ਦੇਖ ਕੇ ਨਾਨਾ ਬੋਲ ਉਠਿਆ, "ਬੱਲੇ ਬਹਾਦਰ ਓਏ ਮੇਰੇ ਸ਼ੇਰ ਦੇ।" ਨਾਨੀ



ਅਖ਼ਬਾਰਾਂ ਦਾ ਰੁੱਗ ਭਰ ਕੇ ਸਾਰੇ ਵਿਹੜੇ ਵਿਚ ਊਰੀ ਵਾਂਗ ਘੁੰਮ ਗਈ। ਇਕੱਲੇ-ਇਕੱਲੇ ਘਰ ਵਿਚ ਇਕੱਲੀ-ਇਕੱਲੀ ਬੁੜ੍ਹੀ, ਕੁੜੀ ਨੂੰ ਉਹ ਤਸਵੀਰਾਂ ਇਉਂ ਦਿਖਾਉਂਦੀ ਫਿਰ ਰਹੀ ਸੀ ਜਿਵੇਂ ਬਚਪਨ ਵਿਚ ਅਪਾਹਜ ਹੋਏ ਉਸ ਦੇ ਪੁੱਤ ਦੀਆਂ ਲੱਤਾਂ ਫਿਰ ਕੰਮ ਕਰਨ ਲੱਗ ਪਈਆਂ ਹੋਣ।

"ਕਿਉਂ ਭਾਣਜੇ ਹਨ ਨਾ, ਇਹ ਉਂਗਲਾਂ ਛਿਪਕਲੀ ਦੇ ਪੰਜਿਆਂ ਵਰਗੀਆਂ, ਐਵੇਂ ਤਾਂ ਨਹੀਂ ਤੈਨੂੰ ਕਹਿੰਦਾ ਹੁੰਦਾ ਤੀ" ਆਥਣੇ ਰੋਟੀ ਖਾਣ ਲੱਗਿਆਂ ਉਸ ਨੇ ਆਪਣੀਆਂ ਹਥੇਲੀਆਂ ਦੀ ਕੌਲੀ ਜਿਹੀ ਬਣਾ ਕੇ ਉਂਗਲਾਂ ਵੱਲ ਦੇਖਦਿਆਂ ਮੈਨੂੰ ਕਿਹਾ ਸੀ।

ਇਸ ਤੋਂ ਮਗਰੋਂ ਪਿੰਡ ਵਿਚ ਉਸ ਦੀ ਧੁੰਮ ਮੱਚ ਗਈ। ਗੁਡਾਵਾ ਵਢਾਵਾ ਤਾਂ ਉਹ ਪਹਿਲਾਂ ਹੀ ਪਿੰਡ ਵਿਚ ਮੰਨਿਆ ਦੰਨਿਆ ਸੀ। ਹੁਣ ਖੇਡਾਂ ਵਿਚ ਵੀ ਉਸ ਦਾ ਨਾਂ ਚਮਕਣ ਲੱਗ ਪਿਆ ਸੀ। ਦੂਰੋਂ-ਦੂਰੋਂ ਪੇਂਡੂ ਖੇਡ ਮੇਲਿਆਂ ਲਈ ਉਸ ਨੂੰ ਸੱਦਾ ਪੱਤਰ ਆਉਂਦਾ। ਗੁੱਟ ਫੜੇ ਤੇ ਛੁਡਾਏ ਜਾਂਦੇ। ਜਿੱਥੇ ਵੀ ਉਹ ਗਿਆ, ਉਥੋਂ ਹੀ ਪਹਿਲਾ ਇਨਾਮ ਜਿੱਤ ਕੇ ਲਿਆਇਆ। ਹਾਰਨਾ ਜਿਵੇਂ ਉਸ ਦੇ ਹਿੱਸੇ ਵਿਚ ਆਇਆ ਹੀ ਨਹੀਂ ਸੀ। ਸਾਡੀ ਬੈਠਕ ਦੀ ਕਾਰਨਸ ਚਾਂਦੀ ਦੇ ਕੱਪਾਂ, ਸ਼ੀਲਡਾਂ ਨਾਲ ਭਰ ਗਈ।

ਉਸ ਦੀ ਇਸ ਚਰਚਾ ਦਾ ਸਿੱਟਾ ਵੀ ਨਿਕਲਿਆ ਕਿ ਉਸ ਨੂੰ ਹਰ ਰੋਜ਼ ਕਿਤੋਂ ਨਾ ਕਿਤੋਂ ਕੋਈ ਨਾ ਕੋਈ ਰਿਸ਼ਤੇ ਵਾਲਾ ਆਇਆ ਹੀ ਰਹਿੰਦਾ, ਪਰ ਉਹ ਨੱਕ 'ਤੇ ਮੱਖੀ ਨਾ ਬੈਠਣ ਦਿੰਦਾ।

"ਬਾਪੂ ਵਿਆਹ ਲੋਕ ਕਾਸ ਲਈ ਕਰਾਉਂਦੇ ਨੇ?" ਉਸ ਨੇ ਇੱਕ ਦਿਨ ਬਾਪੂ ਤੋਂ ਪੁੱਛਿਆ।

"ਆਪਣੀ ਗ੍ਰਿਹਸਤੀ ਤੋਰਨ ਲਈ।"

"ਉਹ ਤਾਂ ਹੁਣ ਵੀ ਤੁਰ ਰਹੀ ਹੈ ਫੇਰ!"

"ਆਪਣੀ ਵੰਸ ਚਲਾਉਣ ਲਈ।"

"ਹੁਣ ਕੀ ਵੰਸ ਕਿਤੇ ਖੜ੍ਹ ਗਿਆ ਕਿ ਮੇਰੇ ਵਿਆਹ ਕਰਾਉਣ ਨਾਲ ਇਹ ਹੋਰ ਤੇਜ਼ ਚੱਲ ਪਊ? ਫਿਰ ਗਿਆਨੇ, ਤੇਜੇ ਦੇ ਨਿਆਣੇ ਕੀ ਮੇਰੇ ਨਹੀਂ? ਆਹ ਗੁਰਮੇਲ ਕੀ ਮੇਰੇ ਵੰਸ 'ਚੋਂ ਨਹੀਂ? ਕਿਉਂ ਭਾਣਜੇ?" ਉਸ ਨੇ ਮੈਤੋਂ ਹਾਮੀ ਭਰਾਉਣੀ ਚਾਹੀ, ਪਰ ਮੈਂ ਉਸ ਦੀ ਗੱਲ ਦਾ ਕੀ ਜਵਾਬ ਦਿੰਦਾ, ਜਦੋਂ ਦੇਣ ਵਾਲੇ ਨਹੀਂ ਸੀ ਦੇ ਸਕਦੇ।

ਤੇ ਫਿਰ ਇੱਕ ਦਿਨ ਅਸੀਂ ਦੋਹੇਂ ਬਾਹਰਲੇ ਘਰ ਜਾ ਰਹੇ ਸੀ ਕਿ ਰਾਹ ਵਿਚ ਨਾਹਰੇ ਦੀ ਬਹੂ ਟੱਕਰ ਗਈ। "ਬੇ ਦੋਹਤਿਆ, ਹਰਾਮ ਖੋਰਿਆ, ਭੈੜਿਆ ਆਹ ਆਬਦੇ ਮਾਮੇ ਨੂੰ ਹੀ ਸਮਝਾ ਕਿ ਬਿਆਹ ਨੂੰ ਹਾਂ ਕਰ ਦੇਵੇ।" ਉਸ ਨੇ ਅਜੈਬ ਵੱਲ ਇਸ਼ਾਰਾ ਕਰਕੇ ਮੈਨੂੰ ਕਿਹਾ।

"ਮੈਂ ਕੀ ਸਮਝਾਵਾਂ ਮਾਮੀ...ਤੂੰ ਹੀ ਸਮਝਾ ਲੈ...ਲੈ ਮੈਂ ਪਾਸੇ ਹੋ ਜਾਨਾਂ।"

"ਨਹੀਂ ਭਾਈ ਮੈਂ ਤਾਂ ਕਹਿੰਦੀ ਤੀ ਆ ਜਵਾਨੀ ਤਾਂ ਐ ਈਂ ਫਿਰ ਤੁਰ ਕੇ ਲੰਘ ਜਾਊ ਬੁੜਾਪੇ ਵਿਚ ਕਿਸੇ ਨੇ ਬਾਤ ਨਹੀਂ ਪੁੱਛਣੀ। ਆਬਦੀ ਤੀਮੀ ਬਗੈਰ ਕੋਈ ਨਹੀਂ ਸਿਆਣਦਾ।"

"ਵਿਆਹ ਤਾਂ ਮੈਂ ਕਰਾਲਾਂ ਭਰਜਾਈ ਪਰ ਨਿਆਣੇ ਕੌਣ ਖਿਡਾਊ? ਹੱਥ ਤਾਂ ਮੇਰੇ ਹਰ ਵੇਲੇ ਧਰਤੀ 'ਤੇ ਹੀ ਰਹਿੰਦੇ ਨੇ।"

"ਲੈ ਫੋਟ ਬੇ ਤੂੰ ਹਾਂ ਤਾਂ ਕਰ ਨਿਆਣੇ ਤੇਰੇ ਅਸੀਂ ਬਥੇਰੇ ਖਿਡਾ ਦਿਆ ਕਰਾਂਗੇ। ਤੂੰ ਇਸ ਗੱਲ ਦਾ ਭੋਰਾ ਸੰਸਾ ਨਾ ਕਰ।"

"ਚੰਗਾ ਫਿਰ ਸੋਚਾਂਗੇ।" ਕਹਿ ਕੇ ਉਹ ਤੁਰ ਪਿਆ। ਰਾਹ ਵਿਚ ਮੈਂ ਉਸ ਨੂੰ ਬੜਾ ਗੰਭੀਰ ਹੋ ਕੇ ਕਿਹਾ, "ਬਾਈ ਹੁਣ ਵਿਆਹ ਤਾਂ ਤੂੰ ਕਰਾ ਈ ਲੈ।"

ਉਸ ਨੇ ਪਿੰਡ ਦੇ ਦਰਵਾਜ਼ੇ ਦੀ ਕੰਧ ਵੱਲ ਇਸ਼ਾਰਾ ਕਰਕੇ ਕਿਹਾ, "ਔਹ ਦੇਖ ਤੇ ਪੜ੍ਹ।"

ਕੰਧ 'ਤੇ ਫੈਮਲੀ ਪਲਾਨਿੰਗ ਵਾਲਿਆਂ ਦਾ ਇਸ਼ਤਿਹਾਰ ਸੀ। ਮੈਂ ਪੜ੍ਹ ਕੇ ਸੁਣਾ ਦਿੱਤਾ, "ਹਮ ਦੋ ਹਮਾਰੇ ਦੋ।"

"ਬਸ, ਗੱਲ ਖਤਮ। ਅਸੀਂ ਹਾਂ ਤਿੰਨ ਭਾਈ। ਗਿਆਲੇ ਤੇ ਤੇਜੇ ਨੇ ਹੀ ਸੱਤ ਮੁੰਡੇ, ਪੰਜ ਕੁੜੀਆਂ ਬਣਾ ਕੇ ਮੇਰਾ ਹਿੱਸਾ ਮਾਰ ਦਿੱਤੈ। ਮੈਂ ਭਾਈ ਲੰਗੜਾ ਬੰਦਾ ਸਰਕਾਰ ਨਾਲ ਟੱਕਰ ਨਹੀਂ ਲੈ ਸਕਦਾ।" ਕਹਿ ਕੇ ਉਹ ਠਹਾਕਾ ਮਾਰ ਕੇ ਹੱਸ ਪਿਆ ਤੇ ਫਿਰ ਬੋਲਿਆ, "ਕੀਲਾ ਕੀਲਾ ਜ਼ਮੀਨ ਤਾਂ ਉਨ੍ਹਾਂ ਨੂੰ ਵੀ ਨਹੀਂ ਆਉਂਦੀ, ਜੇ ਮੈਂ ਦੋ ਹੋਰ ਜੰਮ 'ਤੇ ਫਿਰ...ਇਸ ਨਾਲੋਂ ਤਾਂ ਐਂ ਈ ਠੀਕ ਐ। ਚੱਲ ਛੱਡ ਇਸ ਸਿੜ੍ਹੀ ਸਿਆਪੇ ਨੂੰ। ਅੱਜ ਰਾਤ ਨੂੰ ਚੱਠੀਂ ਕੌਮਨਿਸ਼ਟਾਂ ਦੇ ਡਰਾਮੇ ਦੇਖ ਕੇ ਆਈਏ।"

"ਬਾਪੂ ਤੋਂ ਪੁੱਛ ਲੈ...ਡੰਗਰਾਂ ਦੀ ਰਾਖੀ?"

"ਉਹ ਕੁਛ ਨ੍ਹੀਂ ਕਹਿੰਦਾ, ਸੀਰੀ ਨੂੰ ਕਹਿ ਦਿਆਂਗੇ ਅੱਧੀ ਰਾਤ ਤੱਕ ਉਹ ਪੈ ਜਾਊ।" ਉਸ ਨੇ ਸਪਸ਼ਟ ਕੀਤਾ ਤੇ ਆਥਣੇ ਰੋਟੀ ਖਾ ਕੇ ਅਸੀਂ ਘੋੜੀ 'ਤੇ ਸਵਾਰ ਹੋ ਕੇ ਚੱਠੀਂ ਪਾਰਟੀ ਨਾਟਕ ਦੇਖਣ ਚਲੇ ਗਏ। ਸਰਕਾਰ ਦੀ, ਸਿਸਟਮ ਦੀ, ਪੁਲੀਸ ਦੀ ਤਕੜੀ ਆਲੋਚਨਾ ਕਰਕੇ ਨਾਟਕ ਦੇਖ ਕੇ ਅਜੈਬ ਦੇ ਮਨ ਉਤੇ ਪਤਾ ਨਹੀਂ ਕੀ ਗੁਜ਼ਰੀ, ਰਾਹ ਵਿਚ ਉਸ ਨੇ ਮੈਨੂੰ ਕਿਹਾ, "ਬਾਈ ਕੱਲ੍ਹ ਨੂੰ ਸ਼ਹਿਰੋਂ ਮੇਰੇ ਆਸਤੇ ਇੱਕ ਬਾਲ ਉਪਦੇਸ਼ ਈ ਲੈ ਆਈਂ।"

"ਕੀ ਕਰਨੈ?"

"ਪੜ੍ਹਿਆਂ ਕਰੂੰ...ਤੂੰ ਮੈਨੂੰ ਪੜ੍ਹਾ ਦਿਆ ਕਰੇਂਗਾ?"

"ਤੂੰ ਪੜ੍ਹਿਆ ਕਰੇਂਗਾ, ਬੁੱਢਾ ਤੋਤਾ?"

"ਪੜ੍ਹਾਈ ਦਾ ਭਾਣਜੇ ਉਮਰ ਨਾਲ ਕੋਈ ਸਬੰਧ ਨਹੀਂ। ਜਦੋਂ ਵੀ ਆਦਮੀ ਨੂੰ ਅਕਲ ਆ ਜਾਵੇ ਬਈ ਪੜ੍ਹਾਈ ਵਿਚ ਕਿੰਨੇ ਗੁਣ ਨੇ, ਸ਼ੁਰੂ ਕਰ ਲਵੇ। ਸੁਣਿਐਂ ਹੁਣ ਤਾਂ ਸਰਕਾਰ ਵੀ ਬੁੱਢੇ ਤੋਤੇ ਪੜ੍ਹਾਉਣ ਉਤੇ ਉਤਰੀ ਹੋਈ ਹੈ, ਅਖੇ ਜੇ ਦੇਸ਼ ਦੀ ਤਰੱਕੀ ਕਰਨੀ ਹੈ ਤਾਂ ਅਨਪੜ੍ਹਤਾ ਦੂਰ ਕਰਨੀ ਹੋਵੇਗੀ। ਕੱਲ੍ਹ ਨੰਬਰਦਾਰਾਂ ਦੇ ਰੇਡੀਓ ਉਤੇ ਵੱਡੇ ਮੰਤਰੀ ਦਾ ਬਿਆਨ ਆ ਰਿਹਾ ਤੀ।" ਲੱਗਦਾ ਸੀ ਮੇਰੀ ਗੱਲ ਸੁਣ ਕੇ ਉਹ ਜ਼ਿਆਦਾ ਹੀ ਗੰਭੀਰ ਹੋ ਗਿਆ ਸੀ।

"ਚੰਗਾ ਬਾਬਾ ਲਿਆ ਦੂੰ।" ਮੈਂ ਕਿਹਾ।

ਦੂਜੇ ਦਿਨ ਮੈਂ ਉਸ ਨੂੰ ਬਾਲ ਉਪਦੇਸ਼ ਲਿਆ ਦਿੱਤਾ, ਜਿਸ ਨੂੰ ਉਹ ਜਦੋਂ ਵੀ ਵਕਤ ਮਿਲਦਾ ਪੜ੍ਹਨ ਲੱਗ ਪੈਂਦਾ। ਦਿਨਾਂ ਵਿਚ ਹੀ ਉਹ ਚੰਗੀ ਤਰੱਕੀ ਕਰ ਗਿਆ। ਇਸ ਦੇ ਨਾਲ ਹੀ ਉਹ ਪਾਰਟੀ ਵੱਲੋਂ ਜਿੱਥੇ ਵੀ ਨਾਟਕ ਹੁੰਦੇ, ਦੇਖਣ ਜਾਣ ਲੱਗ ਪਿਆ। ਪਹਿਲਾਂ-ਪਹਿਲਾਂ ਇੱਕ ਦੋ ਵਾਰ ਉਹ ਮੈਨੂੰ ਨਾਲ ਲੈ ਜਾਂਦਾ ਰਿਹਾ। ਫਿਰ ਇਹ ਸੋਚ ਕੇ ਕਿ ਮੁੰਡੇ ਦੀ ਪੜ੍ਹਾਈ ਦਾ ਨੁਕਸਾਨ ਹੁੰਦੈ ਮੈਨੂੰ ਨਾਲ ਲੈ ਜਾਣੋਂ ਹਟ ਗਿਆ।

ਪਿੰਡ ਦੇ ਨੇੜੇ ਦੇ ਸ਼ਹਿਰ ਤੋਂ ਮੈਂ ਜਦ ਬੀ.ਏ. ਕਰ ਲਈ ਤਾਂ ਮੇਰੇ ਫ਼ੌਜੀ ਬਾਪੂ ਨੇ ਮੈਨੂੰ ਅੱਗੇ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਤੋਂ ਅੱਗੇ ਮੈਨੂੰ ਜਿਹੜੀ ਵੀ ਪੜ੍ਹਾਈ ਕਰਨੀ ਪੈਣੀ ਸੀ, ਉਹ ਸੰਗਰੂਰ ਤੋਂ ਬਾਹਰ ਰਹਿ ਕੇ ਕਰਨੀ ਪੈਣੀ ਸੀ ਤੇ ਬਾਹਰ ਦਾ ਖਰਚ ਉਠਾਉਣਾ ਪਿਤਾ ਜੀ ਦੇ ਵੱਸ ਦਾ ਰੋਗ ਨਹੀਂ ਸੀ।

ਪੜ੍ਹਾਈ ਛੁੱਟ ਜਾਣ ਕਰਕੇ ਮੈਂ ਉਦਾਸ ਰਹਿਣ ਲੱਗ ਪਿਆ ਸੀ।

"ਤੇਰਾ ਕੀ ਖਿਆਲ ਐ ਭਾਣਜੇ ਪੜ੍ਹਾਈ ਬਾਰੇ?" ਇੱਕ ਦਿਨ ਅਜੈਬ ਨੇ ਮੇਰੇ ਤੋਂ ਪੁੱਛਿਆ।

"ਨੇਕ ਐ...ਪਰ ਪੜ੍ਹਾਵੇ ਵੀ ਕੋਈ?"

"ਤੂੰ ਪੜ੍ਹਨ ਆਲਾ ਬਣ, ਖਰਚਾ ਮੈਂ ਦਿਊਂ।"

"ਤੂੰ?"

"ਹਾਂ ਮੈਂ...ਹੁਣ ਤੱਕ ਇਨ੍ਹਾਂ ਤੋਂ ਲਿਆ ਈ ਕੀ ਐ? ਸਾਰੀ ਉਮਰ ਨਿਕਲ ਗਈ ਕਾਲਾ ਬਲਦ ਬਣ ਕੇ ਕਮਾਉਂਦੇ ਦੀ...ਜੇ ਮੇਰੇ ਮੁੰਡਾ ਹੁੰਦਾ ਫਿਰ ਵੀ ਤਾਂ ਸਾਰਦੇ, ਤੇਰਾ ਕੀ ਬਣਨ ਨੂੰ ਜੀਅ ਕਰਦੈ?"

"ਮੈਨੂੰ ਤਾਂ ਕੁੱਛ ਨਹੀਂ ਸੁਝਦਾ। ਬਸ ਬਿਨਾ ਸੇਧ ਤੋਂ ਹੀ ਬੀ.ਏ. ਕਰ ਲਈ ਐ...ਬੀ.ਐਡ. ਕਰਕੇ ਮਾਸਟਰ ਲੱਗ ਸਕਦਾਂ, ਕਲਰਕੀ ਕਰਨ ਨੂੰ ਤਾਂ ਮੇਰਾ ਉਕਾ ਹੀ ਜੀ ਨਹੀਂ ਕਰਦਾ।"

"ਛੱਡ ਪਰੇ ਮਾਸਟਰੀ ਵਿਚ ਕੀ ਪਿਐ, ਮੇਰੀ ਸਲਾਹ ਐ, ਤੂੰ ਵਕਾਲਤ ਕਰ ਲੈ। ਪੈਸੇ ਵੀ ਮਿਲ ਸਕਦੇ ਨੇ ਤੇ ਜੇ ਚਾਹੇਂ ਤਾਂ ਲੋਕਾਂ ਦੀ ਸੇਵਾ ਵੀ ਕਰ ਸਕਦੈਂ।"

"ਤੇਰੀ ਮਰਜ਼ੀ ਐ।"

"ਚੰਗਾ ਦਾਖਲੇ ਲਈ ਤੂੰ ਕੋਸ਼ਿਸ਼ ਕਰ ਲੈ...ਪੈਸਿਆਂ ਦਾ ਮੈਂ ਪ੍ਰਬੰਧ ਕਰੂੰ।"

ਬੀ.ਏ. ਵਿਚ ਚੰਗੇ ਨੰਬਰ ਹੋਣ ਕਰਕੇ ਪਹਿਲੀ ਸੱਟੇ ਹੀ ਮੈਨੂੰ ਪਟਿਆਲੇ ਦਾਖਲਾ ਮਿਲ ਗਿਆ। ਮੇਰਾ ਖਰਚਾ ਵੱਡਾ ਮਾਮਾ ਜਾਂ ਕਦੇ ਬਾਪੂ ਜੀ ਮੈਨੂੰ ਉਥੇ ਹੀ ਦੇ ਆਉਂਦੇ, ਪਰ ਕੁਝ ਚਿਰ ਮਗਰੋਂ ਮੈਨੂੰ ਅਜੈਬ ਮਾਮੇ ਨੂੰ ਮਿਲਣ ਲਈ ਹੌਲ ਪੈਣ ਲੱਗ ਜਾਂਦੇ। ਪੜ੍ਹਨ ਨੂੰ ਦਿਲ ਨਾ ਕਰਦਾ। ਮੂੰਹ ਜ਼ੋਰ ਹੋਇਆ ਦਿਲ ਮੈਨੂੰ ਉਸ ਨੂੰ ਮਿਲਣ ਲਈ ਪਿੰਡ ਖਿੱਚ ਲਿਆਉਂਦਾ। ਹਰ ਗੇੜੇ ਉਸ ਵਿਚ ਕੋਈ ਨਾ ਕੋਈ ਤਬਦੀਲੀ ਆਈ ਹੁੰਦੀ। ਪਹਿਲਾਂ ਉਸ ਦੇ ਕੰਨਾਂ ਦੀਆਂ ਨੱਤੀਆਂ ਗਾਇਬ ਹੋਈਆਂ। ਫਿਰ ਟੌਰ੍ਹਾ ਉਡ ਗਿਆ। ਪੱਗ ਪੇਚਾਂ ਵਾਲੀ ਬਣ ਗਈ। ਖੱਤਾਂ ਵਾਲੀ ਦਾੜ੍ਹੀ ਦੀ ਥਾਂ ਪੂਰੀ ਭਰਵੀਂ ਦਾੜ੍ਹੀ ਹੋ ਗਈ। ਬੈਠਕ ਦੀ ਖੁੱਲ੍ਹੀ ਅਲਮਾਰੀ ਵਿਚ ਨਿਗ੍ਹਾ ਮਾਰੀ ਰੋਜ਼ਾਨਾ ਅਖ਼ਬਾਰ ਚਿਣੇ ਪਏ ਸਨ। ਚਾਂਦੀ ਦੇ ਕੱਪਾਂ ਤੇ ਸ਼ੀਲਡਾਂ ਵਾਲੀ ਕਾਰਨਸ ਦੇ ਇੱਕ ਪਾਸੇ ਕਾਰਲ ਮਾਰਕਸ ਦੀ

ਪੂੰਜੀ ਪਈ ਸੀ। ਮਾਓ ਦੀ ਲਾਲ ਕਿਤਾਬ ਤੇ ਹੋਰ ਮਾਰਕਸੀ ਸਾਹਿਤ। ਇਹ ਸਭ ਅਜੈਬ ਦੀਆਂ ਸਨ। ਵਿਹੜੇ ਵਿਚੋਂ ਹਾਰਾ ਉਠ ਚੁੱਕਿਆ ਸੀ। ਬਾਹਰਲੇ ਘਰੋਂ ਬਾਗਲ ਵਿਚਲਾ ਟੋਆ ਭਰਿਆ ਪਿਆ ਸੀ, ਜਿਸ ਵਿਚ ਉਹ ਸੂਰ ਦਾ ਬੱਚਾ ਸੁੱਟ ਕੇ ਟੋਏ ਵਿਚ ਹੀ ਖੁਰਾਕ ਪਾ ਕੇ ਗਰਮੀ ਗਰਮੀ ਉਸ ਨੂੰ ਪਾਲਦਾ ਰਹਿੰਦਾ ਸੀ। ਕੱਪੜੇ ਵੀ ਉਸ ਦੇ ਪਹਿਲਾਂ ਵਾਂਗ ਨਹੀਂ ਚਮਕਦੇ ਸੀ। ਘਰੋਂ ਵੀ ਉਹ ਪਹਿਲਾਂ ਕਈ ਕਈ ਦਿਨ ਫਿਰ ਹਫ਼ਤਾ-ਹਫ਼ਤਾ ਗੈਰ-ਹਾਜ਼ਰ ਰਹਿਣ ਲੱਗ ਪਿਆ ਸੀ। ਉਸ ਦੇ ਲੱਛਣਾਂ ਤੋਂ ਮੈਨੂੰ ਇਹ ਤਾਂ ਪਤਾ ਲੱਗ ਚੁੱਕਿਆ ਸੀ ਕਿ ਉਹ ਮਾਰਕਸੀ ਪਾਰਟੀ ਦੇ ਰੰਗ ਵਿਚ ਰੰਗਿਆ ਜਾ ਚੁੱਕਿਆ ਸੀ ਪਰ ਉਹਦੇ ਇੰਨੇ ਦਿਨ ਬਾਹਰ ਰਹਿਣ ਦਾ ਕਾਰਨ ਮੈਨੂੰ ਸਮਝ ਨਹੀਂ ਸੀ ਆਇਆ। ਉਸ ਦਾ ਇਉਂ ਘਰੋਂ ਗੈਰ-ਹਾਜ਼ਰ ਰਹਿਣਾ ਘਰਦਿਆਂ ਨੂੰ ਅਖਰਨ ਲੱਗ ਪਿਆ ਕਿਉਂਕਿ ਉਨ੍ਹਾਂ ਦਾ ਇੱਕ ਕਾਮਾ ਜੋ ਖੁਸਦਾ ਜਾ ਰਿਹਾ ਸੀ।

"ਬਾਈ ਆ ਘਰਦੇ ਕੁਛ?" ਯੋਗ ਮੌਕਾ ਦੇਖ ਕੇ ਮੈਂ ਗੱਲ ਤੋਰੀ।

"ਹਾਂ ਔਖੇ ਨੇ...ਮੈਨੂੰ ਪਤੈ...,ਪਰ ਉਨ੍ਹਾਂ ਨੂੰ ਸਮਝਾ ਕਿ ਮੈਂ ਅੱਜ ਤੱਕ ਘਰ ਦਾ ਕੁਛ ਨਹੀਂ ਬਗਾੜਿਆ, ਨਾ ਹੀ ਕੋਈ ਪਿਉ ਦਾਦੇ ਦੇ ਨਾਉਂ ਨੂੰ ਬੱਟਾ ਲਾਇਐ। ਉਨ੍ਹਾਂ ਨੂੰ ਕਮਾ ਕੇ ਦਿੱਤੈ। ਇਲਾਕੇ ਵਿਚ ਖਾਨਦਾਨ ਦਾ ਨਾਂ ਚਮਕਾਇਐ...ਹੁਣ ਮੇਰੀ ਸਮਝ ਆਹ ਘਰੇਲੂ ਸਮੱਸਿਆਵਾਂ ਤੋਂ ਉਠ ਚੁੱਕੀ ਐ, ਮੇਰੇ ਮੂਹਰੇ ਹੁਣ ਉਨ੍ਹਾਂ ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਦੀ ਜ਼ਿੰਦਗੀ ਦੀਆਂ ਰੋਜ਼ਮੱਰਾ ਦੀਆਂ ਔਕੜਾਂ ਨੇ ਜਿਹੜੇ ਇਸ ਯੁੱਗ ਵਿਚ ਵੀ ਮਨੁੱਖਾਂ ਦੀ ਨਹੀਂ ਕੀੜੇ-ਮਕੌੜਿਆਂ ਦੀ ਜ਼ਿੰਦਗੀ ਜਿਉਂ ਰਹੇ ਨੇ, ਜਿਨ੍ਹਾਂ ਨੇ ਕਦੇ ਮਾਂ ਦੇ ਦੁੱਧ ਤੋਂ ਬਿਨਾ ਕਿਸੇ ਹੋਰ ਦੁੱਧ ਦਾ ਸਵਾਦ ਤੱਕ ਨਹੀਂ ਦੇਖਿਆ। ਕੰਦਮੂਲ ਖਾ ਕੇ ਢਿੱਡ ਭਰਦੇ ਨੇ। ਤਨ ਢੱਕਣ ਲਈ ਦਰੱਖ਼ਤਾਂ ਦੇ ਪੱਤੇ...। ਜਿੰਨਾ ਚਿਰ ਤੂੰ ਕਿਸੇ ਤਣ-ਪੱਤਣ ਨਹੀਂ ਲੱਗਦਾ ਓਨਾ ਚਿਰ ਈ ਮੇਰਾ ਇਸ ਘਰ ਨਾਲ ਲਗਾਓ ਐ ਬਸ ਫਿਰ ਇਹ ਸਾਲਮ ਦੀ ਸਾਲਮ ਜ਼ਿੰਦਗੀ ਲੋਕਾਂ ਦੇ ਲੇਖੇ ਲਾ ਦੇਣੀ ਐ। ਉਨਾ ਚਿਰ ਟਿਕ ਕੇ ਨਹੀਂ ਬਹਿਣਾ ਜਿੰਨਾ ਚਿਰ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਹੁੰਦਾ ਰਹੇਗਾ। ਸਾਰੇ ਇੱਕੋ ਜਿਹੀ ਖੁਸ਼ਹਾਲ ਜ਼ਿੰਦਗੀ ਨਹੀਂ ਜਿਉਣ ਲੱਗ ਪੈਣਗੇ। ਜਦੋਂ ਤੱਕ ਅਮੀਰ ਅਮੀਰ ਨਹੀਂ ਰਹੇਗਾ, ਗਰੀਬ ਗਰੀਬ ਨਹੀਂ।"

"ਫਿਰ ਇਹ ਤਾਂ ਤੇਰਾ ਸੁਪਨਾ ਬਣ ਕੇ ਹੀ ਰਹਿ ਜਾਵੇਗਾ।" ਮੈਂ ਕਿਹਾ।

"ਹਾਂ ਮਨੁੱਖ ਪਹਿਲਾਂ ਕੋਈ ਸੁਪਨਾ ਦੇਖਦਾ ਹੈ ਫਿਰ ਉਸ ਨੂੰ ਸਾਕਾਰ ਕਰਨ ਲਈ ਜੂਝਦਾ ਹੈ, ਵਿਰੋਧੀ ਤਾਕਤਾਂ ਨਾਲ ਲੜਦਾ ਹੈ, ਮੈਂ ਵੀ ਜੂਝਾਂਗਾ...ਤੇ ਵਿਰੋਧੀ ਤਾਕਤਾਂ ਨਾਲ ਅਖੀਰਲੇ ਸਾਹ ਤੱਕ ਲੜਦਾ ਰਹਾਂਗਾ।"

ਜਿਸ ਦਿਨ ਮੇਰਾ ਐਲ.ਐਲ.ਬੀ. ਦਾ ਨਤੀਜਾ ਅਖ਼ਬਾਰ ਵਿਚ ਆਇਆ, ਉਸ ਨੇ ਮੇਰਾ ਰੋਲ ਨੰਬਰ ਦੇਖ ਕੇ ਮਾਰੇ ਖੁਸ਼ੀ ਦੇ ਅਖ਼ਬਾਰ ਹਵਾ ਵਿਚ ਉਡਾ ਦਿੱਤਾ। ਮੈਨੂੰ ਘੁੱਟ ਕੇ ਜੱਫ਼ੀ ਵਿਚ ਲੈ ਕੇ ਬੋਲਿਆ, "ਲੈ ਫੇਰ ਭਾਣਜੇ ਹੁਣ ਤਾਂ ਪੀ.ਸੀ.ਐਸ. ਵੀ ਕੁੱਟ ਲੈ...ਪੋਸਟਾਂ ਨਿਕਲੀਆਂ ਹੋਈਆਂ ਨੇ...ਆਪਣੀ ਟਿੰਡ ਫੌਹੜੀ ਚੁੱਕ ਕੇ ਚੰਡੀਗੜ੍ਹ ਜਾ ਬਹਿ। ਟਿਊਸ਼ਨ ਰੱਖ ਕੇ ਕਰਾ ਦੇ ਕੇਰਾਂ ਤਾਂ ਧੰਨ ਧੰਨ। ਬਸ ਜਵਾਬ ਨਾ ਦੇਈਂ ਤੈਨੂੰ ਮੇਰੀ ਸਹੁੰ।"

ਉਸ ਦੀ ਗੱਲ ਮੰਨ ਕੇ ਮੈਂ ਫਾਰਮ ਭਰ ਦਿੱਤੇ। ਚੰਡੀਗੜ੍ਹ ਟਿਊਸ਼ਨ ਰੱਖ ਕੇ ਪੜ੍ਹਨ ਲੱਗ ਪਿਆ ਤੇ ਓਨਾ ਚਿਰ ਨਾ ਮੁੜਿਆ ਜਿੰਨਾ ਚਿਰ ਇਮਤਿਹਾਨ ਨਾ ਹੋਇਆ। ਇਮਤਿਹਾਨ ਹੋਣ ਤੋਂ ਮਗਰੋਂ ਮੇਰੀ ਇੰਟਰਵਿਊ ਹੋ ਗਈ। ਰਿਜ਼ਲਟ ਆਉਣ ਤੱਕ ਉਹ ਨਾ ਘਰ ਵੜਿਆ। ਜਿਸ ਦਿਨ ਮੇਰਾ ਰਿਜ਼ਲਟ ਆਉਣ ਦੀ ਖ਼ਬਰ ਉਸ ਨੇ ਮੇਰੀ ਨਾਨੀ ਮਾਂ ਨੂੰ ਦਿੱਤੀ ਸੀ ਉਸ ਦਿਨ ਤਾਂ ਉਹ ਆਪੇ ਵਿਚ ਨਹੀਂ ਸੀ ਸਮਾ ਰਿਹਾ। ਕਈ ਸਾਲਾਂ ਮਗਰੋਂ ਉਸ ਨੇ ਦਾਰੂ ਪੀਤੀ। ਘਰ ਦੇ ਵਿਹੜੇ ਵਿਚ ਖੌਰੂ ਪਾਇਆ। ਚਾਂਭਲਿਆ ਹੋਇਆ ਉਹ ਆਪਣੀਆਂ ਬਾਹਾਂ 'ਤੇ ਹੀ ਆਪਣੇ ਤਿਗ ਨੂੰ ਇਸ ਤਰ੍ਹਾਂ ਘੁੰਮਾ ਗਿਆ ਜਿਵੇਂ ਕੋਈ ਮਸਤੀ ਵਿਚ ਆਇਆ ਲੱਤਾਂ ਬਾਹਰਾ ਕੁਲੈਹਰੀ ਮੋਰ ਹਵਾ ਵਿਚ ਹੀ ਪੈਲ ਪਾਉਣੀ ਚਾਹੁੰਦਾ ਹੋਵੇ। ਉਸ ਦਿਨ ਮੈਨੂੰ ਮਹਿਸੂਸ ਹੋਇਆ ਕਿ ਮਨੁੱਖ ਲਈ ਉਹ ਦਿਨ ਕਿੰਨਾ ਚਾਵਾਂ ਤੇ ਭਾਗਾਂ ਵਾਲਾ ਹੁੰਦਾ ਹੈ ਜਿਸ ਦਿਨ ਉਹ ਆਪਣੇ ਸੁਪਨੇ ਦੇ ਸਾਕਾਰ ਹੋਣ ਦੀ ਖ਼ਬਰ ਸੁਣਦਾ ਹੈ। ਫਿਰ ਕਿਵੇਂ ਆਪਣਾ ਸਾਕਾਰ ਹੋਇਆ ਸੁਪਨਾ ਦੇਖਣ ਲਈ ਵਿਆਕੁਲ ਹੋ ਜਾਂਦਾ ਹੈ? ਕਿਵੇਂ ਸਬਰ ਕਰਨਾ ਕਠਿਨ ਹੋ ਜਾਂਦਾ ਹੈ ਉਸ ਲਈ ਤੇ ਫਿਰ ਉਹ ਆਪਣਾ ਸਾਕਾਰ ਹੋਇਆ ਸੁਪਨਾ ਦੇਖਣ ਲਈ ਪਹੁੰਚ ਹੀ ਗਿਆ ਮੇਰੇ ਦਫ਼ਤਰ ਵਿਚ। ਦਫ਼ਤਰ ਦੇ ਬੂਹੇ ਅੱਗੇ ਮੇਰਾ ਸੇਵਾਦਾਰ ਉਚੀ-ਉਚੀ ਕਿਸੇ ਨਾਲ ਖਹਿਬੜ ਰਿਹਾ ਸੀ। ਸ਼ੋਰ ਸੁਣ ਕੇ ਮੈਂ ਘੰਟੀ ਵਜਾਈ। ਸੇਵਾਦਾਰ ਲਾਲ-ਪੀਲਾ ਹੋਇਆ ਆ ਹਾਜ਼ਰ ਹੋਇਆ।

"ਕੀ ਗੱਲ ਐ ਬਹਾਦਰ?"

"ਕੁਛ ਨਹੀਂ ਸਾਹਿਬ, ਇੱਕ ਲੰਗੜਾ ਆਦਮੀ ਜ਼ਬਰਦਸਤੀ ਅੰਦਰ ਘੁਸ ਰਹਾ ਥਾ, ਸਾਹਿਬ ਕੇਸ ਸੁਨ ਰਹੇ ਥੇ, ਔਰ ਵੋ...।"

"ਲੰਗੜਾ" ਸ਼ਬਦ ਮੇਰੇ ਜ਼ਿਹਨ ਵਿਚ ਇਕਦਮ ਹਥੌੜੇ ਵਾਂਗ ਵੱਜਿਆ। ਮੇਰੇ ਸਾਹਮਣੇ ਝੱਟ ਮਾਮਾ ਅਜੈਬ ਸਿੰਘ ਆ ਖੜ੍ਹਾ ਹੋਇਆ। ਮਨ ਵਿਚ ਆਇਆ ਸੇਵਾਦਾਰ ਦੇ ਇੱਕ ਚਾਂਟਾ ਟਿਕਾ ਦਿਆਂ, ਪਰ ਮੈਂ ਕੁਝ ਸੋਚ ਕੇ ਬਾਹਰ ਆਇਆ। ਦੇਖਿਆ, ਸੱਚੀਂ ਮਾਮਾ ਅਜੈਬ ਸਿੰਹੁ ਪਿੱਠ ਕਰੀ ਬੈਠਾ ਸੀ। ਮੈਂ ਘੁੰਮ ਕੇ ਉਸ ਦੇ ਨਿਆਣੇ ਦੇ ਨਿੱਕੇ-ਨਿੱਕੇ ਪੈਰਾਂ ਵਰਗੇ ਪੈਰਾਂ ਨੂੰ ਛੂਹਿਆ। ਜਵਾਬ ਵਿਚ ਉਸ ਨੇ ਮੈਨੂੰ ਜੱਫ਼ੀ ਵਿਚ ਲੈ ਲਿਆ। ਸੇਵਾਦਾਰ ਹੈਰਾਨ-ਪ੍ਰੇਸ਼ਾਨ। ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਮੈਨੂੰ ਇਸ ਕੁਰਸੀ ਤੱਕ ਪਹੁੰਚਾਉਣ ਵਾਲਾ ਇਹੀ ਮਹਾਂ ਮਨੁੱਖ ਹੈ। ਮੈਂ ਕੋਰਟ ਕੁਝ ਸਮੇਂ ਲਈ ਮੁਲਤਵੀ ਕਰਕੇ ਉਸ ਨੂੰ ਘਰ ਚੱਲਣ ਲਈ ਕਿਹਾ।

"ਨਹੀਂ ਭਾਣਜੇ ਮੈਂ ਤਾਂ ਤੈਨੂੰ ਕੁਰਸੀ 'ਤੇ ਕਚਹਿਰੀ ਲਾਈ ਬੈਠੇ ਨੂੰ ਦੇਖਣ ਆਇਆਂ। ਘਰ ਤਾਂ...ਮੇਰੀ ਇਹ ਤਮੰਨਾ ਪੂਰੀ ਕਰਦੇ। ਬਸ...।"

"ਆਹ ਕਿੱਡਾ ਵੱਡਾ ਮਨੁੱਖ ਤੇ ਤਮੰਨਾ...।" ਮੇਰੇ ਅੰਦਰੋਂ ਹੂਕ ਨਿਕਲੀ।

ਮੈਂ ਸੇਵਾਦਾਰ ਨੂੰ ਕਹਿ ਕੇ ਉਸ ਦੀ ਕੁਰਸੀ ਸਾਹਮਣੇ ਡਹਾ ਦਿੱਤੀ। ਫਿਰ ਮੈਂ ਕੰਮ ਕਰਦਾ ਰਿਹਾ, ਉਹ ਮੈਨੂੰ ਕੰਮ ਕਰਦੇ ਨੂੰ ਦੇਖਦਾ ਰਿਹਾ। ਲੰਚ ਬਰੇਕ ਵੇਲੇ ਮੈਨੂੰ ਗੱਡੀ ਲੈਣ ਆਈ।

"ਆ ਬਾਈ ਚੱਲੀਏ...।" ਮੈਂ ਉਸ ਨੂੰ ਫਿਰ ਘਰ ਚੱਲਣ ਲਈ ਕਿਹਾ।

"ਨਹੀਂ ਇਹ ਗੱਡੀਆਂ ਅਫ਼ਸਰਾਂ ਲਈ ਹੀ ਨੇ...ਕਾਮਰੇਡਾਂ ਲਈ ਨਹੀਂ ਜਿਨ੍ਹਾਂ ਨੇ ਹਰ ਵਕਤ ਲੋਕਾਂ ਵਿਚ ਕੰਮ ਕਰਨੈ।"

"ਚੱਲ ਫਿਰ ਕੇਰਾਂ ਝਾਟੀ ਤਾਂ ਲੈ ਲੈ ਕੀ ਯਾਦ ਕਰੇਂਗਾ ਕਿ ਅਫ਼ਸਰ ਭਾਣਜੇ ਕੋਲ...।" ਮੈਂ ਟਿੱਚਰ ਭਰੇ ਲਹਿਜੇ ਵਿਚ ਕਿਹਾ।

"ਔਹ ਦੇਖ ਬਾਈ ਮੇਰੀ ਸਾਥਣ ਮੈਨੂੰ ਉਡੀਕਦੀ ਐ। ਤੇਰੀ ਕਾਰ ਤਾਂ ਤੈਨੂੰ ਧੋਖਾ ਦੇ ਜਾਵੇ, ਪਰ ਮਿਰਜ਼ੇ ਦੀ ਬੱਕੀ...।" ਉਸ ਨੇ ਮੇਰੀ ਗੱਲ ਦਾ ਉਸੇ ਲਹਿਜੇ ਵਿਚ ਉਤਰ ਦਿੱਤਾ।

ਮਾਮੇ ਦੀ ਗੱਲ ਮੈਨੂੰ ਉਸ ਦਿਨ ਠੀਕ ਹੀ ਲੱਗੀ ਜਿਸ ਦਿਨ ਸਾਡੀ ਕਾਰ ਦੌਰੇ 'ਤੇ ਗਿਆਂ ਦੀ ਖਰਾਬ ਹੋ ਗਈ ਸੀ ਤੇ ਮੇਰਾ ਗੰਨਮੈਨ ਦੱਸ ਰਿਹਾ ਸੀ 'ਸਰਦਾਰ ਜੀ ਕੱਲ੍ਹ ਮੈਂ ਸੰਗਰੂਰ ਗਿਆ ਸੀ ਉਥੇ ਤੁਹਾਡੇ ਉਸ ਬੌਨੀ ਘੋੜੀ ਵਾਲੇ ਮਾਮਾ ਜੀ ਨੂੰ ਦੇਖਿਆ। ਸਾਰੀਆਂ ਖੱਬੇ ਪੱਖੀ ਪਾਰਟੀਆਂ ਮਹਿੰਗਾਈ ਵਿਰੁਧ ਡੀ.ਸੀ. ਦਫ਼ਤਰ ਅੱਗੇ ਧਰਨਾ ਦੇਣ ਲਈ ਜਾ ਰਹੀਆਂ ਸਨ। ਰਾਹ ਵਿਚ ਨਾਕਾ ਲਾਇਆ ਹੋਇਆ ਸੀ। ਤੁਹਾਡੇ ਮਾਮਾ ਜੀ ਨੇ ਘੋੜੀ ਭਜਾ ਕੇ ਨਾਕਾ ਤੋੜ ਦਿੱਤਾ। ਮਗਰ ਹੀ ਜਨਤਾ ਜਾ ਵੜੀ। ਜਦੋਂ ਉਹ ਥੋੜ੍ਹਾ ਅੱਗੇ ਗਿਆ, ਇੱਕ ਸਿਪਾਹੀ ਤੋਂ ਘੋੜੀ ਦੀ ਥਾਂ ਉਸ ਦੇ ਸਿਰ ਵਿਚ ਡਾਂਗ ਵੱਜ ਗਈ ਉਹ ਉਥੇ ਡਿੱਗ ਪਿਆ। ਸਿਰ ਵਿਚੋਂ ਲਹੂ ਵਗਣ ਲੱਗ ਪਿਆ।"

"ਫਿਰ?" ਮੈਂ ਉਤਸੁਕ ਹੋ ਕੇ ਪੁੱਛਿਆ।

"ਭੜਕੀ ਹੋਈ ਭੀੜ ਨੇ ਪੁਲੀਸ 'ਤੇ ਇੱਟਾਂ, ਵੱਟੇ ਸਿੱਟੇ, ਡੀ.ਸੀ. ਦਫ਼ਤਰ ਦੀ ਇਮਾਰਤ ਨੂੰ ਨੁਕਸਾਨ ਪੁਚਾਉਣਾ ਚਾਹਿਆ। ਲਾਠੀਚਾਰਜ ਦੇ ਬਾਵਜੂਦ ਵੀ ਉਹ ਉਥੋਂ ਨਾ ਹਟੇ। ਅਖੇ ਗ੍ਰਿਫ਼ਤਾਰੀਆਂ ਦੇ ਕੀ ਹੀ ਰਹਾਂਗੇ। ਉਸੇ ਕੇਸ ਵਿਚ ਉਨ੍ਹਾਂ ਨੂੰ ਵੀ ਅੰਦਰ ਕਰ ਦਿੱਤਾ ਸੀ।"

ਤੇ ਫਿਰ ਅਖ਼ਬਾਰਾਂ ਰਾਹੀਂ ਖ਼ਬਰ ਆਈ ਕਿ ਅਜੈਬ ਨੇ ਜੇਲ੍ਹ ਦੇ ਨਾਕਸ ਪ੍ਰਬੰਧ ਵਿਰੁਧ ਕੈਦੀਆਂ ਦੀਆਂ ਮੰਗਾਂ ਦੇ ਹੱਕ ਵਿਚ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਕਰ ਦਿੱਤੀ ਐ, ਜਿਸ ਕਰਕੇ ਉਸ ਦੀ ਸਿਹਤ ਦਿਨੋਂ-ਦਿਨ ਨਿਘਰਦੀ ਜਾ ਰਹੀ ਹੈ...ਜਿਉਂ ਜਿਉਂ ਉਸ ਦੀ ਸਿਹਤ ਵਿਗੜਦੀ ਜਾ ਰਹੀ ਹੈ ਤਿਉਂ ਤਿਉਂ ਉਸ ਨਾਲ ਹੋਰ ਕੈਦੀ ਅਣਮਿੱਥੇ ਸਮੇਂ ਲਈ ਵਰਤ ਰੱਖਦੇ ਆ ਰਹੇ ਹਨ। ਭੁੱਖ ਹੜਤਾਲੀਆਂ ਦੀ ਇਹ ਗਿਣਤੀ ਵਧਦੀ ਜਾ ਰਹੀ ਹੈ...ਮੁਜ਼ਾਹਰੇ ਹੋ ਰਹੇ ਹਨ...ਜੇਲ੍ਹ ਦੇ ਅੰਦਰ ਵੀ ਤੇ ਬਾਹਰ ਵੀ।

# ਜ਼ੀਰਕਪੁਰ ਬਨਾਮ ਉਤਰੀ ਅਮਰੀਕਾ ਦਾ ਹਾਈਡਰ-ਅਲਾਸਕਾ

**ਗੁਲਜ਼ਾਰ ਸਿੰਘ ਸੰਧੂ**

ਮੈਂ ਚੰਡੀਗੜ੍ਹ ਨੇੜੇ ਜ਼ੀਰਕਪੁਰ ਨੂੰ ਵਸਦੇ ਤੇ ਕੈਨੇਡਾ ਅਮਰੀਕਾ ਦੀ ਸੀਮਾ ਉਤਲੇ ਹਾਈਡਰ ਅਲਾਸਕਾ ਨੂੰ ਉਜੜਦੇ ਤੱਕਿਆ ਹੈ। ਮੇਰੀ ਸੱਜਰੀ




*ਜ਼ੀਰੋ ਮੀਲ ਉਤੇ ਰਵਿੰਦਰ ਰਵੀ*

ਵਿਦੇਸ਼ ਯਾਤਰਾ ਨੇ ਇਹ ਲੀਲ੍ਹਾ ਹੋਰ ਵੀ ਉਜਾਗਰ ਕਰ ਦਿੱਤੀ ਹੈ।

ਭਾਰਤ-ਪਾਕਿ ਵੰਡ ਸਮੇਂ ਜ਼ੀਰਕਪੁਰ ਇਕ ਤਿਰਾਹੇ ਮੋੜ ਤੋਂ ਵੱਧ ਕੁਝ ਨਹੀਂ ਸੀ। ਇਹ ਮੋੜ ਕੇਵਲ ਦੋ ਬੰਦਿਆਂ ਨੂੰ ਰੋਜ਼ੀ ਦਿੰਦਾ ਸੀ। ਉਨ੍ਹਾਂ ਵਿਚੋਂ ਇੱਕ ਸਾਈਕਲਾਂ ਨੂੰ ਪੰਕਚਰ ਲਾਉਂਦਾ ਸੀ ਤੇ ਦੂਜਾ ਬੱਸ ਅੱਡੇ ਦੇ ਰਾਹੀਆਂ ਨੂੰ ਚਾਹ ਪਿਲਾਉਣ ਦਾ ਧੰਦਾ ਕਰਦਾ ਸੀ। ਦੋਵੇਂ ਸ਼ਰਨਾਰਥੀ ਸਨ। ਝੰਗ ਤੋਂ ਉਜੜ ਕੇ ਆਏ ਪਨਾਹਗੀਰ। ਉਹ ਮੁਬਾਰਕਪੁਰ ਤੋਂ ਚੱਲ ਕੇ ਆਉਂਦੇ ਸਨ। ਰਫੀਊਜੀ ਕੈਂਪ ਤੋਂ ਘੱਗਰ ਨਦੀ ਨੂੰ ਰੇਲਵੇ ਪੁਲ ਰਾਹੀਂ ਪਾਰ ਕਰਕੇ। ਅੱਜ ਵਾਲਾ ਪੁਲ ਤਾਂ ਬਹੁਤ ਬਾਅਦ ਦੀਆਂ ਗੱਲਾਂ ਹਨ। ਇਨ੍ਹਾਂ ਸੱਠਾਂ ਸਾਲਾਂ ਵਿਚ ਉਸ ਤਿਰਾਹੇ ਮੋੜ ਨੇ ਬਹੁ-ਮੰਜ਼ਲੀ ਇਮਾਰਤਾਂ, ਰਿਜ਼ਾਰਟਾਂ ਤੇ ਮੈਰੇਜ ਪੈਲੇਸਾਂ ਦਾ ਜਿਹੜਾ ਅੱਜ ਵਾਲਾ ਰੂਪ ਧਾਰਿਆ ਹੈ ਉਹ ਆਪਾਂ ਸਭ ਨੇ ਵੇਖਿਆ ਹੈ।

ਹਾਈਡਰ-ਅਲਾਸਕਾ ਦੀ ਕਹਾਣੀ ਉਲਟੀ ਹੈ। ਅੱਜ ਭੂਤ ਵਾੜਾ ਬਣਿਆ ਇਹ ਕਸਬਾ 50 ਸਾਲ ਪਹਿਲਾਂ ਯੂ ਐਸ ਏ ਦੇ 49ਵੇਂ ਰਾਜ ਅਲਾਸਕਾ ਦਾ ਘੁੱਗ ਵਸਦਾ ਆਖਰੀ ਸ਼ਹਿਰ ਸੀ ਜਿਹੜਾ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੇ ਸੀਮਾ ਪਾਰਲੇ ਸਟੀਵਰਟ ਕਸਬੇ ਤੋਂ ਦੋ ਮੀਲ ਦੀ ਦੂਰੀ ਉਤੇ ਸੀ। ਉਂਜ ਦੋਵੇਂ ਕਸਬੇ ਜੌੜੇ ਬੱਚਿਆਂ ਵਾਂਗ ਜੁੜਵੇਂ ਹੀ ਸਨ। ਉਨ੍ਹਾਂ ਦੀ ਆਰਥਕਤਾ ਇੱਕ ਦੂਜੇ ਉਤੇ ਨਿਰਭਰ ਸੀ। ਹਾਈਡਰ ਦੇ ਵਸਨੀਕ ਟਾਈਮ, ਸਿੱਕਾ, ਸਕੂਲ ਤੇ ਛੁੱਟੀਆਂ ਕੈਨੇਡਾ ਵਾਲੇ ਹੀ ਵਰਤਦੇ ਸਨ। ਉਨ੍ਹਾਂ ਦਾ ਆਪਣਾ ਕੋਈ ਕੈਲੰਡਰ ਨਹੀਂ ਸੀ। ਕੇਵਲ ਹਾਈਡਰ ਦੇ ਡਾਕਘਰ ਵਿਚ ਅਮਰੀਕਨ ਡਾਲਰ ਦੀ ਲੋੜ ਪੈਂਦੀ ਸੀ। ਇਸ ਦੇ ਬਾਹਰ ਵਾਲੀਆਂ ਸ਼ਰਾਬ ਦੀਆਂ ਪੱਬਾਂ, ਬਾਰਾਂ, ਹੋਟਲ, ਮੋਟਲ, ਰੈਸਟੋਰੈਂਟ, ਬੈਂਕਾਂ, ਬੱਸਾਂ, ਬੱਘੀਆਂ, ਦੁਕਾਨਾਂ ਤੇ ਕਾਹਵਾ ਘਰਾਂ ਵਿਚ ਕੈਨੇਡੀਅਨ ਡਾਲਰ ਹੀ ਚਲਦਾ ਸੀ। ਕਿਸੇ ਟੂਰਿਸਟ ਨੂੰ ਪੁਲਿਸ ਸਹਾਇਤਾ ਦੀ ਲੋੜ ਪੈਂਦੀ ਤਾਂ ਫੋਨ ਕੀਤਿਆਂ ਕੈਨੇਡੀਅਨ ਮਾਊਂਟਡ ਪੁਲਿਸ ਹਾਜ਼ਰ ਹੋ ਜਾਂਦੀ ਸੀ। ਏਥੇ ਟੈਲੀਫੋਨ ਕੋਡ ਵੀ ਅਲਾਸਕਾ ਵਾਲਾ 907 ਨਹੀਂ ਸਗੋਂ ਟੈਰੇਸ ਵਾਲਾ 205 ਲਗਦਾ ਸੀ।


ਮੈਂ ਹਾਈਡਰ ਕਸਬੇ ਦੇ ਸਾਰੇ ਰੰਗ ਤੱਕੇ ਹਨ। ਪਹਿਲਾਂ ਆਪਣੇ ਕਵੀ ਮਿੱਤਰ ਰਵਿੰਦਰ ਰਵੀ

## ਅਪਨੀ ਬਾਤ

ਦੀਆਂ ਦਾਸਤਾਨਾਂ ਰਾਹੀਂ ਤੇ ਉਸ ਤੋਂ ਪਿਛੋਂ ਰਵੀ ਕੋਲ ਪਹੁੰਚੇ ਉਨ੍ਹਾਂ ਮਹਿਮਾਨਾਂ ਰਾਹੀਂ ਜਿਨ੍ਹਾਂ ਵਿਚ ਸੰਤ ਸਿੰਘ ਸੇਖੋਂ, ਗੁਰਮੇਲ ਸਿੱਧੂ, ਤੇਜਵੰਤ ਗਿੱਲ, ਇਕਵਿੰਦਰ ਤੇ ਹੁਣ ਵਾਲੀ ਫੇਰੀ ਤੇ ਰਘਬੀਰ ਸਿੰਘ ਤੇ ਮੈਂ ਦਰਜਨਾਂ ਦੋਸਤ ਮਿੱਤਰ ਸ਼ਾਮਲ ਹਨ। ਬਾਰਾਂ ਚੌਦਾਂ ਵਰ੍ਹੇ ਪਹਿਲਾਂ ਮੈਨੂੰ ਤੇ ਮੇਰੀ ਪਤਨੀ ਸੁਰਜੀਤ ਨੂੰ ਇਹ ਨਜ਼ਾਰੇ ਦਿਖਾਉਣ ਵਾਲਾ ਵੀ ਰਵਿੰਦਰ ਰਵੀ ਹੀ ਸੀ। ਰਵੀ ਨਿਊ ਆਇਆਂਸ਼ ਵਿਚ ਪੂਰੇ 27 ਸਾਲ ਆਦਿਵਾਸੀ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ ਹੈ। ਉਸ ਦਾ ਹਾਈਡਰ ਵਿਚ ਸਿੱਕਾ ਚਲਦਾ ਸੀ। ਉਹ ਕਦੇ ਕਦਾਈਂ ਆਪਣੇ ਮਹਿਮਾਨਾਂ ਨੂੰ ਅਮਰੀਕਨ ਵੀਜ਼ੇ ਤੋਂ ਬਿਨਾਂ ਵੀ ਲੈ ਵੜਦਾ ਸੀ। ਜੇ ਸੱਚ ਪੁੱਛੋ ਤਾਂ ਮੇਰੀ ਸੱਜਰੀ ਫੇਰੀ ਸਮੇਂ ਵੀ ਮੇਰੇ ਪਾਸਪੋਰਟ ਤੇ ਓਧਰ ਜਾਣ ਦਾ ਵੀਜ਼ਾ ਨਹੀਂ ਸੀ ਲੱਗਾ ਹੋਇਆ।

ਬ੍ਰਿਟਿਸ਼ ਕੋਲੰਬੀਆ ਦੇ ਸਟੀਵਰਟ ਤੇ ਅਮਰੀਕਾ ਦੇ ਹਾਈਡਰ ਕਸਬੇ ਦੀ ਸਾਂਝ ਦੀਆਂ ਤੰਦਾਂ ਵੀ ਘੱਟ ਦਿਲਚਸਪ ਨਹੀਂ। ਹਾਈਡਰ ਵਿਚ ਸ਼ਰਾਬ ਦਾ ਦਰਿਆ ਵਗਦਾ ਸੀ ਤੇ ਸਟੀਵਰਟ ਵਿਚ ਸੋਨੇ ਦਾ। ਭਾਵੇਂ ਸੋਨਾ 1896 ਵਿਚ ਲੱਭਿਆ ਪਰ ਇਸ ਤੋਂ ਕਮਾਈ ਕਰਨ ਦਾ ਧੰਦਾ ਉਦੋਂ ਸ਼ੁਰੂ ਹੋਇਆ ਜਦੋਂ 1902 ਵਿਚ ਏਥੇ ਦੋ ਸਟੀਵਰਟ ਭਰਾਵਾਂ ਨੇ ਪਰਵੇਸ਼ ਕੀਤਾ। ਉਨ੍ਹਾਂ ਦੀ ਦੇਖ-ਰੇਖ ਵਿਚ ਬਾਹਰੋਂ ਆਏ ਤਸਕਰ ਸੋਨ ਭਰੀ ਮਿੱਟੀ ਦੇ ਥੈਲੇ ਪੈਸੀਫਿਕ ਸਾਗਰ ਉਤੋਂ ਬੇੜੀਆਂ ਰਾਹੀਂ ਵੀ ਲੈ ਜਾਂਦੇ ਰਹੇ ਤੇ ਤਰ ਕੇ ਵੀ। ਸਾਗਰ ਵਿਚ ਡੁੱਬਣ ਦੀਆਂ ਵਾਰਦਾਤਾਂ ਵੀ ਹੋਈਆਂ ਪਰ ਸੋਨੇ ਦੇ ਲਾਲਚ ਨੇ ਸਭ ਨੂੰ ਕੰਮ ਲਾਈ ਰੱਖਿਆ। ਸੰਨ 1924 ਤੋਂ 1950 ਤੱਕ ਦਾ ਸਮਾਂ ਇਸ ਧੰਦੇ ਦਾ ਸੁਨਹਿਰੀ ਕਾਲ ਸੀ। ਪਿਛਲੀ ਸਦੀ ਦੇ ਪੰਜਾਹਵਿਆਂ ਵਿਚ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਐਲਾਨੇ ਜਾਣ ਨਾਲ ਜ਼ੀਰਕਪੁਰ ਦਾ ਵਿਕਾਸ ਸ਼ੁਰੂ ਹੋਇਆ ਤੇ ਏਧਰ ਹਾਈਡਰ ਦਾ ਵਿਨਾਸ਼, ਜਿਹੜਾ 1956 ਵਿਚ ਉਕਾ ਹੀ ਠੱਪ ਹੋ ਗਿਆ। ਰਵਿੰਦਰ ਰਵੀ ਤੇ ਮੇਰੇ ਵਰਗੇ ਉਸਦੇ ਮੇਰੇ ਵਰਗੇ ਮਹਿਮਾਨ ਉਜਾੜੇ ਵੱਲ ਵੱਧਦੇ ਹਾਈਡਰ ਦੇ ਚਸ਼ਮਦੀਦ ਗਵਾਹ ਹਨ, ਉਸ ਤੋਂ ਪਹਿਲਾਂ ਵਾਲੀਆਂ ਰੰਗ ਰਲੀਆਂ ਤੇ ਰੌਣਕਾਂ ਦੇ ਨਹੀਂ। ਰੌਣਕ ਦਾ ਸੋਮਾ ਏਧਰ ਦਾ ਸੋਨਾ ਸੀ ਤੇ ਓਧਰ ਦਾ ਦਾਰੂ। ਦੋਵਾਂ ਜੌੜੇ ਸ਼ਹਿਰਾਂ ਦੇ ਵਸਨੀਕ ਏਧਰ ਦਾ ਸੋਨਾ ਪੁੱਟਣ ਓਧਰ ਦੀ ਦਾਰੂ ਪੀ ਕੇ ਆਉਂਦੇ ਸਨ। ਇੱਕ ਦੰਦ ਕਥਾ ਅਨੁਸਾਰ ਇੱਕ ਕਾਮਾ ਆਪਣਾ ਪਾਲਤੂ ਕੁੱਤਾ ਇਸ ਲਈ ਆਪਣੇ ਨਾਲ ਰੱਖਦਾ ਸੀ ਕਿ ਉਸ ਨੇ ਓਧਰੋਂ ਖਰੀਦੀ ਦਾਰੂ ਦੀ ਬੋਤਲ ਇੱਕ ਲੰਮੀ ਰੱਸੀ ਰਾਹੀਂ ਕੁੱਤੇ ਦੇ ਪਟੇ ਨਾਲ ਬੰਨੀ ਹੁੰਦੀ ਸੀ। ਜਿਹੜੀ ਕਸਟਮ ਵਾਲਿਆਂ ਦੀ ਨਜ਼ਰ ਨਹੀਂ ਸੀ ਪੈਂਦੀ।

ਜੇ ਅੱਜ ਜ਼ੀਰਕਪੁਰ ਵਿਚ ਅੰਤਾਂ ਦੀ ਗਹਿਮਾ ਗਹਿਮੀ ਹੈ ਤਾਂ ਹਾਈਡਰ ਅਲਾਸਕਾ ਵਿਚ ਅੰਤਾਂ ਦੀ ਉਜਾੜ। ਬੈਂਕਾਂ, ਹੋਟਲ, ਮੋਟਲ ਤੇ ਰੈਸਟੋਰੈਂਟ ਬੰਦ ਹਨ। ਕੇਵਲ ਗਲੇਸ਼ੀਅਰ ਇਨ ਨਾਂ ਦੀ ਪੱਬ ਖੁੱਲ੍ਹਦੀ ਹੈ ਤੇ ਉਹ ਵੀ ਰਸਮ ਪੂਰਤੀ ਲਈ। ਵੀਹ




*ਗਲੇਸ਼ਅਰ ਨਾਂ ਦੇ ਇੱਕ ਸ਼ਰਾਬਖਾਨੇ ਵਿਚ ਰਘਬੀਰ ਸਿੰਘ*

ਪੰਝੀ ਘਰਾਂ ਵਿਚ ਚਾਲੀ ਪੰਜਾਹ ਬੰਦੇ ਰਹਿੰਦੇ ਹਨ। ਉਨ੍ਹਾਂ ਵਿਚ ਵੀ ਮਰਦ ਘੱਟ ਹਨ ਤੇ ਮਹਿਲਾਵਾਂ ਵੱਧ। ਅਸੀਂ ਉਨ੍ਹਾਂ ਦੇ ਹਾਉਕੇ ਤੇ ਹਾਵੇ ਸੁਣੇ ਹਨ। ਉਹ ਸਾਰੇ ਉਸ ਸਾਲਾਨਾ ਸਮਾਗਮ ਦੀ ਉਡੀਕ ਵਿਚ ਹਨ ਜੋ ਭਲੇ ਦਿਨਾਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ।

ਅੱਜ ਜ਼ੀਰਕਪੁਰ ਹਰਿਆਣਵੀਆਂ, ਪੰਜਾਬੀਆਂ ਤੇ ਹਿਮਾਚਲੀਆਂ ਦਾ ਘੁੱਗ ਵਸਦਾ ਸ਼ਹਿਰ ਹੈ ਤੇ ਹਾਈਡਰ ਅਲਾਸਕਾ, ਅਮਰੀਕਾ, ਕੈਨੇਡਾ ਤੇ ਰੂਸ ਦੇ ਉਜਾੜੇ ਦਾ ਬਿੰਬ। ਯੂ ਐਸ ਏ ਦੇ ਇਸ 49ਵੇਂ ਰਾਜ ਨੂੰ ਅਮਰੀਕਾ ਵਾਸੀਆਂ ਨੇ ਰੂਸ ਦੇ ਜ਼ਾਰ ਤੋਂ 1867 ਵਿਚ ਕੌਡੀਆਂ ਦੇ ਭਾਅ ਖਰੀਦਿਆ ਸੀ। 72 ਲੱਖ ਡਾਲਰਾਂ ਵਿਚ।

**ਅੰਤਕਾ (ਸੁਰਜੀਤ ਪਾਤਰ)**


ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।



*ਤਿਰਾਹੇ ਚੌਕ 'ਤੇ ਉਸਰਿਆ ਅਜੋਕੇ ਜ਼ੀਰਕਪੁਰ ਦਾ ਫਲਾਈਓਵਰ*

# ਭੰਡੂਹ ਹੀ ਭੰਡੂ ਉਪਜੈ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਗੁਰਮਤਿ ਬਾਰੇ ਡਾ. ਗੁਰਨਾਮ ਕੌਰ ਦੀ ਲੇਖ-ਲੜੀ ਕੁਝ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਮੈਂ ਬੜਾ ਚਾਹ ਕੇ ਪੜ੍ਹਦਾ ਹਾਂ। ਉਸ ਵਿਚ ਮੇਰੇ ਸਿਖਣ ਗੋਚਰਾ ਬਹੁਤ ਕੁਝ ਹੁੰਦਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਲਾਹਾ ਖੱਟਿਆ ਹੈ। ਸ਼ਬਦਾਂ ਵਿਚ ਵਿਸ਼ੇਸ਼ ਰੁਚੀ ਹੋਣ ਕਰਕੇ ਮੈਂ ਇਨ੍ਹਾਂ ਪ੍ਰਤੀ ਬੜਾ ਸੰਵੇਦਨਸ਼ੀਲ ਰਹਿੰਦਾ ਹਾਂ। ਇਸ ਲਈ ਸ਼ਬਦਾਰਥ ਸਬੰਧੀ ਜਦ ਕਦੇ ਕੋਈ ਗੱਲ ਰੜਕੇ ਤਾਂ ਬੇਚੈਨੀ ਹੁੰਦੀ ਰਹਿੰਦੀ ਹੈ। 4 ਜੂਨ ਵਾਲੇ ਉਨ੍ਹਾਂ ਦੇ ਲੇਖ 'ਗੁਰਮਤਿ ਵਿਚਾਰਧਾਰਾ ਅਤੇ ਦਸਮ ਗ੍ਰੰਥ:ਸਿਧਾਂਤਕ ਪ੍ਰਤੀਕੂਲਤਾ-ਚਰਿਤ੍ਰੋਪਖਿਆਨ' 'ਚ ਉਨ੍ਹਾਂ ਇਸਤਰੀ ਜਾਤੀ ਦੀ ਸਮਾਜਕ ਮਹੱਤਤਾ ਦਰਸਾਉਂਦੀਆਂ ਰਾਗ ਆਸਾ ਵਿਚਲੀਆਂ ਗੁਰੂ ਨਾਨਕ ਦੀਆਂ ਪ੍ਰਸਿਧ ਕਾਵਿ-ਸਤਰਾਂ ਦੀ ਖੂਬ ਵਿਆਖਿਆ ਕੀਤੀ ਹੈ। ਪੂਰੇ ਬੰਦ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ, ਸਾਰੇ ਪਾਠਕ ਜਾਣਦੇ ਹੀ ਹਨ, ਕਈ ਤਾਂ ਮੂੰਹ ਜ਼ਬਾਨੀ ਵੀ ਜਾਣਦੇ ਹੋਣਗੇ। ਮੈਨੂੰ ਬੇਚੈਨ ਕਰਨ ਵਾਲੀ ਗੱਲ ਸੀ, ਉਨ੍ਹਾਂ ਵਲੋਂ 'ਭੰਡਹੁ ਹੀ ਭੰਡੁ ਉਪਜੈ' ਤੁਕ ਦਾ 'ਇਸਤਰੀ ਤੋਂ ਇਸਤਰੀ ਪੈਦਾ ਹੁੰਦੀ ਹੈ' ਵਜੋਂ ਦਿੱਤਾ ਅਰਥਾਪਣ। ਮੈਂ ਵੀ ਸ਼ਾਇਦ ਇਸ ਨੂੰ ਨਾ ਗੌਲਦਾ ਜੇਕਰ ਮੇਰੇ ਮਨ ਵਿਚ ਮੇਰੇ ਭੂਤਪੂਰਬ ਸਹਿਕਰਮੀ ਗ.ਸ. ਰਿਆਲ ਦੇ ਇਕ ਲੇਖ ਵਿਚ ਇਸੇ ਤੁਕ ਦੇ ਹੋਰ ਵਿਦਵਾਨਾਂ ਵਲੋਂ ਕੀਤੇ ਅਰਥਾਂ ਦੀ ਟੀਕਾ ਟਿੱਪਣੀ ਚੇਤੇ ਵਿਚ ਨਾ ਆਈ ਹੁੰਦੀ। ਰਿਆਲ ਸਾਹਿਬ ਨੂੰ ਸ਼ਬਦਾਂ ਦੀ ਬਰੀਕੀ ਵਿਚ ਸਮਝ ਸੀ ਇਸੇ ਲਈ ਉਨ੍ਹਾਂ ਇਸ ਤੁਕ ਦਾ ਨਿਵੇਕਲਾ ਪਰ ਪੁਖਤਾ ਅਰਥ ਕੀਤਾ ਹੈ। ਹਥਲੇ ਲੇਖ ਦੇ ਪਹਿਲੇ ਹਿੱਸੇ ਵਿਚ ਮੈਂ ਮੋਟੇ ਤੌਰ 'ਤੇ ਰਿਆਲ ਸਾਹਿਬ ਵਲੋਂ ਕੀਤੀ ਵਿਆਖਿਆ ਹੀ ਪੇਸ਼ ਕਰਾਂਗਾ ਤੇ ਅਗਲੇ ਹਿੱਸੇ ਵਿਚ ਭੰਡ ਆਦਿ ਸ਼ਬਦਾਂ ਦੀ ਵਿਉਤਪਤੀ ਬਾਰੇ ਗੱਲ ਕਰਾਂਗਾ। ਇਸ ਹਿੱਸੇ ਨੂੰ ਲਿਖਣ ਵਿਚ ਮੈਂ ਮੋਨੀਅਰ ਵਿਲੀਅਮਜ਼, ਅਜਿਤ ਵਡਨੇਰਕਰ ਅਤੇ ਭਾਈ ਕਾਹਨ ਸਿੰਘ ਤੋਂ ਮੁਢਲੀ ਸਹਾਇਤਾ ਲੈ ਕੇ ਇਸ ਨੂੰ ਵਿਸਤ੍ਰਿਤ ਕੀਤਾ ਹੈ।

ਭੰਡ ਸ਼ਬਦ ਅਤੇ ਉਪਰ-ਕਥਿਤ ਤੁਕ ਦਾ ਅਰਥ ਕਰਨ ਵਾਲੇ ਵਿਦਵਾਨ ਦੋ ਕੋਟੀਆਂ ਵਿਚ ਆਉਂਦੇ ਹਨ। ਪਹਿਲੀ ਕੋਟੀ ਵਿਚ ਉਹ ਹਨ ਜੋ ਇਸ ਤੁਕ ਦਾ ਅਰਥ ਹੀ ਨਹੀਂ ਦਿੰਦੇ। ਇਨ੍ਹਾਂ ਵਿਚ ਭਾਈ ਕਾਹਨ ਸਿੰਘ, ਤੇਜਾ ਸਿੰਘ ਤੇ ਗੁਰਚਰਨ ਸਿੰਘ ਸ਼ਾਮਿਲ ਹਨ। ਦੂਜੇ ਜਿਨ੍ਹਾਂ ਵਿਚ ਸਾਹਿਬ ਸਿੰਘ, ਭਾਈ ਵੀਰ ਸਿੰਘ, ਮਨਮੋਹਨ ਸਿੰਘ ਅਤੇ ਗੁਰਬਚਨ ਸਿੰਘ ਤਾਲਿਬ ਸ਼ਾਮਿਲ ਹਨ, ਇਸ ਦਾ ਅਰਥ ਉਵੇਂ ਹੀ ਕਰਦੇ ਹਨ ਜਿਵੇਂ ਡਾ. ਗੁਰਨਾਮ ਕੌਰ ਹੁਰਾਂ ਕੀਤਾ ਹੈ-ਅਰਥਾਤ 'ਇਸਤਰੀ ਤੋਂ ਇਸਤਰੀ ਪੈਦਾ ਹੁੰਦੀ ਹੈ।' ਮੈਂ ਦੇਖਿਆ ਹੈ ਕਿ ਫਰੀਦਕੋਟ ਵਾਲੇ ਟੀਕੇ ਵਿਚ ਵੀ ਇਸ ਦੇ ਅਰਥ ਇਵੇਂ ਹੀ ਕੀਤੇ ਮਿਲਦੇ ਹਨ। ਭੰਡ ਦਾ ਅਰਥ ਬਤੌਰ ਇਸਤਰੀ ਕਰਨ ਵਿਚ ਇਸ ਨੂੰ ਅਜਿਹੇ ਪਾਤਰ ਵਜੋਂ ਦੇਖਿਆ ਗਿਆ ਹੈ ਜਿਸ ਵਿਚ ਸ਼ਿਸ਼ੂ ਪਲਦਾ ਹੈ। ਪ੍ਰੋ. ਸ਼ੈਕਲ ਦੀ 'ਗੁਰੂ ਨਾਨਕ ਸ਼ਬਦਾਵਲੀ' ਅਨੁਸਾਰ 'ਭੰਡ=vessel, pot,



used in the sense of a woman' ਅਤੇ ਭਾਈ ਕਾਹਨ ਸਿੰਘ ਅਨੁਸਾਰ 'ਇਸਤਰੀ, ਜੋ ਸੰਤਾਨ ਉਤਪੰਨ ਕਰਨ ਲਈ ਸ਼ੁਭ ਪਾਤਰ ਹੈ।'

ਸਿਰਫ ਭਾਈ ਵੀਰ ਸਿੰਘ ਭੰਡ ਸ਼ਬਦ ਨੂੰ ਸੰਸਕ੍ਰਿਤ 'ਭਾਰਯਾ' ਤੋਂ ਬਣਿਆ ਦੱਸਦੇ ਹਨ ਜੋ ਕਿ ਸਰਾਸਰ ਗਲਤ ਹੈ। ਭਾਈ ਸਾਹਿਬ ਨੇ ਇਸ ਗੱਲ ਵੱਲ ਗੌਰ ਨਹੀਂ ਕੀਤਾ ਕਿ ਇਸਤਰੀ ਦੇ ਅਰਥਾਂ ਵਿਚ 'ਭੰਡ' ਸ਼ਬਦ ਵਰਤੋਂ ਵਿਚ ਨਹੀਂ ਆਉਂਦਾ, ਇਹ ਤਾਂ ਗੁਰੂ ਨਾਨਕ ਦੇਵ ਨੇ ਇਕ ਰੂਪਕ ਵਜੋਂ ਵਰਤਿਆ ਹੈ। ਰਿਆਲ ਸਾਹਿਬ ਅਨੁਸਾਰ 'ਭੰਡਹੁ' (ਭੰਡ ਤੋਂ) ਤੇ 'ਭੰਡ' ਮੂਲ ਤੌਰ 'ਤੇ ਭਾਂਡਾ (ਪਾਤਰ) 'ਤੇ ਆਧਾਰਤ ਹਨ। ਇਨ੍ਹਾਂ ਵਿਚ ਪਹਿਲਾ ਅਰਥਾਤ 'ਭੰਡਹੁ' ਮਿੱਟੀ ਦੇ ਅਜਿਹੇ ਭਾਂਡੇ ਦੀ ਦੱਸ ਪਾਉਂਦਾ ਹੈ ਜਿਸ ਵਿਚ ਗੁੰਨ੍ਹੀ ਹੋਈ ਮਿੱਟੀ ਜਾਂ ਢਲੀ ਹੋਈ ਧਾਤ ਪਾ ਕੇ ਕੋਈ ਆਕ੍ਰਿਤੀ ਬਣਾਈ ਜਾਂਦੀ ਹੈ ਅਰਥਾਤ ਸੱਚਾ। ਜਪੁਜੀ ਦੀ ਤੁਕ 'ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥' ਤੋਂ ਇਸ ਦੇ ਸੱਚੇ ਵਾਲੇ ਅਰਥ ਸਹੀ ਹੁੰਦੇ ਹਨ।

ਰਿਆਲ ਸਾਹਿਬ ਕਿਸੇ ਸ਼ਬਦ ਦੇ ਹੋਰ ਭਾਸ਼ਾਵਾਂ ਵਿਚ ਸਮਾਨੰਤਰ ਅਰਥ ਵਿਕਾਸ ਨੂੰ ਬਹੁਤ ਮਹੱਤਤਾ ਦਿੰਦੇ ਸਨ। ਇਥੇ ਅੰਗਰੇਜ਼ੀ ਵਿਚ ਸੱਚੇ ਦਾ ਸੂਚਕ ਸ਼ਬਦ matrix ਬੜਾ ਢੁਕਵਾਂ ਹੈ ਜਿਸ ਦਾ ਲਾਖਣਿਕ ਅਰਥ ਇਸਤਰੀ ਦਾ ਜਣਨ-ਅੰਗ (ਯੋਨੀ) ਅਤੇ ਜਣਨੀ ਹੈ। ਇਸ ਦ੍ਰਿਸ਼ਟੀ ਤੋਂ ਭਾਂਡਾ ਯੋਨੀ ਦਾ ਰੂਪਕ ਬਣਦਾ ਇਸਤਰੀ ਦੇ ਅਰਥਾਂ ਨੂੰ ਜਾ ਛੂੰਹਦਾ ਹੈ। ਇਸ ਸੰਦਰਭ ਵਿਚ ਇਕ ਹੋਰ ਅੰਗਰੇਜ਼ੀ ਸ਼ਬਦ receptacle ਵੀ ਲਿਆ ਜਾ ਸਕਦਾ ਹੈ ਜਿਸ ਦਾ ਇਕ ਅਰਥ ਕਿਸੇ ਵਸਤੂ ਨੂੰ ਧਾਰਨ ਕਰਨ ਵਾਲਾ ਅਰਥਾਤ ਭਾਂਡਾ ਹੈ ਅਤੇ ਦੂਜਾ ਬਨਸਪਤੀ-ਵਿਗਿਆਨ ਵਿਚ ਬੀਜਦਾਨੀ (ovary) ਹੈ। ਇਸ ਤੋਂ ਅੱਗੇ 'ਭੰਡ ਉਪਜੈ' ਦੀ ਹਾਲਤ ਵਿਚ ਮਿੱਟੀ ਦਾ ਭਾਂਡਾ ਮਾਨਵ ਸਰੀਰ ਜਾਂ ਮਾਨਵ ਦਾ ਰੂਪ ਧਾਰਦਾ ਹੈ। ਇਸ ਅਰਥ-ਵਿਕਾਸ ਪਿੱਛੇ ਮਾਨਵ ਦੇਹ ਦੇ ਨਾਸ਼ਵਾਨ ਹੋਣ ਅਤੇ ਉਸ ਦੀ ਸਿਰਜਣਕਾਰੀ ਪਿਛੇ ਕਿਸੇ ਪਰਜਾਪਤੀ ਦੀ ਹੋਂਦ ਦਾ ਸੰਕੇਤ ਮਿਲਦਾ ਹੈ। ਮਿੱਟੀ ਦੇ ਭਾਂਡੇ ਦੇ ਮਾਨਵ ਸਰੀਰ ਜਾਂ ਮਾਨਵ ਵਜੋਂ ਪ੍ਰਗਟ ਹੋਣ ਲਈ ਗੁਰਬਾਣੀ ਦੀ ਤੁਕ, 'ਹੁਕਮੀ ਭਾਂਡੇ ਸਾਜਿਆ ਤੂ ਆਪੇ ਭੰਨਿ ਸਵਾਰਿ ਜੀਉ॥' ਦਾ ਹਵਾਲਾ ਥਾਂ ਸਿਰ ਹੈ। ਇਸ ਚਰਚਾ ਤੋਂ 'ਭੰਡਹੁ ਹੀ ਭੰਡੁ ਉਪਜੈ' ਦਾ ਅਰਥ ਇਹ ਬਣਦਾ ਹੈ ਕਿ ਇਸਤਰੀ ਹੀ ਮਾਨਵ ਸਰੀਰ ਜਾਂ ਮਾਨਵ ਦੀ ਰਚਨਾ ਕਰਦੀ ਹੈ।

ਭੰਡ ਸ਼ਬਦ ਦੇ ਮੂਲ ਪਿਛੇ ਸੰਸਕ੍ਰਿਤ ਧਾਤੂ 'ਭਣ' ਹੈ ਜਿਸ ਦਾ ਅਰਥ ਕਹਿਣਾ, ਪੁਕਾਰਨਾ, ਸੱਦਣਾ, ਰੌਲਾ ਪਾਉਣਾ ਆਦਿ ਹੈ। ਮੱਖੀ ਦੀ ਭਿਣ ਭਿਣ ਜਾਂ ਭਿਣਭਿਣਾਹਟ ਵਿਚ ਇਸ ਧਾਤੂ ਦੀ ਧੁਨੀ ਸੁਣੀ ਜਾ ਸਕਦੀ ਹੈ। ਕਿਸੇ ਗੱਲ-ਕੱਥ ਦੀ ਭਿਣਕ ਲੈਂਦਿਆਂ ਵੀ ਅਸੀਂ ਇਸ ਧਾਤੂ ਦੀ ਭਿਣਕ ਸੁਣਦੇ ਹਾਂ। ਅੰਗਰੇਜ਼ੀ buzz ਸ਼ਬਦ ਦਾ ਵੀ 'ਭਿਣਕ' ਦੀ ਤਰ੍ਹਾਂ ਇਕ ਅਰਥ ਮਧੂਮੱਖੀਆਂ ਦੀ ਭੀਂ ਭੀਂ ਹੈ ਤੇ ਦੂਜਾ ਅਫਵਾਹ, ਕਨਸੋਅ ਆਦਿ। 'ਭਣ' ਮੂਲ ਤੋਂ ਸੰਸਕ੍ਰਿਤ 'ਭਾਂਡਮ' ਬਣਿਆ ਜਿਸ ਤੋਂ ਪਾਤਰ ਜਾਂ ਬਰਤਨ ਦੇ ਅਰਥ ਵਾਲਾ ਸ਼ਬਦ ਭਾਂਡ, ਭੰਡ ਜਾਂ ਭਾਂਡਾ ਬਣੇ। ਸ਼ਾਇਦ ਇਸ ਵਿਚ ਭਾਂਡਿਆਂ ਦੇ ਖੜਕਣ ਵਾਲੀ ਗੱਲ ਵੀ ਸੁਝਾਊ ਹੈ। ਮੁਹਾਵਰਾ ਹੈ, ਜਿਥੇ ਚਾਰ ਭਾਂਡੇ ਹਨ, ਖੜਕਣਗੇ ਹੀ। ਪਰ ਭਾਂਡੇ ਨੂੰ ਭਾਂਡਾ ਕਹਿਣ ਪਿਛੇ ਸਭ ਤੋਂ ਉਚਿਤ ਕਾਰਨ ਮੈਨੂੰ ਹੋਰ ਕਿਧਰੇ ਪ੍ਰਤੀਤ ਹੁੰਦਾ ਹੈ: ਜਦ ਭਾਂਡੇ 'ਚ ਕੋਈ ਵਸਤ ਉਲੱਦੀ ਜਾਂਦੀ ਹੈ ਤਾਂ ਇਕ 'ਭਾਂ' ਜਿਹੀ ਦੀ ਧੁੰਨੀ ਸੁਣਾਈ ਦਿੰਦੀ ਹੈ। ਅਸਲ ਵਿਚ ਵਸਤ ਉਲੱਦਣ ਲੱਗਿਆਂ ਭਾਂਡੇ ਵਿਚ ਮੌਜੂਦ ਹਵਾ ਆਪਣਾ ਥਾਂ ਛੱਡਦਿਆਂ ਇਸ ਦੇ ਗਲਮੇ 'ਚੋਂ ਨਿਕਲਦੀ ਹੋਈ ਅਜਿਹੀ ਧੁਨੀ ਉਪਜਾਂਦੀ ਹੈ। ਖਾਲੀ ਕੋਠੇ ਜਾਂ ਸੁੰਨੇ ਖੋਲੇ ਆਦਿ ਭਾਂ ਭਾਂ ਕਰਦੇ ਹਨ। ਇਹ ਭਾਂ ਭਾਂ ਕਰਨਾ ਵੀ ਅਵਾਰਾ ਹਵਾ ਦਾ ਖਾਲੀ ਕੋਠੇ ਵਿਚ ਟਕਰਾਉਣ ਦਾ ਨਤੀਜਾ ਹੁੰਦਾ ਹੈ। ਅਜਿਹੀਆਂ ਧੁਨੀਆਂ ਨੂੰ ਲੋਕ-ਮਨ ਨੇ 'ਭਣ' ਧਾਤੂ ਨਾਲ ਜੋੜਿਆ ਹੈ। ਭਾਂਡਾ ਭੰਨਣਾ ਦਾ ਅਰਥ ਕਿਸੇ ਦੇ ਭੇਤਾਂ ਦਾ ਰੌਲਾ ਪਾਉਣਾ ਹੈ। ਪ੍ਰਾਕ੍ਰਿਤ ਵਿਚ ਆ ਕੇ ਸੰਸਕ੍ਰਿਤ 'ਭਾਂਡਮ' ਦਾ ਰੂਪ 'ਹਾਂਡ' ਹੋ ਗਿਆ ਤੇ ਅੱਗੋਂ ਪੰਜਾਬੀ ਵਿਚ 'ਹਾਂਡੀ' (ਤੌੜ)। ਜੇ ਮਿੱਟੀ ਦਾ ਭਾਂਡਾ ਸਰੀਰ ਦੀ ਨਾਸ਼ਵਾਨਤਾ ਦਾ ਪ੍ਰਤੀਕ ਹੈ ਤਾਂ ਕਾਠ ਦੀ ਹਾਂਡੀ ਸਰੀਰ ਦੇ ਇਕੋ ਜਨਮ ਲੈਣ ਵੱਲ ਸੰਕੇਤ ਕਰਦੀ ਹੈ, ਭਗਤ ਕਬੀਰ ਦੇ ਸ਼ਬਦਾਂ ਵਿਚ:

> ਕਾਇਆ ਹਾਂਡੀ ਕਾਠ ਕੀ
> ਨਾ ਓਹ ਚਰੈ ਬਹੋਰਿ॥

ਭਾਂਡ ਤੋਂ ਹੀ ਭੰਡਾਰ ਜਾਂ ਭੰਡਾਰਾ ਸ਼ਬਦਾਂ ਦੀ ਵਿਉਤਪਤੀ ਹੋਈ। ਮੁਢਲੇ ਤੌਰ 'ਤੇ ਭੰਡਾਰ ਸ਼ਬਦ ਭਾਂਡਿਆਂ ਦੀ ਭਰਪੂਰਤਾ ਦਾ ਸੰਕੇਤਕ ਹੈ। ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਸਮੋਈ ਰੱਖਣ ਕਾਰਨ ਭਾਂਡਾ ਸ਼ਬਦ ਰਿਜ਼ਕ ਵੱਲ ਵੀ ਇਸ਼ਾਰਾ ਕਰਦਾ ਹੈ। ਭੰਡਾਰ ਸ਼ਬਦ ਬਾਅਦ ਵਿਚ ਹੋਰ ਚੀਜ਼ਾਂ ਦੇ ਸੰਗ੍ਰਿਹ, ਗੁਦਾਮ ਜਾਂ ਖਜ਼ਾਨੇ ਲਈ ਵੀ ਵਰਤਿਆ ਜਾਣ ਲੱਗਾ। ਭੰਡਾਰਾ ਦਾ ਅਰਥ ਲੰਗਰ ਵੀ ਹੋ ਗਿਆ ਹੈ, ਸ਼ਿਵ ਦੇ ਭਗਤ ਭੰਡਾਰਾ ਲਾਉਂਦੇ ਹਨ। ਭੰਡਾਰ ਦਾ ਅਧਿਕਾਰੀ ਭੰਡਾਰੀ ਅਖਵਾਉਂਦਾ ਹੈ। ਭੰਡਾਰੀ ਰਸੋਈਆ ਜਾਂ ਲਾਂਗਰੀ ਵੀ ਹੈ। ਭੰਡਾਰੀ ਬਾਣੀਆਂ ਦਾ ਗੋਤ ਹੁੰਦਾ ਹੈ। ਪਾਠਕਾਂ ਨੇ ਪੰਜਾਬੀ ਕਹਾਣੀਕਾਰ ਮੋਹਨ ਭੰਡਾਰੀ ਦਾ ਨਾਮ ਜ਼ਰੂਰ



ਸੁਣਿਆ ਹੋਵੇਗਾ। ਅੰਮ੍ਰਿਤਸਰ ਦੇ ਕੁਝ ਜੱਟਾਂ ਦਾ ਗੋਤ ਵੀ ਏਹੋ ਹੈ। ਗੁਰਬਾਣੀ ਵਿਚ ਰਿਜ਼ਕ ਪਹੁੰਚਾਉਣ ਵਾਲੇ ਦੇ ਰੂਪ ਵਿਚ ਰੱਬ ਨੂੰ ਵੀ ਭੰਡਾਰੀ ਕਿਹਾ ਗਿਆ ਹੈ:

> ਇਕ ਸੰਸਾਰੀ ਇਕੁ ਭੰਡਾਰੀ
> ਇਕ ਲਾਏ ਦੀਬਾਣੁ॥
> ਅਤੇ
> ਘਰਿ ਘਰਿ ਲਸਕਰੁ ਪਾਵਕੁ ਤੇਰਾ
> ਧਰਮੁ ਕਰੇ ਸਿਕਦਾਰੀ॥
> ਧਰਤੀ ਦੇਗ ਮਿਲੈ ਇਕ ਵੇਰਾ
> ਭਾਗੁ ਤੇਰਾ ਭੰਡਾਰੀ॥

'ਭਣ' ਧਾਤੂ ਦੇ ਰੌਲਾ ਪਾਉਣਾ ਅਰਥਾਂ ਤੋਂ ਹੀ ਸੰਸਕ੍ਰਿਤ ਸ਼ਬਦ ਬਣਿਆ 'ਭਾਂਡਕ' ਜਿਸ ਦਾ ਮਤਲਬ ਘੋਸ਼ਣਾ ਕਰਨ ਵਾਲਾ ਹੈ। ਇਸੇ ਤੋਂ ਮਨੋਰੰਜਨ ਕਰਨ ਵਾਲੇ ਵਿਦੂਸ਼ਕ ਦਾ ਅਰਥਾਵਾਂ 'ਭੰਡ' ਸ਼ਬਦ ਵਿਕਸਿਤ ਹੋਇਆ। ਇਸ ਨੂੰ ਭੰਡ-ਭੰਡੌਤੀ ਵੀ ਕਿਹਾ ਜਾਂਦਾ ਹੈ। ਭੰਡ ਪਹਿਲਿਆਂ ਵਿਚ ਰਾਜਿਆਂ ਅਤੇ ਫੌਜੀਆਂ ਦੇ ਜਸ ਵਿਚ ਵਾਰਾਂ ਗਾਇਆ ਕਰਦੇ ਸਨ। ਸਮਾਂ ਪੈਣ 'ਤੇ ਰਾਜਿਆਂ ਦੀ ਉਸਤਤੀ ਤੇ ਮਨੋਰੰਜਨ ਕਰਨ ਵਾਲਾ ਇਕ ਸਮੂਚਾ ਪੇਸ਼ਾਵਰੀ ਵਰਗ ਹੋਂਦ ਵਿਚ ਆ ਗਿਆ। ਲਖਨਊ ਵਿਚ ਇਕ ਮਹੱਲੇ ਦਾ ਨਾਂ ਭਾਂਡੋ ਟੋਲਾ ਹੈ। ਪੰਜਾਬ ਵਿਚ ਭੰਡ ਮਿਰਾਸੀ ਤੇ ਨਕਲਚੀ ਅੱਜ ਤੱਕ ਦੇਖੇ ਜਾ ਸਕਦੇ ਹਨ ਜੋ ਵਿਆਹਾਂ ਸ਼ਾਦੀਆਂ ਵਿਚ ਖੂਬ ਰੰਗ ਬੰਨ੍ਹਦੇ ਹਨ। ਭੰਡ ਆਮ ਤੌਰ 'ਤੇ ਮੁਸਲਮਾਨ ਹੀ ਹੁੰਦੇ ਹਨ। ਹੌਲੀ ਹੌਲੀ ਭੰਡ ਇਕ ਹਾਸੇ ਦਾ ਪਾਤਰ ਬਣ ਗਿਆ ਕਿਉਂਕਿ ਉਹ ਫਜ਼ੂਲ ਦੀਆਂ ਏਧਰ ਦੀਆਂ ਉਧਰ ਮਾਰਨ ਲੱਗ ਪਿਆ, ਬਖਸ਼ੀਸ਼ ਜਾਂ ਬੇਲ ਦੇ ਲਾਲਚ ਵਿਚ ਜਜਮਾਨਾਂ ਦੀਆਂ ਗਲਤ ਸਹੀ ਸਿਫਤਾਂ ਤੇ ਖੁਸ਼ਾਮਦਾਂ ਕਰਨ ਲੱਗ ਪਿਆ, ਜਜਮਾਨ ਨੂੰ ਖੁਸ਼ ਕਰਨ ਲਈ ਉਸ ਦੇ ਵਿਰੋਧੀਆਂ ਦੀ ਨਿੰਦਾ ਕਰਨ ਲੱਗ ਪਿਆ। ਅੱਜ ਜ਼ਿੰਦਗੀ ਦੇ ਹਰ ਕਾਰੋਬਾਰੀ ਖੇਤਰ ਵਿਚ ਚਾਪਲੂਸ ਭੰਡ ਮਿਲ ਜਾਂਦੇ ਹਨ। ਏਥੇ ਆ ਕੇ ਭੰਡ ਸ਼ਬਦ ਦੇ ਅਰਥਾਂ ਵਿਚ ਨਾ ਸਿਰਫ ਅਧੋਗਤੀ ਆ ਗਈ ਬਲਕਿ ਇਹ ਆਪਣੇ ਮੁਢਲੇ ਅਰਥਾਂ ਤੋਂ ਵਿਪਰੀਤ ਅਰਥਾਂ ਦਾ ਧਾਰਨੀ ਹੋ ਗਿਆ। ਉਸਤਤ ਦੇ ਅਰਥਾਂ ਤੋਂ ਥਿੜਕ ਕੇ ਅੱਜ ਭੰਡਣਾ ਜਾਂ ਭੰਡੀ ਕਰਨਾ ਸਿਰਫ ਕਿਸੇ ਵਿਅਕਤੀ ਵਸਤੂ ਦੀ ਗਲਤ ਨਿੰਦਿਆ ਦਾ ਅਰਥਾਵਾਂ ਹੋ ਗਿਆ ਹੈ।

---

# ਜ਼ਿੰਦਗੀ ਦੇ ਹਾਸ਼ੀਏ 'ਤੇ

ਜਸਵੀਰ ਸਿੰਘ ਢੀਂਡਸਾ

ਇਸ ਸਾਲ ਮਰਦਮਸ਼ੁਮਾਰੀ ਦੀ ਡਿਊਟੀ ਦੌਰਾਨ ਜ਼ਿੰਦਗੀ ਦੇ ਬੜੇ ਕੌੜੇ ਤਜਰਬੇ ਹੋਏ। ਲੋਕਾਂ ਦੇ ਘਰਾਂ ਵਿਚ ਦਰਦਾਂ ਦਾ ਵਹਿੰਦਾ ਜਿਹੜਾ ਦਰਿਆ ਤੱਕਿਆ ਹੈ, ਉਸ ਨਾਲ ਇਕ ਗੱਲ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਹੋਇਆ ਹੈ ਕਿ ਸਾਡੇ ਵਿਚੋਂ ਬਹੁਤੇ ਲੋਕ ਸਿਰਫ ਇਨਸਾਨ ਹੋਣ ਦਾ ਦਰਦ ਹੀ ਹੰਢਾ ਰਹੇ ਹਨ; ਨਹੀਂ ਤਾਂ ਜ਼ਿੰਦਗੀ ਵਰਗੀ ਕਿਸੇ ਚੀਜ਼ ਨਾਲ ਉਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਹੀਂ। ਇਵੇਂ ਜਾਪਦਾ ਹੈ ਜਿਵੇਂ ਇਹ ਲੋਕ ਜ਼ਿੰਦਗੀ ਦੇ ਹਾਸ਼ੀਏ ਉਪਰ ਹੀ ਰਹਿ ਰਹੇ ਹੋਣ ਜਾਂ ਇਨ੍ਹਾਂ ਨੂੰ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ ਹੋਵੇ।

ਮਰਦਮਸ਼ੁਮਾਰੀ ਦਾ ਪਹਿਲਾ ਦਿਨ। ਆਪਣੇ ਸਕੂਲ ਦੇ ਇਕ ਬੱਚੇ ਨੂੰ ਨਾਲ ਲੈ ਕੇ ਪਿੰਡ ਵਿਚ ਜਾਂਦਾ ਹਾਂ। ਪਹਿਲਾ ਘਰ। ਕੱਚੇ-ਪੱਕੇ ਦੋ ਕਮਰੇ। ਬੈਠਣ ਲਈ ਕੋਈ ਮੰਜਾ, ਕੋਈ ਪੀੜ੍ਹੀ ਨਹੀਂ ਮਿਲੀ। ਖੜੇ ਕੇ ਹੀ ਫਾਰਮ ਭਰਨਾ ਸ਼ੁਰੂ ਕੀਤਾ। ਘਰ ਵਿਚ ਮੌਜੂਦ 70 ਵਰ੍ਹਿਆਂ ਦੀ ਬਜ਼ੁਰਗ ਔਰਤ ਨੇ ਦੱਸਣਾ ਸ਼ੁਰੂ ਕੀਤਾ ਕਿ ਉਹ ਜਾਤ ਦੇ ਭਾਵੇਂ ਜੱਟ ਹਨ ਪਰ ਜ਼ਮੀਨ ਦਾ ਇਕ ਮਰਲਾ ਵੀ ਨਹੀਂ ਹੈ। ਤਿੰਨਾਂ ਪੁੱਤਰਾਂ ਦੀ ਮੌਤ ਹੋ ਚੁੱਕੀ ਹੈ; ਸਿਰਫ 17-18 ਸਾਲ ਦੀ ਧੀ ਹੈ। ਘਰ ਦਾ ਚੁੱਲ੍ਹਾ ਤੋਰਨ ਲਈ ਉਸ ਦਾ ਬਜ਼ੁਰਗ ਪਤੀ ਮਜ਼ਦੂਰੀ ਕਰਦਾ ਹੈ। ਘਰ ਦੀ ਖਸਤਾ ਹਾਲਤ ਬਜ਼ੁਰਗ ਔਰਤ ਦੇ ਸ਼ਬਦਾਂ ਦੀ ਗਵਾਹੀ ਭਰ ਰਹੀ ਸੀ। ਪੁੱਤਰਾਂ ਦੀ ਮੌਤ ਦਾ ਗ਼ਮ ਉਸ ਔਰਤ ਦੀਆਂ ਅੱਖਾਂ ਵਿਚੋਂ ਵਹਿ ਤੁਰਿਆ।

ਕਾਲਮ ਨੰਬਰ 28 ਭਰਨ ਲਈ ਮੇਰੇ ਕੋਲੋਂ ਉਸ ਔਰਤ ਤੋਂ ਹੋਰ ਕੁਝ ਪੁੱਛਣ ਦੀ ਹਿੰਮਤ ਨਾ ਹੋਈ। ਮੈਂ ਆਪਣੇ ਮਨ ਤੋਂ ਸਵਾਲ ਪੁੱਛਿਆ ਕਿ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਤਾਂ ਸਰਕਾਰਾਂ ਰਾਖਵੇਂਕਰਨ ਲਾਗੂ ਕਰਦੀਆਂ ਹਨ ਪਰ ਕੀ ਸਰਕਾਰ ਦੀ ਕੋਈ ਨੀਤੀ ਇਸ ਪਰਿਵਾਰ ਦੀ ਵੀ ਬਾਂਹ ਫੜੇਗੀ ਜਾਂ ਇਨ੍ਹਾਂ ਦੀ ਜ਼ਿੰਦਗੀ ਸਿਰਫ ਭੁੱਖਾਂ, ਦੁੱਖਾਂ ਲਈ ਹੀ ਰਾਖਵੀਂ ਹੋ ਕੇ ਰਹਿ ਜਾਵੇਗੀ?

ਭਰੇ ਮਨ ਨਾਲ ਅੱਗੇ ਜਾ ਕੇ ਭੀੜੇ ਜਿਹੇ ਮਕਾਨ ਦਾ ਲੱਕੜ ਦਾ ਬੂਹਾ ਖੜਕਾਉਂਦਾ ਹਾਂ। ਅੰਦਰੋਂ 13-14 ਸਾਲਾਂ ਦੀ ਬਾਲੜੀ ਜੋ ਇਸ ਸਮੇਂ ਘਰ ਇਕੱਲੀ ਹੈ, ਬੂਹਾ ਖੋਲ੍ਹਦੀ ਹੈ। ਕੁੜੀ ਨੂੰ ਉਸ ਦੇ ਮਾਂ-ਬਾਪ ਬਾਰੇ ਪੁੱਛਣ 'ਤੇ ਉਹ ਦੱਸਦੀ ਹੈ, "ਉਹ ਤਾਂ ਕਈ ਸਾਲ ਹੋਏ 'ਪੂਰੇ' ਹੋ ਗਏ। ਦੋ ਵੱਡੇ ਭਰਾ ਦਿਹਾੜੀ-ਦੱਪਾ ਕਰਨ ਲਈ ਘਰੋਂ ਬਾਹਰ ਗਏ ਹਨ। ਫਾਰਮ ਉਪਰ ਦਸਤਖ਼ਤ ਕਰਨ ਲਈ ਕਹਿਣ 'ਤੇ ਉਹ ਦੱਸਦੀ ਹੈ ਕਿ ਉਹ ਕੋਰੀ ਅਨਪੜ੍ਹ ਹੈ ਅਤੇ ਆਪਣਾ ਅੰਗੂਠਾ ਅੱਗੇ ਕਰ ਦਿੰਦੀ ਹੈ। ਉਸ ਦੀ ਛੋਟੀ ਉਮਰ ਦਾ ਭੋਲਾਪਣ ਅਤੇ ਮਾਂ ਦੀ ਅਣਹੋਂਦ ਕਾਰਨ ਵਕਤ ਤੋਂ ਪਹਿਲਾਂ ਸਿਰ ਪਈ ਸਿਆਣਪ ਉਸ ਦੇ ਚਿਹਰੇ ਉਪਰ ਗੁੱਥਮ-ਗੁੱਥਾ ਹੋ ਰਹੇ ਹਨ। ਉਸ ਦੀਆਂ ਖਾਲੀ-ਖਾਲੀ ਅੱਖਾਂ ਵਿਚਲਾ ਅਕਹਿ ਦਰਦ ਸਰਕਾਰ ਦੇ ਸਰਵ ਸਿੱਖਿਆ ਅਭਿਆਨ ਦਾ ਮੂੰਹ ਚਿੜਾ ਰਿਹਾ ਜਾਪਦਾ ਹੈ। ਮੈਨੂੰ ਲੱਗਿਆ ਜਿਵੇਂ ਉਸ ਦੀਆਂ ਅੱਖਾਂ ਵਿਚ ਮੋਏ ਸੁਪਨੇ ਮੈਨੂੰ ਪੁੱਛ ਰਹੇ ਹੋਣ ਕਿ ਆਖ਼ਰ ਉਸ ਦੇ ਹਿੱਸੇ ਦਾ ਸਕੂਲ ਕੌਣ ਖੋਹ ਕੇ ਲੈ ਗਿਆ ਹੈ?

ਅਗਲਾ ਮਕਾਨ 80-90 ਸਾਲਾਂ ਨੂੰ ਢੁੱਕੀ ਬਜ਼ੁਰਗ ਔਰਤ ਦਾ ਹੈ। ਪੁੱਤ-ਪੋਤੇ ਅਤੇ ਭਰਿਆ-ਪੂਰਾ ਪਰਿਵਾਰ ਹੋਣ ਦੇ ਬਾਵਜੂਦ ਅਲੱਗ ਅਤੇ ਇਕੱਲੀ ਰਹਿੰਦੀ ਹੈ। ਜ਼ਮੀਨ-ਜਾਇਦਾਦ ਅਤੇ ਹੋਰ ਸੁੱਖ-ਸਹੂਲਤਾਂ ਵਾਲੇ ਪਰਿਵਾਰ ਨੂੰ ਇਸ ਮਾਤਾ ਦੀਆਂ ਦੋ 'ਗੁੱਲੀਆਂ' ਦਾ ਭਾਰ ਸ਼ਾਇਦ ਇੰਨਾ ਜ਼ਿਆਦਾ ਲੱਗਿਆ ਕਿ ਉਸ ਨੂੰ ਅਲੱਗ ਬਿਠਾ ਦਿੱਤਾ। ਬਜ਼ੁਰਗ ਔਰਤ ਭਰੇ ਮਨ ਨਾਲ ਆਖਦੀ ਹੈ, "ਪੁੱਤ ਸਭ ਮਤਲਬਾਂ ਦੇ ਸਾਕ ਨੇ, ਕੋਈ ਕਿਸੇ ਦਾ ਨਹੀਂ। ਚਲੋ ਉਹ ਜਾਣੇ ਆਪਣੇ ਘਰੀਂ ਸੁਖੀ ਵਸਣ-ਰਸਣ, ਮੇਰਾ ਕੀ ਏ? ਨਦੀ ਕਿਨਾਰੇ ਰੁੱਖੜਾ ਖਬਨੀ ਸਾਲ ਆਂ ਖਬਨੀ ਛੇ ਮਹੀਨੇ ਆਂ।" ਇੰਨਾ ਕਹਿੰਦਿਆਂ ਉਸ ਮਾਤਾ ਦੀਆਂ ਅੱਖਾਂ ਵਿਚ ਅੱਥਰੂ ਤੈਰ ਗਏ ਜੋ ਉਸ ਨੇ ਆਪਣੀ ਸਫੈਦ ਮੈਲੀ ਚੁੰਨੀ ਨਾਲ ਪੂੰਝ ਲਏ। ਜਾਪਿਆ, ਉਸ ਬਜ਼ੁਰਗ ਔਰਤ ਦਾ ਮੂਕ ਸਵਾਲ ਹੈ ਕਿ ਸਾਰੀ ਉਮਰ ਆਪਣੇ ਬੱਚਿਆਂ ਲਈ ਘਰ ਨੂੰ ਬਣਾਉਣ ਸੰਵਾਰਨ ਵਾਲੀ ਦਾ ਆਪਣਾ ਘਰ ਕਿਹੜਾ ਹੈ?

ਚਿੱਕੜ ਵਾਲੀ ਗਲੀ ਪਾਰ ਕਰਕੇ ਅਗਲੇ ਘਰ ਪਹੁੰਚਦਾ ਹਾਂ। 45 ਕੁ ਵਰ੍ਹਿਆਂ ਦਾ ਬੰਦਾ ਰੋਟੀ ਪਕਾਉਣ ਲਈ ਚੁੱਲ੍ਹੇ ਵਿਚ ਅੱਗ ਬਾਲਣ ਲਈ ਫੂਕਾਂ ਮਾਰ-ਮਾਰ ਕੇ ਹਾਲੋਂ-ਬੇਹਾਲ ਹੋ ਰਿਹਾ ਹੈ। ਕੋਲ ਵਿਹੜੇ ਵਿਚ ਡਹੇ ਮੰਜੇ ਉਪਰ ਉਸ ਦਾ ਬਜ਼ੁਰਗ ਪਿਤਾ ਬੈਠਾ ਹੈ। ਸਾਡੇ ਵੱਲੋਂ ਆਪਣੀ ਪਛਾਣ ਦੱਸਣ 'ਤੇ ਆਟੇ ਨਾਲ ਲਿਬੜੇ ਹੱਥ ਅਤੇ ਧੂੰਏਂ ਨਾਲ ਧੁਆਂਖੀਆਂ ਅੱਖਾਂ ਲੈ ਕੇ ਸਾਡੇ ਕੋਲ ਆਉਂਦਾ ਹੈ ਅਤੇ ਦੱਸਦਾ ਹੈ ਕਿ ਉਨ੍ਹਾਂ ਕੋਲ ਸਿਰਫ ਅੱਧਾ ਏਕੜ ਜ਼ਮੀਨ ਹੈ ਜਿਸ ਕਰਕੇ ਉਸ ਨੂੰ ਕੋਈ ਸਾਕ ਨਹੀਂ ਜੁੜਿਆ। ਮਾਂ ਦੀ ਮੌਤ ਹੋ ਗਈ। ਚੁੱਲ੍ਹੇ ਦਾ ਆਹਰ ਕਰਨ ਲਈ ਮੁੱਲ ਦੀ ਤੀਵੀਂ ਲਿਆਂਦੀ ਜੋ ਥੋੜ੍ਹਾ ਸਮਾਂ ਰਹਿ ਕੇ ਪੱਤਰਾ ਵਾਚ ਗਈ। ਹੁਣ ਆਪ ਹੀ ਔਖਾ-ਸੌਖਾ ਹੋ ਕੇ ਰੋਟੀ ਥੱਪ ਕੇ ਆਪਣਾ ਅਤੇ ਆਪਣੇ ਪਿਤਾ ਦਾ ਢਿੱਡ ਭਰਦਾ ਹੈ। ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਚਲਾਉਂਦਾ ਹੈ। ਜਿਵੇਂ-ਜਿਵੇਂ ਉਹ ਬੰਦਾ ਆਪਣੇ ਘਰ ਦੀ ਟੁੱਟੀ ਆਰਥਿਕ ਹਾਲਤ ਬਿਆਨ ਕਰਦਾ ਗਿਆ, ਤਿਵੇਂ-ਤਿਵੇਂ ਉਸ ਦੇ ਕੋਲ ਬੈਠੇ ਉਸ ਦੇ ਬਜ਼ੁਰਗ ਬਾਪ ਦੀਆਂ ਅੱਖਾਂ ਵਿਚੋਂ ਅੱਥਰੂ ਕਿਰ-ਕਿਰ ਕੇ ਉਸ ਦੀ ਨਸਵਾਰੀ ਰੰਗ ਦੀ ਦਾਹੜੀ ਵਿਚ ਸਮਾਉਂਦੇ ਰਹੇ। ਮੈਂ ਸੋਚ ਰਿਹਾ ਸਾਂ ਕਿ ਸਾਡੇ ਅਖੌਤੀ ਗਾਇਕ ਜਿਹੜੇ ਜੱਟ ਨੂੰ ਭੰਗੜੇ ਪਾਉਂਦਾ, ਬੱਕਰੇ ਬੁਲਾਉਂਦਾ ਅਤੇ ਸਫ਼ਾਰੀਆਂ 'ਤੇ ਝੂਟਦਾ ਆਪਣੇ ਗੀਤਾਂ ਰਾਹੀਂ ਦਿਖਾਉਂਦੇ ਹਨ, ਆਖ਼ਰ ਉਹ ਜੱਟ ਕਿੱਥੇ ਹੈ?

ਹੋਰ ਵੀ ਕਈ ਸਵਾਲ ਦਰਪੇਸ਼ ਹੋਏ। ਕਿਸੇ ਬਜ਼ੁਰਗ ਨੂੰ ਬੁਢਾਪਾ ਪੈਨਸ਼ਨ ਨਾ ਮਿਲਣ ਦੀ ਸ਼ਿਕਾਇਤ ਹੈ, ਕੋਈ ਧੀਆਂ-ਪੁੱਤਰਾਂ ਹੱਥੋਂ ਦੁਖੀ ਹੈ, ਕੋਈ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੈ। ਇਕ ਸਵਾਲ ਸਭਨਾਂ ਦਾ ਸਾਂਝਾ ਸੀ ਕਿ ਇਸ ਮਰਦਮਸ਼ੁਮਾਰੀ ਤੋਂ ਉਨ੍ਹਾਂ ਨੂੰ ਕੀ ਮਿਲੇਗਾ? ਇਸ ਸਵਾਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਇਨ੍ਹਾਂ ਸਵਾਲਾਂ ਦਾ ਸਾਹਮਣਾ ਕੇਵਲ ਮੈਨੂੰ ਹੀ ਨਹੀਂ ਬਲਕਿ ਹਰ ਸੰਵੇਦਨਸ਼ੀਲ ਗਿਣਤੀਕਾਰ ਨੂੰ ਕਰਨਾ ਪਿਆ ਹੋਵੇਗਾ।

ਪੰਜਾਬ ਜਿਥੇ ਇਕ ਪਾਸੇ ਤਿਲ-ਤਿਲ ਕਰਕੇ ਮਰ ਰਿਹਾ ਹੈ, ਉਥੇ ਸਮੇਂ ਦੀਆਂ ਸਰਕਾਰਾਂ ਨੂੰ ਚਲਾਉਣ ਵਾਲੇ ਜਹਾਜ਼ਾਂ ਦੇ ਝੂਟੇ ਲੈ ਰਹੇ ਹਨ। ਜਨਤਾ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਸੰਗਤ ਦਰਸ਼ਨਾਂ ਅਤੇ ਹੋਰ ਫਜ਼ੂਲ ਖਰਚੀ ਰਾਹੀਂ ਰੋੜ੍ਹ ਰਹੇ ਹਨ।

ਇਸ ਹਾਲਾਤ ਬਾਰੇ ਹੀ ਸ਼ਾਇਦ ਪੰਜਾਬੀ ਦੇ ਯੁੱਗ ਕਵੀ ਪਾਸ਼ ਨੇ ਲਿਖਿਆ ਹੈ:

> ਅਫ਼ਸੋਸ!! ਕਿ ਸਦੀਆਂ ਬੀਤ ਗਈਆਂ
> ਰੋਟੀ, ਕੰਮ ਤੇ ਸਿਵੇ ਅਜੇ ਵੀ
> ਸਮਝਦੇ ਹੋਣਗੇ
> ਕਿ ਅਸੀਂ ਉਨ੍ਹਾਂ ਲਈ ਹੀ ਹਾਂ।

# ‘ਕਲੀਆਂ ਦੇ ਬਾਦਸ਼ਾਹ’ ਦੀ ਮਦਦ ਦੀਆਂ ਅਰਜ਼ਾਂ



**ਕੀ ਮੈਂ ਝੂਠ ਬੋਲਿਐ...**

ਸਵਰਨ ਸਿੰਘ ਟਹਿਣਾ*

*ਫੋਨ: 91-98141-78883

ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਆਰਥਿਕ ਮਦਦ ਬਾਰੇ 'ਫੇਸਬੁੱਕ' 'ਤੇ ਤੁਰੀ ਅਪੀਲ ਨੇ ਇੱਕ ਵਾਰ ਫਿਰ ਸੂਝਵਾਨ ਸਰੋਤਿਆਂ ਅੱਗੇ ਕਈ ਸਵਾਲ ਖੜੇ ਕਰ ਦਿੱਤੇ ਹਨ। ਅਪੀਲ 'ਚ ਕਿਹਾ ਗਿਆ ਹੈ ਕਿ ਜਲਾਲ ਪਿੰਡ ਤੋਂ ਤੁਰ ਕੇ ਆਪਣੀ ਗਾਇਕੀ ਜ਼ਰੀਏ ਸੰਸਾਰ ਪ੍ਰਸਿੱਧੀ ਖੱਟਣ ਵਾਲੇ ਮਾਣਕ ਦਾ ਪਰਿਵਾਰ ਇਨ੍ਹੀਂ ਦਿਨੀਂ ਮੰਦੀ ਆਰਥਿਕਤਾ 'ਚੋਂ ਲੰਘ ਰਿਹਾ ਹੈ। ਉਸ ਦੀ ਪਤਨੀ ਸਰਬਜੀਤ ਦਾ ਆਖਣੈ, 'ਇਕਲੌਤੇ ਪੁੱਤ ਯੁੱਧਵੀਰ ਦੀ ਬਿਮਾਰੀ 'ਤੇ ਲੱਖਾਂ ਰੁਪਿਆ ਖਰਚ ਹੋ ਗਿਆ ਤੇ ਪਿਛਲੇ ਕਾਫੀ ਸਮੇਂ ਤੋਂ ਕੁਲਦੀਪ ਮਾਣਕ ਵੀ ਬਹੁਤਾ ਤੰਦਰੁਸਤ ਨਹੀਂ ਰਹਿੰਦਾ। ਸਾਰੀ ਜਮ੍ਹਾਂ ਪੂੰਜੀ ਦੋਹਾਂ ਦੇ ਇਲਾਜ 'ਤੇ ਖਰਚ ਹੋ ਚੁੱਕੀ ਹੈ ਤੇ ਹੁਣ ਉਹ ਇਨ੍ਹਾਂ ਦਾ ਇਲਾਜ ਕਰਾਵੇ ਜਾਂ ਸਭ ਕੁੱਝ ਵੇਚ-ਵੱਟ ਗੁਰਦੁਆਰੇ ਚਲੀ ਜਾਵੇ।'

ਦੱਸਿਆ ਗਿਆ ਹੈ ਕਿ ਪਿਛਲੇ ਦਿਨੀਂ ਜਦੋਂ ਸਰਦੂਲ ਸਿਕੰਦਰ ਤੇ ਮੁਹੰਮਦ ਸਦੀਕ ਮਾਣਕ ਦੇ ਘਰ ਗਏ ਸਨ ਤਾਂ ਸਰਬਜੀਤ ਨੇ ਇਹ ਗੱਲਾਂ ਉਨ੍ਹਾਂ ਨੂੰ ਕਹੀਆਂ ਸਨ, ਜਿਨ੍ਹਾਂ ਨੂੰ ਬਾਅਦ 'ਚ 'ਫੇਸਬੁੱਕ' ਜ਼ਰੀਏ ਲੋਕਾਂ ਤੱਕ ਅੱਪੜਦੀਆਂ ਕਰਨਾ ਕਈ ਸ਼ੁਭਚਿੰਤਕਾਂ ਆਪਣਾ ਫ਼ਰਜ਼ ਸਮਝਿਆ। ਅਪੀਲ ਹੇਠਾਂ ਮਾਣਕ ਦਾ ਬੈਂਕ ਖਾਤਾ ਨੰਬਰ, ਫੋਨ ਨੰਬਰ ਅਤੇ ਸਦੀਕ ਦਾ ਮੋਬਾਈਲ ਨੰਬਰ ਦਿੱਤਾ ਗਿਆ ਹੈ।

ਮਾਣਕ ਪਿਛਲੇ ਕਾਫੀ ਸਮੇਂ ਤੋਂ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਰਹਿੰਦਾ, ਇਹਦੇ ਬਾਰੇ ਕਾਫੀ ਲੋਕ ਜਾਣਦੇ ਨੇ ਪਰ ਉਹ ਬਿਮਾਰ ਕਿਉਂ ਰਹਿੰਦੈ, ਇਹਦੇ ਬਾਰੇ ਘੱਟ ਲੋਕਾਂ ਨੂੰ ਹੀ ਪਤੈ। ਸੋ ਜਿਹੜੀ ਗੱਲ ਬਾਰੇ ਨਹੀਂ ਪਤਾ, ਉਹਦੇ ਤੋਂ ਬਹੁਤਾ ਪਰਦਾ ਚੁੱਕਣਾ ਵੀ ਨਹੀਂ ਚਾਹੀਦਾ। ਥੋੜ੍ਹਾ ਚਿਰ ਪਹਿਲਾਂ ਯੁੱਧਵੀਰ ਮਾਣਕ ਏਨਾ ਜ਼ਿਆਦਾ ਬਿਮਾਰ ਹੋ ਗਿਆ ਸੀ ਕਿ ਲੁਧਿਆਣੇ ਦੇ ਡੀ.ਐਮ.ਸੀ. ਦੇ ਡਾਕਟਰਾਂ ਜਵਾਬ ਦਿੰਦਿਆਂ ਕਹਿ ਦਿੱਤਾ ਸੀ, 'ਘਰ ਲਿਜਾ ਕੇ ਸੇਵਾ ਕਰ ਲਵੋ...!' ਫੇਰ ਕੁਦਰਤੀ ਕ੍ਰਿਸ਼ਮਾ ਹੋਇਆ ਤੇ ਕਈ ਦਿਨਾਂ ਬਾਅਦ ਯੁੱਧਵੀਰ ਜੀਵਨ ਬਚਾਉਣ ਵਾਲੀਆਂ ਮਸ਼ੀਨਾਂ ਤੋਂ ਬਿਨਾਂ ਸਾਹ ਲੈਣ ਲੱਗ ਗਿਆ। ਹੁਣ ਉਹ ਪਹਿਲਾਂ ਨਾਲੋਂ ਕਾਫੀ ਠੀਕ ਸੁਣੀਂਦਾ ਹੈ।

ਹੁਣ ਮਾਣਕ ਦੇ ਪਰਿਵਾਰ ਲਈ ਇਸ ਅਪੀਲ ਤੋਂ ਕਈ ਹੈਰਾਨ ਹਨ ਤੇ ਕਈਆਂ ਨੂੰ ਇਹ ਮਦਦ ਵਾਸਤੇ ਅੱਗੇ ਆਉਣ ਲਈ ਪਰੇਰ ਰਹੀ ਹੈ। ਹੈਰਾਨ ਹੋਣ ਵਾਲਿਆਂ ਦਾ ਆਖਣਾ ਹੈ ਕਿ ਮਾਣਕ, ਜਿਸ ਨੇ ਸਾਰੀ ਉਮਰ ਨਿੱਠ ਕੇ ਗਾਇਆ, ਖੂਬ ਸਟੇਜਾਂ ਲਾਈਆਂ, ਚੰਗਾ ਪੈਸਾ ਕਮਾਇਆ, ਉਸ ਦੀ ਹਾਲਤ ਇਕਦਮ ਏਨੀ ਪਤਲੀ ਕਿਵੇਂ ਹੋ ਗਈ ਤੇ ਹਮਦਰਦੀ ਵਾਲਿਆਂ ਦੀ ਸੋਚ ਹੈ ਕਿ ਭਾਵੇਂ ਉਸ ਨੇ ਪੈਸੇ ਕਮਾਏ ਪਰ ਕੌੜੇ ਘੁੱਟ ਕਾਰਨ ਖਰਚ ਵੀ ਹੁੰਦੇ ਰਹੇ, ਨਾਲੇ ਵਕਤ ਦਾ ਕੋਈ ਪਤਾ ਨਹੀਂ, ਕਿਹੜੇ ਵੇਲੇ ਕੇਹਾ ਰੰਗ ਦਿਖਾ ਦੇਵੇ। ਦੋਹਾਂ ਦੀਆਂ ਦਲੀਲਾਂ ਆਪੋ-ਆਪਣੀ ਥਾਂ ਠੀਕ ਨੇ ਪਰ ਕਿਸੇ ਦਾ ਔਖਾ ਵੇਲਾ ਕਟਾਉਣ ਲਈ ਪੰਜਾਬੀ ਪਹਿਲਾਂ ਵੀ ਅੱਗੇ ਆਉਂਦੇ ਰਹੇ ਨੇ ਤੇ ਹੁਣ ਵੀ ਆਉਣਗੇ, ਇਸ ਗੱਲ ਦਾ ਪੱਕਾ ਯਕੀਨ ਹੈ। ਇਹ ਗੱਲ ਸਿਰਫ਼ ਮਾਣਕ ਤੱਕ ਸੀਮਤ ਨਹੀਂ ਕਿਉਂਕਿ ਮਾਣਕ ਦੇ ਤਾਂ ਕਈ ਚੇਲੇ-ਬਾਲਕੇ ਵਾਹਵਾ ਧਨਵਾਨ ਨੇ, ਜੇ ਉਨ੍ਹਾਂ 'ਚੋਂ ਅੱਧੇ ਵੀ ਮਦਦ ਲਈ ਅੱਗੇ ਆ ਗਏ ਤਾਂ ਉਸ ਦੀ ਗ਼ਰੀਬੀ ਚੁੱਕੀ ਜਾਣੀ ਹੈ।

ਪਿਛਲੇ ਕੁੱਝ ਮਹੀਨਿਆਂ ਤੋਂ 'ਫੇਸਬੁੱਕ' ਸਮੇਤ ਕਈ ਹੋਰ ਸੋਸ਼ਲ ਨੈਟਵਰਕਿੰਗ ਸਾਈਟਾਂ 'ਤੇ ਕਲਾਵਾਨਾਂ ਦੀ ਆਰਥਿਕ ਮੰਦਹਾਲੀ ਬਾਰੇ ਜਾਣਕਾਰੀਆਂ ਮਿਲ ਰਹੀਆਂ ਨੇ। ਕਈ ਸ਼ਖ਼ਸੀਅਤਾਂ ਉਹ ਨੇ ਜੋ 'ਮਾਣਕ' ਵਾਂਗ ਮਸ਼ਹੂਰ ਨਹੀਂ। ਇਹ ਉਹ ਨੇ ਜਿਨ੍ਹਾਂ ਪੂਰੀ ਹਯਾਤੀ ਫ਼ਕੀਰਾਂ ਵਾਂਗ ਕੱਢ ਦਿੱਤੀ। ਪਿਛਲੇ ਹਫ਼ਤੇ ਆਪਣੇ ਵੇਲੇ ਦੇ ਮਸ਼ਹੂਰ ਕਵੀ ਹਰੀ ਸਿੰਘ ਦਿਲਬਰ ਦੀ ਪਤਲੀ ਹਾਲਤ ਬਾਰੇ ਜਾਣਕਾਰੀ ਮਿਲੀ ਸੀ ਤੇ ਦੁੱਖ ਹੋਇਆ ਸੀ। ਦਿਲਬਰ ਹੁਰਾਂ 1953 ਤੋਂ ਲਾਲ ਕਿਲੇ ਤੋਂ ਲਗਾਤਾਰ 109 ਵਾਰ ਕਵਿਤਾ ਪਾਠ ਕੀਤਾ ਤੇ ਕੋਈ ਵੇਲਾ ਅਜਿਹਾ ਸੀ, ਜਦੋਂ ਉਹ ਮੁਸ਼ਾਇਰਿਆਂ ਦੀ ਜਿੰਦ-ਜਾਨ ਸਨ। ਉਨ੍ਹਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਉਨ੍ਹਾਂ ਦੀਆਂ ਲਿਖਤਾਂ 'ਚੋਂ ਦੇਖਣ ਨੂੰ ਮਿਲ ਜਾਂਦੀ ਹੈ, ਜਿਵੇਂ:

ਦੁੱਧ ਫਟ ਜਾਏ ਤਾਂ ਪਨੀਰ ਬਣ ਜਾਂਦਾ ਹੈ,
ਰੁੱਖ ਟੁੱਟ ਜਾਏ ਤਾਂ ਸ਼ਤੀਰ ਬਣ ਜਾਂਦਾ ਹੈ।
ਗੁੰਡਿਆਂ ਦੇ ਨਾਲ ਵੀ ਤੂੰ ਰੱਖ ਰਾਮ-ਰਾਮ,
ਕੀ ਪਤਾ ਕਦੋਂ ਕੋਈ ਵਜ਼ੀਰ ਬਣ ਜਾਂਦਾ ਹੈ।

ਸੱਚਾਈ ਬਿਆਨ ਕਰਨ ਵਾਲੀ ਇਹ ਸ਼ਾਇਰੀ ਪੜ੍ਹ ਕੇ ਨਹੀਂ ਜਾਪਦਾ ਕਿ 'ਵਜ਼ੀਰਾਂ' ਨੂੰ ਕਦੇ ਦਿਲਬਰ ਦੀ ਮਦਦ ਕਰਨੀ ਆਪਣਾ ਫ਼ਰਜ਼ ਜਾਪੇਗੀ। 82 ਸਾਲਾ ਦਿਲਬਰ ਨੇ ਰੋਜ਼ੀ-ਰੋਟੀ ਲਈ ਕਦੇ ਜੂਸ ਦੀ ਰੇਹੜੀ ਲਾਈ ਤੇ ਕਦੇ ਸਮੋਸਿਆਂ-ਪੂੜੀਆਂ ਦੀ, ਪਰ ਹੁਣ ਉਸ ਦੇ ਹੱਡ ਜਵਾਬ ਦੇ ਚੁੱਕੇ ਨੇ।

ਜਦੋਂ 'ਫੇਸਬੁੱਕ' ਅਤੇ ਅਖ਼ਬਾਰਾਂ ਜ਼ਰੀਏ ਲੋਕਾਂ ਨੂੰ ਇਸ ਬਾਬਤ ਪਤਾ ਲੱਗਾ ਤਾਂ ਵੇਰਵੇ ਥੱਲੇ ਕੁਮੈਂਟ ਲਿਖਣ ਵਾਲਿਆਂ ਹਨੇਰੀ ਲਿਆ ਦਿੱਤੀ, 'ਬਹੁਤ ਮਾੜੀ ਗੱਲ ਏ', 'ਸਰਕਾਰਾਂ ਸਵਾਰਥੀ ਨੇ', 'ਦਿਲਬਰ ਇਜ਼ ਗਰੇਟ ਪੋਇਟ', 'ਸੋ ਸੈਡ' ਵਗੈਰਾ-ਵਗੈਰਾ ਪਰ ਇਹ ਸਭ ਲਿਖਣ ਵਾਲਿਆਂ 'ਚੋਂ ਦਸ ਫ਼ੀਸਦੀ ਨੇ ਵੀ ਆਪਣੀ ਦਸ ਦਿਨ ਦੀ ਕਮਾਈ ਦਿਲਬਰ ਤੱਕ ਅੱਪੜਦੀ ਕੀਤੀ ਹੋਵੇਗੀ, ਇਹ ਨਹੀਂ ਜਾਪਦਾ।

ਪੰਜਾਬੀਆਂ ਦੀ ਦਰਿਆਦਿਲੀ ਬਾਰੇ ਕਹਾਣੀਆਂ, ਗੀਤਾਂ, ਕਵਿਤਾਵਾਂ 'ਚ ਬੜਾ ਕੁੱਝ ਦੱਸਿਆ ਗਿਐ ਪਰ ਅੱਜ ਉਹੀ ਪੰਜਾਬੀ ਦੁੱਖ ਦੀ ਖ਼ਬਰ ਸੁਣ ਇੱਕ ਮਿੰਟ ਦਾ ਲੰਮਾ ਹਉਕਾ ਲੈਣ ਤੋਂ ਬਿਨਾਂ ਕੁੱਝ ਨਹੀਂ ਕਰ ਰਹੇ। ਬਹੁਤਿਆਂ ਦਾ ਕਹਿਣਾ ਹੁੰਦੈ, 'ਜਦੋਂ ਸਰਕਾਰਾਂ ਨੇ ਨਹੀਂ ਪੁੱਛਿਆ ਤਾਂ 'ਸਾਨੂੰ ਕੀ' ਤੇ ਕਈ ਆਖਦੇ ਨੇ, 'ਸਾਡੀ ਆਪਣੀ ਰੋਟੀ ਮਸਾਂ ਤੁਰਦੀ ਏ, ਅਸੀਂ ਕੀ ਕਰੀਏ?' ਇਹ 'ਸਾਨੂੰ ਕੀ' ਅਤੇ 'ਅਸੀਂ ਤਾਂ ਖੁਦ ਭੁੱਖੇ ਆਂ' ਵਾਲੀ ਸੋਚ ਕਈ ਸਵਾਲ ਪੈਦਾ ਕਰਦੀ ਹੈ, ਭਲਾ ਅਸੀਂ ਉਹੀ ਪੰਜਾਬੀ ਹਾਂ?

ਪਿਛਲੇ ਸਾਲ ਜਦੋਂ ਉਘਾ ਰੰਗਕਰਮੀ ਸੁਰਜੀਤ ਗਾਮੀ ਮੰਜੇ ਨਾਲ ਜੁੜ ਬੈਠਾ ਸੀ, ਉਦੋਂ ਉਸ ਦੇ ਇਲਾਜ ਬਾਰੇ ਸਰਕਾਰੇ-ਦਰਬਾਰੇ ਫ਼ਰਿਆਦਾਂ ਹੋਈਆਂ ਸਨ ਤੇ ਕਲਾ ਦੇ ਕਦਰਦਾਨਾਂ ਅੱਗੇ ਵੀ ਅਪੀਲ ਕੀਤੀ ਗਈ ਸੀ ਕਿ ਉਹ ਅੱਗੇ ਆਉਣ। ਸਿਵਾਏ ਇੱਕ ਕਾਂਗਰਸੀ ਆਗੂ ਦੇ ਹੋਰ ਕੋਈ ਨਹੀਂ ਸੀ ਆਇਆ, ਸਿੱਟੇ ਵਜੋਂ ਉਹਨੂੰ ਚਾਹੁਣ ਵਾਲਿਆਂ ਖੁਦ ਫੰਡ ਇਕੱਠਾ ਕੀਤਾ ਤੇ ਇਲਾਜ ਸ਼ੁਰੂ ਕਰਾਇਆ ਪਰ ਗਾਮੀ ਬਚ ਨਾ ਸਕਿਆ। ਬਾਅਦ 'ਚ ਪਤਾ ਲੱਗਾ ਕਿ ਉਸ ਦੇ ਸਿਦਕ ਦੀ ਕਦਰ ਕਰਨ ਵਾਲਿਆਂ ਉਸ ਦੇ ਕੱਚੇ ਕੋਠੇ ਨੂੰ ਪੱਕਾ ਕਰਾਉਣ 'ਚ ਯੋਗਦਾਨ ਪਾਇਐ।

ਜਦੋਂ ਗੀਤਕਾਰ ਸਨਮੁੱਖ ਸਿੰਘ ਅਜ਼ਾਦ ਮਾਨਸਿਕ ਪ੍ਰੇਸ਼ਾਨੀ ਕਰਕੇ ਖੁਦ ਨੂੰ ਅੱਗ ਲਾ ਸਰੀਰ ਦੇ ਕਈ ਅੰਗ ਸਾੜ ਬੈਠਾ ਸੀ ਤਾਂ ਕਾਰਨ ਲੱਭਣ ਦੀ ਥਾਂ ਗੀਤਕਾਰਾਂ-ਗਾਇਕਾਂ ਕਹਿਣਾ ਸ਼ੁਰੂ ਕਰ ਦਿੱਤਾ, 'ਪਾਗਲ ਐ ਸਾਲਾ...ਜਿੰਨੇ ਪੈਸੇ ਦੇਵਾਂਗੇ, ਓਨੇ ਦੀ ਸ਼ਰਾਬ ਪੀ ਜਾਵੇਗਾ, ਇਹਦੀ ਡਰਾਮੇਬਾਜ਼ੀ ਤਾਂ ਚੱਲਦੀ ਹੀ ਰਹਿੰਦੀ ਏ।' ਉਹ ਤਾਂ ਭਲਾ ਹੋਵੇ 'ਦੇਵ ਥਰੀਕੇ ਸੁਸਾਇਟੀ' ਦਾ, ਜਿਸ ਨੇ ਉਸ ਦੀ ਮਦਦ ਕੀਤੀ ਤੇ ਉਸ ਦੀ ਮੱਲ੍ਹਮ-ਪੱਟੀ ਹੋਈ।




(ਐਨ ਖੱਬੇ) ਹਰੀ ਸਿੰਘ ਦਿਲਬਰ ਅਤੇ (ਸੱਜੇ) ਇਕ ਗੀਤ ਦੀ ਰਿਕਾਰਡਿੰਗ ਵੇਲੇ ਯੁਧਵੀਰ ਮਾਣਕ, ਕੁਲਦੀਪ ਮਾਣਕ ਤੇ ਜੈਜ਼ੀ ਬੀ

ਇਹ ਗੱਲ ਕਿਸੇ ਤੋਂ ਲੁਕੀ-ਛੁਪੀ ਨਹੀਂ ਕਿ ਸਾਹਿਤਕਾਰਾਂ ਪੱਲੇ ਸਿਵਾਏ ਕਿਤਾਬਾਂ ਤੇ ਅਖ਼ਬਾਰਾਂ ਦੀਆਂ ਕਤਰਨਾਂ ਦੇ ਹੋਰ ਕੁੱਝ ਨਹੀਂ ਹੁੰਦਾ। ਮੁਸ਼ਾਇਰਿਆਂ ਵਿਚ ਉਨ੍ਹਾਂ ਨੂੰ ਸਨਮਾਨਾਂ ਦੇ ਨਾਂ 'ਤੇ 'ਲੱਕੜ ਦਾ ਕਾਕਾ' (ਸ਼ੀਲਡ) ਫੜਾ ਕੇ ਤੋਰ ਦਿੱਤਾ ਜਾਂਦੈ। ਬਹੁਤੀਆਂ ਅਮੀਰ ਸਾਹਿਤ ਸਭਾਵਾਂ ਉਨ੍ਹਾਂ ਨੂੰ ਗਿਆਰਾਂ ਸੌ ਵੀ ਦੇ ਛੱਡਦੀਆਂ ਨੇ ਪਰ ਏਨੇ ਨਾਲ ਉਨ੍ਹਾਂ ਦੀ ਰੋਟੀ ਨਹੀਂ ਤੁਰਦੀ।

ਫ਼ਰੀਦਕੋਟ ਦੇ ਉਘੇ ਕਵੀ ਜਗੀਰ ਸੱਧਰ ਤੇ ਉਸ ਤੋਂ ਪਹਿਲਾਂ ਬਿਸਮਿਲ ਫ਼ਰੀਦਕੋਟੀ ਦਾ ਕੀ ਹਾਲ ਹੋਇਆ, ਇਹਦੇ ਬਾਰੇ ਬਹੁਤੇ ਲੋਕਾਂ ਨੂੰ ਭਾਵੇਂ ਨਾ ਪਤਾ ਹੋਵੇ ਪਰ ਫ਼ਰੀਦਕੋਟ ਦੇ ਛੋਟੇ-ਵੱਡੇ ਸਾਹਿਤਕਾਰ ਜ਼ਰੂਰ ਜਾਣਦੇ ਨੇ। ਉਨ੍ਹਾਂ ਦੀ ਕਿੰਨੀ ਕੁ ਮਦਦ ਹੋਈ ਤੇ ਕਿਹੜੇ ਹਾਲਾਤ 'ਚ ਹੋਈ, ਇਹਦੇ ਬਾਰੇ ਭੇਤ ਬਣਿਆ ਰਹੇ ਤਾਂ ਹੀ ਸਿਆਣਪ ਏ।

ਜਿਨ੍ਹਾਂ ਸਰਕਾਰਾਂ ਤੋਂ ਅਸੀਂ ਮਦਦ ਦੀ ਉਮੀਦ ਕਰਦੇ ਹਾਂ, ਉਹ ਸਿਰਫ਼ ਉਦੋਂ ਆਉਂਦੀਆਂ ਨੇ, ਜਦੋਂ ਉਨ੍ਹਾਂ ਨੂੰ 'ਮਹਾਨ' ਕਹਾਉਣ ਦਾ ਖਿਆਲ ਆਉਂਦੈ। ਪਿੱਛੇ ਜਿਹੇ ਇੱਕ ਕਲਾਵਾਨ ਜਦੋਂ ਬਿਮਾਰ ਹੋ ਮੰਜੇ 'ਤੇ ਪੈ ਗਿਆ ਸੀ ਤਾਂ ਇੱਕ ਚੇਅਰਮੈਨ ਉਹਨੂੰ ਇਕਵੰਜਾ ਸੌ ਦਾ ਚੈਕ ਦੇਣ ਵੇਲੇ ਅੱਠ ਪੱਤਰਕਾਰ ਨਾਲ ਲੈ ਕੇ ਗਿਆ ਸੀ ਤਾਂ ਜੁ ਅਗਲੇ ਦਿਨ ਅਖ਼ਬਾਰਾਂ 'ਚ ਉਹਦੀ ਮਹਿਮਾ ਹੋ ਸਕੇ।

ਸਾਨੂੰ 'ਨੀਲੀਆਂ' ਤੇ 'ਚਿੱਟੀਆਂ' ਪੱਗਾਂ ਵਾਲਿਆਂ 'ਤੇ ਮਦਦ ਦੀ ਉਮੀਦ ਰੱਖਣ ਦੀ ਥਾਂ ਆਪਣਾ ਫ਼ਰਜ਼ ਪਛਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁਰਦੁਆਰਿਆਂ ਵਿਚ ਲੁਆਏ ਪੱਥਰਾਂ ਤੇ ਉਨ੍ਹਾਂ 'ਤੇ ਝਰੀਟੇ ਨਾਂਵਾਂ ਦਾ ਕੀ ਫ਼ਾਇਦਾ, ਜੇ ਅਸੀਂ ਗੁਆਂਢ 'ਚ ਵਿਲਕਦੇ ਲੋਕਾਂ ਦੀ ਸਾਰ ਨਹੀਂ ਲਵਾਂਗੇ। ਮੰਦਰਾਂ, ਸ਼ਮਸ਼ਾਨਾਂ 'ਚ ਫ਼ਰਸ਼ਾਂ ਲਵਾਉਣ ਦਾ ਮਹੱਤਵ ਵੀ ਫੇਰ ਹੀ ਵਧ ਸਕੇਗਾ, ਜੇ ਸ਼ਮਸ਼ਾਨ 'ਚ ਲਿਜਾਣ ਤੋਂ ਪਹਿਲਾਂ ਬਿਮਾਰਾਂ ਦੇ ਇਲਾਜ ਲਈ ਹੀਲੇ ਕੀਤੇ ਜਾਣਗੇ।

ਕਈ ਜਥੇਬੰਦੀਆਂ ਲੰਮੇ ਸਮੇਂ ਤੋਂ ਮੰਗ ਕਰਦੀਆਂ ਆ ਰਹੀਆਂ ਨੇ ਕਿ ਸਰਕਾਰ ਉਨ੍ਹਾਂ ਕਲਾਵਾਨਾਂ ਨੂੰ ਦੋ-ਦੋ ਹਜ਼ਾਰ ਪੈਨਸ਼ਨ ਦੇਣੀ ਸ਼ੁਰੂ ਕਰ ਦੇਵੇ, ਜਿਹੜੇ ਰੋਟੀ ਲਈ ਬੇਗਾਨੇ ਹੱਥਾਂ ਵੱਲ ਝਾਕਣ ਲਈ ਮਜਬੂਰ ਨੇ ਪਰ ਹੋਇਆ ਕੁੱਝ ਨਹੀਂ। ਇਹ ਵੇਲਾ ਇੱਕ-ਦੂਜੇ ਵੱਲ ਉਂਗਲਾਂ ਕਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਨੱਠਣ ਦਾ ਨਹੀਂ, ਸਗੋਂ ਹਰੀ ਸਿੰਘ ਦਿਲਬਰ ਵਰਗਿਆਂ ਦੀ ਬਾਂਹ ਫੜਨ ਦਾ ਹੈ, ਪਾਲ ਮਜਾਰੇ ਵਰਗਿਆਂ ਦੇ ਹਾਲਾਤ ਸਮਝਣ ਦਾ ਹੈ। ਸਾਡੀਆਂ ਗ਼ੈਰ ਜ਼ਿੰਮੇਵਾਰੀਆਂ ਕਾਰਨ ਅੰਮ੍ਰਿਤਾ ਪ੍ਰੀਤਮ ਦਾ ਦਿੱਲੀ ਸਥਿਤ 25 ਹੌਜ਼ ਵਾਲਾ ਘਰ ਵੀ ਵਿਕ ਗਿਆ ਹੈ। ਸੁਣਨ ਵਿਚ ਆਇਆ ਹੈ ਕਿ ਅੰਮ੍ਰਿਤਾ ਪ੍ਰੀਤਮ ਦਾ ਪੁੱਤਰ, ਜਿਹੜਾ ਬਹੁਤਾ ਤੰਦਰੁਸਤ ਨਹੀਂ ਰਹਿੰਦਾ, ਦੇ ਇਲਾਜ ਲਈ ਘਰ ਵੇਚਿਆ ਗਿਐ। ਜਿਹੜੇ ਘਰ ਨੂੰ ਵਸਾਉਣ ਲਈ ਅੰਮ੍ਰਿਤਾ ਪ੍ਰੀਤਮ ਨੇ ਪਟੇਲ ਨਗਰ ਸਥਿਤ ਪਲਾਟ ਵੇਚਣ ਦੇ ਨਾਲ-ਨਾਲ ਸਾਹਿਤ ਅਕਾਦਮੀ ਦੀ ਪੰਜ ਹਜ਼ਾਰ ਦੀ ਰਾਸ਼ੀ ਵੀ ਖਰਚ ਦਿੱਤੀ ਸੀ, ਉਸ ਨੂੰ ਵਿਰਾਸਤ ਵਜੋਂ ਸੰਭਾਲ ਕੇ ਰੱਖਣ ਦੀ ਥਾਂ ਇੱਕ ਬਿਲਡਰ ਕੋਲ ਵੇਚਣ ਲਈ ਮਜਬੂਰ ਹੋਣਾ ਸਾਡੇ ਸਾਰਿਆਂ ਲਈ ਸ਼ਰਮ ਦੀ ਗੱਲ ਹੈ। ਸਮਾਂ ਸਾਨੂੰ ਮਾਫ਼ ਨਹੀਂ ਕਰੇਗਾ। ਸਾਡੇ ਕੋਲ ਵਰਤਮਾਨ 'ਚ ਮਾਣ ਕਰਨ ਲਈ ਕੁੱਝ ਨਹੀਂ ਬਚਿਆ ਤੇ ਅਤੀਤ ਨਾਲ ਜੁੜਿਆਂ ਨੂੰ ਅਸੀਂ ਸਾਂਭ ਨਹੀਂ ਰਹੇ ਤਾਂ ਫੇਰ ਸਾਡਾ ਰੱਬ ਹੀ ਰਾਖਾ ਹੈ।

# ਚਾਚੀ ਦੇ ਤੁਰ ਜਾਣ ’ਤੇ

**ਜ਼ਿੰਦਗੀ ਦੇ ਮੇਲੇ**

ਪ੍ਰੇਮ ਮਾਨ

ਮੇਰੀ ਚਾਚੀ ਲੰਘੀ 26 ਜੂਨ ਨੂੰ ਅਚਾਨਕ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਚਾਚੀ ਦੇ ਤੁਰ ਜਾਣ ਦਾ ਮੈਨੂੰ ਥੋੜ੍ਹਾ ਦੁੱਖ ਤਾਂ ਜ਼ਰੂਰ ਹੋਇਆ ਜਿਵੇਂ ਕਿਸੇ ਵੀ ਇਨਸਾਨ ਦੇ ਇਸ ਦੁਨੀਆਂ ਤੋਂ ਤੁਰ ਜਾਣ 'ਤੇ ਹੁੰਦਾ ਹੀ ਹੈ ਪਰ ਇੰਨਾ ਨਹੀਂ ਜਿੰਨਾ ਚਾਚੀ ਦੇ ਤੁਰ ਜਾਣ 'ਤੇ ਹੋਣਾ ਚਾਹੀਦਾ ਸੀ। ਇਸ ਦੇ ਪਿੱਛੇ ਕਈ ਕਾਰਨ ਹਨ।

ਮੈਂ ਆਪਣੇ ਚਾਚੇ ਤੋਂ ਸਿਰਫ਼ ਨੌਂ ਸਾਲ ਛੋਟਾ ਸੀ। ਇਕ ਤਰ੍ਹਾਂ ਮੈਂ ਅਤੇ ਚਾਚਾ ਇਕੱਠੇ ਹੀ ਪਲੇ ਸਾਂ। ਘਰ ਇਕੱਠੇ ਹੀ ਰਹਿਣਾ ਅਤੇ ਸਕੂਲ ਤੋਂ ਬਾਅਦ ਮੈਂ ਖੇਤਾਂ ਵਿਚ ਚਾਚੇ ਅਤੇ ਪਿਉ ਨਾਲ ਥੋੜ੍ਹਾ ਬਹੁਤ ਹੱਥ ਵਟਾਉਣਾ। ਇਹ ਸਭ ਇੰਜ ਸੀ ਜਿਵੇਂ ਅਸੀਂ ਦੋਵੇਂ ਭਰਾ ਹੋਈਏ। ਮੈਨੂੰ ਹਾਲੇ ਕੱਲ੍ਹ ਵਾਂਗ ਯਾਦ ਹੈ ਜਦੋਂ ਚਾਚੇ ਦਾ ਵਿਆਹ ਹੋਇਆ ਸੀ। ਮੈਂ 10-11 ਸਾਲ ਦਾ ਸੀ। ਜੰਞ ਬਲਦਾਂ ਦੀਆਂ ਵੀਹ-ਪੰਝੀ ਗੱਡੀਆਂ 'ਤੇ ਗਈ ਸੀ। ਦੋਹਾਂ ਪਿੰਡਾਂ ਦਾ ਫ਼ਾਸਲਾ ਸਿਰਫ਼ 3-4 ਮੀਲ ਹੀ ਹੋਵੇਗਾ। ਕੱਚੇ ਰਾਹਾਂ ਵਿਚੋਂ ਲੰਘਦੀਆਂ ਗੱਡੀਆਂ ਧੂੜ ਦੇ ਬੱਦਲ ਬਣਾ ਬਣਾ ਕੇ ਨੱਠੀਆਂ ਜਾ ਰਹੀਆਂ ਸਨ। ਜੰਞ ਤੀਜੇ ਦਿਨ ਵਾਪਸ ਆਈ ਸੀ। ਦਾਜ ਵੀ ਖੂਬ ਦਿੱਤਾ ਗਿਆ ਸੀ। ਮੇਰੇ ਬਾਬੇ ਨੇ ਮੇਰੀ ਚਾਚੀ ਲਈ ਗਹਿਣੇ ਮੇਰੀ ਮਾਂ ਦੇ ਗਹਿਣੇ ਲੈ ਕੇ ਬਣਾਏ ਸਨ, ਇਸ ਵਾਅਦੇ 'ਤੇ ਕਿ ਇਹ ਸੋਨਾ ਮੇਰੀ ਮਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ ਪਰ ਚਾਚੀ ਨੇ ਉਹ ਸੋਨਾ ਮੇਰੀ ਮਾਂ ਨੂੰ ਵਾਪਸ ਕਰਨ ਤੋਂ ਹਮੇਸ਼ਾ ਲਈ ਨਾਂਹ ਕਰ ਦਿੱਤੀ ਸੀ। ਸੋਨੇ ਨੂੰ ਦੇਖ ਕੇ ਉਸ ਦਾ ਮਨ ਬੇਈਮਾਨ ਹੋ ਗਿਆ ਸੀ। ਇਸ ਤਰ੍ਹਾਂ ਮੇਰੀ ਮਾਂ ਕਰੀਬ 20 ਤੋਲੇ ਸੋਨੇ ਤੋਂ ਹੱਥ ਧੋ ਬੈਠੀ ਸੀ।

ਚਾਚੀ ਨੇ ਆਉਂਦਿਆਂ ਹੀ ਘਰ ਨੂੰ ਆਪਣੇ ਕੰਟਰੋਲ ਵਿਚ ਲੈਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਸਾਊ ਚਾਚੇ ਦੀ ਘਰਵਾਲੀ ਅੱਗੇ ਕੋਈ ਪੇਸ਼ ਨਹੀਂ ਸੀ ਜਾਂਦੀ। ਚਾਚੀ ਨੇ ਚੁਸਤੀਆਂ-ਚਲਾਕੀਆਂ ਨਾਲ ਪਹਿਲਾਂ ਚਾਚੇ ਨੂੰ ਅਤੇ ਫਿਰ ਕੁਝ ਹੀ ਮਹੀਨਿਆਂ ਵਿਚ ਮੇਰੇ ਬਾਬੇ ਨੂੰ ਵੀ ਆਪਣੇ ਹੱਥਾਂ ਵਿਚ ਲੈ ਲਿਆ। ਚਾਚੀ ਲਈ ਹੁਣ ਅਗਲਾ ਕੰਮ ਮੇਰੇ ਪਿਉ ਅਤੇ ਚਾਚੇ ਵਿਚ ਅਤੇ ਮੇਰੇ ਪਿਉ ਅਤੇ ਬਾਬੇ ਵਿਚ ਲੜਾਈ ਪਾਉਣਾ ਸੀ ਜਿਸ 'ਤੇ ਉਸ ਨੇ ਪੈਂਦੀ ਸੱਟੇ ਹੀ ਕੰਮ ਸ਼ੁਰੂ ਕਰ ਦਿੱਤਾ। ਥੋੜ੍ਹੇ ਮਹੀਨਿਆਂ ਵਿਚ ਹੀ ਚਾਚੀ ਨੇ ਇਸ ਕੰਮ ਵਿਚ ਸਫਲਤਾ ਪ੍ਰਾਪਤ ਕਰ ਲਈ। ਮੇਰੇ ਪਿਉ ਨੂੰ ਬਹੁਤ ਥੋੜ੍ਹੀ ਅਤੇ ਮਾੜੀ ਜ਼ਮੀਨ ਦੇ ਕੇ ਜੁਦਾ ਕਰ ਦਿੱਤਾ ਗਿਆ। ਚਾਚੀ ਨੇ ਪਿਉ ਪੁੱਤਰ ਅਤੇ ਭਰਾਵਾਂ ਵਿਚ ਦਰਾੜ ਪਾ ਦਿੱਤੀ ਸੀ ਅਤੇ ਉਨ੍ਹਾਂ ਨੂੰ ਇਕ ਦੂਜੇ ਤੋਂ ਬਹੁਤ ਦੂਰ ਕਰ ਦਿੱਤਾ ਸੀ। ਮੇਰੇ ਪਿਉ ਨਾਲ ਹੁਣ ਚਾਚੇ ਅਤੇ ਬਾਬੇ ਦੀ ਬੋਲ-ਚਾਲ ਬਿਲਕੁਲ ਨਹੀਂ ਸੀ ਰਹੀ। ਇਸ ਤੋਂ ਬਾਅਦ ਇਨ੍ਹਾਂ ਵਿਚ ਬੋਲ-ਚਾਲ ਬਹੁਤ ਸਾਲਾਂ ਬਾਅਦ ਸਿਰਫ਼ ਤਿੰਨ-ਚਾਰ ਸਾਲਾਂ ਲਈ ਹੋਈ ਸੀ।

ਅਸਲ ਵਿਚ ਚਾਚੇ ਦੇ ਵਿਆਹ ਤੋਂ ਪਹਿਲਾਂ ਬਾਬੇ ਨੇ ਚਾਚੇ ਦਾ ਰਿਸ਼ਤਾ ਤੋੜਨਾ ਚਾਹਿਆ ਸੀ ਕਿਉਂਕਿ ਉਸ ਨੇ ਸੁਣਿਆ ਸੀ ਕਿ ਲੜਕੀ ਬਹੁਤ ਹੀ ਚੁਸਤ-ਚਲਾਕ ਹੈ ਪਰ ਮੇਰੇ ਪਿਉ ਨੇ ਇਹ ਰਿਸ਼ਤਾ ਇਹ ਆਖ ਕੇ ਤੋੜਨ ਨਾ ਦਿੱਤਾ ਕਿ ਇਕ ਵਾਰੀ ਜ਼ੁਬਾਨ ਦੇ ਕੇ ਵਾਪਸ ਨਹੀਂ ਲਈਦੀ। ਫਿਰ ਇਸ ਦਾ ਸਾਰੀ ਉਮਰ ਬਹੁਤ ਵੱਡਾ ਮੁੱਲ ਤਾਰਿਆ।

ਚਾਚੀ ਨੇ ਜਿੱਥੇ ਤੱਕ ਵੀ ਵਾਹ ਚੱਲੀ ਆਪਣੀ ਜ਼ਿੰਦਗੀ ਵਿਚ ਰਿਸ਼ਤੇਦਾਰਾਂ, ਭਰਾਵਾਂ-ਭੈਣਾਂ, ਮਾਂ-ਪਿਉ ਅਤੇ ਬੱਚਿਆਂ ਨੂੰ ਇਕ ਦੂਜੇ ਤੋਂ ਤੋੜਨ ਦਾ ਹੀ ਯਤਨ ਕੀਤਾ, ਜੋੜਨ ਦਾ ਨਹੀਂ। ਉਸ ਵਿਚ ਈਰਖਾ ਰੱਜ ਕੇ ਭਰੀ ਹੋਈ ਸੀ। ਉਹ ਕਿਸੇ ਦਾ ਵੀ ਕੰਮ ਬਣਦਾ ਦੇਖ ਕੇ ਖੁਸ਼ ਨਹੀਂ ਸੀ ਹੁੰਦੀ। ਕਿਸੇ ਨੂੰ ਜ਼ਿੰਦਗੀ ਵਿਚ ਸਫਲ ਹੁੰਦਿਆਂ ਦੇਖ ਕੇ ਉਸ ਨੂੰ ਪਿੱਸੂ ਪੈ ਜਾਂਦੇ ਸਨ। ਹਰ ਉਪਰ ਚੜ੍ਹਦੇ ਇਨਸਾਨ ਨੂੰ ਹੇਠਾਂ ਸੁੱਟਣ ਦਾ ਯਤਨ ਕਰਦੀ। ਜੋਤਸ਼ੀਆਂ ਵਗੈਰਾ ਦੇ ਗੇੜੇ ਮਾਰਨੇ ਉਸ ਦਾ ਰੋਜ਼ ਦਾ ਕੰਮ ਸੀ। ਹਰ ਤਰ੍ਹਾਂ ਦੇ ਟੂਣੇ-ਟਾਮਣ ਕਰਨ ਕਰਾਉਣ ਵਿਚ ਉਹ ਮਾਹਿਰ ਸੀ। ਜਿਸ ਘਰ ਵਿਚ ਵੀ ਵਾਹ ਚੱਲਦੀ ਉਹ ਫੁੱਟ ਪਾਉਣ ਦੀ ਹਰ ਕੋਸ਼ਿਸ਼ ਕਰਦੀ। ਉਸ ਨੇ ਜ਼ਿੰਦਗੀ ਵਿਚ ਕਦੇ ਵੀ ਦੋ ਇਨਸਾਨਾਂ ਨੂੰ ਜੋੜਨ ਦਾ ਚੰਗਾ ਕੰਮ ਨਹੀਂ ਸੀ ਕੀਤਾ ਪਰ ਪਿਆਰ ਨਾਲ ਰਹਿੰਦੇ ਇਨਸਾਨਾਂ ਨੂੰ ਤੋੜਨ ਵਿਚ ਉਸ ਨੇ ਕਦੇ ਵੀ ਢਿੱਲ ਨਹੀਂ ਸੀ ਵਰਤੀ। ਪਤਾ ਨਹੀਂ ਕਿਉਂ ਉਸ ਨੂੰ ਮਾੜੇ ਕੰਮ ਕਰਨ ਵਿਚੋਂ ਬਹੁਤ ਜ਼ਿਆਦਾ ਖੁਸ਼ੀ ਮਿਲਦੀ ਸੀ।

ਬਹੁਤ ਸਾਲ ਪਹਿਲਾਂ ਜਦੋਂ ਮੈਂ ਐਮ.ਏ. ਕਰ ਕੇ ਪੜ੍ਹਾਉਣ ਦੇ ਕਿੱਤੇ ਵਿਚ ਲੱਗਾ ਹੀ ਸੀ ਤਾਂ ਇਸੇ ਚਾਚੀ ਨੇ ਮੇਰੇ ਵਿਰੁਧ ਪੁਲਿਸ ਨੂੰ ਪੈਸੇ ਦੇ ਕੇ ਝੂਠਾ ਲੜਾਈ ਦਾ ਕੇਸ ਪਾ ਕੇ ਮੇਰੀ ਜ਼ਿੰਦਗੀ ਬਰਬਾਦ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਜਦੋਂ ਸਾਰਾ ਪਿੰਡ ਮੇਰੇ ਹੱਕ ਵਿਚ ਖੜ੍ਹਾ ਹੋ ਗਿਆ ਤਾਂ ਚਾਚੀ ਨੂੰ ਇਹ ਕੇਸ ਵਾਪਸ ਲੈ ਕੇ ਥੁੱਕ ਕੇ ਚੱਟਣਾ ਪਿਆ।

ਮੇਰਾ ਬਾਬਾ ਉਨ੍ਹਾਂ ਦਿਨਾਂ ਵਿਚ ਲੱਖਪਤੀ ਸੀ। 1976 ਵਿਚ ਬਾਬਾ ਥੋੜ੍ਹਾ ਜਿਹਾ ਬਿਮਾਰ ਹੋਇਆ ਅਤੇ ਸਦਾ ਲਈ ਵਿਛੋੜਾ ਦੇ ਗਿਆ। ਕੁਝ ਦੇਰ ਬਾਅਦ ਪਤਾ ਲੱਗਾ ਕਿ ਚਾਚੀ ਨੇ ਇਕ ਵਾਕਫ਼ ਡਾਕਟਰ ਨੂੰ ਬਹੁਤ ਸਾਰੇ ਪੈਸੇ ਦੇ ਕੇ ਇਲਾਜ ਕਰਨ ਦੇ ਬਹਾਨੇ ਮੇਰੇ ਬਾਬੇ ਦੇ ਜ਼ਹਿਰ ਦਾ ਟੀਕਾ ਲਗਵਾ ਦਿੱਤਾ ਸੀ ਅਤੇ ਇਸ ਤਰ੍ਹਾਂ ਉਸ ਦੇ ਸਾਰੇ ਪੈਸੇ ਕਾਬੂ ਕਰ ਲਏ ਸਨ। ਮਰਨ ਤੋਂ ਪਹਿਲਾਂ ਉਸ ਡਾਕਟਰ ਨੇ ਕੁਝ ਦੋਸਤਾਂ ਕੋਲ ਇਸ ਜੁਰਮ ਦਾ ਇਕਬਾਲ ਅਤੇ ਪਸ਼ਚਾਤਾਪ ਕੀਤਾ ਸੀ।

ਮੇਰੇ ਪਿਉ ਦੀ ਇਕ ਚਾਚੀ ਸੀ ਜਿਸ ਦਾ ਪਤੀ ਜਵਾਨੀ ਉਮਰੇ ਮਰ ਗਿਆ ਸੀ ਅਤੇ ਉਸ ਦਾ ਕੋਈ ਬੱਚਾ ਨਹੀਂ ਸੀ। ਜਦੋਂ ਉਹ ਪੂਰੀ ਹੋਈ ਤਾਂ ਮੇਰੀ ਚਾਚੀ ਨੇ ਉਸ ਦੀ ਸਾਰੀ ਜ਼ਮੀਨ-ਜਾਇਦਾਦ ਹੜੱਪ ਕਰ ਲਈ ਸੀ। ਇਸ ਤਰ੍ਹਾਂ ਸਾਰੀ ਉਮਰ ਹੀ ਚਾਚੀ ਨੇ ਸਭ ਨਾਲ ਈਰਖਾ ਕੀਤੀ, ਲੜਾਈਆਂ-ਜੁਦਾਈਆਂ ਪਾਈਆਂ, ਰਿਸ਼ਤਿਆਂ ਵਿਚ ਤਰੇੜਾਂ ਪਾਈਆਂ, ਹੇਰਾਫੇਰੀਆਂ ਦੀ ਜ਼ਿੰਦਗੀ ਗੁਜ਼ਾਰੀ, ਦੂਜਿਆਂ ਦੀਆਂ ਜਾਇਦਾਦਾਂ ਨੂੰ ਹੜੱਪ ਕੀਤਾ ਪਰ ਇਸ ਦੁਨੀਆ ਤੋਂ ਜਾਣ ਲੱਗਿਆਂ ਪਲ ਵੀ ਨਾ ਲੱਗਾ। ਉਸ ਦੀ ਜਾਇਦਾਦ ਜਾਂ ਹੇਰਾਫੇਰੀਆਂ ਉਸ ਨੂੰ ਮੌਤ ਤੋਂ ਨਾ ਬਚਾ ਸਕੀਆਂ। ਕਾਸ਼! ਉਸ ਨੂੰ ਜਿਉਂਦੇ ਜੀਅ ਮਹਿਸੂਸ ਹੋ ਜਾਂਦਾ ਕਿ ਉਸ ਦੀ ਈਰਖਾ, ਮਾੜੇ ਕੰਮਾਂ ਅਤੇ ਹੇਰਾਫੇਰੀਆਂ ਨੇ ਉਸ ਦੇ ਕਿਸੇ ਕੰਮ ਨਹੀਂ ਆਉਣਾ ਅਤੇ ਇਨ੍ਹਾਂ ਨੇ ਉਸ ਨੂੰ ਮੌਤ ਤੋਂ ਨਹੀਂ ਬਚਾ ਸਕਣਾ।

ਚਾਚੀ ਦੀ ਮੌਤ ਤੇ ਬਹੁਤ ਹੀ ਘੱਟ ਲੋਕਾਂ ਨੇ ਹੰਝੂ ਕੇਰੇ। ਬਹੁਤੇ ਲੋਕਾਂ ਨੇ ਤਾਂ ਸ਼ੁਕਰ ਕੀਤਾ ਕਿ ਇਹੋ ਜਿਹੇ ਇਨਸਾਨ ਤੋਂ ਛੁਟਕਾਰਾ ਹੋਇਆ। ਚਾਚੀ ਦੇ ਪਿਛਲੇ 15-20 ਸਾਲ ਕਾਫੀ ਮੁਸ਼ਕਲਾਂ ਵਾਲੇ ਲੰਘੇ ਜਿਨ੍ਹਾਂ ਦੌਰਾਨ ਉਸ ਨੇ ਬਿਮਾਰੀਆਂ ਦਾ ਦੁੱਖ ਝੱਲਿਆ, ਬੱਚਿਆਂ ਦੇ ਦੁੱਖ ਝੱਲੇ, ਆਪਣੇ ਪਤੀ ਦੀ ਅਧਖੜ ਉਮਰੇ ਹੀ ਮੌਤ ਦਾ ਦੁੱਖ ਝੱਲਿਆ ਅਤੇ ਆਪਣੇ ਸਿਰ ਬੇਹੱਦ ਕਰਜ਼ੇ ਦਾ ਬੋਝ ਝੱਲਿਆ। ਉਸ ਨੂੰ ਆਪਣੇ ਪਾਪਾਂ ਦੀ ਸਜ਼ਾ ਇਸੇ ਉਮਰ ਵਿਚ ਮਿਲ ਗਈ ਲਗਦੀ ਸੀ।

ਚਾਚੀ ਦੀ ਮੌਤ ਦੀ ਖ਼ਬਰ ਸੁਣ ਕੇ ਮੈਂ ਕੋਈ ਹੰਝੂ ਨਾ ਕੇਰੇ ਪਰ ਕਈ ਦਿਨ ਇਨ੍ਹਾਂ ਸੋਚਾਂ-ਵਿਚਾਰਾਂ ਵਿਚ ਹੀ ਰਿਹਾ ਕਿ ਇਹ ਜਾਣਦਿਆਂ ਵੀ ਕਿ ਅਸੀਂ ਇਕ ਦਿਨ ਇਸ ਸੰਸਾਰ ਨੂੰ ਅਲਵਿਦਾ ਕਹਿ ਜਾਣਾ ਹੈ ਅਤੇ ਨਾਲ ਕੁਝ ਵੀ ਨਹੀਂ ਜਾਣਾ, ਮਾੜੇ ਕੰਮ ਕਿਉਂ ਕਰਦੇ ਹਾਂ ਅਤੇ ਦੂਜਿਆਂ ਨੂੰ ਦੁਖੀ ਅਤੇ ਜ਼ਲੀਲ ਕਰਨ ਵਿਚ ਖੁਸ਼ੀ ਕਿਉਂ ਮਹਿਸੂਸ ਕਰਦੇ ਹਾਂ? ਜੇ ਮੇਰੀ ਚਾਚੀ ਬਦਨੀਤ, ਮਨਹੂਸ, ਦੁਸ਼ਟ ਅਤੇ ਸ਼ੈਤਾਨ ਨਾ ਹੁੰਦੀ ਅਤੇ ਚੰਗੇ ਕੰਮ ਕਰਨ ਵਲ ਧਿਆਨ ਦਿੰਦੀ ਤਾਂ ਉਸ ਦੀ ਮੌਤ 'ਤੇ ਮੈਂ ਜ਼ਰੂਰ ਹੰਝੂ ਕੇਰਦਾ।

*ਫੋਨ: 860-983-5002

# ਹੇਮਾ ਮਾਲਿਨੀ ਨੇ ਕਿਹਾ, ਹੁਣ ਬਾਲੀਵੁੱਡ ਦੀ ਡਰੀਮ ਗਰਲ ਐਸ਼ਵਰਿਆ ਰਾਏ

ਭਾਰਤੀ ਸਿਨੇਮਾ ਦੀ ਅਸਲੀ ਡਰੀਮ ਗਰਲ ਹੇਮਾ ਮਾਲਿਨੀ ਦਾ ਕਹਿਣਾ ਹੈ ਕਿ ਐਸ਼ਵਰਿਆ ਰਾਏ ਬਾਲੀਵੁੱਡ ਦੀ ਨਵੀਂ ਡਰੀਮ ਗਰਲ



ਹੇਮਾ ਮਾਲਿਨੀ

ਹੈ। ਹੇਮਾ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਵੀ ਕਈ ਵਾਰ ਕਿਹਾ ਹੈ ਕਿ ਐਸ਼ਵਰਿਆ ਬਾਲੀਵੁੱਡ ਦੀ ਨਵੀਂ ਡਰੀਮ ਗਰਲ ਹੈ। ਉਹ ਅਸਲ ਵਿਚ ਇਕ ਡਰੀਮ ਗਰਲ ਨਾਲੋਂ ਜ਼ਿਆਦਾ ਹੈ।

ਹੇਮਾ ਮਾਲਿਨੀ ਨੇ ਕਿਹਾ ਕਿ ਦਰਸ਼ਕਾਂ ਤੇ ਮੀਡੀਆ ਨੇ ਉਸ ਨੂੰ ਡਰੀਮ ਗਰਲ ਦਾ ਖਿਤਾਬ ਦਿੱਤਾ ਸੀ ਤੇ ਉਨ੍ਹਾਂ ਨੂੰ ਡਰੀਮ ਗਰਲ ਕਹਿਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਡਰੀਮ ਗਰਲ ਬਣ ਗਈ ਪਰ ਅੱਜ ਹਰ ਕੁੜੀ ਡਰੀਮ ਗਰਲ ਹੈ ਤੇ ਖੁਦ ਅਭਿਨੈ ਹੀ ਸੁਪਨਿਆਂ ਦੀ ਦੁਨੀਆਂ ਹੈ। ਹੇਮਾ ਦੇ ਅਭਿਨੇਤਾ ਪਤੀ ਧਰਮਿੰਦਰ ਦਾ ਕਹਿਣਾ ਹੈ ਕਿ ਅੱਜ ਹਰ ਲੜਕਾ ਹੀਮੈਨ ਹੈ। ਉਹ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿੰਦੇ ਹਨ। ਇਸ ਲਈ ਸਾਰੇ ਹੀ ਹੀਮੈਨ ਹਨ।



ਐਸ਼ਵਰਿਆ ਰਾਏ

# ਦੱਖਣ ਦੇਸ ਤੋਂ ਆਈ ਪੰਜਾਬਣ:ਚਾਰਮੀ ਕੌਰ

ਪੰਜਾਬੀ ਪਿਛੋਕੜ ਵਾਲੀ ਚਾਰਮੀ ਕੌਰ ਤੇਲਗੂ ਅਤੇ ਤਾਮਿਲ ਫਿਲਮਾਂ ਵਿਚ 9 ਵਰ੍ਹਿਆਂ ਤੋਂ ਧੂੰਮਾਂ ਪਾ ਰਹੀ ਹੈ। ਹੁਣ ਉਹ ਆਪਣੀ ਪਹਿਲੀ ਹਿੰਦੀ ਫਿਲਮ 'ਬੁੱਢਾ ਹੋਗਾ ਤੇਰਾ ਬਾਪ' ਵਿਚ ਅਮਿਤਾਭ ਬੱਚਨ ਨਾਲ ਆਈ ਹੈ। ਆਪਣੀ ਇਸ ਪਹਿਲੀ ਹਿੰਦੀ ਫਿਲਮ ਵਿਚ ਹੀ ਚਾਰਮੀ ਕੌਰ ਨੇ ਚੰਗੀ ਅਦਾਕਾਰੀ ਦਿਖਾਈ ਹੈ। ਉਹ ਮਹਿਜ਼ 15 ਵਰ੍ਹਿਆਂ ਦੀ ਸੀ ਜਦੋਂ ਉਹਨੇ ਆਪਣੀ ਤੇਲਗੂ ਫਿਲਮ 'ਨੀ ਤੋਦੂ ਕਾਵਲੀ' ਵਿਚ ਹਾਊਸ ਵਾਈਫ ਦਾ ਰੋਲ ਕੀਤਾ। ਫਿਲਮ ਤਾਂ ਭਾਵੇਂ ਫਲਾਪ ਹੋ ਗਈ ਪਰ ਦੱਖਣੀ ਫਿਲਮ ਸਨਅਤ ਵਿਚ ਚਾਰਮੀ ਦੀ ਵਾਹਵਾ ਪੈਂਠ ਬਣ ਗਈ। ਦੂਜੀ ਫਿਲਮ 'ਕਦਹਲ ਅੜਾਵਾਤਿੱਲੀ' ਅਤੇ ਤੀਜੀ ਮਲਿਆਲਮ ਫਿਲਮ 'ਕੱਟੂਚੇਵਕਮ' ਦਾ ਵੀ ਇਹੀ ਹਾਲ ਹੋਇਆ।

ਫਿਰ 2004 ਵਿਚ ਆਈ ਉਹਦੀ ਫਿਲਮ 'ਗੌਰੀ' ਨੇ ਅਗਲੀਆਂ-ਪਿਛਲੀਆਂ ਸਭ ਕਸਰਾਂ ਕੱਢ ਦਿੱਤੀਆਂ। ਨਾਗਾਰਜੁਨ ਨਾਲ ਫਿਲਮ 'ਮਾਸ' ਹਿੱਟ ਹੋਣ ਨਾਲ ਉਹ ਪਹਿਲੀ ਕਤਾਰ ਦੀਆਂ ਅਦਾਕਾਰਾਂ ਵਿਚ ਸ਼ੁਮਾਰ ਹੋ ਗਈ। ਉਂਜ ਉਸ ਦੀ ਜਿਸ ਫਿਲਮ ਦੀ ਸਭ ਤੋਂ ਵੱਧ ਸ਼ਲਾਘਾ ਹੋਈ, ਉਹ ਸੀ-ਅੰਨੂਕੋਕੁੰਡਾ। ਇਹ ਫਿਲਮ ਉਂਜ ਵੀ ਨਾਇਕਾ ਆਧਾਰਤ ਸੀ ਅਤੇ ਇਸ ਫਿਲਮ ਵਿਚ ਉਸ ਦੇ ਕੰਮ ਨੂੰ ਆਲੋਚਕਾਂ ਨੇ ਵੀ ਮੰਨਿਆ। 'ਰਾਖੀ' ਨਾਲ ਉਸ ਦੀ ਗੁੱਡੀ ਹੋਰ ਵੀ ਚੜ੍ਹ ਗਈ। 2007 ਵਿਚ 'ਮੰਤਰ' ਦੀ ਸਫਲਤਾ ਸਭ ਲਈ ਅਸਚਰਜ ਸੀ। ਇਸ ਫਿਲਮ ਵਿਚ ਵੀ ਉਸ ਦਾ ਲੀਡ ਰੋਲ ਸੀ। ਇਸ ਤੋਂ ਬਾਅਦ, ਦੱਖਣੀ ਭਾਰਤ ਦੀਆਂ ਫਿਲਮਾਂ ਵਿਚ ਇਹ ਪਹਿਲੀ




ਵਾਰ ਹੋਇਆ ਕਿ ਉਸ ਨੂੰ ਨਾਇਕਾ ਆਧਾਰਤ ਫਿਲਮਾਂ ਮਿਲਣ ਲੱਗੀਆਂ।

ਇਸ ਫਿਲਮ ਦਾ ਬਜਟ 10 ਕਰੋੜ ਦਾ ਹੈ। ਪਹਿਲਾਂ ਇਸ ਫਿਲਮ ਦਾ ਨਾਂ 'ਬੁੱਢਾ' ਰੱਖਿਆ ਗਿਆ ਸੀ। ਬੁਨਿਆਦੀ ਤੌਰ 'ਤੇ ਫਿਲਮ ਰੁਮਾਂਟਿਕ ਕਾਮੇਡੀ ਹੈ। ਇਹ ਅਜਿਹੇ 'ਐਂਗਰੀ ਓਲਡਮੈਨ' (ਯਾਦ ਕਰੋ-'ਐਂਗਰੀ ਯੰਗਮੈਨ' ਮਤਲਬ ਅਮਿਤਾਭ ਬੱਚਨ) ਦੀ ਕਹਾਣੀ ਹੈ ਜੋ ਆਪਣੇ ਗਰਮ ਸੁਭਾਅ ਕਰਕੇ ਮੁਸੀਬਤਾਂ ਸਹੇੜਦਾ ਰਹਿੰਦਾ ਹੈ। ਫਿਲਮ ਵਿਚ ਚਾਰਮੀ ਕੌਰ ਤੋਂ ਇਲਾਵਾ 4 ਹੋਰ ਨਾਇਕਾਵਾਂ ਵੀ ਹਨ-ਹੇਮਾ ਮਾਲਿਨੀ, ਰਵੀਨਾ ਟੰਡਨ, ਮਨੀਸ਼ਾ ਲਾਂਬਾ ਅਤੇ ਸੋਨਲ ਚੌਹਾਨ। ਇਹ ਫਿਲਮ ਅਸਲ ਵਿਚ ਅਮਿਤਾਭ ਲਈ ਲਿਖੀ ਗਈ ਹੈ। ਫਿਲਮ ਵਿਚ ਵੀਜੂ (ਅਮਿਤਾਭ ਬੱਚਨ) ਆਪਣੇ ਏ.ਸੀ.ਪੀ. ਪੁੱਤ ਕਰਨ (ਸੋਨੂ ਸੂਦ) ਨੂੰ ਬਚਾਉਣ ਪੈਰਿਸ ਤੋਂ ਮੁੰਬਈ ਪੁੱਜਦਾ ਹੈ। ਫਿਲਮ ਵਿਚ ਵੀਜੂ ਦੀ ਪਤਨੀ ਸੀਤਾ (ਹੇਮਾ ਮਾਲਿਨੀ) ਅਤੇ ਪੁਰਾਣੀ ਦੋਸਤ ਕਾਮਿਨੀ (ਰਵੀਨਾ ਟੰਡਨ) ਦਾ ਰੰਗ ਵੀ ਵਾਹਵਾ ਗੂੜ੍ਹਾ ਹੈ। ਕਾਮਿਨੀ ਦੀ ਧੀ ਅਮ੍ਰਿਤਾ (ਚਾਰਮੀ ਕੌਰ) ਵੀਜੂ ਅਤੇ ਕਾਮਿਨੀ ਦੇ ਰਿਸ਼ਤੇ ਬਾਰੇ ਭੰਬਲਭੂਸੇ ਵਿਚ ਪਈ ਰਹਿੰਦੀ ਹੈ। ਫਿਲਮ ਵਿਚ ਇਹ ਕਹਾਣੀਆਂ ਨਾਲੋ-ਨਾਲ ਚਲਦੀਆਂ ਹਨ। ਚਿਰਾਂ ਬਾਅਦ ਫਿਲਮਾਂ ਵੱਲ ਮੁੜੀ ਰਵੀਨਾ ਟੰਡਨ ਦਾ ਜਲਵਾ ਦੇਖਣ ਹੀ ਵਾਲਾ ਹੈ। 'ਚੰਡੀਗੜ੍ਹ ਦੀ ਕੁੜੀ' ਵਿਚ ਉਹ ਖੂਬ ਮਟਕਦੀ ਹੈ। ਉਂਜ ਸਭ ਤੋਂ ਵੱਧ ਧਿਆਨ ਪ੍ਰਕਾਸ਼ ਰਾਜ ਖਿੱਚਦਾ ਹੈ। ਪ੍ਰਕਾਸ਼ ਇਸ ਫਿਲਮ ਦਾ ਅਜਿਹਾ ਖਲਨਾਇਕ ਹੈ ਜਿਹੜਾ ਹਰ ਗੱਲ ਵਿਚ ਘੁੰਡੀਆਂ ਪਾਈ ਜਾਂਦਾ ਹੈ।





ਚਾਰਮੀ ਕੌਰ ਦੇ ਵੱਖ ਵੱਖ ਅੰਦਾਜ਼




'ਬੁੱਢਾ ਹੋਗਾ ਤੇਰਾ ਬਾਪ' 'ਚ ਅਮਿਤਾਭ ਬੱਚਨ

# ਰਾਕੇਸ਼ ਰੋਸ਼ਨ: ਔਸਤ ਅਦਾਕਾਰ, ਸਫ਼ਲ ਨਿਰਦੇਸ਼ਕ

ਬਾਲੀਵੁੱਡ 'ਚ ਅਜਿਹੇ ਵੀ ਕਲਾਕਾਰ ਹੋਏ ਹਨ ਜਿਨ੍ਹਾਂ ਨੇ ਆਪਣੀ ਸ਼ੁਰੂਆਤ ਤਾਂ ਹੀਰੋ ਦੇ ਰੂਪ 'ਚ ਕੀਤੀ ਪਰ ਸਫਲਤਾ ਉਨ੍ਹਾਂ ਨੂੰ ਕਿਸੇ ਹੋਰ ਹੀ ਰੂਪ 'ਚ ਨਸੀਬ ਹੋਈ। ਅੱਜਕਲ ਬਾਲੀਵੁੱਡ 'ਚ ਸਿਖਰਲੇ ਪੰਜ ਨਿਰਮਾਤਾ-ਨਿਰਦੇਸ਼ਕਾਂ 'ਚ ਸ਼ਾਮਲ ਰਾਕੇਸ਼ ਰੋਸ਼ਨ ਵੀ ਅਜਿਹੀ ਹੀ ਸ਼ਖਸੀਅਤ ਹਨ ਜਿਨ੍ਹਾਂ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਤਾਂ ਕੈਮਰੇ ਦੇ ਸਾਹਮਣੇ ਹੀਰੋ ਦੇ ਰੂਪ 'ਚ ਕੀਤੀ ਪਰ ਅਸਲੀ ਸਫਲਤਾ ਉਨ੍ਹਾਂ ਨੂੰ ਨਿਰਦੇਸ਼ਕ ਦੇ ਤੌਰ 'ਤੇ ਕੈਮਰੇ ਦੇ ਪਿੱਛੇ ਹੀ ਹਾਸਲ ਹੋ ਸਕੀ।

6 ਸਤੰਬਰ 1949 ਨੂੰ ਮੁੰਬਈ 'ਚ ਪੈਦਾ ਹੋਏ ਰਾਕੇਸ਼ ਰੋਸ਼ਨ ਦਾ ਅਸਲੀ ਪੂਰਾ ਨਾਂ ਰਾਕੇਸ਼ ਰੋਸ਼ਨ ਲਾਲ ਨਾਗਰਥ ਹੈ। ਉਨ੍ਹਾਂ ਦੇ ਪਿਤਾ ਬਾਲੀਵੁੱਡ ਦੇ ਪ੍ਰਸਿੱਧ ਸੰਗੀਤ ਨਿਰਦੇਸ਼ਕ ਰੋਸ਼ਨ ਸਨ। ਉਨ੍ਹਾਂ ਦਾ ਛੋਟਾ ਭਰਾ ਰਾਜੇਸ਼ ਰੋਸ਼ਨ ਵੀ ਅੱਜ ਦਾ ਪ੍ਰਸਿੱਧ ਸੰਗੀਤ ਨਿਰਦੇਸ਼ਕ ਹੈ।

ਰਾਕੇਸ਼ ਰੋਸ਼ਨ ਜਦੋਂ 18 ਸਾਲਾਂ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਉਨ੍ਹਾਂ ਦੀ ਮਾਂ ਈਰਾ ਰੋਸ਼ਨ ਵੀ ਚੰਗੀ ਸੰਗੀਤਕਾਰ ਸੀ ਜਿਨ੍ਹਾਂ ਨੇ ਭਜਨਾਂ ਦੇ ਵਧੀਆਂ ਸੰਗ੍ਰਿਹਾਂ ਨੂੰ ਸੰਗੀਤਬੱਧ ਕੀਤਾ ਸੀ। ਬਾਲੀਵੁੱਡ ਨਾਲ ਜੁੜੇ ਪਰਿਵਾਰ ਨਾਲ ਸਬੰਧ ਰੱਖਣ ਕਾਰਨ ਰਾਕੇਸ਼ ਰੋਸ਼ਨ ਨੇ ਛੋਟੀ ਉਮਰ 'ਚ ਹੀ ਆਪਣੇ ਕੈਰੀਅਰ ਦੀ ਸ਼ੁਰੂਆਤ ਕਰ ਲਈ ਸੀ। ਰਾਕੇਸ਼ ਬਤੌਰ ਨਿਰਦੇਸ਼ਕ ਸਹਾਇਕ ਕੰਮ ਕਰਨਾ ਸ਼ੁਰੂ ਕਰ ਚੁੱਕੇ ਸਨ ਜਦੋਂ ਛੋਟੀ ਉਮਰ 'ਚ ਹੀ ਉਨ੍ਹਾਂ ਦਾ ਵਿਆਹ ਹੋ ਗਿਆ। ਉਨ੍ਹਾਂ ਦੀ ਪਤਨੀ ਪਿੰਕੀ ਰੋਸ਼ਨ ਦੀ ਉਮਰ ਉਸ ਵੇਲੇ ਸਿਰਫ 17 ਸਾਲ ਦੀ ਸੀ ਜੋ ਆਪਣੇ ਸਮੇਂ ਦੇ ਪ੍ਰਸਿੱਧ ਬਾਲੀਵੁੱਡ ਨਿਰਦੇਸ਼ਕ ਜੇ. ਓਮ ਪ੍ਰਕਾਸ਼ ਦੀ ਧੀ ਹੈ।

ਰਾਕੇਸ਼ ਰੋਸ਼ਨ ਨੇ ਆਪਣਾ ਕੈਰੀਅਰ ਬਤੌਰ ਹੀਰੋ 1970 ਦੀ ਫ਼ਿਲਮ 'ਘਰ ਘਰ ਕੀ ਕਹਾਨੀ' ਨਾਲ ਸ਼ੁਰੂ ਕੀਤਾ ਪਰ ਹੀਰੋ ਦੇ ਤੌਰ 'ਤੇ ਉਨ੍ਹਾਂ ਨੂੰ ਕਾਫੀ ਸੰਘਰਸ਼ ਕਰਨਾ ਪਿਆ। ਇਕ ਸੁਪਰਹਿੱਟ ਹੀਰੋ ਦਾ ਦਰਜਾ ਉਹ ਕਦੇ ਵੀ ਹਾਸਲ ਨਹੀਂ ਕਰ ਸਕੇ। ਬਾਵਜੂਦ ਇਸ ਦੇ ਉਨ੍ਹਾਂ ਨੇ ਤਕਰੀਬਨ 60 ਫ਼ਿਲਮਾਂ 'ਚ ਅਦਾਕਾਰੀ ਕੀਤੀ।

ਰਾਕੇਸ਼ ਰੋਸ਼ਨ ਦੀਆਂ ਕੁਝ ਫ਼ਿਲਮਾਂ ਕਾਫੀ ਹਿੱਟ ਸਿੱਧ ਹੋਈਆਂ। ਸ਼ੁਰੂਆਤੀ ਫ਼ਿਲਮਾਂ ਤੋਂ ਬਾਅਦ ਉਨ੍ਹਾਂ ਨੇ ਜ਼ਿਆਦਾਤਰ ਫ਼ਿਲਮਾਂ 'ਚ ਸਹਾਇਕ ਅਦਾਕਾਰ ਦੇ ਤੌਰ 'ਤੇ ਹੀ ਕੰਮ ਕੀਤਾ। ਉਨ੍ਹਾਂ ਦੀਆਂ ਮੁਖ ਫ਼ਿਲਮਾਂ 'ਚੋਂ ਸੀਮਾ, ਪਰਾਇਆ ਧਨ, ਜ਼ਖਮੀ, ਖੱਟਾ-ਮਿੱਠਾ, ਖੂਬਸੂਰਤ, ਕਾਮਚੋਰ, ਭਗਵਾਨ ਦਾਦਾ, ਖੂਨ ਭਰੀ ਮਾਂਗ ਵਰਗੀਆਂ ਫ਼ਿਲਮਾਂ ਖਾਸ ਤੌਰ 'ਤੇ ਸ਼ਾਮਲ ਹਨ। 1980 'ਚ ਉਨ੍ਹਾਂ ਨੇ ਆਪਣੀ ਫ਼ਿਲਮ ਨਿਰਮਾਣ ਕੰਪਨੀ ਫ਼ਿਲਮਕ੍ਰਾਫਟ ਕਾਇਮ ਕੀਤੀ। ਉਨ੍ਹਾਂ ਦੇ ਪ੍ਰੋਡਕਸ਼ਨ ਹਾਊਸ ਦੀ ਪਹਿਲੀ ਫ਼ਿਲਮ ਸੀ 'ਆਪ ਕੇ ਦੀਵਾਨੇ' ਜਦਕਿ 1987 'ਚ ਉਨ੍ਹਾਂ ਨੇ ਫ਼ਿਲਮ 'ਖੁਦਗਰਜ਼' ਨਾਲ ਬਤੌਰ ਨਿਰਦੇਸ਼ਕ ਸ਼ੁਰੂਆਤ ਕੀਤੀ। ਇਸ ਪਿੱਛੋਂ ਉਨ੍ਹਾਂ ਨੇ ਕਈ ਹਿੱਟ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ ਜਿਨ੍ਹਾਂ 'ਚ ਖੁਦਗਰਜ਼ (1987), ਖੂਨ ਭਰੀ ਮਾਂਗ (1988), ਕਿਸ਼ਨ ਕਨ੍ਹਈਆ (1990), ਕਰਨ-ਅਰਜੁਨ (1995), ਕਹੋ ਨਾ ਪਿਆਰ ਹੈ (2000), ਕੋਈ ਮਿਲ ਗਯਾ (2003), ਕ੍ਰਿਸ਼ (2006) ਵਰਗੀਆਂ ਫ਼ਿਲਮਾਂ ਸ਼ਾਮਲ ਰਹੀਆਂ। ਇਸ ਦੌਰਾਨ ਉਨ੍ਹਾਂ ਨੇ ਕਦੇ-ਕਦਾਈਂ ਹੀ ਫ਼ਿਲਮਾਂ 'ਚ ਅਦਾਕਾਰੀ ਕੀਤੀ ਤੇ ਆਪਣਾ ਧਿਆਨ ਜ਼ਿਆਦਾਤਰ ਫ਼ਿਲਮਾਂ ਨੂੰ ਨਿਰਦੇਸ਼ਿਤ ਕਰਨ 'ਤੇ ਕੇਂਦਰਿਤ ਰੱਖਿਆ।

ਉਨ੍ਹਾਂ ਨੇ ਰਿਤਿਕ ਨੂੰ 'ਕੋਈ ਮਿਲ ਗਯਾ' ਤੇ ਇਸ ਦੇ ਸੀਕਵੇਲ 'ਕ੍ਰਿਸ਼' 'ਚ ਵੀ ਨਿਰਦੇਸ਼ਿਤ ਕੀਤਾ। ਇਹ ਦੋਵੇਂ ਫ਼ਿਲਮਾਂ ਬਾਕਸ ਆਫਿਸ 'ਚ ਹਿੱਟ ਹੋਈਆਂ। ਉਨ੍ਹਾਂ ਦੀ ਪਿਛਲੀ ਫ਼ਿਲਮ 'ਕਾਈਟਸ' ਨੂੰ ਭਾਵੇਂ ਬਹੁਤੀ ਸਫਲਤਾ ਨਹੀਂ ਮਿਲ ਸਕੀ ਪਰ ਇਸ ਫ਼ਿਲਮ ਨੇ ਦੇਸ਼-ਵਿਦੇਸ਼ 'ਚ ਕਾਫੀ ਚਰਚਾ ਬਟੋਰੀ ਹੈ। ਸਾਲ 2006 'ਚ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਆਫ ਇੰਡੀਆ ਦੌਰਾਨ ਰਾਕੇਸ਼ ਰੋਸ਼ਨ ਨੂੰ ਭਾਰਤੀ ਸਿਨੇਮਾ 'ਚ ਉਨ੍ਹਾਂ ਦੇ ਸਰਵੋਤਮ ਯੋਗਦਾਨ ਲਈ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ ਸੀ।

*ਅੱਜ ਰਾਕੇਸ਼ ਰੋਸ਼ਨ ਨੂੰ ਬਾਲੀਵੁੱਡ ਦੇ ਸਿਖਰਲੇ ਪੰਜ ਨਿਰਦੇਸ਼ਕਾਂ 'ਚ ਗਿਣੇ ਜਾਂਦੇ ਹਨ। 2000 'ਚ ਉਨ੍ਹਾਂ ਨੇ ਆਪਣੇ ਬੇਟੇ ਰਿਤਿਕ ਰੋਸ਼ਨ ਨੂੰ 'ਕਹੋ ਨਾ ਪਿਆਰ ਹੈ' ਨਾਲ ਲਾਂਚ ਕੀਤਾ। ਉਨ੍ਹਾਂ ਦੀ ਇਹ ਫ਼ਿਲਮ ਉਸ ਸਾਲ ਦੀ ਸਭ ਤੋਂ ਵਧੇਰੇ ਕਮਾਈ ਕਰਨ ਵਾਲੀ ਫ਼ਿਲਮ ਸਿੱਧ ਹੋਈ ਜਿਸ ਨੂੰ ਕਿਸੇ ਬਾਲੀਵੁੱਡ ਫ਼ਿਲਮ ਵੱਲੋਂ ਸਭ ਤੋਂ ਵਧੇਰੇ ਐਵਾਰਡਸ ਹਾਸਲ ਕਰਨ ਲਈ 'ਲਿਮਕਾ ਬੁੱਕ ਆਫ ਰਿਕਾਰਡਸ' ਵਿਚ ਸਥਾਨ ਮਿਲਿਆ।*




Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF | MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"


Healthy Body Healthy Mind!
Sikh Sports Association of U.S.A.
(a non-profit organisation)
presents
ਪੰਜਵੀਆਂ ਸਾਲਾਨਾ ਖੇਡਾਂ
5th Annual Games
30-31 JULY 2011
"OPEN TO ALL COMMUNITIES"
Golf
Badmindton
Soccer
Volleyball
Basketball
Lawn Tennis
Wrestling
Kabaddi
Track & Field
Field Hockey
JAMES LOGAN HIGH SCHOOL
1800 H STREET UNION CITY, CA 94587
Sikh Sports Association of USA
ਕਬੱਡੀ ਨੂੰ ਸਪਾਂਸਰ ਨੋਰਦਨ ਕੈਲੀਫੋਰਨੀਆ ਸਪੋਰਟਸ ਕਲੱਬ (ਯੂਨੀਅਨ ਸਿਟੀ) ਵੱਲੋਂ ਕੀਤਾ ਗਿਆ ਹੈ।
ਕੈਲੀਫੋਰਨੀਆ ਦੀਆਂ ਇੱਕੋ ਇੱਕ ਸਲਾਨਾ ਖੇਡਾਂ ਜਿਥੇ 1350 ਤੋਂ ਵੱਧ ਖਿਡਾਰੀ ਹਰੇਕ ਸਾਲ ਭਾਗ ਲੈਂਦੇ ਹਨ।
To advertise in our souvenir, set up a booth or banner ad, please call
Ph: (866) 499.0032.
Come and enjoy the biggest sports event of the year with your family
FOR REGISTRATION VISIT WWW.SIKHSPORTS.COM
Donations: Sikh Sports 4430 Deer Field Way, Danville, CA 94506
Sikh Sports Association of USA is a non-profit organization